ਸ਼ੁੱਕਰਵਾਰ, 24 ਮਾਰਚ, 2023
11 ਚੇਤ { ਨਾਨਕਸ਼ਾਹੀ 555 / ਬਿਕਰਮੀ 2080
ਜਿਲਦ/VOL. : 71
ਅੰਕ/NO. : 292

# ਨਵਾਂ ਜ਼ਮਾਨਾ

DAILY NAWAN ZAMANA • FRIDAY, 24 MARCH, 2023
ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

YouTube nawan zamana TV

ਕੀਮਤ/PRICE : 5.00 ਰੁਪਏ | Regd. No : Pb/JL-123/2021-23, (R.N.I.)-00068/57 | E-mail : nawanzamana@gmail.com | www.nawanzamana.in | ਸਫ਼ੇ : 12

# 'ਮੋਦੀਆਂ' ਵਾਲੇ ਕੇਸ 'ਚ ਰਾਹੁਲ ਨੂੰ ਦੋ ਸਾਲ ਦੀ ਸਜ਼ਾ

## ਮੌਕੇ 'ਤੇ ਹੀ ਜ਼ਮਾਨਤ, ਉਤਲੀ ਅਦਾਲਤ 'ਚ ਜਾਣ ਲਈ 30 ਦਿਨ ਮਿਲੇ

**ਸੂਰਤ** : ਸਾਰੇ ਚੋਰਾਂ ਦਾ ਸਰਨੇਮ ਮੋਦੀ ਕਿਉਂ ਹੁੰਦਾ ਹੈ? ਇਸ ਬਿਆਨ ਨੂੰ ਲੈ ਕੇ ਸਥਾਨਕ ਕੋਰਟ ਨੇ ਵੀਰਵਾਰ ਰਾਹੁਲ ਗਾਂਧੀ ਨੂੰ ਦੋਸ਼ੀ ਕਰਾਰ ਦੇ ਕੇ 27 ਮਿੰਟ ਬਾਅਦ 2 ਸਾਲ ਦੀ ਸਜ਼ਾ ਸੁਣਾਈ ਤੇ 15 ਹਜ਼ਾਰ ਰੁਪਏ ਦਾ ਜੁਰਮਾਨਾ ਲਾਇਆ। ਕੁਝ ਦੇਰ ਬਾਅਦ ਕੋਰਟ ਨੇ ਉਨ੍ਹਾ ਨੂੰ ਜ਼ਮਾਨਤ ਦੇ ਕੇ ਸਜ਼ਾ 30 ਦਿਨ ਲਈ ਮੁਅੱਤਲ ਕਰ ਦਿੱਤੀ। ਇਸ ਦੌਰਾਨ ਉਹ ਸਜ਼ਾ ਖਿਲਾਫ ਉਪਰਲੀ ਕੋਰਟ ਵਿਚ ਅਪੀਲ ਕਰ ਸਕਦੇ ਹਨ।

ਸਜ਼ਾ ਸੁਣਾਏ ਜਾਣ ਸਮੇਂ ਰਾਹੁਲ ਗਾਂਧੀ ਕੋਰਟ 'ਚ ਹਾਜ਼ਰ ਸਨ। ਉਨ੍ਹਾ ਖਿਲਾਫ ਸੂਰਤ ਪੱਛਮੀ ਦੇ ਵਿਧਾਇਕ ਪੂਰਨੇਸ਼ ਮੋਦੀ ਨੇ ਅਪਰਾਧਕ ਮਾਣਹਾਨੀ ਦਾ ਕੇਸ ਕੀਤਾ ਸੀ। ਫੈਸਲੇ ਤੋਂ ਬਾਅਦ ਪੂਰਨੇਸ਼ ਮੋਦੀ ਤੇ ਉਨ੍ਹਾ ਦੇ ਹਮਾਇਤੀਆਂ ਨੇ ਭਾਰਤ ਮਾਤਾ ਕੀ ਜੈ ਅਤੇ ਜੈ ਸ੍ਰੀ ਰਾਮ ਦੇ ਨਾਅਰੇ ਲਾਏ। ਸਜ਼ਾ ਦੇ ਬਾਅਦ



ਰਾਹੁਲ ਗਾਂਧੀ ਨੇ ਮਹਾਤਮਾ ਗਾਂਧੀ ਦੇ ਹਵਾਲੇ ਨਾਲ ਟਵੀਟ ਕੀਤਾ-ਮੇਰਾ ਧਰਮ ਸੱਚ ਅਤੇ ਅਹਿੰਸਾ 'ਤੇ ਆਧਾਰਤ ਹੈ। ਸੱਚ ਮੇਰਾ ਰੱਬ ਹੈ, ਅਹਿੰਸਾ ਇਸ ਨੂੰ ਪ੍ਰਾਪਤ ਕਰਨ ਦਾ ਸਾਧਨ ਹੈ।

ਰਾਹੁਲ ਨੇ ਆਪਣੇ ਵਕੀਲ ਰਾਹੀਂ ਕੋਰਟ ਵਿਚ ਕਿਹਾ-ਮੇਰੀ ਮਨਸ਼ਾ ਗਲਤ ਨਹੀਂ ਸੀ। ਮੈਂ ਤਾਂ ਭ੍ਰਿਸ਼ਟਾਚਾਰ ਦੇ ਖਿਲਾਫ ਆਵਾਜ਼ ਉਠਾਈ ਸੀ।

ਜੱਜ ਨੇ ਰਾਹੁਲ ਨੂੰ ਦੋਸ਼ੀ ਕਰਾਰ ਦੇਣ ਤੋਂ ਬਾਅਦ ਪੁੱਛਿਆ ਕਿ ਕੀ ਉਹ ਕੁਝ ਕਹਿਣਾ ਚਾਹੁੰਦੇ ਹਨ ਤਾਂ ਉਨ੍ਹਾ ਦੇ ਵਕੀਲ ਨੇ ਕਿਹਾ-ਰਾਹੁਲ ਭ੍ਰਿਸ਼ਟਾਚਾਰ ਖਿਲਾਫ ਬੋਲਦੇ ਰਹਿੰਦੇ ਹਨ, ਪਰ ਜਾਣਬੁੱਝ ਕੇ ਅਜਿਹਾ ਕੁਝ ਨਹੀਂ ਕਿਹਾ ਸੀ। ਰਾਹੁਲ ਨੇ ਜਿਹੜੀ ਗੱਲ ਕਹੀ ਸੀ, ਉਸ ਨਾਲ ਕਿਸੇ ਨੂੰ ਹਾਨੀ ਨਹੀਂ ਹੋਈ ਹੈ। ਇਸ ਕਰਕੇ ਘੱਟ ਤੋਂ ਘੱਟ ਸਜ਼ਾ ਦਿੱਤੀ ਜਾਵੇ। ਇਸਤਗਾਸਾ ਦੇ ਵਕੀਲ ਨੇ ਕਿਹਾ ਕਿ ਰਾਹੁਲ ਸਾਂਸਦ ਹਨ। ਜਿਹੜੇ ਲੋਕ ਕਾਨੂੰਨ ਬਣਾਉਂਦੇ ਹਨ, ਉਹੀ ਤੋੜਨਗੇ ਤਾਂ ਇਸ ਦਾ ਸਮਾਜ 'ਚ ਕੀ ਸੰਦੇਸ਼ ਜਾਵੇਗਾ, ਇਸ ਲਈ ਵੱਧ ਤੋਂ ਵੱਧ ਸਜ਼ਾ ਦਿੱਤੀ ਜਾਵੇ। ਇਸ ਪੂਰੀ ਘਟਨਾ ਵਿਚ ਕੋਈ ਜ਼ਖਮੀ ਨਹੀਂ ਹੋਇਆ। ਇਸ ਨਾਲ ਕਿਸੇ ਨੂੰ ਕੋਈ ਨੁਕਸਾਨ ਨਹੀਂ ਹੋਇਆ। ਇਸ ਲਈ ਅਸੀਂ ਰਹਿਮ ਦੀ ਅਪੀਲ ਨਹੀਂ ਕਰਦੇ।

2019 ਦੀਆਂ ਲੋਕ ਸਭਾ ਚੋਣਾਂ ਤੋਂ ਪਹਿਲਾਂ ਕਰਨਾਟਕ ਦੇ ਕੋਲਾਰ ਵਿਚ ਰੈਲੀ ਦੌਰਾਨ ਰਾਹੁਲ ਨੇ ਕਿਹਾ ਸੀ ਕਿ ਚੋਰਾਂ ਦਾ ਸਰਨੇਮ ਮੋਦੀ ਹੈ। ਸਾਰੇ ਚੋਰਾਂ ਦਾ ਸਰਨੇਮ ਮੋਦੀ ਕਿਉਂ ਹੁੰਦਾ ਹੈ, ਚਾਹੇ ਉਹ ਲਲਿਤ ਮੋਦੀ ਹੋਵੇ ਜਾਂ ਨੀਰਵ ਮੋਦੀ ਹੋਵੇ ਜਾਂ ਨਰਿੰਦਰ ਮੋਦੀ। ਪੂਰਨੇਸ਼ ਮੋਦੀ ਨੇ ਕਿਹਾ ਸੀ ਕਿ ਰਾਹੁਲ ਨੇ ਉਨ੍ਹਾ ਦੇ ਸਮਾਜ ਨੂੰ ਚੋਰ ਕਿਹਾ ਸੀ। ਹਾਲਾਂਕਿ ਸੁਣਵਾਈ ਦੌਰਾਨ ਰਾਹੁਲ ਦੇ ਵਕੀਲ ਨੇ ਕਿਹਾ ਸੀ ਕਿ ਪੂਰਨੇਸ਼ ਨੂੰ

● ਬਾਕੀ ਸਫ਼ਾ 2 'ਤੇ

## ਸੰਸਦ ਮੈਂਬਰੀ ਨੂੰ ਖਤਰਾ

ਜੁਲਾਈ 2013 ਵਿਚ ਸੁਪਰੀਮ ਕੋਰਟ ਨੇ ਕਿਹਾ ਸੀ ਕਿ ਦੋ ਸਾਲ ਜਾਂ ਉਸ ਤੋਂ ਵੱਧ ਦੀ ਸਜ਼ਾ ਹੋਣ 'ਤੇ ਲੋਕ ਨੁਮਾਇੰਦਿਆਂ (ਵਿਧਾਇਕਾਂ-ਸਾਂਸਦਾਂ) ਦੀ ਮੈਂਬਰੀ ਰੱਦ ਕਰ ਦਿੱਤੀ ਜਾਵੇ। ਇਸੇ ਹੁਕਮ ਵਿਚ ਸੁਪਰੀਮ ਕੋਰਟ ਨੇ ਸਪੱਸ਼ਟ ਕੀਤਾ ਸੀ ਕਿ ਜਿਹੜੇ ਸਾਂਸਦ ਜਾਂ ਵਿਧਾਇਕ ਸਜ਼ਾ ਨੂੰ ਉਤਲੀ ਅਦਾਲਤ 'ਚ ਚੈਲੰਜ ਕਰਨਗੇ, ਉਨ੍ਹਾਂ 'ਤੇ ਮੈਂਬਰੀ ਰੱਦ ਕਰਨ ਦਾ ਹੁਕਮ ਲਾਗੂ ਨਹੀਂ ਹੋਵੇਗਾ। ਰਾਹੁਲ ਨੂੰ ਤਾਜ਼ੀਰਾਤੇ ਹਿੰਦ ਦੀ ਦਫਾ 500 ਤਹਿਤ ਦੋਸ਼ੀ ਕਰਾਰ ਦਿੱਤਾ ਗਿਆ ਹੈ। ਉਨ੍ਹਾ ਦੇ ਵਕੀਲ ਨੇ ਕੋਰਟ ਵਿਚ ਕਿਹਾ-ਅਸੀਂ ਫੈਸਲੇ ਨੂੰ ਹਾਈ ਕੋਰਟ ਵਿਚ ਚੈਲੰਜ ਕਰਾਂਗੇ। ਅਪੀਲ ਲਈ ਰਾਹੁਲ ਕੋਲ 30 ਦਿਨ ਹਨ। ਲੋਕ ਪ੍ਰਤੀਨਿਧਤਾ ਐਕਟ 1951 ਦੇ ਸੈਕਸ਼ਨ 8) ਦੇ ਮੁਤਾਬਕ 2 ਸਾਲ ਦੀ ਸਜ਼ਾ ਹੋਣ ਦੇ ਬਾਅਦ ਟੈਕਨੀਕਲੀ ਰਾਹੁਲ ਦੀ ਮੈਂਬਰੀ ਜਾ ਸਕਦੀ ਹੈ, ਬੇਸ਼ਰਤੇ ਕਿ ਸੁਪਰੀਮ ਕੋਰਟ ਤੋਂ ਵੀ ਸਜ਼ਾ ਬਰਕਰਾਰ ਰਹੇ।

# ਖਟਕੜ ਕਲਾਂ 'ਚ ਕਮਿਊਨਿਸਟਾਂ ਦੇ ਇੱਕ ਝੰਡੇ 'ਤੇ ਜ਼ੋਰ

## ਫਿਰਕਾਪ੍ਰਸਤੀ ਤੇ ਕਾਰਪੋਰੇਟਾਂ ਵਿਰੁੱਧ ਤਿੱਖੀ ਲੜਾਈ ਦਾ ਸੱਦਾ







**ਖਟਕੜ ਕਲਾਂ (ਅਵਤਾਰ ਕਲੇਰ)**

ਭਾਰਤੀ ਕਮਿਊਨਿਸਟ ਪਾਰਟੀ ਅਤੇ ਆਰ ਐੱਮ ਪੀ ਆਈ ਵੱਲੋਂ ਭਾਰਤ ਦੀ ਆਜ਼ਾਦੀ ਦੇ ਮਹਾਂ-ਨਾਇਕ ਸ਼ਹੀਦ ਏ ਆਜ਼ਮ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੇ ਸ਼ਹੀਦੀ ਦਿਹਾੜੇ 'ਤੇ ਖਟਕੜ ਕਲਾਂ ਵਿਖੇ ਵਿਸ਼ਾਲ ਕਾਨਫਰੰਸ ਕੀਤੀ ਗਈ। ਸ਼ਹੀਦੀ ਕਾਨਫਰੰਸ ਨੂੰ ਸੀ ਪੀ ਆਈ ਦੇ ਸੂਬਾ ਸਕੱਤਰ ਬੰਤ ਸਿੰਘ ਬਰਾੜ, ਆਰ ਐੱਮ ਪੀ ਆਈ ਦੇ ਕੁਲ ਹਿੰਦ ਜਨਰਲ ਸਕੱਤਰ ਮੰਗਤ ਰਾਮ ਪਾਸਲਾ, ਸੀ ਪੀ ਆਈ ਦੇ ਕੌਮੀ ਕੌਂਸਲ ਮੈਂਬਰ ਹਰਦੇਵ ਸਿੰਘ ਅਰਸ਼ੀ ਸਾਬਕਾ ਵਿਧਾਇਕ ਤੇ ਏਟਕ ਆਗੂ ਨਿਰਮਲ ਸਿੰਘ ਧਾਲੀਵਾਲ ਨੇ ਸੰਬੋਧਨ ਕੀਤਾ। ਵੱਖ-ਵੱਖ ਆਗੂਆਂ ਨੇ ਸੰਬੋਧਨ ਕਰਦਿਆਂ ਕਿਹਾ ਕਿ ਪੂਰੇ ਭਾਰਤ ਵਿੱਚ ਕਮਿਊਨਿਸਟ ਪਾਰਟੀ ਦਾ ਇੱਕ ਹੀ ਝੰਡਾ ਹੋਵੇ। ਆਪਸੀ ਏਕੇ ਨਾਲ ਹੀ ਫਿਰਕਾਪ੍ਰਤੀ ਵਿਰੁੱਧ ਲੜਾਈ ਲੜ ਕੇ ਭਗਤ ਸਿੰਘ ਦੇ ਸੁਪਨਿਆਂ ਦਾ ਭਾਰਤ ਬਣਾਇਆ ਜਾ ਸਕਦਾ ਹੈ। ਇਹ ਸ਼ਹੀਦਾਂ ਦੀ ਹੀ ਦੇਣ ਹੈ ਕਿ ਅੱਜ ਅਸੀਂ ਅਜ਼ਾਦੀ ਦਾ ਨਿੱਘ ਮਾਣ ਰਹੇ ਹਾਂ। ਭਗਤ ਸਿੰਘ ਚਾਹੁੰਦਾ ਸੀ ਕਿ ਅਜ਼ਾਦ ਭਾਰਤ ਇੱਕ ਧਰਮ ਨਿਰਪੱਖ ਦੇਸ਼, ਕੋਈ ਜਾਤੀਵਾਦ ਨਹੀਂ ਅਤੇ ਮਨੁੱਖ ਦੇ ਹੱਥੋਂ ਮਨੁੱਖ ਦੀ ਲੁੱਟ ਨਹੀਂ ਹੋਣੀ ਚਾਹੀਦੀ, ਪਰ ਸੱਤ ਦਹਾਕੇ ਬੀਤਣ ਤੋਂ ਬਾਅਦ ਵੀ ਗਰੀਬੀ, ਅਨਪੜ੍ਹਤਾ, ਖੁਦਕੁਸ਼ੀਆਂ, ਬੇਰੁਜ਼ਗਾਰੀ ਤੇ ਅੰਧਵਿਸ਼ਵਾਸ ਸਿਖਰਾਂ 'ਤੇ ਹੈ। ਆਗੂਆਂ ਨੇ ਕਿਹਾ ਕਿ ਮੋਦੀ ਸਰਕਾਰ ਅਡਾਨੀਆਂ, ਅੰਬਾਨੀਆ ਦੀ ਸਰਕਾਰ ਹੈ, ਕਾਰਪੋਰੇਟ ਘਰਾਣੇ ਦੋਵਾਂ ਹੱਥਾਂ ਨਾਲ ਦੇਸ਼ ਨੂੰ ਲੁੱਟ ਰਹੇ ਹਨ। ਕੇਂਦਰ ਸਰਕਾਰ ਘੱਟ ਗਿਣਤੀਆਂ , ਮੁਸਲਮਾਨਾਂ ਅਤੇ ਔਰਤਾਂ 'ਤੇ ਜ਼ੁਲਮ ਕਰ ਰਹੀ ਹੈ। ਪਹਿਲਾਂ ਕਾਂਗਰਸ ਨੇ ਦੇਸ਼ ਨੂੰ ਲੁੱਟਿਆ, ਹੁਣ ਆਰ ਐੱਸ ਐੱਸ ਦੇ ਇਸ਼ਾਰੇ 'ਤੇ ਭਾਜਪਾ ਲੁੱਟ ਰਹੀ ਹੈ । ਯੂ ਪੀ ਦੀ ਯੋਗੀ ਸਰਕਾਰ ਮੁਸਲਮਾਨਾਂ 'ਤੇ ਅੱਤਿਆਚਾਰ ਕਰ ਰਹੀ ਹੈ।

ਪੰਜਾਬ ਦੀ ਮੌਜੂਦਾ ਸਰਕਾਰ ਭਗਤ ਸਿੰਘ ਦੀ ਵਾਰਸ ਕਹਾਉਂਦੀ ਹੈ। ਅਸੀਂ ਸੁਚੇਤ ਨਾ ਹੋਵੇ ਅਤੇ ਸਾਡੇ ਕਾਫਲੇ ਵੱਡੇ ਨਾ ਹੋਏ ਤਾਂ ਅਸੀਂ ਪਛੜ ਜਾਵਾਂਗੇ। ਇਹਨਾਂ ਦਾ ਮੁਕਾਬਲਾ ਕਰਨ ਲਈ ਆਪਸੀ ਏਕਤਾ ਜ਼ਰੂਰੀ ਹੈ। ਮੋਦੀ ਪੰਜਾਬ ਦੇ ਲੋਕਾਂ ਨੂੰ ਲੜਾਉਣਾ ਚਾਹੁੰਦਾ ਹੈ। ਖਾਲਿਸਤਾਨੀ ਸਿੱਖਾਂ ਅਤੇ ਕਾਮਰੇਡਾਂ ਵਿੱਚ ਅੰਤਰ ਪੈਦਾ ਕਰਨਾ ਚਾਹੁੰਦੇ ਹੈ, ਪਰ ਅਸੀਂ ਸਿੱਖ ਵਿਰੋਧੀ ਨਹੀਂ ਹਾਂ, ਅਸੀਂ ਖਾਲਿਸਤਾਨ ਦੇ ਵਿਰੋਧੀ ਹਾਂ। ਪੰਜਾਬ ਦੇ ਲੋਕਾਂ ਨੇ '84 ਵਾਲਾ ਦੌਰ ਵੇਖਿਆ ਹੈ। ਗੋਦੀ ਮੀਡੀਆ ਮੋਦੀ ਦੇ ਗੁਣ ਗਾ ਰਿਹਾ ਹੈ। ਭਗਤ ਸਿੰਘ ਦੇ ਵਿਚਾਰਾਂ ਦੀ ਜਿੱਤ ਹੋਵੇਗੀ ਅਤੇ ਮੋਦੀ ਦੀ ਹਾਰ ਹੋਵੇਗੀ। ਇਸ ਮੌਕੇ ਏਕਤਾ ਕਲਾ ਮੰਚ ਲਸਾੜਾ ਦੀ ਟੀਮ ਵੱਲੋਂ ਇਨਕਲਾਬੀ ਨਾਟਕ ਅਤੇ ਕੋਰੀਓਗਰਾਫੀਆ ਪੇਸ਼ ਕੀਤੀਆਂ ਗਈਆਂ।

ਸਟੇਜ ਸਕੱਤਰ ਦੀ ਭੂਮਿਕਾ ਸੀ ਪੀ ਆਈ ਦੇ ਜ਼ਿਲ੍ਹਾ ਸਕੱਤਰ ਸੁਤੰਤਰ ਕੁਮਾਰ ਵੱਲੋਂ ਨਿਭਾਈ ਗਈ। ਇਸ ਮੌਕੇ ਕੁਲਦੀਪ ਦੌੜਕਾ, ਮੁਕੰਦ ਲਾਲ , ਰਸ਼ਪਾਲ ਕੈਲੇ, ਦਵਿੰਦਰ ਨੰਗਲੀ ਰੋਪੜ , ਜੈ ਪਾਲ ਫਗਵਾੜਾ , ਰਾਮ ਲਾਲ ਚੱਕ ਗੁਰੂ , ਪਰਮਿੰਦਰ ਮੇਨਕਾ, ਮੋਹਣ ਸਿੰਘ ਧਮਾਣਾ, ਜਸਵਿੰਦਰ ਭੰਗਲ , ਨਰੰਜਣ ਦਾਸ ਮੇਹਲੀ, ਅਮਰਜੀਤ ਮੇਹਲੀ, ਪ੍ਰੀਤਮ ਰਮਲਾ, ਜੋਗਿੰਦਰ ਜੋਗੀ, ਨਰਿੰਦਰ ਕਾਲੀਆ, ਸਤਨਾਮ ਸਿੰਘ ਸੁੱਜੋਂ, ਹਰਪਾਲ ਜਗਤਪੁਰ , ਸੁਰਿੰਦਰ ਭੱਟੀ, ਰਾਣਾ ਉਪਿੰਦਰ, ਸੀਲਾ ਸੰਘਾ , ਮਹਿੰਦਰ ਪਾਲ ਮੋਹਾਲੀ , ਹਰੀ ਰਾਮ ਗੋਲਣੀ, ਪ੍ਰਿੰਸੀਪਲ ਇਕਬਾਲ ਸਿੰਘ, ਹਰਬਲਾਸ, ਕਰਨੈਲ ਸਿੰਘ ਰਾਹੋਂ, ਬਲਜਿੰਦਰ ਸਿੰਘ, ਜਗੀਰ ਮੁਆਈ, ਸ਼ਰਨਜੀਤ ਮੁਠੱਡਾ, ਸੰਤੋਖ ਸਿੰਘ ਬਿਲਗਾ, ਚਮਨ ਲਾਲ ਲੁਧਿਆਣਾ, ਹਰਦੇਵ ਸਿੰਘ ਸੰਧੂ , ਗੁਰਵਿੰਦਰ ਸਿੰਘ, ਮੇਜਰ ਸਿੰਘ ਫੌਜੀ, ਮੋਹਣ ਸਿੰਘ ਪੂਨੀਆਂ, ਮਾਸਟਰ ਰੇਸ਼ਮ ਲਾਲ, ਜਗਤਾਰ ਸਿੰਘ, ਸਤਨਾਮ ਚਾਹਲ, ਜਸਵਿੰਦਰ ਰਾਹੋਂ, ਬਲਕਾਰ ਸਿੰਘ ਸਰਪੰਚ ਜਗਤਪੁਰ, ਬਿਮਲ ਬਖਲੌਰ, ਬਹਾਦਰ ਮੁਕੰਦਪੁਰ ਤੇ ਭਜਨ ਸਿੰਘ ਸੁੱਜੋਂ ਆਦਿ ਹਾਜ਼ਰ ਸਨ।

## ਨਾਭਾ ਜੇਲ੍ਹ ਬ੍ਰੇਕ ਕੇਸ 'ਚ 22 ਜਣਿਆਂ ਨੂੰ ਬਾਮੁਸ਼ੱਕਤ 10-10 ਸਾਲ ਦੀ ਸਜ਼ਾ

**ਪਟਿਆਲਾ** : ਸਥਾਨਕ ਅਦਾਲਤ ਨੇ 2016 ਦੇ ਨਾਭਾ ਜੇਲ੍ਹ ਵਿਚੋਂ ਫਰਾਰ ਹੋਣ ਦੇ ਮਾਮਲੇ 'ਚ ਸਾਰੇ 22 ਦੋਸ਼ੀਆਂ ਨੂੰ 10-10 ਸਾਲ ਦੀ ਸਖਤ ਕੈਦ ਦੀ ਸਜ਼ਾ ਸੁਣਾਈ ਹੈ। ਇਨ੍ਹਾਂ ਵਿੱਚੋਂ ਦਰਜਨ ਤੋਂ ਵੱਧ ਗੈਂਗਸਟਰ ਹਨ। ਪੁਲਸ ਦੀ ਵਰਦੀ 'ਚ ਆਏ ਗੈਂਗਸਟਰਾਂ ਵੱਲੋਂ ਜੇਲ੍ਹ ਗਾਰਡਾਂ 'ਤੇ ਅੰਨ੍ਹੇਵਾਹ ਗੋਲੀਬਾਰੀ ਕਰਨ ਤੋਂ ਬਾਅਦ ਚਾਰ ਕਥਿਤ ਗੈਂਗਸਟਰ ਅਤੇ ਦੋ ਅੱਤਵਾਦੀ ਫਰਾਰ ਹੋ ਗਏ ਸਨ। ਐਡੀਸ਼ਨਲ ਸੈਸ਼ਨ ਜੱਜ ਐੱਚ ਐੱਸ ਗਰੇਵਾਲ ਨੇ ਸਾਰਿਆਂ ਨੂੰ ਦੋਸ਼ੀ ਠਹਿਰਾਏ ਜਾਣ ਤੋਂ ਦੋ ਦਿਨ ਬਾਅਦ ਵੀਰਵਾਰ ਸਜ਼ਾ ਦਾ ਐਲਾਨ ਕੀਤਾ। ਪੁਲਸ ਨੇ ਇਸ ਮਾਮਲੇ 'ਚ 34 ਮੁਲਜ਼ਮਾਂ ਖਿਲਾਫ ਚਾਰਜਸ਼ੀਟ ਦਾਖਲ ਕੀਤੀ ਸੀ।

## ਬਾਦਲਾਂ ਨੇ ਜ਼ਮਾਨਤਨਾਮੇ ਭਰੇ

**ਫਰੀਦਕੋਟ** : ਕੋਟਕਪੂਰਾ ਗੋਲੀਕਾਂਡ ਮਾਮਲੇ ਵਿਚ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਬਾਦਲ ਨੇ ਵੀਰਵਾਰ ਅਦਾਲਤ ਵਿਚ ਪੇਸ਼ ਹੋ ਕੇ 5-5 ਲੱਖ ਦੇ ਜ਼ਮਾਨਤਨਾਮੇ ਭਰੇ ਤੇ ਚਲੇ ਗਏ। ਲੋਕ ਸਭਾ ਮੈਂਬਰ ਹਰਸਿਮਰਤ ਕੌਰ ਬਾਦਲ ਤੇ ਬਿਕਰਮ ਸਿੰਘ ਮਜੀਠੀਆ ਵੀ ਉਨ੍ਹਾਂ ਨਾਲ ਸਨ।

## ਜਹਾਜ਼ 'ਚ ਖਰੂਦ ਪਾਉਣ ਵਾਲੇ ਦੋ ਗ੍ਰਿਫਤਾਰ

**ਮੁੰਬਈ** : ਡੁਬਈ-ਮੁੰਬਈ ਇੰਡੀਗੋ ਦੀ ਉਡਾਣ ਦੇ ਦੋ ਯਾਤਰੀਆਂ ਨੂੰ ਨਸ਼ੇ ਦੀ ਹਾਲਤ 'ਚ ਚਾਲਕ ਦਲ ਦੇ ਮੈਂਬਰਾਂ ਅਤੇ ਸਹਿ-ਮੁਸਾਫਰਾਂ ਨਾਲ ਦੁਰਵਿਵਹਾਰ ਕਰਨ ਦੇ ਦੋਸ਼ 'ਚ ਜਹਾਜ਼ ਦੇ ਮੁੰਬਈ ਉਤਰਨ ਤੋਂ ਬਾਅਦ ਬੁੱਧਵਾਰ ਗ੍ਰਿਫਤਾਰ ਕਰ ਲਿਆ ਗਿਆ। ਹਾਲਾਂਕਿ ਉਨ੍ਹਾਂ ਨੂੰ ਅਦਾਲਤ ਤੋਂ ਜ਼ਮਾਨਤ ਮਿਲ ਗਈ। ਦੋਵੇਂ ਪਾਲਘਰ ਦੇ ਕੋਲਹਾਪੁਰ ਅਤੇ ਨਾਲਸੋਪਾਰਾ ਦੇ ਰਹਿਣ ਵਾਲੇ ਹਨ। ਉਹ ਇਕ ਸਾਲ ਖਾੜੀ ਦੇਸ਼ ਵਿਚ ਕੰਮ ਕਰਨ ਤੋਂ ਬਾਅਦ ਵਾਪਸ ਆ ਰਹੇ ਸਨ।

## ਕਰਜ਼ੇ ਤੋਂ ਦੁਖੀ ਪਤੀ-ਪਤਨੀ ਵੱਲੋਂ ਆਤਮ ਹੱਤਿਆ



**ਬਰੇਟਾ (ਰੀਤਵਾਲ)** : ਹਲਕਾ ਲਹਿਰਾ ਦੇ ਪਿੰਡ ਬਖੋਰਾ ਕਲਾਂ ਵਿਖੇ ਕਰਜ਼ੇ ਤੋਂ ਦੁਖੀ ਪਤੀ-ਪਤਨੀ ਵੱਲੋਂ ਖੁਦਕੁਸ਼ੀ ਕਰ ਲਈ। ਮ੍ਰਿਤਕ ਦੇ ਭਰਾ ਸੁਖਦਰਸ਼ਨ ਸਿੰਘ ਨੇ ਪੁਲਸ ਨੂੰ ਦਿੱਤੇ ਬਿਆਨ ਵਿਚ ਦੱਸਿਆ ਕਿ ਉਸ ਦਾ ਵੱਡਾ ਭਰਾ ਕਾਲਾ ਸਿੰਘ ਆਪਣੀ ਪਤਨੀ ਸੰਦੀਪ ਕੌਰ ਅਤੇ ਦੋ ਬੱਚਿਆਂ 8 ਸਾਲਾ ਗੁਰਪ੍ਰੀਤ ਸਿੰਘ ਅਤੇ 5 ਸਾਲਾ ਰੋਮਾ ਕੌਰ ਅਤੇ ਮਾਤਾ ਨਾਲ ਪਿੰਡ ਵਿਖੇ ਰਹਿ ਰਿਹਾ ਸੀ । ਉਸ ਵੱਲੋਂ ਕਰਜ਼ਾ ਚੁੱਕ ਕੇ ਮਕਾਨ ਲਿਆ ਗਿਆ, ਮਿਹਨਤ-ਮਜ਼ਦੂਰੀ ਕਰਨ ਦੇ ਬਾਵਜੂਦ ਉਹ ਕਰਜ਼ਾ ਨਹੀਂ ਉਤਾਰ ਸਕਿਆ, ਜਿਸ ਦੇ ਚਲਦੇ ਦੋਵੇਂ ਪਤੀ-ਪਤਨੀ ਦਿਮਾਗੀ ਤੌਰ 'ਤੇ ਪ੍ਰੇਸ਼ਾਨ ਰਹਿਣ ਲੱਗੇ। ਉਸ ਦੇ ਅਤੇ ਰਿਸ਼ਤੇਦਾਰਾਂ ਵੱਲੋਂ ਵੀ ਸਮਝਾਉਣ 'ਤੇ ਉਨ੍ਹਾਂ 'ਤੇ ਕੋਈ ਅਸਰ ਨਹੀਂ ਹੋਇਆ । ਜਦੋਂ ਉਹ ਆਪਣੇ ਪਰਵਾਰ ਤੇ ਮਾਤਾ ਨਾਲ ਪਿੰਡ ਲਹਿਲ ਖੁਰਦ ਵਿਖੇ ਵਿਆਹ ਗਏ ਹੋਏ ਸਨ ਤਾਂ ਰਾਤ ਸਮੇਂ ਉਸ ਦੇ ਭਰਾ ਕਾਲਾ ਸਿੰਘ ਅਤੇ ਭਰਜਾਈ ਸੰਦੀਪ ਕੌਰ ਨੇ ਡੰਗਰਾਂ ਵਾਲੇ ਬਰਾਂਡੇ ਵਿੱਚ ਛੱਤ ਦੇ ਗਾਡਰ ਨਾਲ ਫਾਹਾ ਲੈ ਕੇ ਆਤਮ ਹੱਤਿਆ ਕਰ ਲਈ।

## ਗੰਗਾ, ਸਿੰਧ ਤੇ ਬ੍ਰਹਮਪੁੱਤਰ 'ਚ ਪਾਣੀ ਦਾ ਵਹਾਅ ਘਟੇਗਾ

**ਸੰਯੁਕਤ ਰਾਸ਼ਟਰ** : ਸੰਯੁਕਤ ਰਾਸ਼ਟਰ ਦੇ ਸਕੱਤਰ ਜਨਰਲ ਐਂਤੋਨੀਓ ਗੁਤੇਰੇਸ ਨੇ ਚੇਤਾਵਨੀ ਦਿੱਤੀ ਹੈ ਕਿ ਗਲੋਬਲ ਵਾਰਮਿੰਗ ਕਾਰਨ ਗਲੇਸ਼ੀਅਰ ਦਾ ਨੁਕਸਾਨ ਆਉਣ ਵਾਲੇ ਦਹਾਕਿਆਂ 'ਚ ਭਾਰਤ ਲਈ ਮਹੱਤਵਪੂਰਨ ਹਿਮਾਲਿਆ 'ਚੋਂ ਨਿਕਲਣ ਵਾਲੀਆਂ ਨਦੀਆਂ ਸਿੰਧ, ਗੰਗਾ ਅਤੇ ਬ੍ਰਹਮਪੁੱਤਰ 'ਚ ਪਾਣੀ ਦੇ ਵਹਾਅ ਨੂੰ ਘਟਾ ਸਕਦਾ ਹੈ। ਉਨ੍ਹਾ ਕਿਹਾ ਕਿ ਧਰਤੀ 'ਤੇ ਜੀਵਨ ਲਈ ਗਲੇਸ਼ੀਅਰ ਜ਼ਰੂਰੀ ਹਨ।

# ਅੰਮ੍ਰਿਤਪਾਲ ਨੇ ਐਤਵਾਰ ਦੀ ਰਾਤ ਸ਼ਾਹਬਾਦ 'ਚ ਕੱਟੀ

**ਚੰਡੀਗੜ੍ਹ** : ਹਰਿਆਣਾ ਪੁਲਸ ਨੇ ਬਲਜੀਤ ਕੌਰ ਨੂੰ ਗ੍ਰਿਫਤਾਰ ਕੀਤਾ ਹੈ, ਜਿਸ ਨੇ 'ਵਾਰਿਸ ਪੰਜਾਬ ਦੇ' ਜਥੇਬੰਦੀ ਦੇ ਖੁਦਸਾਖਤਾ ਚੀਫ ਅੰਮ੍ਰਿਤਪਾਲ ਸਿੰਘ ਤੇ ਉਸ ਦੇ ਸਾਥੀ ਪੱਪਲਪ੍ਰੀਤ ਸਿੰਘ ਨੂੰ ਕੁਰੁਕਸ਼ੇਤਰ ਜ਼ਿਲ੍ਹੇ ਦੇ ਸ਼ਾਹਾਬਾਦ ਇਲਾਕੇ 'ਚ ਆਪਣੇ ਘਰ 'ਚ ਪਨਾਹ ਦਿੱਤੀ। ਇਸ ਤੋਂ ਸੰਕੇਤ ਮਿਲਦਾ ਹੈ ਕਿ ਅੰਮ੍ਰਿਤਪਾਲ ਪੰਜਾਬ 'ਚੋਂ ਬਾਹਰ ਨਿਕਲ ਚੁੱਕਾ ਹੈ।

ਕੁਰੁਕਸ਼ੇਤਰ ਦੇ ਐੱਸ ਪੀ ਸੁਰਿੰਦਰ ਸਿੰਘ ਭੋਰੀਆ ਨੇ ਦੱਸਿਆ ਕਿ ਸ਼ਾਹਾਬਾਦ-ਮਾਰਕੰਡਾ ਦੀ ਸਿਧਾਰਥ ਕਾਲੋਨੀ ਦੀ ਬਲਜੀਤ ਕੌਰ ਨੇ ਐਤਵਾਰ ਅੰਮ੍ਰਿਤਪਾਲ ਤੇ ਪੱਪਲਪ੍ਰੀਤ ਨੂੰ ਪਨਾਹ ਦਿੱਤੀ। ਬਲਜੀਤ ਕੌਰ ਨੂੰ ਪੰਜਾਬ ਪੁਲਸ ਨੂੰ ਸੌਂਪ ਦਿੱਤਾ ਗਿਆ ਹੈ। 28 ਸਾਲਾ ਬਲਜੀਤ ਕੌਰ ਆਪਣੇ ਭਰਾ ਤੇ ਪਿਤਾ (78) ਨਾਲ ਰਹਿੰਦੀ ਸੀ। ਉਸ ਦਾ



ਭਰਾ ਕੁਰੁਕਸ਼ੇਤਰ 'ਚ ਐੱਸ ਡੀ ਐੱਮ ਦਫਤਰ 'ਚ ਕੰਮ ਕਰਦਾ ਹੈ ਤੇ ਪਿਤਾ ਦੁੱਧ ਦਾ ਕਾਰੋਬਾਰ ਕਰਦਾ ਹੈ।

ਜਾਂਚ ਏਜੰਸੀਆਂ ਨੂੰ ਸ਼ੱਕ ਹੈ ਕਿ ਅੰਮ੍ਰਿਤਪਾਲ ਉੱਤਰਾਖੰਡ ਪਹੁੰਚ ਕੇ ਨੇਪਾਲ ਭੱਜਣ ਦਾ ਜਤਨ ਕਰ ਰਿਹਾ ਹੈ। ਪੰਜਾਬ ਪੁਲਸ ਤੇ ਏਜੰਸੀਆਂ ਹੁਣ ਸ਼ਾਹਾਬਾਦ ਤੋਂ ਅੱਗੇ ਉਸ ਦਾ ਖੁਰਾ ਲੱਭ ਰਹੀਆਂ ਹਨ।

ਆਈ ਜੀ ਸੁਖਚੈਨ ਸਿੰਘ ਗਿੱਲ ਨੇ ਦੱਸਿਆ ਕਿ ਅੰਮ੍ਰਿਤਪਾਲ ਦੇ ਸਾਥੀ ਤੇਜਿੰਦਰ ਸਿੰਘ ਉਰਫ ਗੋਰਖਾ ਬਾਬਾ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ। ਉਸ ਕੋਲੋਂ ਅਜਿਹੀਆਂ ਵੀਡੀਓਜ਼ ਮਿਲੀਆਂ ਹਨ, ਜਿਨ੍ਹਾਂ ਵਿਚ ਅੰਮ੍ਰਿਤਪਾਲ ਤੇ ਉਸ ਦੇ ਸਾਥੀ ਹਥਿਆਰਾਂ ਦੀ ਟਰੇਨਿੰਗ ਦਿੰਦੇ ਨਜ਼ਰ ਆ ਰਹੇ ਹਨ। ਉਸ ਕੋਲੋਂ ਅੰਮ੍ਰਿਤਪਾਲ ਦੇ ਨਿੱਜੀ ਮਿਲੀਸ਼ੀਆ ਆਨੰਦਪੁਰ ਖਾਲਸਾ ਫੌਜ (ਏ ਕੇ ਐੱਫ) ਦਾ

# ਫਾਸ਼ੀਵਾਦੀ ਤਾਕਤਾਂ ਦਾ ਮੁਕਾਬਲਾ ਕਰਨ ਲਈ ਸ਼ਹੀਦਾਂ ਦੀ ਵਿਚਾਰਧਾਰਾ ਤੋਂ ਅਗਵਾਈ ਲੈਣ ਦੀ ਲੋੜ : ਜਗਰੂਪ

## ਨੌਜਵਾਨਾਂ-ਵਿਦਿਆਰਥੀਆਂ ਨੇ 23 ਮਾਰਚ ਦੇ ਸ਼ਹੀਦਾਂ ਦਾ ਦਿਹਾੜਾ ਬਨੇਗਾ ਦਿਵਸ ਵਜੋਂ ਮਨਾਇਆ

**ਹੁਸੈਨੀਵਾਲਾ** : ਜੰਗ-ਏ-ਆਜ਼ਾਦੀ ਦੇ ਮਹਾਨ ਸ਼ਹੀਦ ਭਗਤ ਸਿੰਘ, ਸ਼ਹੀਦ ਰਾਜਗੁਰੂ ਅਤੇ ਸ਼ਹੀਦ ਸੁਖਦੇਵ ਦੇ ਸ਼ਹੀਦੀ ਦਿਹਾੜੇ ਨੂੰ ਬਨੇਗਾ ਦਿਵਸ ਵਜੋਂ ਮਨਾਉਂਦਿਆਂ ਸ਼ਹੀਦੀ ਸਮਾਰਕ ਹੁਸੈਨੀਵਾਲਾ ਵਿਖੇ ਵੀਰਵਾਰ ਸਰਬ ਭਾਰਤ ਨੌਜਵਾਨ ਸਭਾ ਅਤੇ ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ ਵੱਲੋਂ ਸ਼ਹੀਦਾਂ ਦੇ ਸੁਪਨਿਆਂ ਦਾ




ਖਾਕਾ 'ਭਗਤ ਸਿੰਘ ਕੌਮੀ ਰੁਜ਼ਗਾਰ ਗਰੰਟੀ ਕਾਨੂੰਨ (ਬਨੇਗਾ)' ਦੀ ਪ੍ਰਾਪਤੀ ਲਈ ਸੰਘਰਸ਼ ਨੂੰ ਦੇਸ਼ ਪੱਧਰ 'ਤੇ ਹੋਰ ਤੇਜ਼ ਕਰਨ ਲਈ ਹਰ ਸਾਲ 23 ਮਾਰਚ ਨੂੰ ਬਨੇਗਾ ਦਿਵਸ ਮਨਾਉਣ ਦਾ ਸੰਕਲਪ ਲਿਆ ਗਿਆ। ਇਸ ਮੌਕੇ ਸੈਂਕੜਿਆਂ ਦੀ ਗਿਣਤੀ ਵਿੱਚ ਨੌਜਵਾਨਾਂ ਅਤੇ ਵਿਦਿਆਰਥੀਆਂ ਨੇ ਹਿੱਸਾ ਲਿਆ। ਇਸ ਬਨੇਗਾ ਦਿਵਸ ਸੰਕਲਪ ਮਾਰਚ ਦੀ ਅਗਵਾਈ ਸਰਬ ਭਾਰਤ ਨੌਜਵਾਨ ਸਭਾ ਦੇ ਸੂਬਾ ਪ੍ਰਧਾਨ ਪਰਮਜੀਤ ਸਿੰਘ ਢਾਬਾਂ, ਸਕੱਤਰ ਚਰਨਜੀਤ ਸਿੰਘ ਛਾਂਗਾ ਰਾਏ, ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ ਦੇ ਸੂਬਾ ਪ੍ਰਧਾਨ ਲਵਪ੍ਰੀਤ ਮਾੜੀਮੇਘਾ ਅਤੇ ਲੜਕੀਆਂ ਦੀ ਕੌਮੀ ਕਨਵੀਨਰ ਕਰਮਵੀਰ ਬੱਧਨੀ ਨੇ ਕੀਤੀ। ਇਸ ਮੌਕੇ ਰੁਜ਼ਗਾਰ ਪ੍ਰਾਪਤੀ ਮੁਹਿੰਮ ਦੇ ਮੁੱਖ ਸਲਾਹਕਾਰ ਜਗਰੂਪ ਸਿੰਘ ਅਤੇ ਸਰਬ ਭਾਰਤ ਨੌਜਵਾਨ ਸਭਾ ਦੇ ਸਾਬਕਾ ਸੂਬਾ ਸਕੱਤਰ ਕੁਲਦੀਪ ਭੋਲਾ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ।

ਮਹਾਨ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਜਗਰੂਪ ਸਿੰਘ ਨੇ ਕਿਹਾ ਕਿ ਜਿਵੇਂ-ਜਿਵੇਂ ਦੇਸ਼ ਦਾ ਸਰਮਾਇਆ ਕੁਝ ਕੁ ਹੱਥਾਂ ਵਿੱਚ ਇੱਕਠਾ ਹੁੰਦਾ ਜਾ ਰਿਹਾ ਹੈ, ਤਿਵੇਂ-ਤਿਵੇਂ ਇਹ ਫਾਸ਼ੀਵਾਦੀ ਰੂਪ ਅਖਤਿਆਰ ਕਰਦਾ ਜਾ ਰਿਹਾ ਹੈ ਅਤੇ ਸਮਾਜ ਵਿੱਚ ਫਿਰਕੂ ਮੰਦਭਾਵਨਾ

● ਬਾਕੀ ਸਫ਼ਾ 2 'ਤੇ

# ਅਡਾਨੀ ਨੂੰ ਬਚਾਉਣ ਲਈ ਮੋਦੀ ਸੰਸਦ ਨਹੀਂ ਚੱਲਣ ਦੇ ਰਹੇ : ਯੇਚੁਰੀ




**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**

ਦੇਸ਼ ਦੀ ਅਜ਼ਾਦੀ ਦੀ 75ਵੀਂ ਵਰ੍ਹੇਗੰਢ ਨੂੰ ਸਮਰਪਿਤ ਸ਼ਹੀਦ ਭਗਤ ਸਿੰਘ, ਰਾਜਗੁਰ ਤੇ ਸੁਖਦੇਵ ਦੇ ਸ਼ਹੀਦੀ ਦਿਹਾੜੇ ਅਤੇ ਕੌਮਾਂਤਰੀ ਪ੍ਰਸਿੱਧੀ ਵਾਲੇ ਕਮਿਊਨਿਸਟ ਆਗੂ ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ ਦੇ ਜਨਮ ਦਿਹਾੜੇ ਨੂੰ ਸਮਰਪਿਤ ਰੈਲੀ ਨੂੰ ਸੰਬੋਧਨ ਕਰਦਿਆਂ ਸੀ ਪੀ ਆਈ (ਐੱਮ) ਦੇ ਕੁੱਲ ਹਿੰਦ ਜਨਰਲ ਸਕੱਤਰ ਸੀਤਾ ਰਾਮ ਯੇਚੁਰੀ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਅਡਾਨੀ ਨਾਲ ਆਪਣੀ ਦੋਸਤੀ ਪੁਗਾਉਣ ਲਈ ਹਿਡਨਬਰਗ ਰਿਪੋਰਟ ਮਾਮਲੇ 'ਤੇ ਜੇ ਪੀ ਸੀ ਬਣਾਉਣ ਅਤੇ ਸੰਸਦ ਵਿੱਚ ਬਹਿਸ ਕਰਾਉਣ ਦੀ ਮੰਗ ਸਵੀਕਾਰ ਨਾ ਕਰਕੇ ਦੇਸ਼ ਦੀ ਸੰਸਦ ਨਹੀਂ ਚੱਲਣ ਦਿੱਤੀ ਜਾ ਰਹੀ। ਅਜਿਹਾ ਪਹਿਲੀ ਵਾਰ

● ਬਾਕੀ ਸਫ਼ਾ 2 'ਤੇ

# ਕੋਟ ਫ਼ੱਤਾ ਦਲਿਤ ਭੈਣ-ਭਰਾ ਬਲੀ ਕਾਂਡ 'ਚ ਸਾਰੇ ਦੋਸ਼ੀਆਂ ਨੂੰ ਉਮਰ ਭਰ ਦੀ ਕੈਦ

**ਤਲਵੰਡੀ ਸਾਬੋ/ਬਠਿੰਡਾ (ਜਗਦੀਪ ਗਿੱਲ)**

ਔਲਾਦ ਦੀ ਪ੍ਰਾਪਤੀ ਖਾਤਰ ਦੋ ਦਲਿਤ ਮਾਸੂਮ ਭੈਣ-ਭਰਾ ਕੋਟ ਫ਼ੱਤਾ ਬਲੀ ਕਾਂਡ ਵਿਚ ਵੀਰਵਾਰ ਐਡੀਸ਼ਨ ਸੈਸ਼ਨ ਜੱਜ ਬਲਜਿੰਦਰ ਸਿੰਘ ਸਰ੍ਹਾਂ ਨੇ ਸੱਤੇ ਦੋਸ਼ੀਆਂ ਨੂੰ ਉਮਰ ਭਰ ਦੀ ਕੈਦ ਸੁਣਾਈ। ਭਵਿੱਖ ਦੱਸਣ ਵਾਲਾ ਮੁੱਖ ਮੁਲਜ਼ਮ ਲੱਖੀ ਤਾਂਤਰਿਕ ਅਦਾਲਤ ਵਿਚ ਰੋ-ਰੋ ਕੇ ਹੱਥ ਜੋੜ ਕੇ ਰਹਿਮ ਦੀਆਂ ਅਪੀਲਾਂ ਕਰਨ ਲੱਗਿਆ। ਦੋਸ਼ੀਆਂ 'ਚ ਇਕ ਪਰਵਾਰ ਦੇ ਛੇ ਮੈਂਬਰ, ਜਿਹਨਾਂ ਵਿਚ ਚਾਰ ਔਰਤਾਂ ਤੇ ਤਿੰਨ ਮਰਦ ਸ਼ਾਮਲ ਹਨ। ਐਕਸ਼ਨ

## ਤਾਂਤਰਿਕ ਰੋ-ਰੋ ਕੇ ਰਹਿਮ ਦੀ ਭੀਖ ਮੰਗਣ ਲੱਗਾ

ਕਮੇਟੀ ਦੇ ਆਗੂ ਭਾਈ ਪਰਨਜੀਤ ਸਿੰਘ, ਜੱਗੀ ਬਾਬ ਤੇ ਬਲਜਿੰਦਰ ਸਿੰਘ ਕੋਟਭਾਰਾ ਨੇ ਦੱਸਿਆ ਕਿ ਮੁਜਰਮ ਧਿਰ ਦੇ ਉਲਟ ਉੱਘੇ ਵਕੀਲ ਚਰਨਪਾਲ ਸਿੰਘ ਬਰਾੜ ਨੇ ਮਾਣਯੋਗ ਜੱਜ ਤੋਂ ਸਾਰੇ ਦੋਸ਼ੀਆਂ ਲਈ ਫਾਂਸੀ ਦੀ ਮੰਗ ਰੱਖੀ ਸੀ। ਜੱਜ ਸਾਹਿਬ ਨੇ ਸਾਰੀਆਂ ਧਿਰਾਂ ਦੀਆਂ ਦਲੀਲਾਂ ਸੁਣਨ

● ਬਾਕੀ ਸਫ਼ਾ 2 'ਤੇ

# ਸ਼ਹੀਦ ਭਗਤ ਸਿੰਘ ਦੇ ਸੁਪਨਿਆਂ ਨੂੰ ਸਾਕਾਰ ਕਰਨ ਲਈ ਅੱਗੇ ਆਉਣ ਦਾ ਸੱਦਾ

**ਖਟਕੜ ਕਲਾਂ (ਅਵਤਾਰ ਕਲੇਰ)**

ਮੁੱਖ ਮੰਤਰੀ ਭਗਵੰਤ ਮਾਨ ਨੇ ਲੋਕਾਂ ਨੂੰ ਸੱਦਾ ਦਿੱਤਾ ਕਿ ਉਹ ਸ਼ਹੀਦ ਭਗਤ ਸਿੰਘ ਦੇ ਸੁਪਨਿਆਂ ਦਾ ਸਮਾਜ ਸਿਰਜਣ ਲਈ ਅੱਗੇ ਆਉਣ ਅਤੇ ਸੂਬਾ ਸਰਕਾਰ ਇਸ ਮਕਸਦ ਦੀ ਪੂਰੀ ਲਈ ਪੂਰਾ ਸਹਿਯੋਗ ਤੇ ਤਾਲਮੇਲ ਕਰੇਗੀ।

ਸ਼ਹੀਦ-ਏ-ਆਜ਼ਮ ਦੇ ਜੱਦੀ ਪਿੰਡ ਵਿੱਚ ਉਨ੍ਹਾ ਨੂੰ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਇਹ ਦਿਨ ਸਾਨੂੰ ਧਰਤੀ ਮਾਂ ਦੇ ਸੱਚੇ ਸਪੂਤ ਵੱਲੋਂ ਦਿੱਤੇ ਮਹਾਨ ਬਲੀਦਾਨ ਬਾਰੇ ਚੇਤੇ ਕਰਵਾਉਂਦਾ ਹੈ। ਉਨ੍ਹਾ ਕਿਹਾ ਕਿ ਸ਼ਹੀਦ ਭਗਤ ਸਿੰਘ, ਸ਼ਹੀਦ ਰਾਜਗੁਰੂ ਅਤੇ



ਸ਼ਹੀਦ ਸੁਖਦੇਵ ਦੀ ਸ਼ਹਾਦਤ ਸਾਨੂੰ ਹਮੇਸ਼ਾ ਬੇਇਨਸਾਫ਼ੀ, ਜ਼ੁਲਮ ਅਤੇ ਦਮਨ ਖ਼ਿਲਾਫ਼ ਖੜ੍ਹੇ ਹੋਣ ਲਈ ਪ੍ਰੇਰਦੀ ਰਹੇਗੀ। ਮਾਨ ਨੇ ਕਿਹਾ ਕਿ ਇਹ ਸਾਡਾ ਸਾਰਿਆਂ ਦਾ ਨੈਤਿਕ ਫ਼ਰਜ਼ ਬਣਦਾ ਹੈ ਕਿ ਸਮਾਜ ਵਿੱਚ ਫੈਲੀਆਂ ਸਾਰੀਆਂ ਕੁਰੀਤੀਆਂ ਵਿਰੁੱਧ ਅਸੀਂ ਜੰਗ ਛੇੜੀਏ।

ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਸ਼ਹੀਦ ਭਗਤ ਸਿੰਘ ਵੱਲੋਂ ਸੰਜੋਏ ਸੁਪਨਿਆਂ ਨੂੰ ਪੂਰਾ ਕਰਨ ਅਤੇ ਫਿਰਕੂ ਸਦਭਾਵਨਾ ਵਾਲਾ ਸਮਾਜ ਸਿਰਜਣ ਲਈ ਵਚਨਬੱਧ ਹੈ। ਆਜ਼ਾਦੀ ਦੇ ਅੰਦੋਲਨ ਦੇ ਇਨ੍ਹਾਂ ਨੌਜਵਾਨ ਨਾਇਕਾਂ ਨੇ ਛੋਟੀ ਉਮਰ ਵਿੱਚ ਹੀ

● ਬਾਕੀ ਸਫ਼ਾ 2 'ਤੇ

## ਅੱਜ-ਨਾਮਾ

ਦਰਿਆਈ ਪਾਣੀ ਲਈ ਫੇਰ ਤਰੀਕ ਸੀਗੀ,
ਸਕਿਆ ਮੁੱਦਾ ਨਹੀਂ ਲਮਕਿਆ ਮੁੱਕ ਬੇਲੀ।
ਹਟਣਾ ਸਿੱਖਿਆ ਨਹੀਂ ਪਿੱਛੇ ਪੰਜਾਬੀਆਂ ਨੇ,
ਗੱਡ ਲਈ ਲੱਤ ਤੇ ਹੋਊ ਨਹੀਂ ਚੁੱਕ ਬੇਲੀ।
ਹਰਿਆਣੇ ਅੰਦਰ ਵੀ ਪਾਣੀ ਹੈ ਵੋਟ-ਮੁੱਦਾ,
ਸਾਰਿਆਂ ਰੰਗਾਂ ਦੇ ਲੀਡਰ ਰਹੇ ਬੁੱਕ ਬੇਲੀ।
ਹੋ ਗਏ ਸੱਠ ਕੁ ਸਾਲ ਇੰਜ ਲੜਦਿਆਂ ਨੂੰ,
ਚੱਲਿਆ ਪਾਣੀ ਦਰਿਆਵਾਂ ਦਾ ਸੁੱਕ ਬੇਲੀ।
ਜਿਹੜਾ ਆਗੂ ਖਿਸਕਾਊ ਕੁਝ ਕਦਮ ਪਿੱਛੇ,
ਲੋਕੀਂ ਨਿਕਲਣ ਨਹੀਂ ਦੇਣਗੇ ਬਾਹਰ ਬੇਲੀ।
ਮੁਸ਼ਕਲ ਵੱਸਣਾ ਪੰਜਾਬ ਵਿੱਚ ਹੋਊ ਉਹਨੂੰ,
ਲੱਭਣੀ ਪਊ ਕੋਈ ਬਾਹਰਲੀ ਠਾਹਰ ਬੇਲੀ।

-ਤੀਸ ਮਾਰ ਖਾਂ

# ਨਵੀਂ ਪੈਨਸ਼ਨ ਸਕੀਮ ਵਿਰੁੱਧ ਸੰਘਰਸ਼ 'ਤੇ ਰੋਕ ਮੋਦੀ ਸਰਕਾਰ ਦੀ ਬਦਲਾਖੋਰੀ : ਏਟਕ

**ਲੁਧਿਆਣਾ (ਐੱਮ ਐੱਸ ਭਾਟੀਆ, ਰੈਕਟਰ ਕਥੂਰੀਆ)**

ਏਟਕ ਦੇ ਸਕੱਤਰੇਤ ਵੱਲੋਂ ਦਿੱਲੀ ਵਿੱਚ ਪ੍ਰੈੱਸ ਨੂੰ ਜਾਰੀ ਬਿਆਨ ਵਿੱਚ ਦੱਸਿਆ ਗਿਆ ਹੈ ਕਿ ਸਮੁੱਚੇ ਕੇਂਦਰ ਸਰਕਾਰ ਕਰਮਚਾਰੀ, ਅਰਧ ਸੈਨਿਕ ਬਲ, ਰਾਜ ਸਰਕਾਰ ਕਰਮਚਾਰੀ ਅਤੇ ਅਧਿਆਪਕ ਭਾਜਪਾ ਸਰਕਾਰ ਵੱਲੋਂ 2003 ਵਿੱਚ ਸ਼ੁਰੂ ਕੀਤੀ ਗਈ ਨਿਊ ਪੈਨਸ਼ਨ ਸਕੀਮ (ਐੱਨ.ਪੀ.ਐੱਸ) ਦੇ ਖਿਲਾਫ ਦੇਸ਼-ਵਿਆਪੀ ਅੰਦੋਲਨ ਵਿੱਚ ਹਨ। ਇਸ ਦੇ ਲਾਗੂ ਹੋਣ ਦੇ 19 ਸਾਲਾਂ ਬਾਅਦ ਐੱਨ.ਪੀ.ਐੱਸ ਪੂਰੀ ਤਰ੍ਹਾਂ ਬੇਨਕਾਬ ਹੋ ਗਈ ਹੈ ਅਤੇ ਕਰਮਚਾਰੀਆਂ ਨੂੰ ਹਰ ਮਹੀਨੇ ਆਪਣੀ ਤਨਖਾਹ ਵਿੱਚੋਂ 10% ਯੋਗਦਾਨ ਪਾਉਣ ਤੋਂ ਬਾਅਦ ਸਿਰਫ 2000 ਤੋਂ 3000 ਰੁਪਏ ਪੈਨਸ਼ਨ ਮਿਲ ਰਹੀ ਹੈ। ਮੁਲਾਜ਼ਮਾਂ ਨੂੰ ਇਸ ਬੇਇਨਸਾਫੀ ਅਤੇ ਵਿਤਕਰੇ ਵਿਰੁੱਧ ਸੰਘਰਸ਼ ਕਰਨ ਦਾ ਪੂਰਾ ਹੱਕ ਹੈ। ਮੋਦੀ ਸਰਕਾਰ ਨੇ 20 ਮਾਰਚ 2023 ਨੂੰ ਇੱਕ ਹੁਕਮ ਜਾਰੀ ਕਰਕੇ ਇੱਕ ਵਾਰ ਫਿਰ ਆਪਣੇ ਮੁਲਾਜ਼ਮਾਂ ਪ੍ਰਤੀ ਆਪਣਾ ਜ਼ਾਲਮ ਚਿਹਰਾ ਵਿਖਾਇਆ ਹੈ, ਜਿਸ ਵਿੱਚ ਕਰਮਚਾਰੀਆਂ ਨੂੰ ਕਿਸੇ ਵੀ ਐੱਨ.ਪੀ.ਐੱਸ. ਵਿਰੋਧੀ ਅੰਦੋਲਨ ਵਿੱਚ ਸ਼ਾਮਲ ਹੋਣ ਦੀ ਸੂਰਤ ਵਿੱਚ ਗੰਭੀਰ ਨਤੀਜੇ ਭੁਗਤਣ ਦੀ ਧਮਕੀ ਦਿੱਤੀ ਗਈ ਹੈ। ਕੇਂਦਰ



ਸਰਕਾਰ ਦੀ ਸੰਯੁਕਤ ਲਹਿਰ ਕਰਮਚਾਰੀ ਅਤੇ ਰਾਜ ਸਰਕਾਰ ਦੇ ਬੈਨਰ ਹੇਠ ਮੁਲਾਜ਼ਮਾਂ ਨੇ ਮੋਦੀ ਸਰਕਾਰ ਨੂੰ ਹਿਲਾ ਕੇ ਰੱਖ ਦਿੱਤਾ ਹੈ।

ਕੇਂਦਰ ਸਰਕਾਰ ਦਾ ਇਹ ਹੁਕਮ ਖਾਸ ਤੌਰ 'ਤੇ ਪੱਖਪਾਤੀ ਹੈ ਕਿਉਂਕਿ ਸਰਕਾਰ ਕਾਰਪੋਰੇਟ ਟੈਕਸਾਂ ਨੂੰ ਵੱਡੇ ਪੱਧਰ 'ਤੇ ਘਟਾ ਰਹੀ ਹੈ। ਹਾਲ ਹੀ ਵਿੱਚ, ਜਦੋਂ ਰਾਜ ਸਰਕਾਰ ਦੇ ਕਰਮਚਾਰੀਆਂ ਨੇ ਮਹਾਰਾਸ਼ਟਰ ਵਿੱਚ ਹੜਤਾਲ ਕੀਤੀ ਸੀ, ਭਾਜਪਾ ਸਰਕਾਰ ਨੇ ਉਨ੍ਹਾਂ ਨੂੰ ਓ ਪੀ ਐੱਸ ਦੇਣ ਦੇ ਸਵਾਲ ਨੂੰ ਦੇਖਣ ਲਈ ਇੱਕ ਕਮੇਟੀ ਬਣਾਉਣ ਦਾ ਭਰੋਸਾ ਦਿੱਤਾ ਸੀ।

ਸਰਕਾਰੀ ਕਰਮਚਾਰੀਆਂ ਦੀਆਂ ਭਾਵਨਾਵਾਂ ਦਾ ਸਤਿਕਾਰ ਕਰਨ ਦੀ ਬਜਾਏ ਉਹ ਕਰਮਚਾਰੀ ਜੋ ਸਰਕਾਰ ਦੀ ਰੀੜ੍ਹ ਦੀ ਹੱਡੀ ਹਨ ਅਤੇ ਜਿਨ੍ਹਾਂ ਨੇ ਕੋਵਿਡ-19 ਮਹਾਂਮਾਰੀ ਦੇ ਲੌਕਡਾਊਨ ਦੌਰਾਨ ਸਿਰਫ ਦੇਸ਼ ਅਤੇ ਲੋਕਾਂ ਦੀ ਸੇਵਾ ਕੀਤੀ ਹੈ, ਸਰਕਾਰ ਉਨ੍ਹਾਂ ਪ੍ਰਤੀ ਸਖਤੀ ਦਾ ਸਹਾਰਾ ਲੈ ਰਹੀ ਹੈ।

ਏਟਕ ਦੀ ਜਨਰਲ ਸਕੱਤਰ ਅਮਰਜੀਤ ਕੌਰ ਨੇ ਮੋਦੀ ਸਰਕਾਰ ਦੀ ਇਸ ਮੁਲਾਜ਼ਮ ਵਿਰੋਧੀ ਪਹੁੰਚ ਦੀ ਨਿਖੇਧੀ ਕਰਦਿਆਂ 20 ਮਾਰਚ ਦੇ ਨਾਦਰਸ਼ਾਹੀ ਹੁਕਮ ਨੂੰ ਵਾਪਸ ਲੈਣ ਅਤੇ ਸਰਕਾਰੀ ਕਰਮਚਾਰੀਆਂ ਦੀ ਮੰਗ ਨੂੰ ਤੁਰੰਤ ਮੰਨਣ 'ਤੇ ਜ਼ੋਰ ਦਿੱਤਾ ਹੈ। ਉਨ੍ਹਾ ਕਿਹਾ ਕਿ ਗਾਰੰਟੀਸ਼ੁਦਾ ਪੁਰਾਣੀ ਪੈਨਸ਼ਨ ਸਕੀਮ ਬਹਾਲ ਕੀਤੀ ਜਾਵੇ। ਏਟਕ ਕੇਂਦਰ ਅਤੇ ਰਾਜ ਸਰਕਾਰ ਦੇ ਕਰਮਚਾਰੀਆਂ ਨਾਲ ਆਪਣਾ ਪੂਰਾ ਸਮਰਥਨ ਅਤੇ ਏਕਤਾ ਦੁਹਰਾਉਂਦੀ ਹੈ, ਜੋ ਪੁਰਾਣੀ ਪੈਨਸ਼ਨ ਸਕੀਮ ਦੇ ਹੱਕ ਦੀ ਪ੍ਰਾਪਤੀ ਲਈ ਆਪਣੇ ਸੰਘਰਸ਼ਾਂ ਵਿੱਚ ਹਨ, ਕਿਉਂਕਿ ਪੈਨਸ਼ਨ ਕੋਈ ਭੀਖ ਨਹੀਂ ਹੈ ਅਤੇ ਮਾਲਕ ਦੀ ਮਿੱਠੀ ਇੱਛਾ ਨਾਲ ਅਦਾ ਨਹੀਂ ਕੀਤੀ ਜਾਂਦੀ। ਇਹ ਹਰੇਕ ਕਰਮਚਾਰੀ ਦਾ ਅਧਿਕਾਰ ਹੈ।

ਆਓ ਭਗਤ ਸਿੰਘ, ਸੁਖਦੇਵ, ਰਾਜਗੁਰੂ ਦੇ ਸ਼ਹੀਦੀ ਦਿਹਾੜੇ 'ਤੇ ਸਰਕਾਰ ਦੀਆਂ ਮਜ਼ਦੂਰ ਵਿਰੋਧੀ, ਕਿਸਾਨ ਵਿਰੋਧੀ, ਦੇਸ਼ ਵਿਰੋਧੀ ਨੀਤੀਆਂ ਦਾ ਡਟ ਕੇ ਮੁਕਾਬਲਾ ਕਰਨ ਦਾ ਪ੍ਰਣ ਕਰੀਏ।

## ਕਿੱਕਾਂ ਦੀ ਕਿੱਕ




**ਸਾਨਤਿਆਗੋ** : ਲਾਤੀਨੀ ਅਮਰੀਕੀ ਦੇਸ਼ ਚਿੱਲੀ ਵਿਚ ਟਾਪ ਡਵੀਜ਼ਨ ਫੁੱਟਬਾਲ ਲੀਗ ਵਿਚ ਹੈਰਤਅੰਗੇਜ਼ ਗੋਲ ਦੇਖਣ ਨੂੰ ਮਿਲਿਆ ਜਦੋਂ ਕੋਬ੍ਰੇਸਲ ਟੀਮ ਦੇ ਅਰਜਨਟੀਨੀ ਗੋਲਕੀਪਰ ਲਿਐਂਡਰੋ ਰਿਕੇਨਾ ਨੇ ਆਪਣੇ ਬਾਕਸ ਤੋਂ ਕਿੱਕ ਮਾਰ ਕੇ ਗੇਂਦ ਵਿਰੋਧੀ ਟੀਮ ਦੇ ਗੋਲਾਂ ਦੇ ਵਿਚ ਵਾੜ ਦਿੱਤੀ। ਗੋਲਕੀਪਰ ਨੇ ਬਿਨਾਂ ਕਿਸੇ ਨੂੰ ਪਾਸ ਦਿੱਤੇ ਇਕ ਕਿੱਕ ਨਾਲ ਹੀ ਗੋਲ ਕਰ ਦਿੱਤਾ!

ਗੇਂਦ ਨੇ 101 ਮੀਟਰ ਦੀ ਦੂਰੀ ਤੈਅ ਕੀਤੀ। ਜੇ ਗਿਨੀਜ਼ ਵਰਲਡ

● ਬਾਕੀ ਸਫ਼ਾ 2 'ਤੇ

### ਫੁੱਟਬਾਲ 'ਚ ਸਭ ਤੋਂ ਲੰਮੀ ਦੂਰੀ ਦੇ ਗੋਲ

| ਖਿਡਾਰੀ | ਟੀਮ | ਰੇਂਜ | ਕਦੋਂ |
|---|---|---|---|
| ਐਂਡੀ ਲੋਨੇਗਨੀ | ਪ੍ਰੈਸਟਨ ਨਾਰਥ ਐਂਡ | 91.4 ਮੀਟਰ | 2004 |
| ਟਿਮ ਹੋਵਰਡ | ਅਮਰੀਕਾ | 91.4 ਮੀਟਰ | 2012 |
| ਮਟਿਯਾਸ ਡਿਟੂਰੋ | ਬੋਲੀਵਰ | 91.4 ਮੀਟਰ | 2017 |
| ਅਸਮਿਰ ਬੇਗੋਵਿਕ | ਸਟੋਕ ਸਿਟੀ | 91.9 ਮੀਟਰ | 2013 |
| ਟਾਮ ਕਿੰਗ | ਨਿਊਪੋਰਟ ਕਾਊਂਟੀ | 96.01 ਮੀਟਰ | 2021 |

## ਅਹਿਮਦਪੁਰ ਸਕੂਲ 'ਚ ਵਿਸ਼ਵ ਜਲ ਦਿਵਸ ਮਨਾਇਆ



**ਮਾਨਸਾ (ਆਤਮਾ ਸਿੰਘ ਪਮਾਰ)**-ਸਰਕਾਰੀ ਪ੍ਰਾਇਮਰੀ ਸਕੂਲ ਅਹਿਮਦਪੁਰ ਦੇ ਵਿਹੜੇ ਵਿੱਚ ਪਾਣੀ ਦਿਵਸ ਮਨਾਇਆ ਗਿਆ, ਜਿਸ ਵਿੱਚ ਵਿਦਿਆਰਥੀਆਂ, ਆਂਗਨਵਾੜੀ ਵਰਕਰਾਂ, ਪ੍ਰੀ ਪ੍ਰਾਇਮਰੀ ਅਧਿਆਪਕਾਂ ਤੇ ਅਧਿਆਪਕਾਂ ਨੇ ਭਾਗ ਲਿਆ। ਪ੍ਰੋਗਰਾਮ ਦੀ ਸ਼ੁਰੂਆਤ ਕਰਦਿਆਂ ਸਕੂਲ ਮੁਖੀ ਅਮਨਦੀਪ ਸ਼ਰਮਾ ਨੇ ਕਿਹਾ ਕਿ ਅੱਜ ਪਾਣੀ ਨੂੰ ਬਚਾਉਣਾ ਇੱਕ ਵੱਡਾ ਸਵਾਲ ਬਣਿਆ ਹੋਇਆ ਹੈ। ਬੱਚਿਆਂ ਨੂੰ ਚਾਹੀਦਾ ਹੈ ਕਿ ਉਹ ਟੂਟੀਆਂ ਨੂੰ ਖੁੱਲ੍ਹਾ ਨਾ ਛੱਡਣ ਤੇ ਪਾਣੀ ਦੀ ਦੁਰਵਰਤੋਂ ਨਾ ਕਰਨ। ਸਿਖਿਆਰਥੀ ਅਧਿਆਪਕਾ ਪੂਜਾ ਰਾਣੀ ਨੇ ਸੰਬੋਧਨ ਕਰਦਿਆਂ ਕਿਹਾ ਕਿ ਬੱਚਿਆਂ ਨੂੰ ਪਾਣੀ ਬਚਾਉਣ ਲਈ ਅਹਿਮ ਯਤਨ ਕਰਨੇ ਚਾਹੀਦੇ ਹਨ, ਕਿਉਂਕਿ ਪਾਣੀ ਮਨੁੱਖੀ ਜੀਵਨ ਲਈ ਅਤਿ ਜ਼ਰੂਰੀ ਕਾਰਕ ਹੈ। ਇੱਕ ਰਿਪੋਰਟ ਅਨੁਸਾਰ ਪੰਜਾਬ ਦੇ ਬਹੁਤ ਸਾਰੇ ਬਲਾਕ ਡਰਾਈ ਜ਼ੋਨ ਵਿੱਚ ਆ ਚੁੱਕੇ ਹਨ ਕਲਾਸਾਂ ਦੇ ਵਿਦਿਆਰਥੀਆਂ ਵਿੱਚੋਂ ਚਰਨ ਸਿੰਘ, ਦੀਪਿਕਾ, ਸੁਰਿੰਦਰ, ਆਂਗਨਵਾੜੀ ਵਰਕਰ ਚਰਨਜੀਤ ਕੌਰ, ਅਧਿਆਪਕਾ ਟੇਨੂ ਵਾਲਾ, ਮਨਪ੍ਰੀਤ ਕੌਰ ਨੇ ਵੀ ਬੱਚਿਆਂ ਨੂੰ ਸੰਬੋਧਨ ਕੀਤਾ। ਇਸ ਮੌਕੇ ਗੁਰਪ੍ਰੀਤ ਕੌਰ, ਮਨਪ੍ਰੀਤ ਕੌਰ, ਵੀਰਪਾਲ, ਪ੍ਰੀਤੀ ਅਰੋੜਾ, ਮੰਜੂ ਸ਼ਰਮਾ, ਮਨਪ੍ਰੀਤ ਕੌਰ, ਗੁਰਵਿੰਦਰ ਕੌਰ ਆਦਿ ਅਧਿਆਪਕ ਹਾਜ਼ਰ ਸਨ।

## ਲੇਖਕ ਬੂਟਾ ਸਿੰਘ ਚੌਹਾਨ ਵੱਲੋਂ ਲਾਇਬ੍ਰੇਰੀ ਲਈ ਕਿਤਾਬਾਂ ਭੇਟ



**ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)**-ਨਵਦੀਪ ਸਿੰਘ ਨਵੀ ਬਾਠ ਈ-ਲਾਇਬ੍ਰੇਰੀ ਚੰਨਣਵਾਲ ਲਈ ਬਹੁਪੱਖੀ ਲੇਖਕ ਬੂਟਾ ਸਿੰਘ ਚੌਹਾਨ ਨੇ 110 ਕਿਤਾਬਾਂ ਪ੍ਰਬੰਧਕਾਂ ਨੂੰ ਭੇਟ ਕੀਤੀਆਂ। ਇਸ ਮੌਕੇ ਗਜ਼ਲਕਾਰ ਜਗਜੀਤ ਗੁਰਮ, ਪ੍ਰਧਾਨ ਗਜਲ ਮੰਚ ਨੇ ਆਪਣੀ ਆਉਣ ਵਾਲੀ ਕਿਤਾਬ ਬਾਰੇ ਵਿਚਾਰ ਦਿੱਤੇ। ਲੇਖਕ ਚੌਹਾਨ ਨੇ ਦੱਸਿਆ ਕਿ ਜਿਸ ਬੰਦੇ ਦੇ ਦਿਲ ਅੰਦਰ ਸਮਾਜ ਪ੍ਰਤੀ ਦਰਦ ਹੁੰਦਾ ਹੈ, ਉਹੀ ਸਮਾਜ ਲਈ ਕੁੱਝ ਕਰਦਾ ਹੈ, ਉਹੀ ਪੜ੍ਹਦਾ ਤੇ ਲਿਖਦਾ ਹੈ। ਉਨ੍ਹਾਂ ਨੇ ਵਿਸ਼ਵਾਸ ਦਿਵਾਇਆ ਕਿ ਜਿਸ ਵੀ ਚੰਗੇ ਲੇਖਕ ਦੀਆਂ ਕਿਤਾਬਾਂ ਦੀ ਲਾਇਬ੍ਰੇਰੀ ਵਿੱਚ ਘਾਟ ਹੈ, ਉਨ੍ਹਾਂ ਨੂੰ ਪੂਰਾ ਕਰਨ ਦਾ ਯਤਨ ਕੀਤਾ ਜਾਵੇਗਾ। ਉਨ੍ਹਾਂ ਉਸਾਰੂ ਸਾਹਿਤ ਪੜ੍ਹਨ ਦੀ ਰੁਚੀ ਬਣਾਉਣ ਦੀ ਅਪੀਲ ਕਰਦਿਆਂ ਕਿਹਾ ਕਿ ਜਿਸ ਤਰ੍ਹਾਂ ਮਨੁੱਖੀ ਜੀਵਨ ਲਈ ਚੰਗੀ ਖੁਰਾਕ ਦੀ ਲੋੜ ਹੈ, ਉਸੇ ਤਰ੍ਹਾਂ ਹੀ ਚੰਗਾ ਸਾਹਿਤ। ਲਾਇਬ੍ਰੇਰੀ ਕਮੇਟੀ ਵੱਲੋਂ ਕਿਤਾਬਾਂ ਭੇਟ ਕਰਨ ਲਈ ਬੂਟਾ ਸਿੰਘ ਚੌਹਾਨ ਦਾ ਵਿਸ਼ੇਸ਼ ਧੰਨਵਾਦ ਕੀਤਾ ਗਿਆ। ਇਸ ਮੌਕੇ ਤਰਨਵੀਰ ਕੌਰ, ਜਗਦੇਵ ਸਿੰਘ, ਡਾ. ਮੁਹੰਮਦ ਯਾਸੀਨ, ਮਨਦੀਪ ਵਿਕਟਰ, ਬਲਵਿੰਦਰ ਸਿੰਘ, ਹਰਦੀਪ ਸਿੰਘ, ਸਤਿਨਾਮ ਸਿੰਘ ਗੋਗਾ ਆਦਿ ਹਾਜ਼ਰ ਸਨ।

## ਪ੍ਰਾਇਮਰੀ ਸਕੂਲ ਰਾਣਾ ਪੰਜ ਗਰਾਈਂ ਦੇ ਬੱਚਿਆਂ ਨੂੰ ਸਟੇਸ਼ਨਰੀ ਵੰਡੀ



**ਜਲਾਲਾਬਾਦ (ਜੀਤ ਕੁਮਾਰ)**-ਸਰਕਾਰੀ ਪ੍ਰਾਇਮਰੀ ਸਕੂਲ ਰਾਣਾ ਪੰਜ ਗਰਾਈਂ ਵਿਖੇ ਐੱਸਸੀ/ਐੱਸਟੀ/ਓਬੀਸੀ ਮਹਾਂ ਸੰਘਰਸ਼ ਕਮੇਟੀ ਜਲਾਲਾਬਾਦ ਵੱਲੋਂ ਰਿਟਾਇਰਡ ਸੀ.ਐੱਚ.ਟੀ. ਲਖਬੀਰ ਸਿੰਘ ਲੱਧੜ ਦੇ ਜਨਮ ਦਿਨ ਦੇ ਮੌਕੇ 'ਤੇ ਬੱਚਿਆਂ ਨੂੰ ਸਟੇਸ਼ਨਰੀ ਵੰਡੀ ਗਈ। ਇਸ ਸਬੰਧੀ ਕਰਵਾਏ ਸਮਾਗਮ 'ਚ ਸੰਘਰਸ਼ ਕਮੇਟੀ ਦੇ ਪ੍ਰਧਾਨ ਰੋਹਿਤ ਗੁਡਾਲੀਆ, ਸਕੱਤਰ ਜੋਗਿੰਦਰਪਾਲ ਸਿੰਘ, ਖਜ਼ਾਨਚੀ ਗੁਰਮੇਜ ਲਾਲ, ਮੀਤ ਪ੍ਰਧਾਨ ਡਾ. ਕੌਰ ਸਿੰਘ, ਸਲਾਹਕਾਰ ਦੇਸ ਰਾਜ ਗੁਡਾਲੀਆ, ਪ੍ਰੈੱਸ ਸਕੱਤਰ ਸਤਨਾਮ ਸਿੰਘ, ਲਖਮੀਰ ਸਿੰਘ ਲੱਧੜ, ਜਗਜੀਤ ਸਿੰਘ ਗਿੱਲ, ਸੀ.ਐੱਚ.ਟੀ. ਪ੍ਰਮੋਦ ਕੁਮਾਰ, ਐੱਚ ਟੀ ਵਰਿਆਮ ਸਿੰਘ, ਡਾ. ਜਗਜੀਤ ਸਿੰਘ, ਅਧਿਆਪਕ ਪ੍ਰੇਮ ਕੁਮਾਰ, ਆਂਗਨਵਾੜੀ ਵਰਕਰ ਹਾਜ਼ਰ ਸਨ। ਇਸ ਮੌਕੇ ਪ੍ਰਧਾਨ ਰੋਹਿਤ ਗੁਡਾਲੀਆ ਨੇ ਕਿਹਾ ਕਿ ਸੰਘਰਸ਼ ਕਮੇਟੀ ਵੱਲੋਂ ਹਰ ਮਹੀਨੇ ਬੱਚਿਆਂ ਨੂੰ ਸਟੇਸ਼ਨਰੀ ਵੰਡਣ ਲਈ ਯੋਜਨਾ ਬਣਾਈ ਗਈ ,ਜਿਸ ਤਹਿਤ ਰਿਟਾਇਰਡ ਅਧਿਆਪਕ ਲਖਮੀਰ ਸਿੰਘ ਦੇ ਜਨਮ ਦਿਨ ਦੇ ਮੌਕੇ 'ਤੇ ਚੌਥੀ ਵਾਰ ਸਕੂਲ ਦੇ ਬੱਚਿਆਂ ਨੂੰ ਸਟੇਸ਼ਨਰੀ ਦਿੱਤੀ ਗਈ ਹੈ। ਇਸ ਮੌਕੇ ਬੱਚਿਆਂ ਨੂੰ ਬਾਬਾ ਸਾਹਿਬ ਡਾ. ਬੀ. ਆਰ. ਅੰਬੇਡਕਰ ਦੀ ਸੋਚ 'ਤੇ ਪਹਿਰਾ ਦੇਣ ਲਈ ਪ੍ਰੇਰਿਤ ਕੀਤਾ। ਇਸ ਮੌਕੇ ਐੱਸਸੀ/ਐੱਸਟੀ/ਓਬੀਸੀ ਮਹਾਂ ਸੰਘਰਸ਼ ਕਮੇਟੀ ਵੱਲੋਂ ਸਕੂਲ ਦੇ ਮੁੱਖ ਅਧਿਆਪਕ ਨੂੰ ਬਾਬਾ ਸਾਹਿਬ ਡਾ. ਬੀ ਆਰ ਅੰਬੇਡਕਰ ਜੀ ਦਾ ਚਿੰਨ੍ਹ ਭੇਟ ਕੀਤਾ ਗਿਆ।

## ਸਕੂਲ 'ਚ ਭਗਤ ਸਿੰਘ ਦਾ ਸ਼ਹੀਦੀ ਦਿਹਾੜਾ ਮਨਾਇਆ



**ਦੋਰਾਹਾ (ਹਰਮਿੰਦਰ ਸੇਠ)**-ਦੋਰਾਹਾ ਦੇ ਨਜ਼ਦੀਕ ਪੈਂਦੇ ਪਿੰਡ ਰਾਜਗੜ੍ਹ ਦੇ ਸਰਕਾਰੀ ਪ੍ਰਾਇਮਰੀ ਸਕੂਲ ਵਿਖੇ ਸ਼ਹੀਦ -ਏ-ਆਜ਼ਮ ਸਰਦਾਰ ਭਗਤ ਸਿੰਘ ਦਾ ਸ਼ਹੀਦੀ ਦਿਹਾੜਾ ਮਨਾਇਆ ਗਿਆ। ਇਸ ਮੌਕੇ ਸਕੂਲ ਵਿਖੇ ਇੱਕ ਸਾਦਾ ਪ੍ਰੋਗਰਾਮ ਉਲੀਕਿਆ ਗਿਆ, ਜਿਸ ਵਿੱਚ ਸਮੂਹ ਬੱਚਿਆਂ ਨੇ ਭਾਗ ਲਿਆ। ਸਕੂਲ ਮੁਖੀ ਦੇਵੀ ਦਿਆਲ ਪਹੇੜੀ ਨੇ ਬੱਚਿਆਂ ਨੂੰ ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ ਦੇ ਜੀਵਨ ਅਤੇ ਸ਼ਖਸੀਅਤ ਬਾਰੇ ਜਾਣੂ ਕਰਵਾਉਂਦਿਆਂ ਕਿਹਾ ਕਿ ਉਹ ਇੱਕ ਮਹਾਨ ਲੇਖਕ, ਯੋਧੇ ਅਤੇ ਸੱਚੇ ਦੇਸ਼ ਭਗਤ ਸਨ, ਜਿਨ੍ਹਾਂ ਨੇ ਆਪਣਾ ਸਮੁੱਚਾ ਜੀਵਨ ਭਾਰਤ ਮਾਤਾ ਨੂੰ ਅੰਗਰੇਜ਼ੀ ਹਕੂਮਤ ਦੇ ਚੁੰਗਲ ਵਿੱਚੋਂ ਛੁਡਾਉਣ ਲਈ ਲੇਖੇ ਲਗਾ ਦਿੱਤਾ। ਸਰਦਾਰ ਭਗਤ ਸਿੰਘ ਦੇ ਜੀਵਨ ਅਤੇ ਸ਼ਖਸੀਅਤ ਨੂੰ ਸਮਰਪਤ ਬੱਚਿਆਂ ਦੇ ਪੇਂਟਿੰਗ, ਗੀਤ, ਕਵਿਤਾ ਅਤੇ ਭਾਸ਼ਣ ਮੁਕਾਬਲੇ ਕਰਵਾਏ ਗਏ। ਇਸ ਉਪਰੰਤ ਸਕੂਲ ਕੈਂਪਸ ਵਿਖੇ ਪੌਦੇ ਲਗਾ ਕੇ ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ। ਇਸ ਮੌਕੇ ਕਰਮਜੀਤ ਕੌਰ, ਜਸਵਿੰਦਰ ਕੌਰ, ਹਰਦੀਪ ਕੌਰ, ਕਿਰਨਜੀਤ ਕੌਰ, ਦਿਲਪ੍ਰੀਤ ਕੌਰ, ਭੋਲੀ ਕੌਰ, ਕਿਰਨਦੀਪ ਕੌਰ, ਰਮਨਦੀਪ ਕੌਰ ਅਤੇ ਬੱਚੇ ਹਾਜ਼ਰ ਸਨ।

## ਵਿੱਦਿਅਕ ਟੂਰ 'ਤੇ ਆਏ ਸਕੂਲਾਂ ਦੇ ਵਿਦਿਆਰਥੀਆਂ ਦਾ ਕੀਤਾ ਮਾਰਗ ਦਰਸ਼ਨ



**ਤਲਵੰਡੀ ਸਾਬੋ (ਜਗਦੀਪ ਗਿੱਲ)**-ਪੰਜਾਬੀ ਯੂਨੀਵਰਸਿਟੀ ਕੈਂਪਸ ਤਲਵੰਡੀ ਸਾਬੋ ਵਿਖੇ ਪਿਛਲੇ ਪੰਦਰਵਾੜੇ ਦੌਰਾਨ ਨੇੜਲੇ ਸਰਕਾਰੀ ਸਕੂਲਾਂ ਦੇ ਵਿਦਿਆਰਥੀ ਲਗਾਤਾਰ ਵਿੱਦਿਅਕ ਦੌਰੇ 'ਤੇ ਆ ਰਹੇ ਹਨ। ਇਨ੍ਹਾਂ ਟੂਰ/ਪ੍ਰੋਗਰਾਮਾਂ ਲਈ ਪੰਜਾਬੀ ਯੂਨੀਵਰਸਿਟੀ ਦੇ ਉਪ-ਕੁਲਪਤੀ, ਪ੍ਰੋ. ਅਰਵਿੰਦ ਵੱਲੋਂ ਕੈਂਪਸ ਦੀਆਂ ਬੱਸਾਂ ਭੇਜਣ ਦਾ ਪ੍ਰਬੰਧ ਕੀਤਾ ਗਿਆ ਸੀ ਜਿਸ ਦਾ ਮੁੱਖ ਉਦੇਸ਼ ਪੇਂਡੂ ਖੇਤਰ ਵਿੱਚ ਪੜ੍ਹ ਰਹੇ ਵਿਦਿਆਰਥੀਆਂ ਲਈ ਚਲਾਈ ਜਾ ਰਹੀ ਗੋਲਡਨ ਹਾਰਟਸ ਸਕਾਲਰਸ਼ਿਪ ਸਕੀਮ ਅਤੇ ਇੱਥੇ ਉਪਲਬਧ ਹੋਰ ਕੋਰਸਾਂ ਪ੍ਰਤੀ ਜਾਣੂ ਕਰਵਾਉਣਾ ਸੀ। ਇਸ ਵਿੱਦਿਅਕ ਦੌਰਿਆਂ ਦੌਰਾਨ ਵੱਡੀ ਗਿਣਤੀ ਵਿੱਚ ਵੱਖ ਵੱਖ ਪਿੰਡਾਂ ਸੰਦੋਹਾ, ਸਿੰਗੋ, ਲਹਿਰੀ, ਬੰਗੀ, ਜੀਵਨ ਸਿੰਘ ਵਾਲਾ, ਸੇਖਪੁਰਾ, ਗੋਬਿੰਦਪੁਰਾ, ਰਾਮਾਂ, ਬੈਹਣੀਵਾਲ ਆਦਿ ਦੇ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਨੇ ਦੌਰਾ ਕੀਤਾ ਜਿਨ੍ਹਾਂ ਦਾ ਇਸ ਕੈਂਪਸ ਦੇ ਯਾਦਵਿੰਦਰਾ ਇੰਜੀਨੀਅਰਿੰਗ ਵਿਭਾਗ ਵੱਲੋਂ ਮਾਰਗ ਦਰਸ਼ਨ ਕੀਤਾ ਗਿਆ। ਦਸਵੀਂ ਅਤੇ ਬਾਰ੍ਹਵੀਂ ਜਮਾਤ ਦੇ ਟੂਰ 'ਤੇ ਆਏ ਵਿਦਿਆਰਥੀ ਅਤੇ ਨਾਲ ਆਏ ਉਨ੍ਹਾਂ ਦੇ ਅਧਿਆਪਕ ਸਾਹਿਬਾਨ ਵਿਭਾਗ ਦੇ ਮੁਖੀ ਡਾ. ਸਿੰਪਲ ਰਾਣੀ ਜਿੰਦਲ ਦੇ ਨਾਲ ਰੂਬਰੂ ਹੋ ਕੇ ਇੰਜੀਨੀਅਰਿੰਗ ਦੇ ਖੇਤਰ ਨਾਲ ਜੁੜੇ ਹੋਏ ਕੋਰਸਾਂ ਬਾਰੇ ਜਾਣਕਾਰੀ ਪ੍ਰਾਪਤ ਕੀਤੀ। ਪੰਜਾਬੀ ਯੂਨੀਵਰਸਿਟੀ ਗੁਰੂ ਕਾਸ਼ੀ ਕੈਂਪਸ ਦੇ ਡਾਇਰੈਕਟਰ ਪ੍ਰੋਫੈਸਰ (ਡਾ.) ਜਸਬੀਰ ਸਿੰਘ ਹੁੰਦਲ ਨੇ ਆਪਣੇ ਸੁਨੇਹੇ ਵਿੱਚ ਸਾਰੇ ਵਿਦਿਆਰਥੀਆਂ ਨੂੰ ਸ਼ੁੱਭਕਾਮਨਾਵਾਂ ਦਿੰਦੇ ਦੱਸਿਆ ਕਿ ਤਲਵੰਡੀ ਸਾਬੋ ਕੈਂਪਸ ਵੱਲੋਂ ਸਮੇਂ-ਸਮੇਂ 'ਤੇ ਅਜਿਹੇ ਸਹਿ-ਵਿੱਦਿਅਕ ਪ੍ਰੋਗਰਾਮ ਉਲੀਕ ਕੇ ਆਲੇ ਦੁਆਲੇ ਦੇ ਵਿਦਿਆਰਥੀਆਂ ਦਾ ਮਾਰਗ ਦਰਸ਼ਨ ਕਰਨ ਲਈ ਲਗਾਤਾਰ ਉਪਰਾਲੇ ਕੀਤੇ ਜਾਂਦੇ ਹਨ ਤਾਂ ਕਿ ਪੰਜਾਬੀ ਯੂਨੀਵਰਸਿਟੀ ਕੈਂਪਸ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਵਿੱਚ ਵੱਧ ਤੋਂ ਵੱਧ ਯੋਗਦਾਨ ਕਰ ਸਕੇ। ਇਸ ਸਮੇਂ ਵਿਭਾਗ ਦੇ ਸਟਾਫ ਅਤੇ ਫੈਕਲਟੀ ਮੈਂਬਰ ਵੀ ਹਾਜ਼ਰ ਸਨ।

# ਨਰਸਿੰਗ ਕਾਲਜ ਵਿਖੇ ਸ਼ਹੀਦ ਭਗਤ ਸਿੰਘ ਦਾ ਸ਼ਹੀਦੀ ਦਿਹਾੜਾ ਮਨਾਇਆ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**

ਸ਼ਹੀਦ ਭਗਤ ਸਿੰਘ ਕਾਲਜ ਆਫ ਨਰਸਿੰਗ ਵਿਖੇ ਸ਼ਹੀਦ ਭਗਤ ਸਿੰਘ ਦਾ ਸ਼ਹੀਦੀ ਦਿਹਾੜਾ ਮਨਾਇਆ ਗਿਆ, ਜਿਸ ਦੌਰਾਨ ਧਰਮਪਾਲ ਬਾਂਸਲ (ਡਾਇਰੈਕਟਰ ਸ਼ਹੀਦ ਭਗਤ ਸਿੰਘ ਕਾਲਜ ਆਫ ਨਰਸਿੰਗ) ਵੱਲੋਂ ਸ਼ਹੀਦ ਭਗਤ ਸਿੰਘ ਦੇ ਜੀਵਨ ਤੇ ਉਨ੍ਹਾਂ ਦੀ ਸ਼ਹਾਦਤ ਬਾਰੇ ਸਟਾਫ ਤੇ ਵਿਦਿਆਰਥੀਆਂ ਨੂੰ ਜਾਣਕਾਰੀ ਦਿੱਤੀ ਗਈ।ਸ਼ਹੀਦ ਭਗਤ ਸਿੰਘ ਦੀ ਸ਼ਹਾਦਤ ਦੀ ਜੋ ਦੇਣ ਦੇਸ਼ ਨੂੰ ਦਿੱਤੀ ਗਈ ਹੈ।ਉਸ ਨੂੰ ਕਦੇ ਵੀ ਭੁਲਾਉਣ ਨਹੀਂ ਚਾਹੀਦਾ।ਉਨ੍ਹਾਂ ਦੀ ਕੁਰਬਾਨੀ ਨੂੰ ਸਿਰਫ ਸ਼ਹੀਦੀ ਦਿਹਾੜੇ ਤੇ ਹੀ ਯਾਦ ਨਹੀਂ ਕਰਨਾ ਚਾਹੀਦ, ਬਲਕਿ ਹਰ ਦਿਨ ਉਨ੍ਹਾਂ ਦੀ ਸੋਚ ਨਾਲ ਲੈ ਕੇ ਚੱਲਣਾ ਚਾਹੀਦਾ ਹੈ ਤੇ ਉਨ੍ਹਾਂ ਦੀ ਕੁਰਬਾਨੀ ਤੋਂ ਜੀਵਨ ਸੇਧ ਲੈਣੀ ਚਾਹੀਦੀ ਹੈ।ਇਸ ਮੌਕੇ ਵਿਦਿਆਰਥੀਆਂ ਵੱਲੋਂ ਸ਼ਹੀਦੀ ਨਾਲ ਸਬੰਧਤ ਚਾਰਟ ਬਣਾਏ ਗਏ।ਵਿਦਿਆਰਥੀਆਂ ਵੱਲੋਂ ਦੇਸ਼ ਭਗਤੀ ਦੇ ਗੀਤ ਗਾਏ ਗਏ।ਸ਼ਹੀਦ ਭਗਤ ਸਿੰਘ ਜੀ ਦੇ ਫੋਟੋ 'ਤੇ ਫੁੱਲ ਮਾਲਾ ਭੇਟ ਕਰਕੇ ਸ਼ਰਧਾਂਜਲੀ ਦਿੱਤੀ ਗਈ।ਇਸ ਮੌਕੇ ਪ੍ਰਿੰਸੀਪਲ ਡਾ. ਮਨਜੀਤ ਕੌਰ, ਡਾ. ਸੰਜੀਵ ਮਨਕੋਟਾਲਾ, ਸ਼ਰਨਜੀਤ ਕੌਰ, ਸੁਖਵਿੰਦਰ ਕੌਰ ਤੇ ਸਮੂਹ ਸਟਾਫ ਸ਼ਾਮਲ ਹੋਏ।



# ਭਗਤ ਸਿੰਘ ਦੀ ਕੁਰਬਾਨੀ ਨੂੰ ਕਦੇ ਨਹੀਂ ਭੁਲਾਇਆ ਜਾ ਸਕਦਾ : ਢੋਸੀਵਾਲ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਸਮਾਜ ਦੇ ਭਲੇ ਤੇ ਵਿਕਾਸ ਨੂੰ ਸਮਰਪਤ ਪ੍ਰਮੁੱਖ ਗੈਰ-ਸਰਕਾਰੀ ਸਮਾਜ ਸੇਵੀ ਸੰਸਥਾ ਮੁਕਤਸਰ ਵਿਕਾਸ ਮਿਸ਼ਨ ਨੇ ਸਥਾਨਕ ਬਾਬਾ ਨਾਮਦੇਵ ਭਵਨ ਵਿਖੇ ਸ੍ਰ. ਭਗਤ ਸਿੰਘ ਦੇ ਸ਼ਹੀਦੀ ਦਿਵਸ ਸੰਬੰਧੀ ਵਿਸ਼ੇਸ਼ ਮੀਟਿੰਗ ਕੀਤੀ। ਮਿਸ਼ਨ ਪ੍ਰਧਾਨ ਜਗਦੀਸ਼ ਰਾਏ ਢੋਸੀਵਾਲ ਦੀ ਪ੍ਰਧਾਨਗੀ ਵਾਲੀ ਇਸ ਮੀਟਿੰਗ ਵਿੱਚ ਮਿਸ਼ਨ ਦੇ ਚੇਅਰਮੈਨ ਇੰਜ. ਅਸ਼ੋਕ ਕੁਮਾਰ ਭਾਰਤੀ, ਸੀਨੀਅਰ ਮੀਤ ਪ੍ਰਧਾਨ ਨਿਰੰਜਣ ਸਿੰਘ ਰੱਖਰਾ ਸਮੇਤ ਸ਼ੈਲਜਾ ਗਿਰਧਰ, ਛਿੰਦਰ ਕੌਰ ਧਾਲੀਵਾਲ, ਡਾ. ਸੁਰਿੰਦਰ ਗਿਰਧਰ, ਸਾਹਿਲ ਕੁਮਾਰ ਹੈਪੀ, ਚੌ. ਬਲਬੀਰ ਸਿੰਘ, ਓ.ਪੀ. ਖਿੱਚੀ, ਅਰਨਵ ਗਿਰਧਰ ਤੇ ਨਰਿੰਦਰ ਕਾਕਾ ਆਦਿ ਮੌਜੂਦ ਸਨ। ਮੀਟਿੰਗ ਦੌਰਾਨ ਮੌਜੂਦ ਸਭ ਮੈਂਬਰਾਂ ਨੇ ਸ਼ਹੀਦ ਭਗਤ ਸਿੰਘ ਦੇ ਚਿੱਤਰ ਨੂੰ ਸ਼ਰਧਾ ਦੇ ਫੁੱਲ ਭੇਟ ਕਰਕੇ ਸਿਜਦਾ ਕੀਤਾ। ਇਸ ਮੌਕੇ ਪ੍ਰਧਾਨ ਢੋਸੀਵਾਲ ਨੇ ਕਿਹਾ ਕਿ ਸ੍ਰ. ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦੀਆਂ ਕੁਰਬਾਨੀਆਂ ਨੂੰ ਕਦੇ ਨਹੀਂ ਭੁਲਾਇਆ ਜਾ ਸਕਦਾ। ਇਨ੍ਹਾਂ ਦੀ ਸ਼ਹਾਦਤ ਦੇ ਬਦੌਲਤ ਹੀ ਅੱਜ ਅਸੀਂ ਆਜ਼ਾਦੀ ਦਾ ਨਿੱਘ ਮਾਣ ਰਹੇ ਹਾਂ। ਮੀਟਿੰਗ ਦੌਰਾਨ ਸਮੂਹ ਬੁਲਾਰਿਆਂ ਨੇ ਸ਼ਹੀਦਾਂ ਵੱਲੋਂ ਦਿਖਲਾਏ ਰਸਤੇ ਉਪਰ ਚੱਲਣ ਦੀ ਅਪੀਲ ਕੀਤੀ।

## ਪੰਜਾਬ ਕਾਨਵੈਂਟ ਸਕੂਲ ਦੇ 'ਵਾਈਟਲ ਕਿਡਜ਼' ਦਾ ਨਤੀਜਾ ਸ਼ਾਨਦਾਰ

**ਬਾਘਾ ਪੁਰਾਣਾ (ਮਨੀ ਸਿੰਗਲਾ)**

ਇਲਾਕੇ ਦੀ ਨਾਮਵਰ ਵਿੱਦਿਅਕ ਸੰਸਥਾ ਵਾਇਟਲ ਕਿਡਜ਼ ਜੋ ਕਿ ਪੰਜਾਬ ਕਾਨਵੈਂਟ ਸਕੂਲ ਬਾਘਾ ਪੁਰਾਣਾ ਦਾ ਜੂਨੀਅਰ ਵਿੰਗ ਹੈ, ਵਿੱਚ ਨਰਸਰੀ ਤੋਂ ਪ੍ਰੈਪ-ਟੂ ਤੱਕ ਦੀਆਂ ਕਲਾਸਾਂ ਦਾ ਸੈਸ਼ਨ 2022-2023 ਦਾ ਨਤੀਜਾ ਐਲਾਨਿਆ ਗਿਆ, ਜਿਸ ਵਿੱਚ ਹਰ ਵਾਰ ਦੀ ਤਰ੍ਹਾਂ ਬੱਚਿਆਂ ਨੇ ਬਹੁਤ ਹੀ ਸ਼ਾਨਦਾਰ ਪ੍ਰਾਪਤੀਆਂ ਕੀਤੀਆਂ। ਸਾਰੀਆਂ ਕਲਾਸਾਂ ਦਾ ਨਤੀਜਾ 100 ਫੀਸਦੀ ਰਿਹਾ। ਇਸ ਮੌਕੇ ਨੰਨ੍ਹੇ ਮੁੰਨੇ ਬੱਚਿਆਂ ਨੇ ਰੰਗਾਰੰਗ ਪ੍ਰੋਗਰਾਮ ਵੀ ਪੇਸ਼ ਕੀਤਾ। ਇਸ ਮੌਕੇ ਨਰਸਰੀ ਤੋਂ ਪ੍ਰੈਪ-ਟੂ ਕਲਾਸਾਂ ਦੇ ਬੱਚਿਆਂ ਨੂੰ ਡਿਗਰੀਆਂ ਵੀ ਪ੍ਰਦਾਨ ਕੀਤੀਆਂ ਗਈਆਂਅਤੇ ਬੱਚਿਆਂ ਨੂੰ ਸਰਟੀਫਿਕੇਟ ਵੀ ਦਿੱਤੇ ਗਏ। ਇਸ ਮੌਕੇ ਚੇਅਰਮੈਨ ਆਰ ਕੇ ਗੁਪਤਾ, ਡਾਇਰੈਕਟਰ ਅਜੇਪਾਲ ਸਿੰਘ, ਵਾਈਸ ਚੇਅਰਮੈਨ ਰਮਨ ਮਿੱਤਲ, ਬਲਵਿੰਦਰ ਸਿੰਘ, ਪਰਮਜੀਤ ਸਿੰਘ, ਮੈਡਮ ਰਚਨਾ ਮਿੱਤਲ ਆਦਿ ਹਾਜ਼ਰ ਸਨ। ਪ੍ਰੋਗਰਾਮ ਦੀ ਸ਼ੁਰੂਆਤ ਪ੍ਰਿੰਸੀਪਲ ਮੈਡਮ ਨੀਲਿਮਾ ਅਰੋੜਾ ਤੇ ਡਾਇਰੈਕਟਰ ਅਜੇਪਾਲ ਸਿੰਘ ਦੀ ਅਗਵਾਈ ਹੇਠ ਕੀਤੀ ਗਈ। ਵਾਇਟਲ ਕਿਡਜ਼ ਦੇ ਕੋਆਰਡੀਨੇਟਰ ਸੁਮਨ ਬਾਲਾ ਤੇ ਸਮੂਹ ਸਟਾਫ ਮੈਂਬਰਾਂ ਦੇ ਸਹਿਯੋਗ ਨਾਲ ਇਹ ਪ੍ਰੋਗਰਾਮ ਨੇਪਰੇ ਚਾੜ੍ਹਿਆ ਗਿਆ। ਅੰਤ ਵਿੱਚ ਪ੍ਰਿੰਸੀਪਲ ਮੈਡਮ ਨੀਲਿਮਾ ਅਰੋੜਾ ਨੇ ਸਾਰੇ ਮਾਪਿਆਂ ਨੂੰ ਸ਼ੁੱਭ-ਕਾਮਨਾਵਾਂ ਦਿੱਤੀਆਂ ਤੇ ਉਨ੍ਹਾਂ ਦਾ ਧੰਨਵਾਦ ਕੀਤਾ।



# ਸਰਹੱਦ ਪਾਰੋਂ ਹੈਰੋਇਨ ਲਿਆਉਣ ਵਾਲੇ ਭਾਰਤੀ ਤਸਕਰ ਨੂੰ 15 ਸਾਲ ਕੈਦ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਫ਼ਿਰੋਜ਼ਪੁਰ ਦੇ ਵਧੀਕ ਤੇ ਜ਼ਿਲ੍ਹਾ ਸੈਸ਼ਨ ਜੱਜ ਹਰਦੀਪ ਸਿੰਘ ਦੀ ਅਦਾਲਤ ਨੇ ਭਾਰਤ-ਪਾਕਿਸਤਾਨ ਸਰਹੱਦ ਰਾਹੀਂ ਤਸਕਰੀ ਵਾਸਤੇ ਭਾਰਤ ਲਿਆਂਦੀ 12 ਕਿੱਲੋ 700 ਗ੍ਰਾਮ ਹੈਰੋਇਨ ਬਰਾਮਦਗੀ ਦੇ ਮਾਮਲੇ ਵਿੱਚ ਇੱਕ ਭਾਰਤੀ ਤਸਕਰ ਨੂੰ 15 ਸਾਲ ਕੈਦ ਤੇ 2 ਲੱਖ ਰੁਪਏ ਨਗਦ ਜੁਰਮਾਨੇ ਦਾ ਹੁਕਮ ਸੁਣਾਇਆ ਹੈ। ਜਾਣਕਾਰੀ ਅਨੁਸਾਰ ਥਾਣਾ ਮਮਦੋਟ ਪੁਲਸ ਵੱਲੋਂ 1 ਜੂਨ 2018 ਨੂੰ ਦਰਜ ਮਾਮਲੇ ਵਿੱਚ ਸਬ ਇੰਸਪੈਕਟਰ ਜਸਬੀਰ ਸਿੰਘ ਨੇ ਦੱਸਿਆ ਕਿ ਗਸ਼ਤ ਦੌਰਾਨ ਉਸ ਨੂੰ ਮੁਖ਼ਬਰ ਪਾਸੋਂ ਇਤਲਾਹ ਮਿਲੀ ਸੀ ਕਿ ਮੁਲਜ਼ਮ ਜੀਵਨ ਸਿੰਘ ਪੁੱਤਰ ਬਾਦਲ ਸਿੰਘ ਵਾਸੀ ਪਿੰਡ ਗਜਨੀ ਵਾਲਾ ਉਰਫ਼ ਦੋਨਾ ਮੱਤੜ ਦੇ ਪਾਕਿਸਤਾਨੀ ਸਮਗਲਰਾਂ ਨਾਲ ਸਬੰਧ ਹਨ ਤੇ ਉਸ ਪਾਸ ਪਾਕਿਸਤਾਨੀ ਸਿੰਮ ਵੀ ਹੈ, ਜਿਸ ਰਾਹੀਂ ਜੀਵਨ ਸਿੰਘ ਪਾਕਿਸਤਾਨੀ ਤਸਕਰਾਂ ਨਾਲ ਸੰਪਰਕ ਕਰਕੇ ਭਾਰਤੀ ਖੇਤਰ ਵਿੱਚ ਤਾਰੋਂ ਪਾਰ ਖੇਤਾਂ ਅੰਦਰ ਹੈਰੋਇਨ ਦੀ ਵੱਡੀ ਖੇਪ ਮੰਗਵਾ ਕੇ ਗ਼ੈਰ-ਕਾਨੂੰਨੀ ਕੰਮ ਕਰ ਰਿਹਾ ਹੈ ਅਤੇ ਇਹ ਹੈਰੋਇਨ ਦਿੱਲੀ ਤੇ ਹੋਰ ਵੱਡੇ ਸ਼ਹਿਰਾਂ ਵਿੱਚ ਸਪਲਾਈ ਕੀਤੀ ਜਾਂਦੀ ਹੈ। ਸੂਚਨਾ ਦੇ ਆਧਾਰ 'ਤੇ ਪੁਲਸ ਵੱਲੋਂ ਛਾਪੇਮਾਰੀ ਕਰਦੇ ਹੋਏ ਜੀਵਨ ਸਿੰਘ ਨੂੰ ਮੋਬਾਈਲਾਂ ਤੇ ਪਾਕਿਸਤਾਨੀ ਸਿੰਮਾਂ ਸਮੇਤ ਕਾਬੂ ਕੀਤਾ ਗਿਆ। ਪੁੱਛਗਿੱਛ ਦੌਰਾਨ ਜੀਵਨ ਸਿੰਘ ਦੇ ਖ਼ੁਲਾਸੇ 'ਤੇ ਭਾਰਤ-ਪਾਕਿਸਤਾਨ ਸਰਹੱਦ 'ਤੇ ਕੰਡਿਆਲੀ ਤਾਰੋਂ ਪਾਰ ਖੇਤਾਂ 'ਚੋਂ ਬੀ ਐੱਸ ਐੱਫ ਦੀ ਮਦਦ ਨਾਲ ਸਰਚ ਆਪ੍ਰੇਸ਼ਨ ਚਲਾ ਕੇ ਮਮਦੋਟ ਪੁਲਸ ਨੇ 12 ਕਿੱਲੋ 700 ਗ੍ਰਾਮ ਹੈਰੋਇਨ (13 ਪੈਕਟ) ਹੈਰੋਇਨ ਬਰਾਮਦ ਕੀਤੀ। ਕਾਬੂ ਕੀਤੇ ਜੀਵਨ ਸਿੰਘ ਨੇ ਇਸ ਤਸਕਰੀ ਵਿੱਚ ਗੁਰਬਖ਼ਸ਼ ਸਿੰਘ ਉਰਫ਼ ਬੱਬੂ ਪੁੱਤਰ ਬੱਗਾ ਸਿੰਘ ਵਾਸੀ ਪਿੰਡ ਗਜਨੀ ਵਾਲਾ ਦੇ ਸ਼ਾਮਲ ਹੋਣ ਦਾ ਵੀ ਖ਼ੁਲਾਸਾ ਕੀਤਾ, ਜਿਸ ਉਪਰੰਤ ਪੁਲਸ ਵੱਲੋਂ ਉਕਤ ਦੋਵਾਂ ਵਿਰੁੱਧ ਚਲਾਨ ਤਿਆਰ ਕਰਕੇ ਮਾਮਲਾ ਅਦਾਲਤ ਪੇਸ਼ ਕਰ ਦਿੱਤਾ। ਭੁਗਤੀਆਂ ਗਵਾਹੀਆਂ ਉਪਰੰਤ ਹਰਦੀਪ ਸਿੰਘ ਜੱਜ ਸਪੈਸ਼ਲ ਕੋਰਟ ਫ਼ਿਰੋਜ਼ਪੁਰ ਨੇ ਪੇਸ਼ ਤੱਥਾਂ ਨੂੰ ਵੇਖਦੇ ਹੋਏ ਜੀਵਨ ਸਿੰਘ ਨੂੰ ਹੈਰੋਇਨ ਤਸਕਰੀ ਦਾ ਦੋਸ਼ੀ ਕਰਾਰ ਦਿੱਤਾ ਤੇ ਗੁਰਬਖ਼ਸ਼ ਸਿੰਘ ਉਰਫ਼ ਬੱਬੂ ਨੂੰ ਬਰੀ ਕਰ ਦਿੱਤਾ।

# ...ਸਫ਼ਾ 1 ਦੇ ਬਾਕੀ

## 'ਮੋਦੀਆਂ' ਵਾਲੇ ਕੇਸ 'ਚ ...

ਸ਼ਿਕਾਇਤਕਰਤਾ ਨਹੀਂ ਹੋਣਾ ਚਾਹੀਦਾ ਸੀ, ਕਿਉਂਕਿ ਰਾਹੁਲ ਦੇ ਬਹੁਤੇ ਭਾਸ਼ਣਾਂ ਵਿਚ ਨਰਿੰਦਰ ਮੋਦੀ ਨੂੰ ਨਿਸ਼ਾਨਾ ਬਣਾਇਆ ਗਿਆ ਸੀ, ਨਾ ਕਿ ਪੂਰਨੇਸ਼ ਨੂੰ।

ਕੋਰਟ ਵਿਚ ਜਾਣ ਤੋਂ ਪਹਿਲਾਂ ਰਾਹੁਲ ਹੋਟਲ 'ਚ ਲੰਚ ਕਰਕੇ ਨਿਕਲਣ ਲੱਗੇ ਤਾਂ ਹੋਟਲ ਮਾਲਕ ਨੇ ਸੈਲਫੀ ਲੈਣ ਦੀ ਇੱਛਾ ਜ਼ਾਹਰ ਕੀਤੀ। ਇਸ 'ਤੇ ਰਾਹੁਲ ਨੇ ਕਿਹਾ-ਮੈਨੂੰ ਫੋਟੋ ਖਿਚਵਾਉਣ ਵਿਚ ਦਿੱਕਤ ਨਹੀਂ, ਪਰ ਫੋਟੋ ਨਾ ਖਿਚਵਾਓ, ਕਿਉਂਕਿ ਇਹ ਲੋਕ ਮੈਨੂੰ ਨਹੀਂ ਛੱਡਦੇ ਤਾਂ ਤੁਹਾਨੂੰ ਕਿਉਂ ਛੱਡਣਗੇ। ਪ੍ਰਿਅੰਕਾ ਗਾਂਧੀ ਨੇ ਟਵੀਟ ਕੀਤਾ-ਡਰੀ ਹੋਈ ਸੱਤਾ ਦੀ ਪੂਰੀ ਮਸ਼ੀਨਰੀ ਸਾਮ, ਦਾਮ, ਦੰਡ, ਭੇਦ ਲਾ ਕੇ ਰਾਹੁਲ ਗਾਂਧੀ ਜੀ ਦੀ ਆਵਾਜ਼ ਨੂੰ ਦਬਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਮੇਰੇ ਭਰਾ ਨਾ ਕਦੇ ਡਰੇ ਹਨ, ਨਾ ਕਦੇ ਡਰਨਗੇ। ਸੱਚ ਬੋਲਦੇ ਹੋਏ ਜੀਵੇ ਹਨ, ਸੱਚ ਬੋਲਦੇ ਰਹਿਣਗੇ। ਦੇਸ਼ ਦੇ ਲੋਕਾਂ ਦੀ ਆਵਾਜ਼ ਉਠਾਉਂਦੇ ਰਹਿਣਗੇ। ਸੱਚਾਈ ਦੀ ਤਾਕਤ ਤੇ ਕਰੋੜਾਂ ਦੇਸ਼ਵਾਸੀਆਂ ਦਾ ਪਿਆਰ ਉਨ੍ਹਾ ਦੇ ਨਾਲ ਹੈ। ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਕਿਹਾ ਹੈ-ਅਸੀਂ ਪਹਿਲਾਂ ਹੀ ਅੰਦਾਜ਼ਾ ਲਗਾ ਲਿਆ ਸੀ, ਕਿਉਂਕਿ ਉਹ ਜੱਜ ਬਦਲਦੇ ਰਹੇ, ਪਰ ਅਸੀਂ ਕਾਨੂੰਨ ਤੇ ਨਿਆਂਪਾਲਿਕਾ 'ਤੇ ਵਿਸ਼ਵਾਸ ਰੱਖਣ ਵਾਲੇ ਹਾਂ ਅਤੇ ਕਾਨੂੰਨ ਦੇ ਤਹਿਤ ਲੜਾਂਗੇ। ਰੱਖਿਆ ਮੰਤਰੀ ਤੇ ਭਾਜਪਾ ਦੇ ਸਾਬਕਾ ਪ੍ਰਧਾਨ ਰਾਜਨਾਥ ਸਿੰਘ ਨੇ ਕਿਹਾ-ਸ਼ਬਦਾਂ ਦੀ ਮਰਿਆਦਾ ਹਮੇਸ਼ਾ ਬਣੀ ਰਹਿਣੀ ਚਾਹੀਦੀ ਹੈ। ਇਸ ਫੈਸਲੇ ਨਾਲ ਰਾਹੁਲ ਨੂੰ ਸਬਕ ਲੈਣਾ ਚਾਹੀਦਾ ਹੈ। ਭਾਜਪਾ ਨੇ ਕਿਹਾ ਹੈ ਕਿ ਕਾਂਗਰਸ ਕੀ ਚਾਹੁੰਦੀ ਹੈ ਕਿ ਰਾਹੁਲ ਗਾਂਧੀ ਨੂੰ ਲੋਕਾਂ ਨੂੰ ਗਾਲਾਂ ਕੱਢਣ ਦੀ ਪੂਰੀ ਆਜ਼ਾਦੀ ਹੋਵੇ? ਦੇਸ਼ 'ਚ ਕਾਨੂੰਨ ਦਾ ਰਾਜ ਹੈ ਅਤੇ ਇਹ ਜਾਰੀ ਰਹੇਗਾ। ਰਾਹੁਲ ਦਾ ਦਾਅਵਾ ਹੈ ਕਿ ਉਹ ਸੱਚਾਈ, ਅਹਿੰਸਾ 'ਚ ਵਿਸ਼ਵਾਸ ਰੱਖਦਾ ਹੈ। ਕੀ ਇਸ ਦਾ ਮਤਲਬ ਜਾਤ ਦਾ ਹਵਾਲਾ ਦੇ ਕੇ ਲੋਕਾਂ ਦਾ ਅਪਮਾਨ ਕਰਨਾ ਹੈ? ਜੇਕਰ ਰਾਹੁਲ ਗਾਂਧੀ ਲੋਕਾਂ ਨਾਲ ਬਦਸਲੂਕੀ ਕਰਦੇ ਹਨ ਤਾਂ ਕਾਨੂੰਨ ਆਪਣਾ ਕੰਮ ਕਰੇਗਾ। ਸਾਰੇ 'ਮੋਦੀ' ਗੋਤ ਵਾਲਿਆਂ ਨੂੰ ਚੋਰ ਕਹਿਣਾ ਸਪੱਸ਼ਟ ਤੌਰ 'ਤੇ ਅਪਮਾਨਜਨਕ ਹੈ। ਆਮ ਆਦਮੀ ਪਾਰਟੀ ਦੇ ਕਨਵੀਨਰ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਲੋਕ ਸਭਾ ਮੈਂਬਰ ਨੂੰ ਇੰਝ ਮਾਨਹਾਨੀ ਦੇ ਕੇਸ 'ਚ ਫਸਾਉਣਾ ਸਹੀ ਨਹੀਂ ਹੈ। ਉਹ ਅਦਾਲਤ ਦਾ ਸਨਮਾਨ ਕਰਦੇ ਹਨ, ਪਰ ਉਹ ਫੈਸਲੇ ਨਾਲ ਅਸਹਿਮਤ ਹਨ। ਉਨ੍ਹਾ ਇਹ ਵੀ ਦੋਸ਼ ਲਾਇਆ ਕਿ ਭਾਜਪਾ ਨੇ ਵਿਰੋਧੀ ਪਾਰਟੀਆਂ ਦੇ ਆਗੂਆਂ ਨੂੰ ਮੁਕੱਦਮੇ ਚਲਾ ਕੇ ਫਸਾਉਣ ਦੀ ਸਾਜ਼ਿਸ਼ ਰਚੀ ਹੈ।

## ਕੋਟ ਫ਼ੱਤਾ ਦਲਿਤ...

ਬਾਅਦ ਪੰਦਰਾਂ ਮਿੰਟ ਬਾਅਦ ਆਉਣ ਦੀ ਹਦਾਇਤ ਦਿੱਤੀ। ਬਾਅਦ ਦੁਪਹਿਰ ਤਿੰਨ ਵਜੇ ਦੇ ਕਰੀਬ ਸ੍ਰੀ ਸਰ੍ਹਾਂ ਨੇ ਕਿਹਾ ਕਿ ਸਾਰੇ ਦੋਸ਼ੀਆਂ ਨੂੰ ਕਤਲ ਕੇਸ ਧਾਰਾ 302 ਵਿੱਚ ਤੇ ਸਾਜ਼ਿਸ਼ 'ਚ ਸਮੂਲੀਅਤ 120 ਬੀ ਤਹਿਤ ਉਮਰ ਭਰ ਦੀਆਂ ਕੈਦਾਂ ਤੇ ਦਸ-ਦਸ ਹਜ਼ਾਰ ਰੁਪਏ ਦੀਆਂ ਸਜ਼ਾਵਾਂ ਸੁਣਾਈਆਂ ਜਾਂਦੀਆਂ ਹਨ, ਤਾਂ ਉਸ ਵੇਲੇ ਭਵਿੱਖ ਦੱਸਣ ਵਾਲਾ ਤੇ ਮੁੱਖ ਮੁਲਜ਼ਮ ਤਾਂਤਰਿਕ ਲਖਵਿੰਦਰ ਲੱਖੀ ਹੱਥ ਬੰਨ੍ਹ ਕੇ ਰਹਿਮ ਦੀਆਂ ਅਪੀਲਾਂ ਕਰਨ ਲੱਗਿਆ ਕਿ ਉਸ ਦਾ ਸਾਰਾ ਜੱਗ ਦੁਸ਼ਮਣ ਬਣ ਗਿਆ ਹੈ। ਦੱਸ ਦੇਈਏ ਕਿ ਬਠਿੰਡਾ ਜ਼ਿਲ੍ਹੇ ਦੇ ਪਿੰਡ ਕੋਟ ਫ਼ੱਤਾ ਵਿਚ ਛੇ ਸਾਲ ਪਹਿਲਾ 8 ਮਾਰਚ 2017 ਦੀ ਰਾਤ ਨੂੰ ਮੁੱਖ ਦੋਸ਼ੀ ਤਾਂਤਰਿਕ ਲਖਵਿੰਦਰ ਉਰਫ਼ ਲੱਖੀ ਵੱਲੋਂ ਉਤਸ਼ਾਹਤ ਕਰਨ 'ਤੇ ਅੱਠ ਸਾਲਾ ਮਾਸੂਮ ਰਣਜੋਧ ਸਿੰਘ ਤੇ ਉਸ ਦੀ ਤਿੰਨ ਸਾਲਾਂ ਭੈਣ ਅਨਾਮਿਕਾ ਕੌਰ ਦੀ ਬੇਰਹਿਮੀ ਨਾਲ ਬਲੀ ਦੇ ਦਿੱਤੀ ਗਈ ਸੀ। ਜਿਸ ਵਿਚ ਸੱਤ ਦੋਸ਼ੀ ਮ੍ਰਿਤਕ ਬੱਚਿਆਂ ਦੀ ਦਾਦੀ ਨਿਰਮਲ ਕੌਰ, ਪਿਤਾ ਕੁਲਵਿੰਦਰ ਸਿੰਘ ਵਿੱਕੀ, ਮਾਤਾ ਰੋਜ਼ੀ ਕੌਰ, ਚਾਚਾ ਜਸਪ੍ਰੀਤ ਸਿੰਘ, ਭੂਆ, ਜਿਸ ਦੀ ਔਲਾਦ ਖਾਤਰ ਬਲੀ ਦਿੱਤੀ ਗਈ ਸੀ ਅਮਨਦੀਪ ਕੌਰ ਤੇ ਦੂਜੀ ਭੂਆ ਗਗਨ ਤੇ ਇਕ ਤਾਂਤਰਿਕ ਲਖਵਿੰਦਰ ਸਿੰਘ ਲੱਖੀ ਸ਼ਾਮਲ ਸਨ। ਐਕਸ਼ਨ ਕਮੇਟੀ ਦੇ ਆਗੂਆਂ ਐਲਾਨ ਕੀਤਾ ਕਿ ਉਹ ਮੁੱਖ ਤਿੰਨ ਮੁਲਜ਼ਮਾਂ ਤਾਂਤਰਿਕ ਲਖਵਿੰਦਰ ਲੱਖੀ, ਬੱਚਿਆਂ ਦੀ ਦਾਦੀ ਨਿਰਮਲ ਕੌਰ ਤੇ ਉਹਨਾਂ ਦੇ ਪਿਤਾ ਕੁਲਵਿੰਦਰ ਵਿੱਕੀ ਨੂੰ ਫਾਂਸੀ ਦੀਆਂ ਸਜ਼ਾਵਾਂ ਲਈ ਹਾਈ ਕੋਰਟ ਵਿਚ ਵਿਚ ਕੇਸ ਦਾਇਰ ਕਰਨਗੇ।

## ਅੰਮ੍ਰਿਤਪਾਲ ਨੇ ਐਤਵਾਰ...

ਇਕ ਹੋਲੋਗ੍ਰਾਮ ਵੀ ਮਿਲਿਆ ਹੈ। ਗੋਰਖੇ ਕੋਲੋਂ ਹੋਰ ਵੀ ਬਹੁਤ ਸੰਵੇਦਨਸ਼ੀਲ ਵੀਡੀਓਜ਼ ਤੇ ਤਸਵੀਰਾਂ ਮਿਲੀਆਂ ਹਨ, ਜਿਨ੍ਹਾਂ ਬਾਰੇ ਇਸ ਵੇਲੇ ਖੁਲਾਸਾ ਨਹੀਂ ਕੀਤਾ ਜਾ ਸਕਦਾ। ਤੇਜਿੰਦਰ ਸਿੰਘ ਲੁਧਿਆਣਾ ਦੇ ਪਿੰਡ ਮਾਂਗੇਵਾਲ ਦਾ ਹੈ। ਸੋਸ਼ਲ ਮੀਡੀਆ 'ਤੇ ਉਸ ਦੀਆਂ ਹਥਿਆਰਾਂ ਨਾਲ ਲੈਸ ਕਈ ਤਸਵੀਰਾਂ ਦੇਖੀਆਂ ਜਾ ਸਕਦੀਆਂ ਹਨ। ਰਿਕਾਰਡ ਘੋਖਣ 'ਤੇ ਪਤਾ ਲੱਗਾ ਕਿ ਉਸ ਕੋਲ ਬੰਦੂਕ ਦਾ ਲਾਇਸੈਂਸ ਨਹੀਂ ਸੀ। ਉਸ ਵਿਰੁੱਧ ਆਈ ਪੀ ਸੀ ਦੀ ਧਾਰਾ 188 ਤਹਿਤ ਕੇਸ ਦਰਜ ਕੀਤਾ ਗਿਆ ਹੈ। ਉਹ ਅਜਨਾਲਾ ਕਾਂਡ ਵਿਚ ਵੀ ਸ਼ਾਮਲ ਸੀ। ਆਈ ਜੀ ਗਿੱਲ ਨੇ ਦੱਸਿਆ ਕਿ ਨੰਗਲ ਅੰਬੀਆਂ ਦੇ ਗੁਰਦੁਆਰੇ ਤੋਂ ਭੱਜਣ ਤੋਂ ਬਾਅਦ ਅੰਮ੍ਰਿਤਪਾਲ ਬਾਈਕ 'ਤੇ ਸ਼ੇਖੂਪੁਰਾ ਪੁੱਜਾ। ਉਥੋਂ ਪੱਪਲਪ੍ਰੀਤ ਦੇ ਨਾਲ ਫਿਲੌਰ ਤੇ ਲਾਡੋਵਾਲ ਵਿਚਕਾਰ ਪੈਂਦੇ ਰੇਲਵੇ ਪੁਲ, ਜਿਸ ਨੂੰ ਅੱਜਕੱਲ੍ਹ ਵਰਤਿਆ ਨਹੀਂ ਜਾਂਦਾ, ਨੂੰ ਪਾਰ ਕੀਤਾ। ਉਥੋਂ ਉਹ ਹਾਰਡੀ'ਜ਼ ਵਰਲਡ ਪੁੱਜਾ ਤੇ ਟਰੱਕ ਰਾਹੀਂ ਹਰਿਆਣਾ ਪੁੱਜਾ। ਸ਼ਾਹਾਬਾਦ 'ਚ ਰਾਤ ਕੱਟ ਕੇ ਤੜਕੇ ਅੱਗੇ ਨਿਕਲ ਗਿਆ। ਇਸੇ ਦੌਰਾਨ ਦੋ ਜ਼ਿਲ੍ਹਿਆਂ ਤਰਨ ਤਾਰਨ ਤੇ ਫਿਰੋਜ਼ਪੁਰ ਵਿਚ ਇੰਟਰਨੈੱਟ ਤੇ ਐੱਸ ਐੱਮ ਐੱਸ 'ਤੇ ਪਾਬੰਦੀ 24 ਮਾਰਚ ਦੁਪਹਿਰ 12 ਵਜੇ ਤੱਕ ਵਧਾ ਦਿੱਤੀ ਗਈ ਹੈ। ਅੰਮ੍ਰਿਤਸਰ ਦੇ ਅਜਨਾਲਾ ਅਤੇ ਮੋਗਾ ਤੋਂ ਇਲਾਵਾ ਸਮੂਹ ਪੰਜਾਬ ਦੇ ਅੰਦਰ ਇੰਟਰਨੈੱਟ ਸੇਵਾ ਬਹਾਲ ਕਰ ਦਿੱਤੀ ਗਈ ਹੈ। ਅੰਮ੍ਰਿਤਪਾਲ ਸਿੰਘ ਖਿਲਾਫ ਲੁਕਆਊਟ ਸਰਕੂਲਰ ਅਤੇ ਗੈਰ-ਜ਼ਮਾਨਤੀ ਵਾਰੰਟ ਜਾਰੀ ਕਰਨ ਤੋਂ ਮਹਾਰਾਸ਼ਟਰ ਪੁਲਸ ਵੀ ਚੌਕਸ ਹੋ ਗਈ ਹੈ। ਉਸ ਨੇ ਨਾਂਦੇੜ ਸਮੇਤ ਕੁਝ ਜ਼ਿਲ੍ਹਿਆਂ 'ਚ ਅਲਰਟ ਜਾਰੀ ਕੀਤਾ ਹੈ। ਨਾਂਦੇੜ ਆਣ-ਜਾਣ ਵਾਲੇ ਹਰ ਵਿਅਕਤੀ ਦੀ ਗਤੀਵਿਧੀ 'ਤੇ ਨਜ਼ਰ ਰੱਖੀ ਜਾ ਰਹੀ ਹੈ। ਮਹਾਰਾਸ਼ਟਰ ਅੱਤਵਾਦ ਵਿਰੋਧੀ ਦਸਤਾ ਵੀ ਅਲਰਟ 'ਤੇ ਹੈ।

## ਕਿੱਕਾਂ ਦੀ...

ਰਿਕਾਰਡਜ਼ ਵਾਲੇ ਇਸ ਨੂੰ ਵੈਰੀਫਾਈ ਕਰਦੇ ਹਨ ਤਾਂ ਇਹ ਫੁੱਟਬਾਲ ਇਤਿਹਾਸ 'ਚ ਸਭ ਤੋਂ ਲੰਬੀ ਦੂਰੀ ਦੇ ਗੋਲ ਦਾ ਰਿਕਾਰਡ ਤੋੜ ਦੇਵੇਗਾ। ਕੋਬ੍ਰੇਸਲ ਦੀ ਟੀਮ ਨੇ ਕੋਲੋ-ਕੋਲੋ ਟੀਮ ਨੂੰ 3-1 ਨਾਲ ਹਰਾਇਆ। ਕੋਬ੍ਰੇਸਲ ਦੀ ਟੀਮ 77ਵੇਂ ਮਿੰਟ 'ਚ ਪਹਿਲਾਂ ਹੀ 2-0 ਨਾਲ ਅੱਗੇ ਚੱਲ ਰਹੀ ਸੀ। ਰਿਕੇਨਾ ਨੇ ਪੈਨਲਟੀ ਬਾਕਸ ਤੋਂ ਕਿੱਕ ਮਾਰੀ ਤੇ ਗੇਂਦ ਕੋਲੋ-ਕੋਲੋ ਟੀਮ ਦੇ ਬਾਹਰ ਖੜ੍ਹੇ ਗੋਲਕੀਪਰ ਬ੍ਰਾਇ ਕੋਰਟੇਸ ਦੇ ਸਿਰ ਉਪਰੋਂ ਗੋਲਾਂ ਵਿਚ ਚਲੇ ਗਈ। ਚਿੱਲੀ ਫੁੱਟਬਾਲ ਫੈਡਰੇਸ਼ਨ ਨੇ ਕਿਹਾ ਕਿ ਮੈਦਾਨ ਦੀ ਲੰਬਾਈ 150 ਮੀਟਰ ਹੈ ਤੇ ਉਹ ਤਸੱਲੀ ਕਰੇਗੀ ਕਿ ਵਾਕਈ ਇਹ ਸਭ ਤੋਂ ਲੰਬੀ ਦੂਰੀ ਤੋਂ ਹੋਇਆ ਗੋਲ ਹੈ। ਮੌਜੂਦਾ ਰਿਕਾਰਡ 96.1 ਮੀਟਰ ਦਾ ਹੈ, ਜਿਹੜਾ ਟਾਮ ਕਿੰਗ ਨੇ 2021 ਵਿਚ ਇੰਗਲੈਂਡ ਦੀ ਚੌਥੇ ਟੀਅਰ ਦੀ ਫੁੱਟਬਾਲ ਲੀਗ ਵਿਚ ਨਿਊਪੋਰਟ ਕਾਊਂਟੀ ਅਤੇ ਚੈਲਟੇਨਹੈਮ ਟਾਊਨ ਵਿਚਾਲੇ ਮੈਚ 'ਚ ਬਣਿਆ ਸੀ।

## ਫਾਸ਼ੀਵਾਦੀ ਤਾਕਤਾਂ ਦਾ ਮੁਕਾਬਲਾ...

ਨੂੰ ਜਾਣ ਬੁੱਝ ਕੇ ਫੈਲਾ ਕੇ ਸਮਾਜਕ ਅਸ਼ਾਂਤੀ ਪੈਦਾ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਲੋਕਾਂ ਦੀਆਂ ਹੱਕੀ ਮੰਗਾਂ ਦੇ ਸੰਘਰਸ਼ ਦਬਾਉਣ ਲਈ ਇਹ ਸਰਕਾਰਾਂ ਦੀ ਇਕ ਸੋਚੀ-ਸਮਝੀ ਸਾਜ਼ਿਸ਼ ਹੈ। ਉਹਨਾਂ ਸੱਦਾ ਦਿੰਦਿਆ ਕਿਹਾ ਕਿ ਇਹਨਾਂ ਫਾਸ਼ੀਵਾਦੀ ਤਾਕਤਾਂ ਦਾ ਮੁਕਾਬਲਾ ਕਰਨ ਲਈ ਜਵਾਨੀ ਨੂੰ ਸ਼ਹੀਦ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੀ ਇਨਕਲਾਬੀ ਵਿਚਾਰਧਾਰਾ ਤੋਂ ਅਗਵਾਈ ਲੈਣੀ ਚਾਹੀਦੀ ਹੈ, ਕਿਉਂਕਿ ਸ਼ਹੀਦਾਂ ਦੀ ਵਿਚਾਰਧਾਰਾ ਭਾਈਚਾਰਕ ਏਕਤਾ ਦੀ ਮੁੱਦਈ ਹੈ। ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਨ ਉਪਰੰਤ ਨੌਜਵਾਨਾਂ ਅਤੇ ਵਿਦਿਆਰਥੀਆਂ ਨੂੰ ਵਿਸ਼ੇਸ਼ ਤੌਰ 'ਤੇ ਸੰਬੋਧਨ ਕਰਦਿਆਂ ਸੂਬਾ ਪ੍ਰਧਾਨ ਪਰਮਜੀਤ ਸਿੰਘ ਢਾਬਾਂ ਅਤੇ ਸੂਬਾ ਸਕੱਤਰ ਚਰਨਜੀਤ ਸਿੰਘ ਛਾਂਗਾ ਰਾਏ ਨੇ ਕਿਹਾ ਕਿ ਸ਼ਹੀਦ ਭਗਤ ਸਿੰਘ, ਸ਼ਹੀਦ ਰਾਜਗੁਰੂ ਅਤੇ ਸ਼ਹੀਦ ਸੁਖਦੇਵ ਦੀ ਕੁਰਬਾਨੀ ਨੇ ਆਜ਼ਾਦੀ ਸੰਗਰਾਮ ਨੂੰ ਇਨਕਲਾਬੀ ਬਲ ਦਿੱਤਾ, ਜਿਸ ਨਾਲ ਦੇਸ਼ ਦੇ ਹਰ ਕੋਨੇ ਵਿੱਚੋਂ ਇਨਕਲਾਬ ਜ਼ਿੰਦਾਬਾਦ ਦੇ ਨਾਅਰੇ ਗੂੰਜਣ ਲੱਗੇ। 23 ਮਾਰਚ ਦੇ ਸ਼ਹੀਦਾਂ ਦੀ ਕੁਰਬਾਨੀ ਸਾਨੂੰ ਅੱਜ ਵੀ ਸੰਘਰਸ਼ ਨੂੰ ਲਾਮਬੰਦ ਕਰਨ ਲਈ ਰਾਹ-ਦਸੇਰਾ ਹੈ। ਉਹਨਾ ਕਿਹਾ ਕਿ 23 ਮਾਰਚ 2014 ਨੂੰ ਇਸੇ ਇਤਿਹਾਸਕ ਸਥਾਨ ਤੋਂ ਸ਼ੁਰੂ ਕੀਤੀ ਬਨੇਗਾ ਪ੍ਰਾਪਤੀ ਲਹਿਰ ਅੱਜ ਦੇਸ਼ ਪੱਧਰ 'ਤੇ ਫੈਲ ਕੇ ਆਪਣੀ ਪ੍ਰਾਪਤੀ ਵੱਲ ਵਧ ਰਹੀ ਹੈ। ਲੜਕੀਆਂ ਦੀ ਕੌਮੀ ਕਨਵੀਨਰ ਕਰਮਵੀਰ ਕੌਰ ਬੱਧਨੀ ਅਤੇ ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ ਦੇ ਸੂਬਾ ਪ੍ਰਧਾਨ ਲਵਪ੍ਰੀਤ ਮਾੜੀਮੇਘਾ ਨੇ ਕਿਹਾ ਕਿ ਸ਼ਹੀਦਾਂ ਦੀ ਕੁਰਬਾਨੀ ਤੋਂ ਬਾਅਦ ਮਿਲੀ ਆਜ਼ਾਦੀ ਤੋਂ ਬਾਅਦ ਦੇਸ਼ 'ਚ ਬਣੀਆਂ ਸਰਕਾਰਾਂ ਨੇ ਹਮੇਸ਼ਾ ਸ਼ਹੀਦਾਂ ਦੀ ਸੋਚ ਦੇ ਉਲਟ ਕੰਮ ਕੀਤਾ ਹੈ। ਉਹਨਾਂ ਕਿਹਾ ਕਿ ਜਿੱਥੇ ਮੌਜੂਦਾ ਕੇਂਦਰ ਸਰਕਾਰ ਵੱਲੋਂ ਨਵੀਂ ਸਿੱਖਿਆ ਨੀਤੀ ਦੇ ਨਾਂਅ 'ਤੇ ਵਿਦਿਆਰਥੀਆਂ ਤੋਂ ਵਿਦਿਆ ਦਾ ਅਧਿਕਾਰ ਖੋਹਣ ਦੀ ਯੋਜਨਾ ਬਣਾਈ ਗਈ ਹੈ, ਜੋ ਕਿ ਸਰਾਸਰ ਗਲਤ ਹੈ, ਓਥੇ ਪੰਜਾਬ ਸਰਕਾਰ ਵੱਲੋਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀਆਂ ਗਰਾਂਟਾਂ 'ਤੇ ਲਗਾਏ ਕੱਟ ਨਾਲ ਇਹ ਸਪੱਸ਼ਟ ਹੋ ਗਿਆ ਹੈ ਕਿ ਕੇਂਦਰ ਸਰਕਾਰ ਦੇ ਨਾਲ-ਨਾਲ ਪੰਜਾਬ ਸਰਕਾਰ ਵੀ ਸਿੱਖਿਆ ਵਿਰੋਧੀ ਹੈ, ਜੋ ਮਹਾਨ ਸ਼ਹੀਦਾਂ ਦੀ ਸੋਚ ਦੇ ਬਿਲਕੁਲ ਉਲਟ ਹੈ। ਆਗੂਆਂ ਵੱਲੋਂ ਪੰਜਾਬੀ ਯੂਨੀਵਰਸਿਟੀ ਬਚਾਓ ਮੋਰਚੇ ਦੀ ਹਮਾਇਤ ਕੀਤੀ ਗਈ ਅਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਸਮੇਤ ਪੰਜਾਬ ਦੀਆ ਸਾਰੀਆਂ ਹੀ ਯੂਨੀਵਰਸਿਟੀਆਂ ਨੂੰ ਵੱਧ ਤੋਂ ਵੱਧ ਗਰਾਂਟ ਜਾਰੀ ਕਰਨ ਦੀ ਮੰਗ ਕੀਤੀ ਗਈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸਾਬਕਾ ਸੂਬਾ ਸਕੱਤਰ ਕੁਲਦੀਪ ਭੋਲਾ, ਸਾਬਕਾ ਪ੍ਰਧਾਨ ਕਸ਼ਮੀਰ ਸਿੰਘ ਗਦਾਈਆ, ਸਰਬ ਭਾਰਤ ਨੌਜਵਾਨ ਸਭਾ ਦੇ ਸੂਬਾ ਮੀਤ ਸਕੱਤਰ ਹਰਭਜਨ ਛਪੜੀ ਵਾਲਾ, ਜ਼ਿਲ੍ਹਾ ਫਿਰੋਜ਼ਪੁਰ ਦੇ ਆਗੂ ਪਿਆਰਾ ਮੇਘਾ, ਸਤੀਸ਼ ਛੱਪੜੀ ਵਾਲਾ, ਮੋਗਾ ਦੇ ਜ਼ਿਲ੍ਹਾ ਆਗੂ ਸਵਰਾਜ ਖੋਸਾ, ਜਸਪ੍ਰੀਤ ਬਧਨੀ, ਵਿਸ਼ਾਲ ਵਲਟੋਹਾ, ਗੁਰਪ੍ਰਤਾਪ ਵਲਟੋਹਾ, ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ ਦੇ ਸੂਬਾ ਮੀਤ ਪ੍ਰਧਾਨ ਸੁਖਵਿੰਦਰ ਮਲੋਟ, ਜ਼ਿਲ੍ਹਾ ਫਾਜ਼ਿਲਕਾ ਦੇ ਪ੍ਰਧਾਨ ਰਮਨ ਧਰਮੂਵਾਲਾ, ਜ਼ਿਲ੍ਹਾ ਸਕੱਤਰ ਸਟਾਲਿਨ ਲਮੋਚੜ, ਕਲਪਨਾ ਕਾਠਗੜ੍ਹ, ਜ਼ਿਲ੍ਹਾ ਕਮੇਟੀ ਮੈਂਬਰ, ਜਸਪ੍ਰੀਤ ਬੱਧਣੀ, ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਦੇ ਸੂਬਾ ਸਕੱਤਰ ਜਗਸੀਰ ਖੋਸਾ ਅਤੇ ਗੋਰਾ ਪਿੱਪਲੀ, ਗੁਰਦਿਆਲ ਢਾਬਾਂ, ਭਗਵਾਨ ਦਾਸ ਬਹਾਦਰਕੇ ਤੇ ਪਿਆਰਾ ਮੇਘਾ ਨੇ ਵੀ ਸੰਬੋਧਨ ਕੀਤਾ।

## ਅਡਾਨੀ ਨੂੰ ਬਚਾਉਣ ਲਈ ...

ਹੋਇਆ ਹੈ ਕਿ ਦੇਸ਼ ਦੀ ਸੰਸਦ ਸੱਤਾਧਾਰੀਆ ਵੱਲੋਂ ਨਾ ਚੱਲਣ ਦਿੱਤੀ ਜਾ ਰਹੀ ਹੋਵੇ। ਉਹ ਵੀਰਵਾਰ ਸੀ ਪੀ ਆਈ (ਐੱਮ) ਦੇ ਸੂਬਾ ਸਕੱਤਰ ਸੁਖਵਿੰਦਰ ਸਿੰਘ ਸੇਖੋਂ ਦੀ ਅਗਵਾਈ ਵਿੱਚ ਹੁਸ਼ਿਆਰਪੁਰ ਦੀਆਂ ਪੁਰਾਣੀਆਂ ਕਚਹਿਰੀਆਂ ਵਿਖੇ ਕਰਵਾਈ ਗਈ ਰੈਲੀ ਨੂੰ ਸੰਬੋਧਨ ਕਰਨ ਪੁੱਜੇ ਸਨ। ਪਾਰਟੀ ਦੇ ਸੂਬਾ ਸਕੱਤਰੇਤ ਮੈਂਬਰ ਭੂਪ ਚੰਦ ਚੰਨੋ ਅਤੇ ਗੁਰਦਰਸ਼ਨ ਸਿੰਘ ਖੁਆਸਪੁਰ ਦੀ ਪ੍ਰਧਾਨਗੀ ਹੇਠ ਹੋਈ ਇਸ ਰੈਲੀ ਵਿੱਚ ਸਾਬਕਾ ਕੇਂਦਰੀ ਮੰਤਰੀ ਬਲਵੰਤ ਸਿੰਘ ਰਾਮੂਵਾਲੀਆ, ਸਾਬਕਾ ਸਿੱਖਿਆ ਮੰਤਰੀ ਅਤੇ ਉਲੰਪੀਅਨ ਪ੍ਰਗਟ ਸਿੰਘ ਅਤੇ ਸੀ ਪੀ ਆਈ ਦੇ ਸੂਬਾਈ ਆਗੂ ਪ੍ਰਿਥੀਪਾਲ ਸਿੰਘ ਮਾੜੀਮੇਘਾ ਸਮੇਤ ਵੱਡੀ ਗਿਣਤੀ ਵਿੱਚ ਆਗੂ ਪੁੱਜੇ ਸਨ। ਦੱਸਣਯੋਗ ਹੈ ਕਿ ਦੇਸ਼ ਦੀ ਅਜ਼ਾਦੀ ਤੋਂ ਪਹਿਲਾਂ 23 ਮਾਰਚ 1932 ਨੂੰ ਕਾਂਗਰਸ ਨੇ ਸਮੁੱਚੇ ਦੇਸ਼ ਵਿੱਚ ਡਿਪਟੀ ਕਮਿਸ਼ਨਰ ਦਫ਼ਤਰਾਂ ਤੋਂ ਯੂਨੀਅਨ ਜੈਕ ਦੇ ਝੰਡੇ ਉਤਾਰ ਕੇ ਤਿਰੰਗਾ ਝੰਡਾ ਲਹਿਰਾਉਣ ਦਾ ਸੱਦਾ ਦਿੱਤਾ ਸੀ, ਪਰ ਇਹ ਸੱਦਾ ਕਾਂਗਰਸ ਵਲੋਂ ਵਾਪਸ ਲਏ ਜਾਣ ਤੋਂ ਬਾਅਦ ਵੀ ਇਕੱਲੀ ਹੁਸ਼ਿਆਰਪੁਰ ਦੀ ਕਚਿਹਰੀ ਵਿੱਚ ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ ਨੇ 16 ਵਰਿਆਂ ਦੀ ਉਮਰ ਵਿੱਚ ਯੂਨੀਅਨ ਜੈਕ ਦਾ ਝੰਡਾ ਉਤਾਰ ਕੇ ਤਿਰੰਗਾ ਝੰਡਾ ਲਹਿਰਾਇਆ ਸੀ, ਜਿਸ ਤੋਂ ਬਾਅਦ ਹੋਈ ਫਾਇਰਿੰਗ ਮੌਕੇ ਆਪਣੇ ਦਫ਼ਤਰ ਤੋਂ ਬਾਹਰ ਆਏ ਡਿਪਟੀ ਕਮਿਸ਼ਨਰ ਨੇ ਕਾਮਰੇਡ ਸੁਰਜੀਤ ਨੂੰ ਅਦਾਲਤ ਵਿੱਚ ਪੇਸ਼ ਕੀਤਾ ਸੀ। ਰੈਲੀ ਮੌਕੇ ਆਗੂਆਂ ਨੇ ਮੰਗ ਕੀਤੀ ਕਿ ਰੈਲੀ ਵਾਲੇ ਪੁਰਾਣੇ ਡਿਪਟੀ ਕਮਿਸ਼ਨਰ ਦਫ਼ਤਰ ਵਿੱਚ ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ ਦੀ ਯਾਦ ਵਿੱਚ ਲਾਇਬ੍ਰੇਰੀ, ਮਿਊਜ਼ੀਅਮ ਅਤੇ ਉਨ੍ਹਾ ਦਾ ਬੁੱਤ ਲਗਾ ਕੇ ਯਾਦਗਾਰ ਸਥਾਪਤ ਕਰਨ ਲਈ 1 ਏਕੜ ਜ਼ਮੀਨ ਦਿੱਤੀ ਜਾਵੇ। ਯੇਚੁਰੀ ਨੇ ਕਿਹਾ ਕਿ 2024 ਸੰਸਦੀ ਚੋਣਾਂ ਜਿੱਤਣ ਲਈ ਦੇਸ਼ ਅੰਦਰ ਸਹਿਮ ਦਾ ਮਹੌਲ ਪੈਦਾ ਕੀਤਾ ਜਾ ਰਿਹਾ ਹੈ। ਸਹਿਮ ਪੈਦਾ ਕਰਨ ਲਈ ਵਿਰੋਧੀਆਂ 'ਤੇ ਪਿਛਲੇ 9 ਸਾਲ ਦੇ ਸਮੇਂ ਅੰਦਰ ਈ ਡੀ ਵੱਲੋਂ 3555 ਕੇਸ ਦਰਜ਼ ਕੀਤੇ ਗਏ ਹਨ, ਹਾਲੇ ਤੱਕ ਕਰੀਬ 23 ਲੋਕ ਹੀ ਗ੍ਰਿਫ਼ਤਾਰ ਹੋਏ ਹਨ। ਰਹਿੰਦੇ ਲੋਕਾਂ ਨੂੰ ਗੈਰ-ਕਨੂੰਨੀ ਹਿਰਾਸਤ ਵਿੱਚ ਰੱਖਿਆ ਗਿਆ ਹੈ, ਜਿਸ ਤੋਂ ਸਪੱਸ਼ਟ ਹੁੰਦਾ ਹੈ ਕਿ ਦੇਸ਼ ਅੰਦਰ ਫਿਰਕਾਪ੍ਰਸਤ ਤਾਕਤਾਂ ਵੱਲੋਂ ਡਰ ਦਾ ਮਹੌਲ ਪੈਦਾ ਕੀਤਾ ਜਾ ਰਿਹਾ ਹੈ। ਸੀ ਪੀ ਆਈ (ਐੱਮ) ਦੇ ਸੂਬਾ ਸਕੱਤਰ ਸੁਖਵਿੰਦਰ ਸਿੰਘ ਸੇਖੋਂ ਨੇ ਕਿਹਾ ਕਿ 'ਵਾਰਿਸ ਪੰਜਾਬ ਦੇ' ਜਥੇਬੰਦੀ ਦੇ ਮੁਖੀ ਅੰਮ੍ਰਿਤਪਾਲ ਨੂੰ ਅਜਨਾਲਾ ਘਟਨਾ ਮੌਕੇ ਗ੍ਰਿਫਤਾਰ ਕਰਨ ਦੀ ਥਾਂ ਇੱਕ ਮਹੀਨੇ ਬਾਅਦ ਗ੍ਰਿਫਤਾਰ ਕਰਕੇ ਭਾਜਪਾ ਦੇ ਪੰਜਾਬ ਅੰਦਰ ਦਹਿਸ਼ਤ ਪੈਦਾ ਕਰਕੇ 2024 ਜਿੱਤਣ ਦੇ ਮਨਸੂਬਿਆਂ ਦੇ ਪੱਖ ਵਿੱਚ ਭੁਗਤਿਆ ਜਾ ਰਿਹਾ ਹੈ। ਸਾਬਕਾ ਕੇਂਦਰੀ ਮੰਤਰੀ ਬਲਵੰਤ ਸਿੰਘ ਰਾਮੂਵਾਲੀਆ ਨੇ ਕਾਮਰੇਡ ਸੁਰਜੀਤ ਨਾਲ ਬਿਤਾਏ 23 ਸਾਲਾਂ ਦੀਆਂ ਯਾਦਾਂ ਸਾਂਝੀਆਂ ਕਰਦਿਆਂ ਕਿਹਾ ਕਿ ਉਨ੍ਹਾ ਦੇਸ਼ ਦੀਆਂ ਫਿਰਕੂ ਤਾਕਤਾਂ ਨੂੰ ਦੇਸ਼ ਦੀ ਸੱਤਾ ਤੋਂ ਦੂਰ ਤਾਂ ਰੱਖਿਆ ਹੀ ਸੀ, ਸਗੋਂ ਕੌਮਾਂਤਰੀ ਪੱਧਰ 'ਤੇ ਵੀ ਲੋਕ ਪੱਖੀ ਤਾਕਤਾਂ ਨੂੰ ਇੱਕਮੁੱਠ ਕਰੀ ਰੱਖਿਆ। ਪੰਜਾਬ ਦੇ ਨੌਜਵਾਨਾਂ ਨੂੰ ਟਰੈਵਲ ਏਜੰਟ ਲੁੱਟ ਕੇ ਖਾ ਗਏ, ਪਰ ਨਾ ਤਾਂ ਸੂਬੇ ਦੀਆਂ 14000 ਪੰਚਾਇਤਾਂ ਬੋਲੀਆਂ, ਨਾ ਹੀ ਪ੍ਰਕਾਸ਼ ਸਿੰਘ ਬਾਦਲ, ਨਾ ਹੀ ਕੈਪਟਨ ਅਮਰਿੰਦਰ ਸਿੰਘ ਬੋਲਿਆ ਅਤੇ ਨਾ ਹੀ ਸ਼੍ਰੋਮਣੀ ਕਮੇਟੀ ਨੇ ਆਪਣੀ ਜ਼ਿੰਮੇਵਾਰੀ ਨਿਭਾਈ। ਉਨ੍ਹਾ ਪੰਡਾਲ ਵਿੱਚ ਆਈਆਂ ਔਰਤਾਂ ਨੂੰ ਮੁਖਾਤਿਬ ਹੁੰਦਿਆਂ ਰੱਖੜੀ ਦੀ ਰਾਖੀ ਲਈ ਅੱਗੇ ਆਉਣ ਦਾ ਸੱਦਾ ਦਿੱਤਾ ਅਤੇ ਯਾਦਗਾਰ ਲਈ 1 ਏਕੜ ਜ਼ਮੀਨ ਦੀ ਮੰਗ ਦਾ ਸਮਰਥਨ ਕੀਤਾ। ਸਾਬਕਾ ਸਿੱਖਿਆ ਮੰਤਰੀ ਪ੍ਰਗਟ ਸਿੰਘ ਨੇ ਕਿਹਾ ਕਿ ਭਾਜਪਾ ਵੱਲੋਂ 2024 ਜਿੱਤਣ ਲਈ ਸੂਬੇ ਅੰਦਰ ਸਹਿਮ ਦਾ ਮਹੌਲ ਪੈਦਾ ਕੀਤਾ ਜਾ ਰਿਹਾ ਹੈ। ਉਹਨਾ ਕਿਹਾ ਕਿ ਦਿੱਲੀ 'ਚ ਗੋਦੀ ਮੀਡੀਆ ਵੱਲੋਂ ਇੰਝ ਦਿਖਾਇਆ ਜਾ ਰਿਹਾ ਹੈ, ਜਿਵੇਂ ਪੰਜਾਬ ਅੰਦਰ ਕੋਈ ਵੱਡਾ ਖਾਲਿਸਤਾਨ ਬਣ ਗਿਆ ਹੋਵੇ। ਉਨ੍ਹਾ ਕਿਹਾ ਕਿ ਕਾਮਰੇਡ ਸੁਰਜੀਤ ਦੇ ਹੁੰਦਿਆਂ ਸੰਘੀਆਂ ਦੀ ਏਨੀ ਹਿੰਮਤ ਨਹੀਂ ਰਹੀ ਕਿ ਦੇਸ਼ ਅੰਦਰ ਫਿਰਕਾਪ੍ਰਸਤੀ ਪੈਦਾ ਕੀਤੀ ਜਾ ਸਕੇ।

## ਸ਼ਹੀਦ ਭਗਤ ਸਿੰਘ ਦੇ...

ਆਪਣੇ ਜੀਵਨ ਦਾ ਬਲੀਦਾਨ ਦੇ ਕੇ ਦੇਸ਼ ਨੂੰ ਵਿਦੇਸ਼ੀ ਸਾਮਰਾਜਵਾਦ ਦੇ ਜੂਲੇ ਤੋਂ ਮੁਕਤ ਕਰਵਾਇਆ। ਉਹਨਾ ਕਿਹਾ ਕਿ ਧਰਤੀ ਮਾਂ ਦੇ ਇਸ ਮਹਾਨ ਸਪੂਤ ਵੱਲੋਂ ਦਰਸਾਏ ਮਾਰਗ ਉਤੇ ਚੱਲਦਿਆਂ ਖ਼ੁਸ਼ਹਾਲ ਸਮਾਜ ਸਿਰਜਣ ਲਈ ਪੰਜਾਬ ਸਰਕਾਰ ਆਪਣੀ ਪੂਰੀ ਵਾਹ ਲਾਏਗੀ। ਉਨ੍ਹਾ ਅਫ਼ਸੋਸ ਪ੍ਰਗਟ ਕੀਤਾ ਕਿ ਆਜ਼ਾਦੀ ਨੂੰ 75 ਸਾਲ ਤੋਂ ਵੱਧ ਸਮਾਂ ਬੀਤਣ ਦੇ ਬਾਵਜੂਦ ਮੁਲਕ ਅਜੇ ਵੀ ਗਰੀਬੀ, ਅਨਪੜ੍ਹਤਾ, ਬੇਰੁਜ਼ਗਾਰੀ ਤੇ ਹੋਰ ਸਮਾਜਕ ਕੁਰੀਤੀਆਂ ਨਾਲ ਜੂਝ ਰਿਹਾ ਹੈ। ਸਾਡੀ ਸਰਕਾਰ ਨੇ ਪਹਿਲਾਂ ਹੀ ਇਨ੍ਹਾਂ ਕੁਰੀਤੀਆਂ ਤੋਂ ਲੋਕਾਂ ਨੂੰ ਰਾਹਤ ਦੇਣ ਲਈ ਕਈ ਕਦਮ ਚੁੱਕੇ ਹਨ। ਉਨ੍ਹਾ ਕਿਹਾ ਕਿ ਇਨ੍ਹਾਂ ਸਾਰੇ ਕਦਮਾਂ ਦਾ ਇਕੋ-ਇਕ ਉਦੇਸ਼ ਸਾਡੇ ਮਹਾਨ ਸ਼ਹੀਦਾਂ ਵੱਲੋਂ ਸੰਜੋਏ ਸੁਪਨਿਆਂ ਵਾਲਾ ਸਮਾਜ ਬਣਾਉਣਾ ਹੈ। ਜਦੋਂ ਤੱਕ ਇਨ੍ਹਾਂ ਸੁਪਨਿਆਂ ਨੂੰ ਸਾਕਾਰ ਨਹੀਂ ਕਰ ਲਿਆ ਜਾਂਦਾ, ਉਦੋਂ ਤੱਕ ਸਾਡੀਆਂ ਕੋਸ਼ਿਸ਼ਾਂ ਜਾਰੀ ਰਹਿਣਗੀਆਂ। ਇਸ ਦੌਰਾਨ ਮੁੱਖ ਮੰਤਰੀ ਨੇ ਸੁਰਿੰਦਰ ਕੌਰ, ਯਾਦਵਿੰਦਰ ਸਿੰਘ, ਪਵਨਦੀਪ ਕੌਰ, ਮਨਜੀਤ ਸਿੰਘ ਧਾਲੀਵਾਲ, ਸਤਵੰਤ ਸਿੰਘ, ਕੁਲਦੀਪ ਕੌਰ, ਹਰਚੈਨ ਸਿੰਘ ਅਤੇ ਹੋਰਨਾਂ ਸਮੇਤ ਮਹਾਨ ਸ਼ਹੀਦ ਦੇ ਪਰਵਾਰਕ ਮੈਂਬਰਾਂ ਨੂੰ ਅਜਾਇਬ ਘਰ ਅਤੇ ਜੱਦੀ ਘਰ ਦਾ ਪੋਰਟਰੇਟ ਦੇ ਕੇ ਸਨਮਾਨਤ ਕੀਤਾ। ਇਸ ਤੋਂ ਪਹਿਲਾਂ ਭਗਵੰਤ ਮਾਨ ਨੇ ਸ਼ਹੀਦ ਦੇ ਪਿਤਾ ਕਿਸ਼ਨ ਸਿੰਘ ਦੀ ਸਮਾਧ 'ਤੇ ਜਾ ਕੇ ਸ਼ਰਧਾਂਜਲੀ ਭੇਟ ਕੀਤੀ। ਉਨ੍ਹਾ ਸ਼ਹੀਦ ਭਗਤ ਸਿੰਘ ਦੇ ਬੁੱਤ 'ਤੇ ਸ਼ਰਧਾ ਦੇ ਫੁੱਲ ਵੀ ਭੇਟ ਕੀਤੇ।


**ਉੱਤਰ ਰੇਲਵੇ**

**ਸੂਚਨਾ**

ਸੀਨੀਅਰ ਮੰਡਲ ਵਾਣਿਜ ਪ੍ਰਬੰਧਕ ਉੱਤਰ ਰੇਲਵੇ, ਫਿਰੋਜ਼ਪੁਰ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਫਿਰੋਜ਼ਪੁਰ ਮੰਡਲ ਦੇ ਸਾਰੇ ਰੇਲਵੇ ਸਟੇਸ਼ਨ ਵਨ ਪ੍ਰੋਡਕਟ ਯੋਜਨਾ ਦੇ ਤਹਿਤ ਸਟਾਲ/ਕਿਯੋਸਕ ਸਥਾਪਿਤ ਕਰਨ ਦੇ ਲਈ ਦਰਖਾਸਤ ਦੀ ਮੰਗ ਕੀਤੀ ਹੈ। OSOP ਸਟਾਲਸ ਮਿਤੀ 25.03.2023 ਤੋਂ ਸ਼ੁਰੂ ਹੋਣਗੇ। ਨਿਯਮ ਅਤੇ ਸ਼ਰਤਾਂ ਇਸ ਪ੍ਰਕਾਰ ਹਨ:

1. ਸਟਾਲ/ਕਿਯੋਸਕ ਸਥਾਪਿਤ ਕਰਨ ਦੀ ਅਵਧੀ 15 ਦਿਨ ਹੋਵੇਗੀ।
2. ਆਵੇਦਕਾਂ ਦੁਆਰਾ ਜਮ੍ਹਾ ਕੀਤੇ ਜਾਣ ਵਾਲੇ ਟੋਕਨ ਸ਼ੁਲਕ ਦਾ ਵੇਰਵਾ ਹੇਠਾਂ ਅਨੁਸਾਰ ਹੈ:

| ਲ.ਨੰ. | ਸ਼੍ਰੇਣੀ | 15 ਦਿਨਾਂ ਦੇ ਲਈ ਕੁਲ ਟੋਕਨ ਸ਼ੁਲਕ (ਰੁ. ਵਿਚ) |
|---|---|---|
| 1 | ਐਨਐਸਜੀ-1 ਤੋਂ ਐਨਐਸਜੀ-4 ਸਟੇਸ਼ਨਾਂ ਦੇ ਲਈ | 1000/- |
| 2 | ਐਨਐਸਜੀ-5 ਤੋਂ ਐਨਐਸਜੀ -6 ਸਟੇਸ਼ਨਾਂ ਦੇ ਲਈ | 500/- |

ਉਪਰੋਕਤ ਸਾਰੇ ਸ਼ੁਲਕ ਜੀਐਸਟੀ ਸਮੇਤ ਹਨ।

3. ਪ੍ਰਦਰਸ਼ਿਤ/ਵੇਚੇ ਜਾਣ ਵਾਲੇ ਉਤਪਾਦ ਹੇਠਾਂ ਅਨੁਸਾਰ ਹਨ: (i) ਹਸਤਸ਼ਿਲਪ/ਕਲਾਕ੍ਰਿਤੀਆਂ (ii) ਕਪੜਾ ਅਤੇ ਹਥਕਰਘਾ (iii) ਪਾਰੰਪਰਿਕ ਵਸਤਰ (iv) ਸਥਾਨਕ ਕ੍ਰਿਸ਼ੀ ਉਤਪਾਦ/ਪ੍ਰਸੰਸਕ੍ਰਿਤ/ਅਰਧ ਪ੍ਰਸੰਸਕ੍ਰਿਤ ਖਾਧ ਪਦਾਰਥ।
4. OSOP ਵਿਚ ਪ੍ਰਤੀਭਾਗੀਆਂ ਦੀ ਚੋਣ ਇਸ ਗਲ ਨੂੰ ਧਿਆਨ ਵਿਚ ਰਖਦੇ ਹੋਏ ਕੀਤਾ ਜਾ ਸਕਦਾ ਹੈ ਕਿ ਇਸ ਯੋਜਨਾ ਦਾ ਲਾਭ ਹਾਸ਼ੀਏ ਦੇ ਵਰਗਾਂ ਤਕ ਪਹੁੰਚਣਾ ਚਾਹੀਦਾ, ਯਾਨੀ ਉਹ ਵਿਅਕਤੀ ਜੋ ਪਿਰਾਮਿਡ ਦੇ ਹੇਠਲੇ ਭਾਗ ਵਿਚ ਹਨ। ਹੇਠਾਂ ਲਿਖਤ ਨੂੰ ਪਹਿਲ ਦਿਤੀ ਜਾਵੇਗੀ: (ਏ) ਵਿਕਾਸ ਕਮਿਸ਼ਨਰ ਹਸਤਸ਼ਿਲਪ, ਵਿਕਾਸ ਕਮਿਸ਼ਨਰ ਹਥਕਰਘਾ ਜਾਂ ਅਪੇਖਿਅਤ ਰਾਜ/ ਕੇਂਦਰ ਸਰਕਾਰ ਪ੍ਰਾਧਿਕਰਨ ਦੁਆਰਾ ਜਾਰੀ ਕਾਰੀਗਰ/ਬੁਣਕਰ ਆਈਡੀ ਹੋਲਡਰ। (ਬੀ) ਭਾਰਤੀਯ ਜਨਜਾਤੀ ਸਹਕਾਰੀ ਵਿਪਣਣ ਵਿਕਾਸ ਸੰਘ ਲਿਮਟਿਡ (ਟ੍ਰਾਈਫੇਡ)/ਰਾਸ਼ਟਰੀ ਹਥਕਰਘਾ ਵਿਕਾਸ ਨਿਗਮ (ਐਨਐਚਡੀਸੀ)/ਖਾਦੀ ਅਤੇ ਗ੍ਰਾਮਉਦਯੋਗ ਆਯੋਗ (ਕੇਵੀਆਈਸੀ) ਆਦਿ ਦੇ ਨਾਲ ਨਾਮਾਂਕਿਤ/ਪੰਜੀਕ੍ਰਿਤ ਵਿਅਕਤੀਗਤ ਕਾਰੀਗਰ/ਬੁਣਕਰ/ਸ਼ਿਲਪਕਾਰ। (ਸੀ) ਪੀਐਮਈਜੀਪੀ (ਪ੍ਰਧਾਨ ਮੰਤਰੀ ਰੋਜ਼ਗਾਰ ਸਿਰਜਨ ਪ੍ਰੋਗਰਾਮ) ਦੇ ਨਾਲ ਰਜਿਸਟਰਡ ਸਵੈ ਸਹਾਇਤਾ ਸਮੂਹ। (ਡੀ) ਸਮਾਜ ਦੇ ਹਾਸ਼ੀਏ ਤੇ ਜਾਂ ਕਮਜ਼ੋਰ ਵਰਗ।
5. ਆਵੇਦਕ ਨੂੰ ਸਟੇਸ਼ਨ ਸੁਪਰਟੈਂਡੈਂਟ ਨੂੰ ਇਕ ਅੰਡਰਟੇਕਿੰਗ ਜਮ੍ਹਾ ਕਰਨੀ ਹੋਵੇਗੀ ਜਿਸ ਵਿਚ ਇਹ ਦਰਸਾਇਆ ਗਿਆ ਹੋਵੇ ਕਿ ਟ੍ਰੇਨ ਸੰਚਾਲਨ, ਯਾਤਰੀ ਸੁਰੱਖਿਆ ਅਤੇ ਰੇਲਵੇ ਦੀ ਛਵੀ ਤੇ ਪ੍ਰਤੀਕੂਲ ਪ੍ਰਭਾਵ ਪਾਉਣ ਦੇ ਲਈ ਕੋਈ ਗਤੀਵਿਧੀ ਨਹੀਂ ਕੀਤੀ ਜਾਵੇਗੀ।
6. ਆਵੇਦਨ ਨੂੰ ਸੰਬੋਧਿਤ ਕੀਤਾ ਜਾਣਾ ਚਾਹੀਦਾ ਅਤੇ ਆਵੇਦਕ ਦੁਆਰਾ ਸਟੇਸ਼ਨ ਤੇ ਸਟੇਸ਼ਨ ਸੁਪਰਟੈਂਡੈਂਟ ਨੂੰ ਜਮ੍ਹਾ ਕੀਤਾ ਜਾ ਸਕਦਾ ਹੈ।
7. ਸਟੇਸ਼ਨ ਸੁਪਰਟੈਂਡੈਂਟ ਸਾਰੇ ਅਨੁਮੋਦਿਤ ਪ੍ਰਤੀਭਾਗੀਆਂ ਦਾ ਪਹਿਲ ਰੋਸਟਰ ਬਨਾਉਣਗੇ ਅਤੇ ਸਟੇਸ਼ਨ ਪ੍ਰਬੰਧਕ/ ਅਨੁਭਾਗੀ ਸੀਐਮਆਈ ਦੁਆਰਾ ਸਾਰੇ ਅਨੁਮੋਦਿਤ ਆਵੇਦਕਾਂ ਦੀ ਮੌਜੂਦਗੀ ਵਿਚ ਸਟੇਸ਼ਨ ਤੇ ਆਯੋਜਿਤ ਡ੍ਰਾ ਦੇ ਮਾਧਿਅਮ ਨਾਲ ਪਹਿਲ ਸਥਾਪਿਤ ਕੀਤੀ ਜਾਏਗੀ।
8. ਇਸ ਯੋਜਨਾ ਦੇ ਲਈ ਸਟੇਸ਼ਨ ਤੇ ਜਗ੍ਹਾ ਅਤੇ ਬੁਨਿਆਦੀ ਢਾਂਚਾ ਉਪਲਬਧ ਕਰਾਇਆ ਜਾਵੇਗਾ।
9. ਕਿਸੇ ਵੀ ਪ੍ਰਸ਼ਨ ਦੇ ਲਈ ਆਵੇਦਕ ਸੰਬੰਧਿਤ ਸਟੇਸ਼ਨਾਂ ਦੇ ਸਟੇਸ਼ਨ ਸੁਪਰਟੈਂਡੈਂਟ ਜਾਂ ਸੀਐਮਆਈ ਨਾਲ ਸੰਪਰਕ ਕਰ ਸਕਦੇ ਹਨ।

883/23

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ



**ਉੱਤਰ ਰੇਲਵੇ**

**ਈ ਨਿਵਿਦਾ ਸੂਚਨਾ**

ਨਿਵਿਦਾ ਸੂਚਨਾ ਪੱਤਰ ਨੰ.:- 770-W/169/WA-1/FZR/2022-23 — ਤਾਰੀਕ 23.03.2023

ਸੀਨੀਅਰ ਮੰਡਲ-ਟ੍ਰੈਕ, ਫਿਰੋਜ਼ਪੁਰ ਦੁਆਰਾ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਹੇਠਾਂ ਲਿਖਤ ਈ-ਨਿਵਿਦਾਂ, ਅੰਤਮ ਮਿਤੀ 11.05.2023 ਸਮਾਂ 15.00 ਵਜੇ ਤਕ www.ireps.gov.in 'ਤੇ ਮੰਗ ਕੀਤੀ ਜਾਂਦੀ ਹੈ ਟੈਂਡਰਕਰਤਾ ਆਪਣੇ ਮੂਲ/ਸੰਸ਼ੋਧਿਤ ਟੈਂਡਰ ਮਿਤੀ ਅਤੇ ਸਮੇਂ ਤਕ ਪੇਸ਼ ਕਰ ਸਕਦੇ ਹਨ ਮੈਨੂੰਅਲ ਨਿਵਿਦਾ ਮਾਨਯ ਨਹੀਂ ਹੈ ਅਤੇ ਐਸੇ ਕਿਸੇ ਵੀ ਮੈਨੂੰਅਲ ਪ੍ਰਾਪਤ ਪ੍ਰਸਤਾਵ ਨੂੰ ਸਵੀਕਾਰ ਨਹੀਂ ਕੀਤਾ ਜਾਵੇਗਾ। ਠੇਕੇਦਾਰ ਨਿਵਿਦਾ ਫਾਰਮ ਦੀ ਲਾਗਤ ਅਤੇ ਬਿਆਨਾ ਰਾਸ਼ੀ ਦਾ ਭੁਗਤਾਨ ਕੇਵਲ www.ireps.gov.in ਪੋਰਟਲ ਤੇ ਉਪਲਬਧ ਆਨ ਲਾਈਨ ਸਾਧਨਾਂ ਦੇ ਮਾਧਿਅਮ ਨਾਲ ਜਿਵੇਂ ਨੈਟ ਬੈਂਕਿੰਗ, ਡੇਬਿਟ ਕਾਰਡ, ਤੇ ਕਰੈਡਿਟ ਕਾਰਡ ਆਦਿ ਨਾਲ ਭੁਗਤਾਨ ਕਰ ਸਕਦੇ ਹਨ। ਡਿਮਾਂਡ ਡ੍ਰਾਫਟ, ਬੈਂਕਰਸ ਚੈਕ, ਐਫ.ਡੀ.ਆਰ. ਤੇ ਰਸੀਦਾਂ ਆਦਿ ਦੇ ਮਾਧਿਅਮ ਨਾਲ ਭੁਗਤਾਨ ਦੀ ਇਜਾਜ਼ਤ ਨਹੀਂ ਹੈ।

| ਨਿਵਿਦਾ ਪ੍ਰਕਾਰ | ਨਿਵਿਦਾ ਅਨੁਭਾਗ | ਬੋਲੀ ਪ੍ਰਣਾਲੀ |
|---|---|---|
| ਖੁਲ੍ਹਾ | ਕੰਮ | ਏਕਲ ਬੋਲੀ ਪ੍ਰਣਾਲੀ |
| ਨਿਵਿਦਾ ਅਪਲੋਡ ਕਰਨ ਦੀ ਮਿਤੀ | ਬੋਲੀ ਸ਼ੁਰੂ ਦੀ ਮਿਤੀ | ਬੋਲੀ ਸਮਾਪਨ ਦੀ ਮਿਤੀ ਅਤੇ ਸਮਾਂ |
| 22.03.2023 | 27.04.2023 | 11.05.2023 / 15:00 ਵਜੇ |

| ਲ.ਨੰ. | ਨਿਵਿਦਾ ਸੰਖਿਆ | ਨਿਵਿਦਾ ਦਾ ਵੇਰਵਾ | | | |
|---|---|---|---|---|---|
| 1 | 488-2022-23-Track-DRM-FRZ | ਫਿਰੋਜ਼ਪੁਰ ਮੰਡਲ ਵਿਚ ਟੈਪਿੰਗ ਮਸ਼ੀਨ (ਸੀਐਸਐਸ) ਡੀਜੀਐਮ ਆਦਿ) ਦੇ ਸਬੰਧ ਵਿਚ ਪ੍ਰੀ ਅਤੇ ਪੋਸਟ ਦਾ ਕੰਮ ਅਤੇ ਟ੍ਰੈਕ ਦੇ ਹੋਰ ਵਿਵਿਧ ਕੰਮ ਕਰਨ ਲਈ। | | | |
| | | ਵਿਗਿਆਪਨ ਮੁਲ (ਰੁ.) | ਬਿਆਨਾ ਰਾਸ਼ੀ | ਆਫਰ ਦੀ ਵੈਲੇਡਿਟੀ | ਸਮਾਪਨ ਦਾ ਸਮਾਂ |
| | | ਰੁ. 99,60295/- | 1,99,200/- | 60 ਦਿਨ | 12 ਮਹੀਨੇ |
| | | ਸਮਾਨ ਨੇਚਰ ਦਾ ਕੰਮ:- ਪੂਰਨ ਟ੍ਰੈਕ ਨਵੀਨੀਕਰਨ/ਪੂਰਨ ਰੇਲ ਨਵੀਨੀਕਰਨ/ਪੂਰਨ ਫਿਟਿੰਗ ਨਵੀਨੀਕਰਨ/ ਪੂਰਨ ਟਰਨ ਆਊਟ ਨਵੀਨੀਕਰਨ, ਦੀ ਗਹਿਰੀ ਜਾਂਚ/ਟ੍ਰੈਕ ਦੇ ਉਠਾਨ/ਛਨਾਈ, ਡਿਸਟ੍ਰੈਸਿੰਗ, ਟ੍ਰੈਕ ਮੇਂਟਨੈਂਸ ਮਸ਼ੀਨ ਦੇ ਪੂਰਵ ਅਤੇ ਬਾਅਦ ਦੇ ਕੰਮ ਅਤੇ ਟੀ-28 ਮਸ਼ੀਨ ਤੋਂ ਟਰਨ ਆਊਟ ਨਵੀਨੀਕਰਨ ਦਾ ਕੰਮ। | | | |

ਨੋਟ 1. - ਨਿਵਿਦਾ ਪਾਉਣ ਤੋਂ ਪਹਿਲਾਂ, ਨਿਵਿਦਾਕਰਤਾ ਦੇ ਸਬੰਧ ਵਿਚ ਜਾਰੀ ਕੀਤੇ ਗਏ ਕਿਸੇ ਵੀ ਸੁਧੀਪੱਤਰ ਦੀ ਜਾਂਚ ਕਰਨਗੇ। 2. ਹਿੰਦੀ ਵਿਚ ਕਿਸੇ ਵੀ ਤਰੁਟੀ ਲਈ ਅੰਗ੍ਰੇਜ਼ੀ ਵਰਜਨ ਦਾ ਅਵਲੋਕਨ ਕਰੋ, ਅਤੇ ਅੰਗ੍ਰੇਜ਼ੀ ਵਰਜਨ ਹੀ ਮਾਨਯ ਹੋਣਗੇ।

897/23

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ



**ਉੱਤਰ ਰੇਲਵੇ**

**ਈ-ਨਿਵਿਦਾ ਸੂਚਨਾ**

Tender Notice No:- 770-W/169/WA-1/FZR/486-2022-23-ADEN-LDH, ਸੀਨੀਅਰ ਮੰਡਲ ਇੰਜੀਨੀਅਰ-ਫਸਟ, ਫਿਰੋਜ਼ਪੁਰ ਦੁਆਰਾ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਹੇਠਾਂ ਲਿਖਤ ਈ-ਟੈਂਡਰ ਅੰਤਮ ਮਿਤੀ 17.04.2023 ਸਮਾਂ 15:00 ਵਜੇ ਤਕ www.ireps.gov.in ਤੇ ਮੰਗ ਕੀਤੀ ਜਾਂਦੀ ਹੈ। ਨਿਵਿਦਾਕਰਤਾ ਆਪਣੇ ਮੂਲ/ਸੰਸ਼ੋਧਿਤ ਟੈਂਡਰ ਬੰਦ ਹੋਣ ਦੀ ਮਿਤੀ ਅਤੇ ਸਮੇਂ ਤਕ ਪੇਸ਼ ਕਰ ਸਕਦੇ ਹਨ। ਮੈਨੂੰਅਲ ਪ੍ਰਸਤਾਵ ਇਸ ਟੈਂਡਰ ਦੇ ਲਈ ਮਾਨਯ ਨਹੀਂ ਹਨ ਅਤੇ ਐਸੇ ਕਿਸੇ ਵੀ ਪ੍ਰਸਤਾਵ ਨੂੰ ਸਵੀਕਾਰ ਨਹੀਂ ਕੀਤਾ ਜਾਵੇਗਾ। ਠੇਕੇਦਾਰ ਨੂੰ ਕੇਵਲ ਆਈਆਰਈਪੀਐਸ ਪੋਰਟਲ ਤੇ ਉਪਲਬਧ ਭੁਗਤਾਨ ਮੋਡ ਜਿਵੇਂ ਨੈਟ ਬੈਂਕਿੰਗ, ਡੇਬਿਟ ਕਾਰਡ, ਕਰੈਡਿਟ ਕਾਰਡ ਆਦਿ ਦੇ ਮਾਧਿਅਮ ਨਾਲ ਨਿਵਿਦਾ ਦਸਤਾਵੇਜ ਲਾਗਤ ਅਤੇ ਬਿਆਨਾ ਰਾਸ਼ੀ ਦੇ ਲਈ ਇਸ ਨਿਵਿਦਾ ਦੇ ਲਈ ਭੁਗਤਾਨ ਕਰਨ ਦੀ ਇਜਾਜਤ ਹੈ। ਡਿਮਾਂਡ ਡ੍ਰਾਫਟ, ਬੈਂਕਰ ਚੈਕ, ਜਮ੍ਹਾ ਰਸੀਦ, ਐਫਡੀਆਰ ਆਦਿ ਦੇ ਮਾਧਿਅਮ ਨਾਲ ਮੈਨੂੰਅਲ ਭੁਗਤਾਨ।। ਦੀ ਇਜਾਜਤ ਨਹੀਂ ਹੈ।

| ਨਿਵਿਦਾ ਪ੍ਰਕਾਰ | ਨਿਵਿਦਾ ਅਨੁਭਾਗ | ਬੋਲੀ ਪ੍ਰਣਾਲੀ |
|---|---|---|
| ਖੁਲ੍ਹਾ | ਕੰਮ | ਏਕਲ ਬੋਲੀ ਪ੍ਰਣਾਲੀ |
| ਨਿਵਿਦਾ ਅਪਲੋਡ ਕਰਨ ਦੀ ਮਿਤੀ | ਬੋਲੀ ਸ਼ੁਰੂ ਦੀ ਮਿਤੀ | ਬੋਲੀ ਸਮਾਪਨ ਦੀ ਮਿਤੀ ਅਤੇ ਸਮਾਂ |
| 23.03.2023 | 03.04.2023 | 17.04.2023 15:00 Hrs |

| | | | | |
|---|---|---|---|---|
| 1. | 435-2022-23-ADEN-LDH | ਸਹਾਇਕ ਮੰਡਲ ਇੰਜੀਨੀਅਰ-ਲੁਧਿਆਣਾ ਦੇ ਅਧਿਕਾਰ ਖੇਤਰ ਵਿਚ ਫਗਵਾੜਾ ਸਟੇਸ਼ਨ ਉਤੇ (15KLD) ਸਮਰਥਾ ਦਾ (ਸੀਵਰੇਜ ਟ੍ਰੀਟਮੈਂਟ ਪਲਾਂਟ) ਦਾ ਪ੍ਰਾਵਧਾਨ | | |
| | | ਵਿਗਿਆਪਨ ਮੁਲ (Rs.) | ਆਫਰ ਦੀ ਵੈਲੇਡਿਟੀ | ਸਮਾਪਨ ਦਾ ਸਮਾਂ |
| | | 3158075.08 | 60 ਦਿਨ | 06 ਮਹੀਨੇ |

894/2023

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ



ਨਵਾਂ ਜ਼ਮਾਨਾ ਪੋਸਟ ਬਾਕਸ ਨੰ. 134

Printed and Published by **Gurmit Singh Shugli** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: **Chand Fatehpuri**

ਸੰਪਾਦਕ : **ਚੰਦ ਫਤਿਹਪੁਰੀ** * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ **ਗੁਰਮੀਤ ਸਿੰਘ ਸ਼ੁਗਲੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।

ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

24-March-PAGE-3.qxd 3/23/2023 11:15 PM Page 1



# ਸ਼ਹੀਦ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦਾ ਸ਼ਹੀਦੀ ਦਿਹਾੜਾ ਸਾਮਰਾਜ ਵਿਰੋਧੀ ਦਿਵਸ ਵਜੋਂ ਮਨਾਇਆ

**ਮਜੀਠਾ (ਸੋਇਮ ਆਨੰਦ)**
ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਅਤੇ ਟੈਕਨੀਕਲ ਸਰਵਿਸਜ਼ ਯੂਨੀਅਨ ਪੰਜਾਬ ਰਾਜ ਬਿਜਲੀ ਬੋਰਡ ਵੱਲੋਂ ਸਾਂਝੇ ਤੌਰ 'ਤੇ ਦਾਣਾ ਮੰਡੀ ਮਜੀਠਾ ਵਿਖੇ ਸ਼ਹੀਦ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦਾ ਸ਼ਹੀਦੀ ਦਿਹਾੜਾ ਸਾਮਰਾਜ ਵਿਰੋਧੀ ਦਿਵਸ ਵਜੋਂ ਮਨਾਇਆ ਗਿਆ। ਸਟੇਜ ਦੀ ਕਾਰਵਾਈ ਸ਼ੁਰੂ ਕਰਨ ਉਪਰੰਤ ਸ਼ਹੀਦਾਂ ਨੂੰ ਦੋ ਮਿੰਟ ਦਾ ਮੌਨ ਧਾਰ ਕੇ ਸਰਧਾਂਜਲੀ ਭੇਟ ਕੀਤੀ ਗਈ। ਇਕੱਠ ਨੂੰ ਸੰਬੋਧਨ ਕਰਦਿਆਂ ਵੱਖ ਵੱਖ ਬੁਲਾਰਿਆਂ ਨੇ ਜਿੱਥੇ ਸ਼ਹੀਦਾਂ ਦੀ ਵਿਚਾਰਧਾਰਾ 'ਤੇ ਚਰਚਾ ਕੀਤੀ ਉਥੇ ਸ਼ਹੀਦਾਂ ਵੱਲੋਂ ਸਾਮਰਾਜ ਵਿਰੁੱਧ ਜਾਨਹੂਲਵੇਂ ਕੀਤੇ ਸੰਘਰਸ਼ 'ਤੇ ਵੀ ਵਿਚਾਰ ਪ੍ਰਗਟ ਕੀਤੇ ਅਤੇ ਕਿਹਾ ਕਿ ਉਸ ਸਮੇਂ ਬਰਤਾਨਵੀ ਹਕੂਮਤ ਵੱਲੋਂ ਸਾਮਰਾਜੀ ਲੁੱਟ ਨੂੰ ਤੇਜ਼ ਕਰਦਿਆਂ ਗਰੀਬ ਤੇ ਪੱਛੜੇ ਮੁਲਕਾਂ 'ਤੇ ਬਸਤੀਵਾਦੀ ਨੀਤੀ ਨਾਲ ਕਬਜ਼ਾ ਕਰਕੇ ਤਿੱਖੀ ਰੱਤ ਨਿਚੋੜ ਕੀਤੀ ਹੈ। ਇਸੇ ਤਰ੍ਹਾਂ ਹੁਣ ਸਾਮਰਾਜੀ ਤੇ ਭਾਰਤੀ ਹਕੂਮਤਾਂ ਦੇ ਗੱਠਜੋੜ ਤਹਿਤ ਵਰਲਡ ਬੈਂਕ, ਸੰਸਾਰ ਵਪਾਰ ਸੰਸਥਾ ਅਤੇ ਕੌਮਾਂਤਰੀ ਮੁਦਰਾ ਫੰਡ ਵੱਲੋਂ ਘੜੀਆਂ ਜਾਂਦੀਆਂ ਨੀਤੀਆਂ ਨੂੰ ਲਾਗੂ ਕਰਕੇ ਨਿੱਜੀਕਰਨ, ਸੰਸਾਰੀਕਰਨ, ਉਦਾਰੀਕਰਨ ਰਾਹੀਂ ਜਲ, ਜੰਗਲ, ਜ਼ਮੀਨ, ਸਿੱਖਿਆ, ਸਿਹਤ ਸੇਵਾਵਾਂ, ਬਿਜਲੀ, ਰੇਲਵੇ, ਟਰਾਂਸਪੋਰਟ, ਏਅਰਲਾਈਨ ਅਤੇ ਹੋਰ ਕੁਦਰਤੀ ਸਰੋਤਾਂ 'ਤੇ ਦੇਸੀ ਅਤੇ ਵਿਦੇਸੀ ਕਾਰਪੋਰੇਟ ਘਰਾਣਿਆਂ ਨੂੰ ਕਬਜ਼ਾ ਕਰਵਾਇਆ ਜਾ ਰਿਹਾ ਹੈ। ਜਿਸ ਕਾਰਨ ਕਿਰਤੀ, ਕਿਸਾਨ, ਮਜ਼ਦੂਰ ਵੱਖ-ਵੱਖ ਵਰਗ ਦੇ ਕਿਰਤੀ ਲੋਕ ਜਿੱਥੇ ਰੋਜ਼ਗਾਰ ਤੋਂ ਵਾਂਝੇ ਹੋ ਰਹੇ ਹਨ, ਉੱਥੇ ਖੇਤੀ ਵਰਗਾ ਧੰਦਾ ਘਾਟੇਵੰਦਾ ਹੋਣ ਕਾਰਨ ਕਿਸਾਨ-ਮਜ਼ਦੂਰ ਖੁਦਕੁਸ਼ੀਆਂ ਦੇ ਰਾਹ ਪਏ ਹੋਏ ਹਨ। ਆਗੂਆਂ ਨੇ ਦੱਸਿਆ ਕਿ ਅੱਜ ਅਸੀਂ ਉਨ੍ਹਾਂ ਸ਼ਹੀਦਾਂ ਨੂੰ ਯਾਦ ਕਰ ਰਹੇ ਹਾਂ ਜਿਨ੍ਹਾਂ ਨੇ ਈਸਟ ਇੰਡੀਆ ਕੰਪਨੀ ਨੂੰ ਦੇਸ਼ ਵਿੱਚੋਂ ਬਾਹਰ ਕੱਢਣ ਲਈ ਲਾਸਾਨੀ ਕੁਰਬਾਨੀਆਂ ਦਿੱਤੀਆਂ ਸਨ। ਦੂਸਰੇ ਪਾਸੇ ਸ਼ਹੀਦ ਭਗਤ




ਸਿੰਘ ਦੇ ਨਾਅਰੇ ਹੇਠ ਹੋਂਦ ਵਿੱਚ ਆਈ ਭਗਵੰਤ ਮਾਨ ਸਰਕਾਰ ਵੱਲੋਂ ਈਸਟ ਇੰਡੀਆ ਵਰਗੀਆਂ ਸੈਂਕੜੇ ਲੋਟੂ ਕੰਪਨੀਆਂ ਨੂੰ ਪੰਜਾਬ ਅੰਦਰ ਸੱਦਾ ਦਿੱਤਾ ਜਾ ਰਿਹਾ ਹੈ ਅਤੇ ਉਨ੍ਹਾਂ ਦੇ ਸਵਾਗਤ ਲਈ ਲੋਕਾਂ ਦੁਆਰਾ ਦਿੱਤੇ ਟੈਕਸਾਂ ਦਾ ਅਰਬਾਂ ਰੁਪਏ ਪੈਸਾ ਪਾਣੀ ਵਾਂਗ ਵਹਾਇਆ ਗਿਆ ਹੈ। ਆਗੂਆਂ ਨੇ ਕਿਹਾ ਕਿ ਫਿਰਕੂ ਲਾਮਬੰਦੀਆਂ ਕਰਨ ਦੇ ਰਾਹ ਪਏ ਅੰਮ੍ਰਿਤਪਾਲ ਸਿੰਘ ਤੇ ਉਸ ਦੇ ਸਮਰਥਕਾਂ ਖਿਲਾਫ ਪੁਲਸ ਕਾਰਵਾਈ ਨੂੰ ਮੁਲਕ ਪੱਧਰ 'ਤੇ ਅੰਨ੍ਹੇ ਰਾਸ਼ਟਰਵਾਦ ਨੂੰ ਉਭਾਰਨ ਦਾ ਸਾਧਨ ਬਣਾਇਆ ਗਿਆ ਹੈ, ਜਿਸ ਤਹਿਤ ਪੰਜਾਬ ਅੰਦਰ ਇੰਟਰਨੈੱਟ ਬੰਦ ਕਰਨ, ਕੇਂਦਰੀ ਸੁਰੱਖਿਆ ਬਲ ਸੱਦਣ ਤੇ ਉਹਨਾਂ ਦੇ ਫਲੈਗ ਮਾਰਚਾਂ ਰਾਹੀਂ ਦਹਿਸ਼ਤ ਫੈਲਾਉਣ, ਸਿਰੇ ਦੀ ਧੱਕੜ ਤੇ ਜਾਬਰ ਏਜੰਸੀ ਐਨ.ਆਈ.ਏ. ਨੂੰ ਪੰਜਾਬ ਭੇਜਣ ਤੇ ਐਨ.ਐਸ.ਏ. ਵਰਗੇ ਜਾਬਰ ਕਾਨੂੰਨ ਮੜ੍ਹਨ ਦੇ ਕਦਮ ਚੁੱਕੇ ਗਏ ਹਨ। ਇਹਨਾਂ ਕਦਮਾਂ ਨਾਲ ਅਜਿਹਾ ਝੂਠਾ ਪ੍ਰਭਾਵ ਬਣਾਉਣ ਦੀ ਕੋਸ਼ਿਸ਼ ਕੀਤੀ ਗਈ ਹੈ ਕਿ ਜਿਵੇਂ ਪੰਜਾਬ ਕੋਈ ਵੱਡੀ ਗੜਬੜ ਵਾਲਾ ਇਲਾਕਾ ਹੋਵੇ। ਆਗੂਆਂ ਨੇ ਕਿਹਾ ਕਿ ਸੋਚੀਆਂ-ਸਮਝੀਆਂ ਵਿਉਂਤਾਂ ਤਹਿਤ ਪੰਜਾਬ ਅੰਦਰ ਅਜਿਹੇ ਮਹੌਲ ਦੀ ਉਸਾਰੀ ਕਰਨ ਦੀ ਕੋਸ਼ਿਸ਼ ਹੋ ਰਹੀ ਹੈ ਤਾਂ ਕਿ ਲੋਕਾਂ ਦਾ ਧਿਆਨ ਆਪਣੇ ਹਕੀਕੀ ਮੁੱਦਿਆਂ ਤੋਂ ਲਾਂਭੇ ਲਿਜਾਇਆ ਜਾ ਸਕੇ ਤੇ ਲੋਕਾਂ ਦੀ ਸੰਗਰਾਮੀ ਏਕਤਾ 'ਚ ਪਾਟਕ ਪਾਏ ਜਾ ਸਕਣ। ਉਹਨਾਂ ਲੋਕਾਂ ਨੂੰ ਸੱਦਾ ਦਿੱਤਾ ਹੈ ਕਿ ਉਹ ਸੰਘਰਸ਼ਾਂ ਤੋਂ ਆਪਣਾ ਧਿਆਨ ਭਟਕਣ ਨਾ ਦੇਣ, ਸਗੋਂ ਏਕਤਾ ਵਿਸ਼ਾਲ ਕਰਨ ਤੇ ਹੱਕੀ ਸੰਘਰਸ਼ਾਂ ਨੂੰ ਹੋਰ ਭਖਾਉਣ। ਇਕੱਠ ਨੂੰ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ ਆਗੂ ਡਾ. ਪਰਮਿੰਦਰ ਸਿੰਘ ਪੰਡੋਰੀ ਪ੍ਰਧਾਨ , ਬਾਬਾ ਜਗਜੀਵਨ ਸਿੰਘ, ਮੰਗਲ ਸਿੰਘ ਗੋਸਲ, ਜੋਗਿੰਦਰ ਸਿੰਘ ਬੁਰਜ, ਦਲਬੀਰ ਸਿੰਘ ਮੱਝਵਿੰਡ, ਅਨਮੋਲ ਸਿੰਘ ਕੰਦੋਵਾਲੀ, ਕੁਲਬੀਰ ਸਿੰਘ ਜੇਠੂਵਾਲ, ਹਰਚਰਨ ਸਿੰਘ ਮੱਧੀਪੁਰ, ਅਜੈਬ ਸਿੰਘ ਟਰਪਈ, ਧਿਆਨ ਸਿੰਘ ਪਾਖਰਪੁਰ, ਰਣਜੀਤ ਸਿੰਘ ਕੰਗ, ਸਤਨਾਮ ਸਿੰਘ ਭਕਨਾ, ਕੁਲਵੰਤ ਕੌਰ ਤਲਵੰਡੀ ਖੁੰਮਣ, ਟੀ.ਐਸ.ਯੂ. ਦੇ ਆਗੂ ਕ੍ਰਿਸ਼ਨ ਸਿੰਘ ਜੇਠੂਵਾਲ, ਸੁਖਪਾਲ ਸਿੰਘ ਮਜੀਠਾ, ਰਘਬੀਰ ਸਿੰਘ ਮਜੀਠਾ ਨੇ ਸੰਬੋਧਨ ਕੀਤਾ। ਸਟੇਜ ਦੀ ਕਾਰਵਾਈ ਡਾ. ਪਰਮਿੰਦਰ ਸਿੰਘ ਬਲਾਕ ਪ੍ਰਧਾਨ ਅਟਾਰੀ ਨੇ ਨਿਭਾਈ।

# ਪੰਜਾਬ 'ਚ ਧਰਤੀ ਹੇਠਲੇ ਪਾਣੀ ਦੀ ਹਾਲਤ ਸੁਧਾਰਨ ਲਈ ਬਿਨਾਂ ਦੇਰੀ ਅਪਣਾਈ ਜਾਵੇ ਠੋਸ ਨੀਤੀ : ਐਡਵੋਕੇਟ ਧਾਮੀ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਗੁਰੂ ਨਾਨਕ ਨਿਸ਼ਕਾਮ ਸੇਵਕ ਜਥਾ ਬਰਮਿੰਘਮ ਯੂਕੇ ਵੱਲੋਂ ਨਿਸ਼ਕਾਮ ਅੰਤਰਰਾਸ਼ਟਰੀ ਕੇਂਦਰ ਅੰਮ੍ਰਿਤਸਰ ਵਿਖੇ ਕਰਵਾਏ ਜਾ ਰਹੇ ਤਿੰਨ ਦਿਨਾ 'ਲਿਵਿੰਗ ਵਾਟਰ ਫਾਰ ਆਲ' ਸੰਮੇਲਨ ਦੇ ਅੱਜ ਦੂਸਰੇ ਦਿਨ ਸ਼ਿਰਕਤ ਕੀਤੀ। ਇਹ ਸੰਮੇਲਨ ਸੰਯੁਕਤ ਰਾਸ਼ਟਰ ਵੱਲੋਂ ਇਸ ਸਾਲ 2023 'ਚ ਮਨਾਏ ਜਾ ਰਹੇ ਆਲਮੀ ਜਲ ਦਿਵਸ ਦੇ ਅੰਤਰਗਤ ਸਮਾਗਮਾਂ ਤਹਿਤ ਅਯੋਜਿਤ ਕੀਤਾ ਗਿਆ ਹੈ।



ਸੰਮੇਲਨ ਦੌਰਾਨ 'ਧਰਤੀ ਹੇਠਲੇ ਪਾਣੀ ਦੇ ਭੰਡਾਰਨ, ਨਿਘਾਰ ਅਤੇ ਸਥਿਰਤਾ-ਪੰਜਾਬ ਹਾਲਤ 'ਤੇ ਅਧਿਐਨ' ਵਿਸ਼ੇ ਉੱਤੇ ਹਾਜ਼ਰ ਸ਼ਖ਼ਸੀਅਤਾਂ ਨੂੰ ਸੰਬੋਧਨ ਕਰਦਿਆਂ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਧਾਮੀ ਨੇ ਕਿਹਾ ਕਿ ਪਾਣੀ 'ਤੇ ਚਿੰਤਨ ਮੰਥਨ ਕਰਨਾ ਇਕ ਸੁਹਿਰਦ ਪਹੁੰਚ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਪ੍ਰਸੰਗ ਵਿਚ ਧਰਤੀ ਹੇਠਲੇ ਪਾਣੀ ਦੀ ਸਥਿਤੀ ਸੰਕਟ ਵੱਲ ਵੱਧ ਰਹੀ ਹੈ। ਪੰਜਾਬ ਵਿੱਚ ਇਸ ਅਹਿਮ ਅਤੇ ਅਤਿ ਸੰਵੇਦਨਸ਼ੀਲ ਵਿਸ਼ੇ 'ਤੇ ਬਿਨਾਂ ਕਿਸੇ ਦੇਰੀ ਵਿਚਾਰ ਚਰਚਾ ਕਰਨੀ ਅਤੇ ਸੁਧਾਰ ਲਈ ਲੋੜੀਂਦੀਆਂ ਠੋਸ ਨੀਤੀਆਂ ਅਪਨਾਉਣੀਆਂ ਬੇਹੱਦ ਜ਼ਰੂਰੀ ਹਨ। ਐਡਵੋਕੇਟ ਧਾਮੀ ਨੇ ਗੁਰੂ ਨਾਨਕ ਨਿਸ਼ਕਾਮ ਸੇਵਕ ਜਥੇ ਦੇ ਮੁਖੀ ਭਾਈ ਸਾਹਿਬ ਭਾਈ ਮਹਿੰਦਰ ਸਿੰਘ ਯੂਕੇ ਵੱਲੋਂ ਕਰਵਾਏ ਗਏ ਸੰਮੇਲਨ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਸ ਸੰਮੇਲਨ ਰਾਹੀਂ ਪਾਵਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਦੀਵੀ ਸੰਦੇਸ਼ ਨੂੰ ਵਿਚਾਰ ਦਾ ਹਿੱਸਾ ਬਣਾਉਣਾ ਸਾਰਥਿਕ ਅਮਲ ਹੈ। ਉਨ੍ਹਾਂ ਕਿਹਾ ਕਿ ਸਿੱਖ ਗੁਰੂ ਸਾਹਿਬਾਨ ਦੀ ਪਾਵਨ ਗੁਰਬਾਣੀ ਸਾਨੂੰ ਕੁਦਰਤੀ ਸਰੋਤਾਂ ਨੂੰ ਸੰਭਾਲਣ ਦੀ ਸਿੱਖਿਆ ਦਿੰਦੀ ਹੈ, ਇਸ ਲਈ ਸਾਡੀ ਪਹਿਲ ਕੁਦਰਤੀ ਸੋਮਿਆਂ ਦੀ ਸੰਭਾਲ ਕਰਨਾ ਹੋਣੀ ਚਾਹੀਦੀ ਹੈ। ਐਡਵੋਕੇਟ ਹਰਜਿੰਦਰ ਸਿੰਘ ਨੇ ਕਿਹਾ ਕਿ ਗੁਰੂ ਨਾਨਕ ਨਿਸ਼ਕਾਮ ਸੇਵਕ ਜਥੇ ਵੱਲੋਂ ਪੰਜਾਬ ਅਤੇ ਵਿਸ਼ਵ ਪੱਧਰ 'ਤੇ ਜਲ ਜਾਗਰੂਕਤਾ 'ਤੇ ਸਾਂਝੇ ਰੂਪ ਵਿੱਚ ਕੰਮ ਕਰਨ ਲਈ ਇਸ ਸੰਮੇਲਨ ਰਾਹੀਂ ਵੱਖ-ਵੱਖ ਧਾਰਮਿਕ ਆਗੂਆਂ ਅਤੇ ਪੇਸ਼ੇਵਰ ਮਾਹਿਰਾਂ ਨੂੰ ਇਕੱਠਾ ਕਰਨ ਦਾ ਕਾਰਜ ਕਰਨਾ ਸ਼ਲਾਘਾਯੋਗ ਹੈ।

ਸੰਮੇਲਨ ਵਿੱਚ ਸੰਬੋਧਨ ਕਰਦਿਆਂ ਭਾਈ ਸਾਹਿਬ ਭਾਈ ਮਹਿੰਦਰ ਸਿੰਘ ਯੂਕੇ ਨੇ ਕਿਹਾ ਕਿ ਦਇਆ, ਜ਼ੁੰਮੇਵਾਰੀ, ਸੰਤੁਸ਼ਟੀ, ਨਿਮਰਤਾ, ਆਸ਼ਾਵਾਦ ਅਤੇ ਪਿਆਰ ਦੀ ਭਰਪੂਰਤਾ ਵਰਗੇ ਗੁਣਾਂ ਅਤੇ ਕਦਰਾਂ-ਕੀਮਤਾਂ ਵਾਲੇ ਚੰਗੇ ਮਨੁੱਖਾਂ ਨੂੰ ਉਤਸ਼ਾਹਿਤ ਕਰਨ ਦੀ ਲੋੜ ਹੈ। ਤਬਦੀਲੀ ਨੂੰ ਤੇਜ਼ ਕਰਨ ਅਤੇ ਹਾਲਤ ਵਿੱਚ ਅੰਤਰ ਲਿਆਉਣ ਲਈ ਸਾਨੂੰ ਵਿਗਿਆਨਕ ਗਿਆਨ ਅਤੇ ਧਾਰਮਿਕ ਬੁੱਧੀ ਦੋਵਾਂ ਦੀ ਲੋੜ ਹੈ। ਕੁਦਰਤੀ ਸੋਮੇ ਤੇ ਖਾਸਕਰ ਪਾਣੀ ਮਨੁੱਖ ਲਈ ਅਹਿਮ ਹਨ, ਜਿਨ੍ਹਾਂ ਲਈ ਸਾਰਥਕ ਸੋਚ ਤੇ ਚਿੰਤਨ ਲਾਜ਼ਮੀ ਹੈ। ਇਸ ਸੰਮੇਲਨ ਦੌਰਾਨ ਦਲਾਈ ਲਾਮਾ ਨੇ ਰਿਮੋਟ ਸੰਦੇਸ਼ ਰਾਹੀਂ ਸੰਬੋਧਨ ਕੀਤਾ। ਇਸ ਤੋਂ ਇਲਾਵਾ ਲਿਵਿੰਗ ਪੀਸ ਪ੍ਰੋਜੈਕਟਸ ਤੋਂ ਬ੍ਰਿਗੇਟ ਵਾਨ ਬੈਰੇਨ, ਸਵਾਮੀ ਅਵੇਸ਼ਾਨੰਦ ਗਿਰੀ, ਸਵਾਮੀ ਚਿਦਾਨੰਦ ਸਰਸਵਤੀ, ਜੋਨਾਥਨ ਗ੍ਰੈਨੋਫ, ਆਈਆਈਟੀ ਰੁੜਕੀ ਦੇ ਪ੍ਰੋਫੈਸਰ ਡਾ. ਸ਼ਰਦ ਜੈਨ ਅਤੇ ਡਾ. ਭੁਪਿੰਦਰ ਸਿੰਘ ਅਤੇ ਹੋਰ ਮਾਹਰਾਂ ਨੇ ਵੀ ਸੰਬੋਧਨ ਕੀਤਾ। ਇਸ ਮੌਕੇ ਭਾਈ ਇੰਦਰਜੀਤ ਸਿੰਘ ਬਿੱਟੂ ਸਹ ਆਯੋਜਕ, ਭਾਈ ਅਮਰੀਕ ਸਿੰਘ, ਸ਼੍ਰੋਮਣੀ ਕਮੇਟੀ ਦੇ ਸਕੱਤਰ ਪ੍ਰਤਾਪ ਸਿੰਘ, ਓਐਸਡੀ ਸਤਬੀਰ ਸਿੰਘ ਧਾਮੀ, ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਸਤਨਾਮ ਸਿੰਘ ਮਾਂਗਾਸਰਾਏ, ਮੀਤ ਸਕੱਤਰ ਸ਼ਾਹਬਾਜ਼ ਸਿੰਘ ਆਦਿ ਹਾਜ਼ਰ ਸਨ।

# ਨਸ਼ਿਆਂ ਵਿਰੁੱਧ ਵਿੱਢੀ ਵਿਸ਼ੇਸ਼ ਮੁਹਿੰਮ ਨੂੰ ਮਿਲ ਰਿਹੈ ਲੋਕਾਂ ਦਾ ਭਰਵਾਂ ਹੁੰਗਾਰਾ : ਰਵੀ ਦਾਰਾ



**ਗੁਰਦਾਸਪੁਰ, (ਜਨਕ ਮਹਾਜਨ)**
ਪੰਜਾਬ ਸਰਕਾਰ ਦੀਆਂ ਹਦਾਇਤਾਂ ਤਹਿਤ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਦੀ ਅਗਵਾਈ ਹੇਠ ਜ਼ਿਲ੍ਹਾ ਪ੍ਰਸ਼ਾਸਨ ਗੁਰਦਾਸਪੁਰ ਵੱਲੋਂ ਸਮਾਜ ਵਿਚੋਂ ਨਸ਼ਿਆਂ ਦੀ ਲਾਹਨਤ ਨੂੰ ਖਤਮ ਲਈ ਵਿਸ਼ੇਸ਼ ਜਾਗਰੂਕਤਾ ਮੁਹਿੰਮ ਚਲਾਈ ਜਾ ਰਹੀ ਹੈ। ਨਸ਼ਿਆਂ ਖਿਲਾਫ ਲੋਕ ਲਹਿਰ ਬਣਾਉਣ ਲਈ ਪ੍ਰਸ਼ਾਸਨ ਵੱਲੋਂ ਸਮਾਜ ਦੇ ਹਰ ਵਰਗ ਦਾ ਸਾਥ ਲਿਆ ਜਾ ਰਿਹਾ ਹੈ ਅਤੇ ਖਾਸ ਕਰਕੇ ਨੌਜਵਾਨਾਂ ਤੱਕ ਪਹੁੰਚ ਕਰਕੇ ਉਨ੍ਹਾਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਤੋਂ ਜਾਣੂ ਕਰਵਾਇਆ ਜਾ ਰਿਹਾ ਹੈ। ਨਸ਼ਾ ਵਿਰੋਧੀ ਮੁਹਿੰਮ ਤਹਿਤ ਯੁਵਕ ਸੇਵਾਵਾਂ ਵਿਭਾਗ ਦੇ ਗੁਰਦਾਸਪੁਰ ਸਥਿਤ ਅਸਿਸਟੈਂਟ ਡਾਇਰੈਕਟਰ ਰਵੀ ਦਾਰਾ ਵੱਲੋਂ ਜ਼ਿਲ੍ਹੇ ਦੇ ਵੱਖ-ਵੱਖ ਕਾਲਜਾਂ ਵਿੱਚ ਵਿਸ਼ੇਸ਼ ਜਾਗਰੂਕਤਾ ਕੈਂਪ ਲਗਾਏ ਜਾ ਰਹੇ ਹਨ। ਇਨ੍ਹਾਂ ਕੈਂਪਾਂ ਵਿੱਚ ਮਾਹਿਰਾਂ ਵੱਲੋਂ ਨੌਜਵਾਨਾਂ ਨੂੰ ਨਸ਼ਿਆਂ ਕਾਰਨ ਹੁੰਦੇ ਸਰੀਰਕ, ਮਾਨਸਿਕ, ਸਮਾਜਿਕ ਅਤੇ ਆਰਥਿਕ ਨੁਕਸਾਨਾਂ ਬਾਰੇ ਦੱਸਿਆ ਜਾ ਰਿਹਾ ਹੈ। ਇਸ ਦੇ ਨਾਲ ਹੀ ਵਿਦਿਆਰਥੀਆਂ ਦੇ ਨਸ਼ਿਆਂ ਦੀ ਲਾਹਨਤ ਵਿਰੁੱਧ ਭਾਸ਼ਣ, ਪੇਂਟਿੰਗ ਤੇ ਲੇਖ ਮੁਕਾਬਲੇ ਵੀ ਕਰਵਾਏ ਜਾ ਰਹੇ ਹਨ। ਯੁਵਕ ਸੇਵਾਵਾਂ ਵਿਭਾਗ ਗੁਰਦਾਸਪੁਰ ਦੇ ਅਸਿਸਟੈਂਟ ਡਾਇਰੈਕਟਰ ਵੀ ਦਾਰਾ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਚਲਾਈ ਜਾ ਰਹੀ ਨਸ਼ਾ ਵਿਰੋਧੀ ਮੁਹਿੰਮ ਨੂੰ ਜ਼ਿਲ੍ਹਾ ਗੁਰਦਾਸਪੁਰ ਵਿਚ ਭਰਵਾਂ ਹੁੰਗਾਰਾ ਮਿਲ ਰਿਹਾ ਹੈ। ਉਨ੍ਹਾਂ ਕਿਹਾ ਕਿ ਜਾਗਰੂਕਤਾ ਸੈਮੀਨਾਰ ਦੌਰਾਨ ਨੌਜਵਾਨ ਨਸ਼ਿਆਂ ਤੋਂ ਬਚਣ ਦਾ ਅਹਿਦ ਕਰ ਰਹੇ ਹਨ ਅਤੇ ਨਾਲ ਹੀ ਉਨ੍ਹਾਂ ਵੱਲੋਂ ਇਸ ਜਾਗਰੂਕਤਾ ਮੁਹਿੰਮ ਵਿੱਚ ਮੋਹਰੀ ਰੋਲ ਅਦਾ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਇਸ ਜਾਗਰੂਕਤਾ ਮੁਹਿੰਮ ਵਿੱਚ ਸਮਾਜ ਦੇ ਹਰੇਕ ਵਰਗ ਦਾ ਸਾਥ ਲਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਦੀ ਅਗਵਾਈ ਹੇਠ ਨਸ਼ਾ ਵਿਰੋਧੀ ਮੁਹਿੰਮ ਜਾਰੀ ਰਹੇਗੀ।

# ਨੌਜਵਾਨਾਂ ਨੂੰ ਨਸ਼ਿਆਂ ਤੋਂ ਬਚਾਉਣ ਲਈ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਵਿਸ਼ੇਸ਼ ਜਾਗਰੂਕਤਾ ਮੁਹਿੰਮ

**ਗੁਰਦਾਸਪੁਰ, (ਜਨਕ ਮਹਾਜਨ)**- ਪੰਜਾਬ ਸਰਕਾਰ ਦੀਆਂ ਹਦਾਇਤਾਂ ਤਹਿਤ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਦੀ ਅਗਵਾਈ ਹੇਠ ਜ਼ਿਲ੍ਹਾ ਪ੍ਰਸ਼ਾਸਨ ਗੁਰਦਾਸਪੁਰ ਵੱਲੋਂ ਸਮਾਜ ਵਿੱਚੋਂ ਨਸ਼ਿਆਂ ਨੂੰ ਖਤਮ ਲਈ ਵਿਸ਼ੇਸ਼ ਜਾਗਰੂਕਤਾ ਮੁਹਿੰਮ ਚਲਾਈ ਜਾ ਰਹੀ ਹੈ। ਨਸ਼ਿਆਂ ਖਿਲਾਫ ਲੋਕ ਲਹਿਰ ਬਣਾਉਣ ਲਈ ਪ੍ਰਸ਼ਾਸਨ ਵੱਲੋਂ ਸਮਾਜ ਦੇ ਹਰ ਵਰਗ ਦਾ ਸਾਥ ਲਿਆ ਜਾ ਰਿਹਾ ਹੈ ਅਤੇ ਖਾਸ ਕਰਕੇ ਨੌਜਵਾਨਾਂ ਤੱਕ ਪਹੁੰਚ ਕਰਕੇ ਉਨ੍ਹਾਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਤੋਂ ਜਾਣੂ ਕਰਵਾਇਆ ਜਾ ਰਿਹਾ ਹੈ। ਨਸ਼ਾ ਵਿਰੋਧੀ ਮੁਹਿੰਮ ਤਹਿਤ ਯੁਵਕ ਸੇਵਾਵਾਂ ਵਿਭਾਗ ਦੇ ਗੁਰਦਾਸਪੁਰ ਸਥਿਤ ਅਸਿਸਟੈਂਟ ਡਾਇਰੈਕਟਰ ਰਵੀ ਦਾਰਾ ਵੱਲੋਂ ਜ਼ਿਲ੍ਹੇ ਦੇ ਵੱਖ-ਵੱਖ ਕਾਲਜਾਂ ਵਿੱਚ ਵਿਸ਼ੇਸ਼ ਜਾਗਰੂਕਤਾ ਕੈਂਪ ਲਗਾਏ ਜਾ ਰਹੇ ਹਨ। ਇਨ੍ਹਾਂ ਕੈਂਪਾਂ ਵਿੱਚ ਮਾਹਰਾਂ ਵੱਲੋਂ ਨੌਜਵਾਨਾਂ ਨੂੰ ਨਸ਼ਿਆਂ ਕਾਰਨ ਹੁੰਦੇ ਸਰੀਰਕ, ਮਾਨਸਿਕ, ਸਮਾਜਿਕ ਅਤੇ ਆਰਥਿਕ ਨੁਕਸਾਨਾਂ ਬਾਰੇ ਦੱਸਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਇਸ ਜਾਗਰੂਕਤਾ ਮੁਹਿੰਮ ਵਿੱਚ ਸਮਾਜ ਦੇ ਹਰੇਕ ਵਰਗ ਦਾ ਸਾਥ ਲਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਦੀ ਅਗਵਾਈ ਹੇਠ ਨਸ਼ਾ ਵਿਰੋਧੀ ਮੁਹਿੰਮ ਜਾਰੀ ਰਹੇਗੀ।

# ਇੰਪੀਰਿਆ ਇੰਸਟੀਚਿਊਟ ਦੀ ਜਸ਼ਨਪ੍ਰੀਤ ਕੌਰ ਨੂੰ ਆਈਲਟਸ 'ਚ 8.0 ਬੈਂਡ ਹਾਸਲ



**ਤਰਨ ਤਾਰਨ (ਪ੍ਰਿਤਪਾਲ ਸਿੰਘ)**-ਇਲਾਕੇ ਦੀ ਨਾਮਵਰ ਸੰਸਥਾ ਇੰਪੀਰਿਆ ਇੰਸਟੀਚਿਊਟ, ਗੋਇੰਦਵਾਲ ਸਾਹਿਬ ਡਾਕਟਰ ਰਮਨਦੀਪ ਕੌਰ ਰੰਧਾਵਾ ਦੇ ਦਿਸ਼ਾ ਨਿਰਦੇਸ਼ਾਂ ਹੇਠ ਚੱਲ ਰਹੀ ਹੈ, ਜਿਨ੍ਹਾਂ ਨੇ ਖੁਦ ਵੀ ਆਈਲਟਸ ਦੇ ਰੀਡਿੰਗ ਵਿੱਚ 9 ਬੈਂਡ ਅਤੇ ਓਵਰਆਲ 8.5 ਬੈਂਡ ਹਾਸਲ ਕੀਤੇ ਹੋਏ ਹਨ । ਇਸ ਸੰਸਥਾ ਦੀ ਵਿਦਿਆਰਥਣ ਜਸ਼ਨਪ੍ਰੀਤ ਕੌਰ ਨੇ ਆਈਲਟਸ ਵਿੱਚ ਲਿਸਨਿੰਗ ਵਿੱਚ 8.0 ਅਤੇ ਓਵਰਆਲ 7.0 ਬੈਂਡ ਹਾਸਲ ਕਰਕੇ ਆਪਣੇ ਮਾਤਾ ਪਿਤਾ ਅਤੇ ਸੰਸਥਾ ਦਾ ਨਾਂਅ ਰੋਸ਼ਨ ਕੀਤਾ। ਇਸ ਮੌਕੇ ਸੰਸਥਾ ਦੇ ਡਾਇਰੈਕਟਰ ਐਕਡੈਮਿਕਸ ਡਾਕਟਰ ਰਮਨਪ੍ਰੀਤ ਕੌਰ ਰੰਧਾਵਾ ਨੇ ਦੱਸਿਆ ਕਿ ਇਸ ਕਾਮਯਾਬੀ ਦਾ ਸਿਹਰਾ ਸੰਸਥਾ ਦੇ ਮੁਖੀ ਰਵਿੰਦਰ ਕੌਰ ਅਤੇ ਉੱਚ ਕੋਟੀ ਦੇ ਅਧਿਆਪਕ ਜੋ ਕਿ ਆਈਲਟਸ ਵਿੱਚ 8 ਬੈਂਡ ਤੋਂ ਵੱਧ ਹਾਸਲ ਕਰ ਚੁੱਕੇ ਹਨ ਅਤੇ ਮਾਸਟਰ ਡਿਗਰੀ ਹੋਲਡਰ ਹਨ, ਦੀ ਯੋਗ ਅਗਵਾਈ ਨੂੰ ਜਾਂਦਾ ਹੈ। ਉਹਨਾਂ ਜਸ਼ਨਪ੍ਰੀਤ ਕੌਰ ਦੇ ਮਾਤਾ ਪਿਤਾ ਨੂੰ ਵਧਾਈ ਦਿੱਤੀ ਅਤੇ ਦੱਸਿਆ ਕਿ ਸਾਡੀ ਸੰਸਥਾ ਇਸ ਤਰ੍ਹਾਂ ਵਿਦਿਆਰਥੀਆਂ ਨੂੰ ਕਾਮਯਾਬ ਕਰਨ ਲਈ ਵਚਨਬੱਧ ਰਹੇਗੀ।

# ਬਲਾਕ ਪਠਾਨਕੋਟ-2 ਦੇ ਪ੍ਰਾਇਮਰੀ ਸਕੂਲਾਂ 'ਚ ਇੱਕੋ ਦਿਨ 151 ਨਵੇਂ ਦਾਖਲੇ

**ਦੀਨਾਨਗਰ, (ਬਲਵਿੰਦਰ ਸਿੰਘ ਬਿੱਲਾ)**
ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਵੱਲੋਂ ਸਕੂਲ ਸਿੱਖਿਆ ਪ੍ਰਤੀ ਲੋਕਾਂ ਦਾ ਵਿਸ਼ਵਾਸ ਬਹਾਲ ਕਰਕੇ ਉੱਚ ਪੱਧਰੀ ਸਿੱਖਿਆ ਦੇਣ ਦੇ ਸੱਦੇ ਨੂੰ ਕਬੂਲਦਿਆਂ ਬਲਾਕ ਪਠਾਨਕੋਟ-2 ਦੇ ਮਾਪਿਆਂ ਨੇ ਮਿਸਾਲੀ ਹੁੰਗਾਰਾ ਦਿੱਤਾ। ਬੀਤੇ ਕੱਲ ਇੱਕੋ ਦਿਨ ਵਿੱਚ ਬਲਾਕ ਪਠਾਨਕੋਟ-2 ਦੇ ਸਕੂਲਾਂ ਵਿੱਚ ਬੀਪੀਈਓ ਨਰੇਸ਼ ਪਨਿਆੜ ਦੀ ਅਗਵਾਈ ਹੇਠ 151 ਨਵੇਂ ਵਿਦਿਆਰਥੀਆਂ ਨੇ ਦਾਖਲਾ ਲਿਆ। ਜ਼ਿਕਰਯੋਗ ਹੈ ਕਿ ਜ਼ਿਲ੍ਹਾ ਸਿੱਖਿਆ ਅਫਸਰ ਐਲੀਮੈਂਟਰੀ ਕਮਲਦੀਪ ਕੌਰ ਅਤੇ ਉੱਪ ਜ਼ਿਲ੍ਹਾ ਸਿੱਖਿਆ ਅਫਸਰ ਐਲੀਮੈਂਟਰੀ ਡੀਜੀ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਅਤੇ ਬੀਪੀਈਓ ਨਰੇਸ਼ ਪਨਿਆੜ ਦੀ ਯੋਗ ਅਗਵਾਈ ਹੇਠ ਬਲਾਕ ਪਠਾਨਕੋਟ-2 ਦੇ ਪ੍ਰਾਇਮਰੀ ਅਧਿਆਪਕਾਂ ਵੱਲੋਂ ਇਨਰੋਲਮੈਂਟ ਡੇ ਮਨਾਇਆ ਗਿਆ ਜਿਸਦੇ ਤਹਿਤ ਹਰੇਕ ਅਧਿਆਪਕ ਨੇ ਘੱਟੋ-ਘੱਟ ਇੱਕ-ਇੱਕ ਨਵਾਂ ਵਿਦਿਆਰਥੀ ਸਰਕਾਰੀ ਸਕੂਲ ਵਿੱਚ ਦਾਖਲ ਕਰਵਾਇਆ। ਬੀਪੀਈਓ ਨਰੇਸ਼ ਪਨਿਆੜ ਨੇ ਦੱਸਿਆ ਕਿ ਵਿਭਾਗੀ ਹਦਾਇਤਾਂ ਅਨੁਸਾਰ ਬਲਾਕ ਵਿੱਚ ਸਮੁੱਚੇ ਅਧਿਆਪਕਾਂ ਦੀ ਮਿਹਨਤ ਸਦਕਾ ਇਹ ਅੰਕੜਾ 151 ਤੱਕ ਪਹੁੰਚਿਆ ਹੈ।

ਉਨ੍ਹਾਂ ਦੱਸਿਆ ਕਿ ਬਲਾਕ ਦੇ ਸਾਰੇ ਅਧਿਆਪਕ ਵਰਗ ਵਿੱਚ ਨਵੇਂ ਦਾਖਲਿਆਂ ਨੂੰ ਲੈ ਕੇ ਬੇਹੱਦ ਉਤਸ਼ਾਹ ਦੇਖਣ ਨੂੰ ਮਿਲਿਆ। ਵੱਖ-ਵੱਖ ਬਲਾਕ ਅਤੇ ਕਲੱਸਟਰ ਟੀਮਾਂ ਸਮੇਤ ਬਹੁਤ ਸਾਰੇ ਅਧਿਆਪਕਾਂ ਨੇ ਗਲੀ-ਮੁਹੱਲਿਆਂ ਅਤੇ ਸਲੱਮ ਏਰੀਏ ਤੱਕ ਪਹੁੰਚ ਕਰ ਕੇ ਬੱਚੇ ਦਾਖਲ ਕੀਤੇ। ਬਹੁਤ ਸਾਰੇ ਅਧਿਆਪਕਾਂ ਨੇ ਇੱਟਾਂ ਦੇ ਭੱਠਿਆਂ ਅਤੇ ਉਦਯੋਗਿਕ ਅਦਾਰਿਆਂ ਤੱਕ ਪਹੁੰਚ ਕਰਕੇ ਸਰਕਾਰੀ ਸਕੂਲਾਂ ਵਿੱਚ ਸਰਕਾਰ ਵੱਲੋਂ ਮੁਹੱਈਆ ਕਰਵਾਈਆਂ ਜਾ ਰਹੀਆਂ ਸਹੂਲਤਾਂ ਬਾਰੇ ਜਾਣਕਾਰੀ ਦੇ ਕੇ ਦਾਖਲਿਆਂ ਸਬੰਧੀ ਪ੍ਰੇਰਿਤ ਵੀ ਕੀਤਾ। ਅਧਿਆਪਕਾਂ ਦੇ ਇਸ ਨਿਵੇਕਲੇ ਉਪਰਾਲੇ ਨੇ ਵਿਦਿਆਰਥੀਆਂ ਦੇ ਸਿਰਫ ਨਵੇਂ ਦਾਖਲੇ ਹੀ ਨਹੀਂ ਕੀਤੇ ਸਗੋਂ ਨਵੀਂ ਰੂਹ ਵੀ ਫੂਕੀ ਹੈ ਜਿਸਦੇ ਬਹੁਤ ਸਾਰਥਕ ਨਤੀਜੇ ਮਿਲਣਗੇ। ਇਸ ਮੌਕੇ ਸਤਵੰਤ ਕੌਰ ਨਰੋਟ ਮਹਿਰਾ, ਰਾਜੇਸ਼ ਕੁਮਾਰ ਬਨੀ ਲੋਧੀ, ਸੁਨੀਲ ਕੁਮਾਰ ਧੋਬੜਾ, ਕਵਿਤਾ ਰਾਣੀ ਰਾਜਪੁਰਾ, ਹਰਪ੍ਰੀਤ ਸ਼ਰਮਾ ਸਰਨਾ, ਹਰਦੀਪ ਸਿੰਘ ਭੋਆ, ਬੀਐਮਟੀ ਰਾਜ ਕੁਮਾਰ, ਬੀਨੂੰ ਪ੍ਰਤਾਪ ਸਿੰਘ ਆਦਿ ਹਾਜ਼ਰ ਸਨ।

# ਸਰਕਾਰੀ ਸਕੂਲ ਨੂੰ ਪੰਜਾਬ ਨੈਸ਼ਨਲ ਬੈਂਕ ਵੱਲੋਂ ਇਲੈਕਟ੍ਰੋਨਿਕ ਸਮਾਨ ਭੇਟ




**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**- ਪੰਜਾਬ ਨੈਸ਼ਨਲ ਬੈਂਕ ਸਰਕਲ ਦਫਤਰ ਅੰਮ੍ਰਿਤਸਰ ਵੱਲੋਂ ਕਾਰਪੋਰੇਟ ਸੀ ਐਸ ਆਰ ਸਮਾਜਕ ਜ਼ਿੰਮੇਵਾਰੀਆਂ ਤਹਿਤ ਅੱਜ ਸਰਕਾਰੀ ਐਲੀਮੈਂਟਰੀ ਸਕੂਲ ਸਹਿੰਸਰਾ ਕਲਾਂ ਨੂੰ ਦੋ ਐਲ ਡੀ ਟੀ ਵੀ, ਇੱਕ ਡੀ ਵੀ ਆਰ 16 ਚੈਨਲ, 8 ਛੱਤ ਵਾਲੇ ਪੱਖੇ ਭੇਟ ਕੀਤੇ ਗਏ। ਇਸ ਮੌਕੇ ਹਰੀ ਓਮ ਮੰਡਲ ਪ੍ਰਧਾਨ, ਪ੍ਰੀਤਮ ਸਿੰਘ ਐਲ.ਡੀ.ਐਮ., ਰਜਿੰਦਰ ਕੁਮਾਰ, ਉਮੇਸ਼ ਜੇਤਲੀ, ਸਕੂਲ ਦੇ ਪ੍ਰਿੰਸੀਪਲ ਵਰਿੰਦਰ ਸਿੰਘ, ਸਮੂਹ ਅਧਿਆਪਕ ਅਤੇ ਵਿਦਿਆਰਥੀ ਹਾਜ਼ਰ ਸਨ। ਉਨ੍ਹਾਂ ਦੱਸਿਆ ਕਿ ਇਸ ਪਿੰਡ ਨੂੰ ਪੰਜਾਬ ਨੈਸ਼ਨਲ ਬੈਂਕ ਵੱਲੋਂ ਵਿਕਾਸ ਦੇ ਵੱਖ-ਵੱਖ ਕੰਮਾਂ ਲਈ ਗੋਦ ਲਿਆ ਗਿਆ ਹੈ। ਇਸ ਉਪਰੰਤ ਪ੍ਰਿੰਸੀਪਲ ਨੇ ਇਸ ਕਾਰਜ ਲਈ ਪੰਜਾਬ ਨੈਸ਼ਨਲ ਬੈਂਕ ਦਾ ਧੰਨਵਾਦ ਕੀਤਾ। ਹਰੀ ਓਮ ਨੇ ਕਿਹਾ ਕਿ ਉਹ ਭਵਿੱਖ ਵਿੱਚ ਵੀ ਇਸੇ ਤਰ੍ਹਾਂ ਦੀਆਂ ਸਕੀਮਾਂ ਲੈ ਕੇ ਆਉਂਦੇ ਰਹਿਣਗੇ ਅਤੇ ਵੱਖ-ਵੱਖ ਗੋਦ ਲਏ ਪਿੰਡਾਂ ਵਿੱਚ ਸੀ.ਐਸ.ਆਰ. ਤਹਿਤ ਵਿਕਾਸ ਕਾਰਜ ਮੁਕੰਮਲ ਕਰਵਾਏ ਜਾਣਗੇ।

## ਸੰਗਤਾਂ ਕਾਂਸ਼ੀ ਗੁਰੂ ਰਵਿਦਾਸ ਧਾਮ ਯਾਤਰਾ ਕਰਕੇ ਵਾਪਸ ਪੁੱਜੀਆਂ



**ਫਿਲੌਰ (ਨਿਰਮਲ)**-ਫਿਲੌਰ ਤੋਂ ਸ੍ਰੀ ਗੁਰੂ ਰਵਿਦਾਸ ਭਵਨ ਪ੍ਰਬੰਧਕ ਕਮੇਟੀ ਫਿਲੌਰ ਦੀ ਅਗਵਾਈ ਹੇਠ 100 ਤੋਂ ਵੱਧ ਰੇਲ ਗੱਡੀ ਰਾਹੀਂ ਕਾਂਸ਼ੀ (ਬਨਾਰਸ) ਵਿੱਖੇ ਗੁਰੂ-ਧਾਮ ਦੇ ਦਰਸ਼ਨਾਂ ਲਈ ਗਿਆ ਜਥਾ ਵਾਪਸ ਪਰਤਿਆ ਤਾਂ ਫਿਲੌਰ ਦੀਆਂ ਸੰਗਤਾਂ ਵੱਲੋਂ ਭਰਪੂਰ ਸਵਾਗਤ ਕੀਤਾ ਗਿਆ । ਸ਼ਰਧਾਲੂ ਤਾਰਾ ਚੰਦ ਜੱਖੂ,ਰਾਜ ਕੁਮਾਰ ਨੰਗਲ,ਮਨੋਜ ਕੁਮਾਰ ਆਦਿ ਨੇ ਦੱਸਿਆ ਕਿ ਕਾਂਸ਼ੀ ਵਿਖੇ ਗੁਰੂ ਘਰ ਵਿਖੇ ਲੰਗਰ ਹਾਲ ਵਿੱਚ ਸੰਗਤਾਂ ਨੂੰ ਵੱਖ-ਵੱਖ ਪ੍ਰਕਾਰ ਦਾ ਲੰਗਰ ਛਕਾਇਆ ਗਿਆ ਤੇ ਸ੍ਰੀ ਗੁਰੂ ਰਵਿਦਾਸ ਪਾਰਕ,ਕਬੀਰ ਮੱਠ,ਸ਼੍ਰੀ ਗੁਰੂ ਰਵਿਦਾਸ ਘਾਟ ਨਾਗਰ ਮੱਲ ਕਿੱਲਾ ਸਮੇਤ ਹੋਰ ਧਾਰਮਿਕ ਸਥਾਨਾਂ ਦੇ ਦਰਸ਼ਨ ਕਰਵਾਏ। ਸੰਗਤਾਂ ਵੱਲੋਂ ਸ੍ਰੀ ਗੁਰੂ ਰਵਿਦਾਸ ਜੀ ਦੀ ਮਹਿਮਾ ਦਾ ਗੁਣਗਾਣ ਕੀਤਾ ਗਿਆ। ਇਸ ਮੌਕੇ ਸੋਹਣ ਲਾਲ ਗਾਦੜੇ,ਪਾਠੀ ਬਾਬਾ ਪਰਮਜੀਤ ਸਿੰਘ, ਹਰੀ ਸਿੰਘ,ਚਮਨ ਲਾਲ,ਦਵਿੰਦਰ ਕੁਮਾਰ,ਬੀਬੀ ਹਰਭਜਨ ਕੌਰ,ਬਿਮਲਾ ਰਾਣੀ,ਨਿਰਮਲਾ ਦੇਵੀ ਸਾਬਕਾ ਸਰਪੰਚ,ਸੁਮਨ ਦੇਵੀ,ਗੁਰਬਚਨ ਕੌਰ (ਇੰਗਲੈਂਡ)ਜਸਵਿੰਦਰ ਕੌਰ,ਰੇਸ਼ਮ ਕੌਰ ਆਦਿ ਹਾਜ਼ਰ ਸਨ।

# ਜੀ ਐੱਨ ਡੀ ਯੂ ਆਫਿਸਰਜ਼ ਐਸੋਸੀਏਸ਼ਨ ਜਨਰਲ ਬਾਡੀ ਦੀ ਪਲੇਠੀ ਮੀਟਿੰਗ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**
ਗੁਰੂ ਨਾਨਕ ਦੇਵ ਯੂਨੀਵਰਸਿਟੀ ਆਫਿਸਰਜ਼ ਐਸੋਸੀਏਸ਼ਨ ਦੀ ਪਲੇਠੀ ਜਨਰਲ ਬਾਡੀ ਅੱਜ ਯੂਨਵਰਸਿਟੀ ਗੈਸਟ ਹਾਊਸ ਵਿਚ ਹੋਈ। ਮੀਟਿੰਗ ਦੀ ਸ਼ੁਰੂਆਤ ਕਰਦਿਆਂ ਸਕੱਤਰ ਮਨਪ੍ਰੀਤ ਸਿੰਘ ਨੇ ਆਫਿਸਰਜ਼ ਨਾਲ ਜੁੜੇ ਮਸਲਿਆਂ ਉਪਰ ਵਿਚਾਰ ਚਰਚਾ ਕੀਤੀ ਅਤੇ ਵੱਖ-ਵੱਖ ਬੁਲਾਰਿਆਂ ਨੇ ਰੁਕੀਆਂ ਹੋਈਆਂ ਤਰੱਕੀਆਂ 'ਤੇ ਆਪਣਾ ਰੋਸ ਪ੍ਰਗਟ ਕੀਤਾ ਅਤੇ ਰੁਕੀਆਂ ਹੋਈਆਂ ਪ੍ਰੋਮੋਸ਼ਨਾਂ ਜਲਦ ਤੋਂ ਜਲਦ ਕਰਵਾਉਣ ਲਈ ਐਸੋਸੀਏਸ਼ਨ ਨੂੰ ਅਪੀਲ ਕੀਤੀ। ਉਪ ਪ੍ਰਧਾਨ ਜਗੀਰ ਸਿੰਘ ਨੇ ਕਿਹਾ ਕਿ ਐਸੋਸੀਏਸ਼ਨ



ਅਫਸਰਾਂ ਦੀਆਂ ਮੁਸ਼ਕਲਾਂ ਤੇ ਪਹਿਰਾ ਦੇਣ ਲਈ ਵਚਨਬੱਧ ਹੈ ਅਤੇ ਐਸੋਸੀਏਸਨ ਵੱਲੋਂ ਜਲਦ ਹੀ ਅਧਿਕਾਰੀਆਂ ਨਾਲ ਗੱਲਬਾਤ ਕਰਕੇ ਦਰਪੇਸ਼ ਸਮੱਸਿਆਵਾਂ ਦਾ ਹੱਲ ਕੱਢਿਆ ਜਾਵੇਗਾ।ਕਈ ਬੁਲਾਰਿਆਂ ਨੇ ਯੂਨੀਵਰਸਿਟੀ ਵਿਚ ਕੁੱਝ ਅਧਿਕਾਰੀਆਂ ਦੀਆਂ ਗੈਰ ਕਾਨੂੰਨੀ ਐਕਸਟੈਨਸ਼ਨ ਉਪਰ ਸਵਾਲ ਵੀ ਚੁੱਕੇ, ਜਿਸ ਦੇ ਜੁਆਬ ਵਿਚ ਪ੍ਰਧਾਨ ਰਜਨੀਸ਼ ਭਾਰਦਵਾਜ ਨੇ ਕਿਹਾ ਕਿ ਇਹ ਸਭ ਪੰਜਾਬ ਸਰਕਾਰ ਦੇ ਉਚੇਰੀ ਸਿੱਖਿਆ ਵਿਭਾਗ ਵੱਲੋਂ ਯੂਨੀਵਰਸਿਟੀ ਕਰਮਚਾਰੀਆਂ ਨਾਲ ਪਿਛਲੇ ਲੰਮੇ ਸਮੇਂ ਤੋਂ ਧੱਕਾ ਕੀਤਾ ਜਾ ਰਿਹਾ ਹੈ। ਜਿੱਥੇ ਯੂਨੀਵਰਸਿਟੀ ਕੈਲੰਡਰ ਅਨੁਸਾਰ ਬਣਦੀਆਂ ਪ੍ਰੋਮੋਸ਼ਨਾਂ ਕਰਨ ਬਾਰੇ ਯੂਨੀਵਰਸਿਟੀ ਅਧਿਕਾਰੀਆਂ ਨੂੰ ਆਦੇਸ਼ ਨਹੀਂ ਕੀਤੇ ਜਾ ਰਹੇ ਉੱਥੇ ਉਚੇਰੀ ਸਿੱਖਿਆ ਵਿਭਾਗ ਆਪਣੀ ਮਨਮਰਜ਼ੀ ਨਾਲ ਪੱਤਰ ਜਾਰੀ ਕਰਕੇ ਪੂਰੀ ਨੌਕਰੀ ਦਾ ਲਾਭ ਲੈ ਚੁੱਕੇ ਕੁੱਝ ਅਧਿਕਾਰੀਆਂ ਨੂੰ ਗੁਪਤ ਪੱਤਰ ਜਾਰੀ ਕਰਕੇ ਐਕਸਟੈਨਸ਼ਨ ਦੇ ਰਿਹਾ ਹੈ, ਜਦਕਿ ਯੂਨੀਵਰਸਿਟੀ ਪ੍ਰਸ਼ਾਸਨ ਤਾਂ ਆਪਣਾ ਕੰਮ ਬਿਲਕੁੱਲ ਉਚੇਰੀ ਸਿੱਖਿਆ ਵਿਭਾਗ ਦੇ ਦਿਸ਼ਾ ਨਿਰਦੇਸ਼ਾਂ ਨਾਲ ਕਰ ਰਿਹਾ ਹੈ। ਉਨ੍ਹਾਂ ਕਿਹਾ ਕਿ ਓਹ ਜਲਦ ਹੀ ਮਾਨਯੋਗ ਮੁੱਖ ਮੰਤਰੀ ਸਾਹਿਬ ਕੋਲ ਸਮਾਂ ਲੈ ਕੇ ਉਚੇਰੀ ਸਿੱਖਿਆ ਵਿਭਾਗ ਦੀ ਚੱਲ ਰਹੀ ਇਸ ਧੱਕੇਸ਼ਾਹੀ ਖਿਲਾਫ ਗੱਲਬਾਤ ਕਰਨਗੇ। ਜਨਰਲ ਬਾਡੀ ਦੀ ਇਕੱਤਰਤਾ ਵਿਚ ਇਹ ਮਤਾ ਪਾਸ ਕੀਤਾ ਗਿਆ ਕਿ ਜੇਕਰ ਸਹਾਇਕ ਰਜਿਸਟਰਾਰ, ਪ੍ਰੋਗਰਾਮਰ ਅਤੇ ਲਾਇਬ੍ਰੇਰੀ ਸਟਾਫ ਦੀਆਂ ਕੈਲੰਡਰ ਮੁਤਾਬਿਕ ਬਣਦੀਆਂ ਪ੍ਰੋਮੋਸ਼ਨਾਂ ਨਹੀਂ ਹੁੰਦੀਆਂ ਤਾਂ ਸੰਘਰਸ਼ ਦਾ ਰਸਤਾ ਇਖਤਿਆਰ ਕੀਤਾ ਜਾਵੇਗਾ। ਇਸ ਇੱਕਤਰਤਾ ਵਿਚ ਵਿਪਨ ਕੁਮਾਰ ਸੰਯੁਕਤ ਸਕੱਤਰ, ਹਰਦੀਪ ਸਿੰਘ ਕੈਸ਼ੀਅਰ, ਗੁਰਮੀਤ ਥਾਪਾ, ਰਾਜੇਸ਼ ਕੁਮਾਰ, ਹਰਚਰਨ ਸਿੰਘ, ਮਤਬਰ ਚੰਦ, ਜਗਜੀਤ ਸਿੰਘ, ਅਜੈ ਅਰੋੜਾ ਅਤੇ ਯੂਨੀਵਰਸਿਟੀ ਦੇ ਸਾਰੇ ਅਫਸਰ ਸਾਹਿਬਾਨ ਮੌਜੂਦ ਸਨ।

# ਲੜਕੀਆਂ ਨੂੰ ਕਮਿਸ਼ਨਡ ਅਫ਼ਸਰ ਵਜੋਂ ਕੈਰੀਅਰ ਸ਼ੁਰੂ ਕਰਨ ਦਾ ਸੁਨਹਿਰੀ ਮੌਕਾ : ਡਿਪਟੀ ਕਮਿਸ਼ਨਰ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ, ਓ ਪੀ ਰਾਣਾ)**
ਪੰਜਾਬ ਸਰਕਾਰ ਵੱਲੋਂ ਫੌਜ ਵਿਚ ਕਮਿਸ਼ਨਡ ਅਫਸਰ ਵਜੋਂ ਕੈਰੀਅਰ ਸ਼ੁਰੂ ਕਰਨ ਦੀਆਂ ਚਾਹਵਾਨ ਲੜਕੀਆਂ ਨੂੰ ਮਾਈ ਭਾਗੋ ਆਰਮਡ ਫੋਰਸਿਜ਼ ਪ੍ਰੈਪਰੇਟਰੀ ਇੰਸਟੀਚਿਊਟ ਫਾਰ ਗਰਲਜ਼, ਮੁਹਾਲੀ ਵਿਖੇ ਸਿਖਲਾਈ ਹਾਸਿਲ ਕਰਨ ਦਾ ਸੁਨਹਿਰੀ ਮੌਕਾ ਪ੍ਰਦਾਨ ਕੀਤਾ ਜਾ ਰਿਹਾ ਹੈ। ਮਾਈ ਭਾਗੋ ਆਰਮਡ ਫੋਰਸਿਜ਼ ਪ੍ਰੈਪਰੇਟਰੀ ਇੰਸਟੀਚਿਊਟ ਫਾਰ ਗਰਲਜ਼ (ਐਮ.ਬੀ.ਏ.ਐਫ.ਪੀ.ਆਈ), ਮੁਹਾਲੀ ਵੱਲੋਂ ਮਈ 2023 'ਚ ਨੌਂਵੇਂ ਬੈਚ ਲਈ ਦਾਖਲਾ ਪ੍ਰੀਖਿਆ ਲਈ ਜਾਣੀ ਹੈ। ਇਹ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਕੋਮਲ ਮਿੱਤਲ ਨੇ ਦੱਸਿਆ ਕਿ ਐਮ.ਬੀ.ਏ.ਐਫ.ਪੀ.ਆਈ. ਸੰਸਥਾ ਵਿੱਚ ਆਮ ਜਾਣਕਾਰੀ, ਕਮਿਊਨੀਕੇਸ਼ਨ ਸਕਿੱਲਜ਼, ਵਿਅਕਤੀਤਵ ਵਿਕਾਸ ਤੇ ਆਤਮ-ਵਿਸ਼ਵਾਸ ਸਿਰਜਣਾ, ਐਨ.ਸੀ.ਸੀ ਸਿਖਲਾਈ, ਸਰੀਰਕ ਸਿੱਖਿਆ ਅਤੇ ਅੰਦਰੂਨੀ ਤੇ ਬਾਹਰੀ ਖੇਡ ਗਤੀਵਿਧੀਆਂ ਮੁਹੱਈਆ ਕਰਵਾਈਆਂ ਜਾਂਦੀਆਂ ਹਨ। ਵਿਦਿਆਰਥਣਾਂ ਨੂੰ ਪੇਸ਼ੇਵਰਾਂ ਵਲੋਂ ਐੱਸ.ਐੱਸ.ਬੀ. ਅਤੇ ਹਥਿਆਰਬੰਦ ਬਲਾਂ ਵਿੱਚ ਜਾਣ ਲਈ ਦਾਖਲਾ ਪ੍ਰੀਖਿਆ ਦੀ ਸਿਖਲਾਈ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਇਥੋਂ ਸਿਖਲਾਈ ਪ੍ਰਾਪਤ ਕਰਨ ਵਾਲੀਆਂ ਲੜਕੀਆਂ ਨੂੰ ਐਮ.ਸੀ.ਐਮ. ਡੀ.ਏ.ਵੀ. ਕਾਲਜ ਚੰਡੀਗੜ੍ਹ ਤੋਂ 3 ਸਾਲ ਦੀ ਗ੍ਰੈਜੂਏਸ਼ਨ ਡਿਗਰੀ ਦਿੱਤੀ ਜਾਂਦੀ ਹੈ। ਡਿਪਟੀ ਕਮਿਸ਼ਨਰ ਨੇ ਅੱਗੇ ਦੱਸਿਆ ਕਿ ਬਿਨੈਕਾਰਾਂ ਲਈ ਮੁੱਢਲੀ ਯੋਗਤਾ ਵਿਚ ਪੰਜਾਬ ਦਾ ਵਸਨੀਕ ਹੋਣਾ ਅਤੇ ਬਾਰ੍ਹਵੀਂ ਦੀ ਪ੍ਰੀਖਿਆ ਪਾਸ ਕੀਤੇ ਹੋਣਾ ਸ਼ਾਮਲ ਹੈ। ਚਾਹਵਾਨ ਉਮੀਦਵਾਰ ਦਾਖਲਾ ਪ੍ਰੀਖਿਆ ਲਈ ਮਾਈ ਭਾਗੋ ਆਰਮਡ ਫੋਰਸਿਜ਼ ਪ੍ਰੈਪਰੇਟਰੀ ਇੰਸਟੀਚਿਊਟ ਫਾਰ ਗਰਲਜ਼ ਦੇ ਆਨਲਾਈਨ ਪੋਰਟਲ 'ਤੇ ਕਲਿੱਕ ਕਰਕੇ ਵਧੇਰੇ ਜਾਣਕਾਰੀ ਪ੍ਰਾਪਤ ਕਰ ਸਕਦੇ ਹਨ। ਉਨ੍ਹਾਂ ਦੱਸਿਆ ਕਿ ਇਸ ਸਿਖਲਾਈ ਦੌਰਾਨ ਆਉਣ ਵਾਲਾ ਖਰਚਾ, ਜਿਸ ਵਿੱਚ ਟ੍ਰੇਨਿੰਗ, ਖਾਣਾ, ਵਰਦੀ ਆਦਿ ਸ਼ਾਮਿਲ ਹੈ, ਪੰਜਾਬ ਸਰਕਾਰ ਵੱਲੋਂ ਦਿੱਤਾ ਜਾਂਦਾ ਹੈ।

# ਦਾਖਲੇ ਨੂੰ ਲੈ ਕੇ ਜ਼ਿਲਾ ਅਧਿਕਾਰੀਆਂ ਵੱਲੋਂ ਸਕੂਲ ਮੁਖੀਆਂ ਨਾਲ ਰੀਵਿਊ ਮੀਟਿੰਗ

**ਪਠਾਨਕੋਟ, (ਬਲਵਿੰਦਰ ਸਿੰਘ ਬਿੱਲਾ)**
ਪੰਜਾਬ ਦੇ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਵਿਦਿਆਰਥੀਆਂ ਨੂੰ ਵੱਡੇ ਪੱਧਰ 'ਤੇ ਸਰਕਾਰੀ ਸਕੂਲਾਂ 'ਚ ਦਾਖਲ ਕਰਵਾਉਣ ਲਈ ਆਰੰਭੀ ਗਈ ਵਿਸ਼ੇਸ਼ ਮੁਹਿੰਮ ਪੂਰੇ ਜ਼ੋਰਾਂ ਨਾਲ ਜਾਰੀ ਹੈ। ਅੱਜ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬਧਾਨੀ ਵਿਖੇ ਬਲਾਕ ਧਾਰ-1 ਦੇ ਅਧਿਆਪਕਾਂ ਅਤੇ ਸਰਕਾਰੀ ਹਾਈ ਸਕੂਲ ਬਨੀ ਲੋਧੀ ਵਿਖੇ ਬਲਾਕ ਪਠਾਨਕੋਟ-2 ਦੇ ਅਧਿਆਪਕਾਂ ਨਾਲ ਜ਼ਿਲ੍ਹਾ ਦਾਖ਼ਲਾ ਕਮੇਟੀ ਦੇ ਚੇਅਰਮੈਨ ਕਮ ਜ਼ਿਲ੍ਹਾ ਸਿੱਖਿਆ ਅਫ਼ਸਰ (ਐ. ਸਿੱ.) ਕਮਲਦੀਪ ਕੌਰ ਅਤੇ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ. ਸਿੱ.) ਰਾਜੇਸ਼ ਕੁਮਾਰ ਦੀ ਪ੍ਰਧਾਨਗੀ ਹੇਠ ਅਹਿਮ ਰੀਵਿਊ ਮੀਟਿੰਗਾਂ ਕੀਤੀਆਂ ਗਈਆਂ। ਮੀਟਿੰਗਾਂ ਦੌਰਾਨ ਜ਼ਿਲ੍ਹਾ ਅਧਿਕਾਰੀਆਂ ਵੱਲੋਂ ਵਿਸਤਾਰ ਨਾਲ ਦਾਖਲਾ ਮੁਹਿੰਮ ਦੇ ਹਰ ਪੱਖ ਦਾ ਰਿਵਿਊ ਕੀਤਾ ਗਿਆ। ਇਸ ਮੌਕੇ ਜ਼ਿਲ੍ਹਾ ਸਿੱਖਿਆ ਅਫਸਰ ਐਲੀਮੈਂਟਰੀ ਕਮ ਦਾਖਲਾ ਕਮੇਟੀ ਦੇ ਚੇਅਰਮੈਨ ਕਮਲਦੀਪ ਕੌਰ ਅਤੇ ਜ਼ਿਲ੍ਹਾ ਸਿੱਖਿਆ ਅਫਸਰ ਸੈਕੰਡਰੀ ਰਾਜੇਸ ਕੁਮਾਰ ਨੇ ਦੱਸਿਆ ਕਿ ਇਸ ਸਾਲ ਲਈ ਜ਼ਿਲ੍ਹੇ ਦੇ ਸਾਰੇ ਸਰਕਾਰੀ ਸਕੂਲਾਂ ਵਿੱਚ ਦਾਖ਼ਲਾ ਮੁਹਿੰਮ ਸ਼ੁਰੂ ਹੋ ਚੁੱਕੀ ਹੈ ਜਿਸ ਵਿੱਚ ਸਿੱਖਿਆ ਅਧਿਕਾਰੀ, ਅਧਿਆਪਕ ਅਤੇ ਸਰਕਾਰੀ ਸਕੂਲਾਂ ਵਿੱਚ ਪੜ੍ਹਦੇ ਬੱਚਿਆਂ ਰਾਹੀਂ ਘਰ ਘਰ ਤੱਕ ਪਹੁੰਚ ਬਣਾ ਕੇ ਵਿਦਿਆਰਥੀਆਂ ਨੂੰ ਵੱਧ ਤੋਂ ਵੱਧ ਸਰਕਾਰੀ ਸਕੂਲਾਂ ਵਿੱਚ ਲਿਆਂਦਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਸਰਕਾਰੀ ਸਕੂਲਾਂ ਵਿਚ ਉਚ ਯੋਗਤਾ ਵਾਲੇ ਅਧਿਆਪਕ ਅਤੇ ਉੱਤਮ ਦਰਜੇ ਦਾ ਬੁਨਿਆਦੀ ਢਾਂਚਾ ਹੈ ਜਿੱਥੋਂ ਵਿਦਿਆਰਥੀ ਸਮੇਂ ਦੇ ਹਾਣ ਦੀ ਸਿੱਖਿਆ ਗ੍ਰਹਿਣ ਕਰ ਸਕਦੇ ਹਨ। ਉਨ੍ਹਾਂ ਨੇ ਕਿਹਾ ਕਿ ਵਿਦਿਆਰਥੀਆਂ ਦੇ ਦਾਖਲੇ ਲਈ ਨੇੜੇ ਦੇ ਸਕੂਲ ਦੇ ਨਾਲ-ਨਾਲ ਹੁਣ ਆਨਲਾਈਨ ਪੋਰਟਲ ਤੇ ਵੀ ਰਜਿਸਟਰ ਕਰਵਾਇਆ ਜਾ ਸਕਦਾ ਹੈ। ਉੱਪ ਜ਼ਿਲ੍ਹਾ ਸਿੱਖਿਆ ਅਫਸਰ ਰਾਜੇਸ਼ਵਰ ਸਲਾਰੀਆ ਅਤੇ ਉੱਪ ਜ਼ਿਲ੍ਹਾ ਸਿੱਖਿਆ ਅਫਸਰ ਐਲੀਮੈਂਟਰੀ ਡੀਜੀ ਸਿੰਘ ਨੇ ਕਿਹਾ ਕਿ ਇਸ ਦਾਖਲਾ ਅਭਿਆਨ ਦੌਰਾਨ ਅਧਿਆਪਕ ਸਮਾਜ ਵਿੱਚ ਰਾਬਤਾ ਕਾਇਮ ਕਰਕੇ ਆਂਗਣਵਾੜੀ ਵਰਕਰਾਂ, ਕੁੱਕਾਂ, ਪਿੰਡ ਦੇ ਮੋਹਤਬਰਾਂ ਅਤੇ ਪਿੰਡ ਦੇ ਸਰਵਜਨਿਕ ਸਥਾਨਾਂ ਤੋਂ ਅਨਾਉਂਸਮੈਂਟਾਂ ਰਾਹੀਂ ਮਾਪਿਆਂ ਨੂੰ ਸਰਕਾਰੀ ਸਕੂਲਾਂ ਵਿੱਚ ਦਾਖਲੇ ਬਾਰੇ ਜਾਣਕਾਰੀ ਦੇ ਰਹੇ ਹਨ। ਜ਼ਿਲ੍ਹਾ ਅਧਿਕਾਰੀਆਂ ਨੇ ਦੱਸਿਆ ਕਿ ਦਾਖਲਾ ਮੁਹਿੰਮ ਨੂੰ ਪਿੰਡਾਂ ਦੇ ਸਰਪੰਚਾਂ, ਪੰਚਾਂ, ਆਂਗਣਵਾੜੀ ਵਰਕਰਾਂ, ਮਿਡ ਡੇ ਮੀਲ ਵਰਕਰਾਂ ਸਮੇਤ ਪਿੰਡ ਦੇ ਮੋਹਤਬਰਾਂ ਵੱਲੋਂ ਭਰਵਾਂ ਹੁੰਗਾਰਾ ਦਿੱਤਾ ਜਾ ਰਿਹਾ ਹੈ ਅਤੇ ਦਾਖਲਾ ਮੁਹਿੰਮ ਦੌਰਾਨ ਘਰਾਂ ਘਰਾਂ ਵਿੱਚ ਨਾਲ ਜਾ ਕੇ ਮਾਪਿਆਂ ਨੂੰ ਆਪਣੇ ਬੱਚਿਆਂ ਨੂੰ ਸਰਕਾਰੀ ਸਕੂਲਾਂ ਵਿੱਚ ਦਾਖਲ ਕਰਵਾਉਣ ਲਈ ਪ੍ਰੇਰਿਤ ਕੀਤਾ ਜਾ ਰਿਹਾ ਹੈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਪ੍ਰਿੰ. ਰਘਬੀਰ ਕੌਰ, ਬੀਐੱਨਓ ਨਸੀਬ ਸੈਣੀ, ਬੀਐੱਨਓ ਤੇਜਵੀਰ ਸਿੰਘ, ਬੀਪੀਈਓ ਨਰੇਸ ਪਨਿਆੜ, ਡੀਐੱਸਐੱਮ ਬਲਵਿੰਦਰ ਸੈਣੀ, ਪੜ੍ਹੋ ਪੰਜਾਬ ਪੜ੍ਹਾਓ ਪੰਜਾਬ ਕੋਆਰਡੀਨੇਟਰ ਵਨੀਤ ਮਹਾਜਨ, ਸਮਾਰਟ ਸਕੂਲ ਕੋਆਰਡੀਨੇਟਰ ਸੰਜੀਵ ਮਨੀ, ਸਮੇਤ ਸਮੂਹ ਸਕੂਲ ਮੁਖੀ ਹਾਜ਼ਰ ਸਨ।

# ਸਰਵਾਈਕਲ ਕੈਂਸਰ ਸੰਬੰਧੀ ਜਾਗਰੂਕਤਾ ਸੈਮੀਨਾਰ



**ਅੰਮ੍ਰਿਤਸਰ (ਅਰੋੜਾ)**
ਰੋਟਰੀ ਕਲੱਬ ਅੰਮ੍ਰਿਤਸਰ ਨਾਰਥ ਵੱਲੋਂ ਕਲੱਬ ਦੇ ਪ੍ਰਧਾਨ ਵਿਜੇ ਭਸੀਨ, ਸਕੱਤਰ ਗੁਰਮੀਤ ਸਿੰਘ ਅਤੇ ਰੋਟਰੀ ਦੇ ਮੇਜਰ ਡੋਨਰ ਡਾ. ਜੀ. ਐੱਸ. ਮਦਾਨ ਦੀ ਦੇਖਰੇਖ ਵਿੱਚ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ, ਮਾਪਿਆਂ ਅਤੇ ਸਕੂਲ ਸਟਾਫ ਨੂੰ ਜਾਗਰੂਕ ਕਰਨ ਲਈ ਸ਼ੁਰੂ ਕੀਤੀ ਗਈ ਮੁਹਿੰਮ ਦੇ ਤਹਿਤ ਕੋਟ ਖਾਲਸਾ ਕੰਨਿਆ ਪ੍ਰਾਇਮਰੀ ਸਕੂਲ ਵਿੱਚ ਸਰਵਾਇਕਲ ਕੈਂਸਰ ਜਾਗਰੂਕਤਾ ਸੈਮੀਨਾਰ ਕੀਤਾ ਗਿਆ। ਸਮਾਗਮ ਵਿੱਚ ਰੋਟਰੀ 3070 ਦੇ ਸਾਬਕਾ ਗਵਰਨਰ ਅਤੇ ਇਸ ਪ੍ਰੋਜੈਕਟ ਦੇ ਜ਼ਿਲਾ ਮੁੱਖੀ ਸੀ. ਏ. ਦਵਿੰਦਰ ਸਿੰਘ ਮੁੱਖ ਮਹਿਮਾਨ ਵਜੋਂ ਸ਼ਾਮਿਲ ਹੋਏ। ਸਕੂਲ ਪ੍ਰਿੰ. ਰੇਨੂ ਸ਼ਰਮਾ ਖਾਸ ਮਹਿਮਾਨ ਵਜੋਂ ਸ਼ਾਮਿਲ ਹੋਏ। ਸੀ. ਏ. ਦਵਿੰਦਰ ਸਿੰਘ ਵੱਲੋ ਲਘੂ ਫਿਲਮ ਸੀਮਕ ਤੇ ਬੋਲ ਦਾ ਮੰਚਨ ਕੀਤਾ ਗਿਆ। ਡਾ. ਮਨਜੀਤਪਾਲ ਕੌਰ ਨੇ ਮੁੱਖ ਸਪੀਕਰ ਵਜੋਂ ਸ਼ਿਰਕਤ ਕੀਤੀ। ਉਨ੍ਹਾਂ ਸਰਵਾਇਕਲ ਕੈਂਸਰ ਦੀ ਰੋਕਥਾਮ ਲਈ ਜਾਣਕਾਰੀ ਮੁਹੱਈਆ ਕਰਵਾਈ। ਸਮਾਗਮ ਵਿੱਚ ਕੋਆਰਡੀਨੇਟਰ ਸਾਬਕਾ ਸਹਾਇਕ ਗਵਰਨਰ ਰਸਜੀਤ ਸਿੰਘ ਖੇੜਾ ਨੇ ਦੱਸਿਆ ਕਿ ਰੋਟਰੀ ਕਲੱਬ ਵੱਲੋਂ ਇਸ ਰੋਗ ਨੂੰ ਖਤਮ ਕਰਨ ਲਈ ਕਿਹੜੀਆ ਕਿਹੜੀਆ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਅਤੇ ਰੋਟਰੀ ਕਲੱਬਾਂ ਵੱਲੋਂ ਇਸ ਅਭਿਆਨ ਵਿੱਚ ਕਿੰਨਾ ਸਹਿਯੋਗ ਦਿੱਤਾ ਜਾ ਰਿਹਾ ਹੈ। ਸੈਮੀਨਾਰ ਨੂੰ ਰੋਟਰੀ ਦੇ ਐੱਮ. ਓ.ਸੀ. ਸਾਬਕਾ ਸਹਾਇਕ ਗਵਰਨਰ ਆਰ. ਐੱਸ. ਚੱਠਾ ਨੇ ਵੀ ਸੰਬੋਧਨ ਕੀਤਾ। ਪ੍ਰਿੰਸੀਪਲ ਰੇਨੂੰ ਸ਼ਰਮਾ ਨੇ ਰੋਟਰੀ ਕਲੱਬ ਵੱਲੋਂ ਚਲਾਏ ਜਾ ਰਹੀ ਮੁਹਿੰਮ ਦੀ ਭਰਪੂਰ ਸ਼ਲਾਘਾ ਕੀਤੀ। ਇਸ ਮੌਕੇ ਮੁਕੇਸ਼ ਨੰਦਾ, ਐਡਵੋਕੇਟ ਆਰ. ਕੇ. ਉਪਲ, ਡਾ. ਸੁਖਮਨਪ੍ਰੀਤ ਕੌਰ, ਡਾ. ਰਜਿੰਦਰ ਸਿੰਘ, ਅਮਨ ਅਨੇਜਾ, ਅਮਨੀਦਪ ਕੌਰ, ਹਰਜਿੰਦਰ ਕੌਰ ਚੱਠਾ, ਅਵਿੰਦਰ ਕੌਰ ਖੇੜਾ, ਸੁਨੀਤਾ ਭਸੀਨ ਸਹਿਤ ਰੋਟਰੀ ਕਲੱਬ ਨਾਰਥ ਦੇ ਹੋਰ ਮੈਂਬਰ ਮੌਜੂਦ ਸਨ। ਸੈਮੀਨਾਰ ਦੇ ਅੰਤ 'ਚ ਰੋਟਰੀ ਵੱਲੋਂ ਸਕੂਲ ਪ੍ਰਿੰਸੀਪਲ ਨੂੰ ਰੋਟਰੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ।

# ਲਾਇਲਪੁਰ ਖ਼ਾਲਸਾ ਕਾਲਜ ਦੇ ਇਕਨਾਮਿਕਸ ਵਿਭਾਗ ਤੇ ਪਲੈਨਿੰਗ ਫੋਰਮ ਵੱਲੋਂ ਗੈਸਟ ਲੈਕਚਰ

**ਜਲੰਧਰ (ਸ਼ੈਲੀ ਐਲਬਰਟ)**
ਲਾਇਲਪੁਰ ਖ਼ਾਲਸਾ ਕਾਲਜ, ਜਲੰਧਰ ਦੇ ਪੀ.ਜੀ. ਵਿਭਾਗ ਇਕਨਾਮਿਕਸ ਅਤੇ ਪਲੈਨਿੰਗ ਫੋਰਮ ਵਲੋਂ ਭਾਰਤੀ ਅਰਥ-ਵਿਵਸਥਾ ਨੂੰ ਦਰਪੇਸ਼ ਪ੍ਰਮੁੱਖ ਆਰਥਿਕ ਮੁੱਦਿਆਂ ਵਿਸ਼ੇ ਉਪਰ ਗੈਸਟ ਲੈਕਚਰ ਦਾ ਆਯੋਜਨ ਕੀਤਾ । ਉਘੇ ਅਰਥ ਸ਼ਾਸਤਰੀ ਡਾ. ਸਤਿੰਦਰ ਕੌਰ ਇਸ ਸਮਾਗਮ ਦੇ ਮੁੱਖ ਮਹਿਮਾਨ ਅਤੇ ਬੁਲਾਰੇ ਸਨ ਜਿਨ੍ਹਾਂ ਦਾ ਸਵਾਗਤ ਪ੍ਰਿੰਸੀਪਲ ਪ੍ਰੋ. ਜਸਰੀਨ ਕੌਰ, ਪ੍ਰੋ. ਨਵਦੀਪ ਕੌਰ ਮੁੱਖੀ ਇਕਨਾਮਿਕਸ ਵਿਭਾਗ ਅਤੇ ਡਾ. ਐਸ.ਐਸ. ਬੈਂਸ ਨੇ ਕੀਤਾ ਮੁੱਖ ਬੁਲਾਰੇ ਡਾ. ਸਤਿੰਦਰ ਕੌਰ ਨੇ ਵਿਦਿਆਰਥੀਆਂ ਨੂੰ ਭਾਰਤੀ ਅਰਥਵਿਵਸਥਾ ਨੂੰ ਦਰਪੇਸ਼ ਆਰਥਿਕ ਸਮੱਸਿਆਵਾਂ ਬਾਰੇ ਜਾਣੂ ਕਰਵਾਇਆ ਅਤੇ ਇਸਦੇ ਲਈ ਕੁਝ ਉਪਾਅ ਵੀ ਦੱਸੇ। ਉਨ੍ਹਾਂ ਅਨੁਸਾਰ, ਅੰਤਰਰਾਸ਼ਟਰੀ ਰਿਪੋਰਟ ਦੱਸ ਰਹੀ ਹੈ ਕਿ ਭਾਰਤ 2050 ਤੋਂ ਬਾਅਦ ਦੁਨੀਆਂ ਦਾ ਦੂਜਾ ਸਭ ਤੋਂ ਵੱਡਾ ਦੇਸ਼ ਹੋਵੇਗਾ।ਪਰ ਸਮਾਜਿਕ-ਆਰਥਿਕ ਮਾਪਦੰਡਾਂ ਦੇ ਅਨੁਸਾਰ, ਭਾਰਤ ਅਜੇ ਵੀ ਇੱਕ ਘੱਟ ਵਿਕਾਸਸ਼ੀਲ ਦੇਸ਼ ਹੈ।ਉਨ੍ਹਾਂ ਉੱਚ ਵਿੱਤੀ ਘਾਟੇ ਅਤੇ ਘੱਟ ਟੈਕਸ ਜੀਡੀਪੀ ਅਨੁਪਾਤ ਬਾਰੇ ਵੀ ਗੱਲ ਕੀਤੀ। ਉਨ੍ਹਾਂ 100 ਤੋਂ ਵੱਧ ਭਾਗੀਦਾਰਾਂ ਨਾਲ ਆਪਣੇ ਵਿਚਾਰ ਸਾਂਝੇ ਕੀਤੇ ਅਤੇ ਉਹਨਾਂ ਦੇ ਸਵਾਲਾਂ ਦੇ ਹੱਲ ਵੀ ਪ੍ਰਦਾਨ ਕੀਤੇ। ਐੱਮ.ਏ. ਇਕਨਾਮਿਕਸ ਦੇ ਵਿਦਿਆਰਥੀਆਂ ਨੇ ਆਰਥਿਕ ਮੁੱਦਿਆਂ 'ਤੇ ਸਕਿੱਟ ਪੇਸ਼ ਕਰਕੇ ਸਮਾਗਮ ਨੂੰ ਹੋਰ ਖਾਸ ਬਣਾ ਦਿੱਤਾ ਅਤੇ ਦਰਸ਼ਕਾਂ ਦਾ ਮਨ ਮੋਹ ਲਿਆ।ਪ੍ਰੋ: ਜਸਰੀਨ ਕੌਰ, ਪ੍ਰਿੰਸੀਪਲ ਲਾਇਲਪੁਰ ਖ਼ਾਲਸਾ




ਕਾਲਜ, ਜਲੰਧਰ ਨੇ ਵਿਦਿਆਰਥੀਆਂ ਦੀ ਜਾਗਰੂਕਤਾ ਅਤੇ ਸਰਵਪੱਖੀ ਵਿਕਾਸ ਲਈ ਲਗਾਤਾਰ ਕੰਮ ਕਰਨ ਲਈ ਅਰਥ ਸ਼ਾਸਤਰ ਵਿਭਾਗ ਦੇ ਯਤਨਾਂ ਦੀ ਸ਼ਲਾਘਾ ਕੀਤੀ। ਸਮਾਗਮ ਵਿੱਚ ਭਾਗ ਲੈਣ ਵਾਲੇ ਵਿਦਿਆਰਥੀਆਂ ਅਤੇ ਪ੍ਰਬੰਧਕਾਂ ਨੂੰ ਮੁੱਖ ਮਹਿਮਾਨ ਡਾ: ਸਤਿੰਦਰ ਕੌਰ ਅਤੇ ਪ੍ਰਿੰਸੀਪਲ ਪ੍ਰੋ. ਜਸਰੀਨ ਕੌਰ ਵੱਲੋਂ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ ਗਿਆ।ਇਸ ਮੌਕੇ ਡਾ: ਐਸ.ਐਸ.ਬੈਂਸ, ਡਾ: ਸਰਬਜੀਤ ਕੌਰ, ਪ੍ਰੋ: ਮਨਪ੍ਰੀਤ ਕੌਰ, ਪ੍ਰੋ: ਰਿਤਿਕਾ ਅਤੇ ਵੱਖ-ਵੱਖ ਵਿਭਾਗਾਂ ਦੇ ਅਧਿਆਪਕ ਵੀ ਹਾਜ਼ਰ ਸਨ।

# 'ਅਗਨੀਵੀਰਵਾਯੂ' ਦੀਆਂ ਆਸਾਮੀਆਂ ਲਈ 31 ਤੱਕ ਕੀਤੀ ਜਾ ਸਕਦੀ ਹੈ ਆਨਲਾਈਨ ਰਜਿਸਟਰੇਸ਼ਨ : ਜ਼ਿਲ੍ਹਾ ਰੋਜ਼ਗਾਰ ਅਫ਼ਸਰ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**
ਜ਼ਿਲ੍ਹਾ ਰੋਜ਼ਗਾਰ ਉਤਪਤੀ, ਹੁਨਰ ਵਿਕਾਸ ਤੇ ਸਿਖਲਾਈ ਅਫ਼ਸਰ ਗੁਰਮੇਲ ਸਿੰਘ ਨੇ ਦੱਸਿਆ ਕਿ ਭਾਰਤੀ ਫੌਜ ਵਿਚ 'ਅਗਨੀਪੱਥ' ਸਕੀਮ ਤਹਿਤ 'ਅਗਨੀਵੀਰਵਾਯੂ' ਦੀਆਂ ਆਸਾਮੀਆਂ (ਅਣ-ਵਿਵਾਹਿਤ ਮਰਦਾਂ ਅਤੇ ਔਰਤਾਂ ਦੋਵਾਂ ਲਈ) ਦੀ ਭਰਤੀ ਲਈ ਆਨਲਾਈਨ ਫਾਰਮਾਂ ਦੀ ਰਜਿਸਟਰੇਸ਼ਨ 17 ਮਾਰਚ 2023 ਤੋਂ ਸ਼ੁਰੂ ਹੋ ਚੁੱਕੀ ਹੈ ਅਤੇ ਆਨਲਾਈਨ ਰਜਿਸਟਰੇਸ਼ਨ ਕਰਨ ਦੀ ਆਖਰੀ ਮਿਤੀ 31 ਮਾਰਚ 2023 ਤੱਕ ਹੈ। ਗੁਰਮੇਲ ਸਿੰਘ ਨੇ ਦੱਸਿਆ ਕਿ ਜਿਨ੍ਹਾਂ ਉਮੀਦਵਾਰਾਂ ਦੀ ਉਮਰ 26 ਦਸੰਬਰ 2002 ਤੋਂ 26 ਜੂਨ 2006 ਦੌਰਾਨ ਦੀ ਹੈ, ਉਹ ਇਸ ਆਸਾਮੀ ਲਈ ਅਪਲਾਈ ਕਰ ਸਕਦੇ ਹਨ। ਉਨ੍ਹਾਂ ਦੱਸਿਆ ਕਿ ਇਸ ਆਸਾਮੀ ਲਈ ਬਿਨੈਕਾਰ ਦਾ ਸਾਇੰਸ ਵਿਸ਼ੇ ਵਿਚ ਬਾਹਰਵੀਂ ਪਾਸ (ਘੱਟੋ-ਘੱਟ 50 ਫੀਸਦੀ ਹਰੇਕ ਵਿਸ਼ੇ ਵਿਚੋਂ ਅਤੇ ਅੰਗਰੇਜ਼ੀ ਵਿਸ਼ੇ ਵਿਚੋਂ ਘੱਟੋ-ਘੱਟ 50 ਫੀਸਦੀ ਹੋਣੇ ਲਾਜ਼ਮੀ ਹਨ) ਜਾਂ 3 ਸਾਲ ਦਾ ਇੰਜੀਨੀਅਰਿੰਗ ਵਿਚ ਡਿਪਲੋਮਾ (ਮਕੈਨੀਕਲ, ਇਲੈਕਟ੍ਰਾਨਿਕਸ, ਆਟੋਮੋਬਾਇਲ, ਕੰਪਿਊਟਰ ਸਾਇੰਸ, ਇੰਸਟਰੂਮੈਂਟੇਸ਼ਨ ਤਕਨਾਲੋਜੀ/ ਇਨਫਾਰਮੇਸ਼ਨ ਤਕਨਾਲੋਜੀ) (ਘੱਟੋ-ਘੱਟ 50 ਫੀਸਦੀ ਹਰੇਕ ਵਿਸ਼ੇ ਵਿਚੋਂ ਅਤੇ ਅੰਗਰੇਜ਼ੀ ਵਿਸ਼ੇ ਵਿਚੋਂ ਘੱਟੋ-ਘੱਟ 50 ਫੀਸਦੀ ਹੋਣੇ ਲਾਜ਼ਮੀ ਹਨ) ਜਾਂ ਫਿਰ ਦੋ ਸਾਲਾਂ ਦੇ ਵੋਕੇਸ਼ਨਲ ਕੋਰਸ ਦੇ ਨਾਲ ਦੇ ਨਾਲ ਨਾਨ-ਵੋਕੇਸ਼ਨਲ ਵਿਸ਼ੇ ਵਿਚ ਫਿਜ਼ਿਕਸ ਅਤੇ ਮੈਥ ਵਿਸ਼ੇ ਵਿਚ ਪਾਸ) (ਘੱਟੋ-ਘੱਟ 50 ਫੀਸਦੀ ਹਰੇਕ ਵਿਸ਼ੇ ਵਿਚੋਂ ਅਤੇ ਅੰਗਰੇਜ਼ੀ ਵਿਸ਼ੇ ਵਿਚੋਂ ਘੱਟੋ-ਘੱਟ 50 ਫੀਸਦੀ ਹੋਣੇ ਲਾਜ਼ਮੀ ਹਨ)। ਸਾਇੰਸ ਵਿਸ਼ੇ ਤੋਂ ਇਲਾਵਾ ਬਾਰ੍ਹਵੀਂ ਪਾਸ (ਘੱਟੋ-ਘੱਟ 50 ਫੀਸਦੀ ਹਰੇਕ ਵਿਸ਼ੇ ਵਿਚੋਂ ਅਤੇ ਅੰਗਰੇਜ਼ੀ ਵਿਸ਼ੇ ਵਿਚੋਂ ਘੱਟੋ-ਘੱਟ 50 ਫੀਸਦੀ ਹੋਣੇ ਲਾਜ਼ਮੀ ਹਨ) ਜਾਂ ਦੋ ਸਾਲਾਂ ਦਾ ਵੋਕੇਸ਼ਨਲ ਕੋਰਸ ਪਾਸ (ਘੱਟੋ-ਘੱਟ 50 ਫੀਸਦੀ ਹਰੇਕ ਵਿਸ਼ੇ ਵਿਚੋਂ ਅਤੇ ਅੰਗਰੇਜ਼ੀ ਵਿਸ਼ੇ ਵਿਚੋਂ ਘੱਟੋ-ਘੱਟ 50 ਫੀਸਦੀ ਹੋਣੇ ਲਾਜ਼ਮੀ ਹਨ) ਅਪਲਾਈ ਕਰ ਸਕਦੇ ਹਨ। ਉਨ੍ਹਾਂ ਦੱਸਿਆ ਕਿ ਉਮੀਦਵਾਰ ਦੀ ਲੰਬਾਈ ਮਰਦਾਂ ਲਈ ਘੱਟੋ-ਘੱਟ 152.5 ਸੈਂਟੀਮੀਟਰ ਅਤੇ ਔਰਤਾਂ ਲਈ 152 ਸੈਂਟੀਮੀਟਰ ਹੋਣੀ ਚਾਹੀਦੀ ਹੈ। ਉਨ੍ਹਾਂ ਦੱਸਿਆ ਕਿ ਬਿਨੈਕਾਰ ਵੈਬਸਾਈਟ 'ਤੇ ਜਾ ਕੇ ਇਸ ਆਸਾਮੀ ਸਬੰਧੀ ਆਨਲਾਈਨ ਫਾਰਮ ਭਰ ਸਕਦੇ ਹਨ ਅਤੇ ਵਧੇਰੇ ਜਾਣਕਾਰੀ ਵੀ ਲੈ ਸਕਦੇ ਹਨ।

# ਅਰੁਣ ਮਹਾਜਨ ਮਾਨਵ ਅਧਿਕਾਰ ਵੈੱਲਫੇਅਰ ਸੁਸਾਇਟੀ ਪੰਜਾਬ ਦੇ ਸਲਾਹਕਾਰ ਨਿਯੁਕਤ



**ਅੰਮ੍ਰਿਤਸਰ (ਪੱਤਰ ਪ੍ਰੇਰਕ)** ਮਾਨਵ ਅਧਿਕਾਰ ਵੈੱਲਫੇਅਰ ਸੁਸਾਇਟੀ ਪੰਜਾਬ ਦੀ ਮੀਟਿੰਗ ਮਜੀਠਾ ਰੋਡ ਵਿਖੇ ਹੋਈ ਜਿਸ ਦੀ ਪ੍ਰਧਾਨਗੀ ਸੁਸ਼ੀਲ ਮਲਹੋਤਰਾ ਨੇ ਕੀਤੀ। ਇਸ ਵਿੱਚ ਵਿਸ਼ੇਸ਼ ਤੌਰ 'ਤੇ ਜਥੇਬੰਦੀ ਦੇ ਕੌਮੀ ਪ੍ਰਧਾਨ ਕਮਲ ਕਿਸ਼ੋਰ, ਮੀਤ ਪ੍ਰਧਾਨ ਵਰਦਾਨ ਭਗਤ ਰੌਕੀ, ਪੰਜਾਬ ਦੇ ਕੌਮੀ ਸਲਾਹਕਾਰ ਅਸ਼ਵਨੀ ਸ਼ਰਮਾ, ਪੰਜਾਬ ਆਰਟੀਆਈ ਸੈੱਲ ਪੰਜਾਬ ਦੇ ਚੇਅਰਮੈਨ ਨਰਿੰਦਰ ਦਵੇਸਰ, ਪੰਜਾਬ ਵਪਾਰ ਸੈੱਲ ਦੇ ਚੇਅਰਮੈਨ ਰਾਜੇਸ਼ ਗਾਂਧੀ, ਮੋਹਨ ਲਾਲ ਮਹਾਜਨ, ਪੂਜਾ ਸ਼ਰਮਾ ਅਤੇ ਸੁਨੀਲ ਮਹਾਜਨ ਹਾਜ਼ਰ ਸਨ। ਇਸ ਮੌਕੇ ਅਰੁਣ ਮਹਾਜਨ ਦੀਆਂ ਸੇਵਾਵਾਂ ਨੂੰ ਦੇਖਦੇ ਹੋਏ ਸੁਸਾਇਟੀ ਦੇ ਰਾਸ਼ਟਰੀ ਪ੍ਰਧਾਨ ਕਮਲ ਕਿਸ਼ੋਰ ਨੇ ਉਨ੍ਹਾਂ ਨੂੰ ਵੈੱਲਫੇਅਰ ਸੁਸਾਇਟੀ ਪੰਜਾਬ ਦਾ ਸਲਾਹਕਾਰ ਨਿਯੁਕਤ ਕੀਤਾ। ਮਹਾਜਨ ਨੇ ਕਿਹਾ ਕਿ ਸਮਾਜ ਵੱਲੋਂ ਮੈਨੂੰ ਜੋ ਸੇਵਾ ਸੌਂਪੀ ਗਈ ਹੈ, ਉਸ ਨੂੰ ਮੈਂ ਪੂਰੀ ਤਨਦੇਹੀ ਅਤੇ ਮਿਹਨਤ ਨਾਲ ਨਿਭਾਵਾਂਗਾ ਅਤੇ ਸਮਾਜ ਸੇਵੀ ਕੰਮਾਂ ਦਾ ਵਡਮੁੱਲਾ ਇਨਾਮ ਦਿੱਤਾ ਜਾਵੇਗਾ। ਇਸ ਮੌਕੇ ਰਾਸ਼ਟਰੀ ਪ੍ਰਧਾਨ ਕਮਲ ਕਿਸ਼ੋਰ, ਸੁਸ਼ੀਲ ਮਲਹੋਤਰਾ, ਵਰਦਾਨ ਭਗਤ ਅਤੇ ਸੁਨੀਲ ਮਹਾਜਨ ਨੇ ਸਾਂਝੇ ਤੌਰ 'ਤੇ ਕਿਹਾ ਕਿ ਸਮਾਜ ਬਿਨਾਂ ਕਿਸੇ ਭੇਦਭਾਵ ਦੇ ਲੋਕਾਂ ਦੀ ਸੇਵਾ ਕਰਨ 'ਚ ਹਮੇਸ਼ਾ ਲੋੜਵੰਦਾਂ ਦੇ ਨਾਲ ਖੜ੍ਹਾ ਹੈ। ਸਮਾਜ ਵਿੱਚ ਫੈਲੀਆਂ ਬੁਰਾਈਆਂ ਨੂੰ ਦੂਰ ਕਰਨ ਲਈ ਹਰ ਵਰਗ ਦਾ ਸਹਿਯੋਗ ਲੈ ਕੇ ਇਸ ਨੂੰ ਖਤਮ ਕਰਨ ਦਾ ਯਤਨ ਕੀਤਾ ਜਾਵੇਗਾ ਅਤੇ ਪੰਜਾਬ ਵਿੱਚ ਵਗ ਰਹੇ ਨਸ਼ਿਆਂ ਦੇ ਛੇਵੇਂ ਦਰਿਆ ਨੂੰ ਖਤਮ ਕਰਨ ਲਈ ਅਰਥੀ ਫੂਕ ਰੈਲੀਆਂ ਵੀ ਕੱਢੀਆਂ ਜਾਣਗੀਆਂ। ਉਨ੍ਹਾਂ ਕਿਹਾ ਕਿ ਸੁਸਾਇਟੀ ਵੱਲੋਂ ਗਰੀਬ ਅਤੇ ਦੱਬੇ-ਕੁਚਲੇ ਬੱਚਿਆਂ ਨੂੰ ਸਕੂਲਾਂ-ਕਾਲਜਾਂ ਵਿੱਚ ਸਰਕਾਰ ਵੱਲੋਂ ਮੁਫਤ ਸਿੱਖਿਆ ਦੀ ਸਹੂਲਤ ਦਿਵਾਉਣ ਲਈ ਸਹਾਇਤਾ ਕੀਤੀ ਜਾ ਰਹੀ ਹੈ। ਇਸ ਦੇ ਨਾਲ ਹੀ ਲੋਕ ਆਰਟੀਆਈ ਰਾਹੀਂ ਅਪਲਾਈ ਕਰ ਸਕਦੇ ਹਨ। ਜਾਗਰੂਕ ਹੋ ਕੇ ਤੁਸੀਂ ਕਿਸੇ ਵੀ ਵਿਭਾਗ ਵਿੱਚ ਹੋ ਰਹੀ ਧੋਖਾਧੜੀ ਨੂੰ ਰੋਕ ਸਕਦੇ ਹੋ। ਪੁਲਸ ਵਿਭਾਗ ਅਤੇ ਸਰਕਾਰੀ ਵਿਭਾਗਾਂ ਵਿੱਚ ਜਨਤਾ ਨਾਲ ਹੋ ਰਹੀ ਧੋਖਾਧੜੀ ਨੂੰ ਰੋਕਣ ਲਈ ਸੁਸਾਇਟੀ ਲੋਕਾਂ ਦੀ ਮਦਦ ਕਰਨ ਤੋਂ ਪਿੱਛੇ ਨਹੀਂ ਹਟਦੀ ਅਤੇ ਨਾਜਾਇਜ਼ ਨੀਤੀਆਂ ਖਿਲਾਫ ਲੋਕਾਂ ਦੇ ਹੱਕਾਂ ਲਈ ਆਵਾਜ਼ ਬੁਲੰਦ ਕਰ ਰਹੀ ਹੈ। ਸਮਾਜ ਦਾ ਇੱਕੋ ਇੱਕ ਉਦੇਸ਼ ਗਰੀਬਾਂ ਦੀ ਸੇਵਾ ਕਰਨਾ ਅਤੇ ਮਨੁੱਖੀ ਅਧਿਕਾਰਾਂ ਲਈ ਲੜਨਾ ਹੈ। ਇਸ ਮੌਕੇ ਅਰੁਣ ਮਹਾਜਨ ਗਰੁੱਪ ਦੀ ਟੀਮ ਦਾ ਧੰਨਵਾਦ ਕੀਤਾ ਅਤੇ ਸਨਮਾਨਿਤ ਕੀਤਾ।

# ਡਿਪਟੀ ਕਮਿਸ਼ਨਰ ਨੇ ਕੋਟ (ਧਾਰ ਕਲਾਂ) ਵਿਖੇ ਲੋਕਾਂ ਦੀਆਂ ਸਮੱਸਿਆਵਾਂ ਸੁਣੀਆਂ

**ਪਠਾਨਕੋਟ (ਦਵਿੰਦਰ ਸਿੰਘ)**
ਮੁੱਖ ਮੰਤਰੀ ਪੰਜਾਬ ਦੇ ਆਦੇਸ਼ਾਂ ਅਨੁਸਾਰ ਪਿੰਡਾਂ ਤੱਕ ਪਹੁੰਚ ਕਰਕੇ ਲੋਕਾਂ ਨਾਲ ਰਾਬਤਾ ਕਾਇਮ ਕਰਕੇ ਉਨ੍ਹਾਂ ਦੀਆਂ ਸਮੱਸਿਆਵਾਂ ਸੁਣਨ ਅਤੇ ਮੌਕੇ 'ਤੇ ਉਨ੍ਹਾਂ ਸਮੱਸਿਆਵਾਂ ਦਾ ਹੱਲ ਕਰਨ ਦੇ ਉਦੇਸ਼ ਨਾਲ ਜ਼ਿਲ੍ਹਾ ਪ੍ਰਸ਼ਾਸਨ ਪਠਾਨਕੋਟ ਵੱਲੋਂ ਵੀ ਮੁਹਿੰਮ ਸ਼ੁਰੂ ਕੀਤੀ ਗਈ ਹੈ। ਇਹ ਪ੍ਰਗਟਾਵਾ ਹਰਬੀਰ ਸਿੰਘ ਡਿਪਟੀ ਕਮਿਸ਼ਨਰ ਪਠਾਨਕੋਟ ਵੱਲੋਂ ਪਿੰਡ ਕੋਟ ਵਿਖੇ ਕੀਤਾ ਗਿਆ। ਇਸ ਮੌਕੇ ਹੋਰਨਾਂ ਤੋਂ ਇਲਾਵਾ ਮੇਜਰ ਡਾ. ਸੁਮਿਤ ਮੁਧ ਚੀਫ ਮਨਿਸਟਰ ਫੀਲਡ ਅਫਸਰ-ਕਮ-ਸਹਾਇਕ ਕਮਿਸਨਰ ਜਨਰਲ, ਲਛਮਣ ਸਿੰਘ ਤਹਿਸੀਲਦਾਰ ਪਠਾਨਕੋਟ, ਸੁਖਚੈਨ ਸਿੰਘ ਜ਼ਿਲ੍ਹਾ ਵਿਕਾਸ ਤੇ ਪੰਚਾਇਤ ਅਫਸਰ ਪਠਾਨਕੋਟ, ਰਾਮ ਲੁਭਾਇਆ ਜ਼ਿਲ੍ਹਾ ਲੋਕ ਸੰਪਰਕ ਅਫਸਰ ਪਠਾਨਕੋਟ, ਬਲਜੀਤ ਸਿੰਘ ਸੋਹੀ ਬੀਡੀਪੀਓ ਧਾਰ ਕਲਾਂ, ਮਹੇਸ਼ ਕੁਮਾਰ ਐਕਸੀਅਨ ਵਾਟਰ ਸਪਲਾਈ ਤੇ ਸੈਨੀਟੇਸ਼ਨ, ਗੁਰਪ੍ਰੀਤ ਸਿੰਘ ਜ਼ਿਲ੍ਹਾ ਭੂਮੀ ਰੱਖਿਆ ਅਫਸਰ ਪਠਾਨਕੋਟ ਅਤੇ ਹੋਰ ਵੱਖ ਵੱਖ ਵਿਭਾਗਾਂ ਦੇ ਜ਼ਿਲ੍ਹਾ ਅਧਿਕਾਰੀ ਹਾਜ਼ਰ ਸਨ। ਜ਼ਿਕਰਯੋਗ ਹੈ ਕਿ ਡੀਸੀ ਵੱਲੋਂ ਪਹਿਲਾਂ ਪਿੰਡ ਕੋਟ ਵਿੱਚ ਕੁਦਰਤੀ ਜਲ ਸਰੋਤਾਂ ਬਾਉਲੀਆਂ ਦਾ ਜਾਇਜ਼ਾ ਲਿਆ ਅਤੇ ਪਿੰਡ ਕੋਟ ਨੂੰ ਜਾਣ ਵਾਲੀ ਸੜਕ ਆਦਿ ਦਾ ਜਾਇਜ਼ਾ ਲਿਆ। ਇਸ ਤੋਂ ਬਾਅਦ ਪਿੰਡ ਦੇ ਹਨੂਮਾਨ ਮੰਦਿਰ ਵਿੱਚ ਇੱਕ ਸਮਾਰੋਹ ਵਿੱਚ ਪਹੁੰਚੇ ਜਿੱਥੇ ਪਿੰਡ ਕੋਟ ਦੀ ਸਰਪੰਚ ਮੀਨੂੰ ਪਠਾਨੀਆ, ਬਲਕਾਰ ਪਠਾਨੀਆ ਅਤੇ ਹੋਰ ਵੱਖ ਵੱਖ ਪਿੰਡਾਂ ਦੇ ਸਰਪੰਚਾਂ ਪੰਚਾਂ ਵੱਲੋਂ ਡਿਪਟੀ ਕਮਿਸਨਰ ਅਤੇ ਹੋਰ ਜ਼ਿਲ੍ਹਾ ਅਧਿਕਾਰੀਆਂ ਦਾ ਵਿਸ਼ੇਸ਼ ਤੌਰ 'ਤੇ ਸਵਾਗਤ ਕੀਤਾ ਗਿਆ। ਇਸ ਮੌਕੇ ਪਿੰਡ ਕੋਟ ਨੂੰ ਜਾਣ ਵਾਲੀ ਮੁੱਖ ਸੜਕ ਦੀ ਹਾਲਤ ਖਸਤਾ ਹੋਣ ਦੀ ਸ਼ਿਕਾਇਤ ਕੀਤੇ ਜਾਣ ਤੇ ਡੀਸੀ ਵੱਲੋਂ ਸਬੰਧਤ ਵਿਭਾਗ ਨੂੰ ਹਦਾਇਤ ਕਰਦਿਆਂ ਕਿਹਾ ਕਿ ਜਲਦੀ ਤੋਂ ਜਲਦੀ ਸੜਕ ਦੀ ਰਿਪੇਅਰ ਦਾ ਕੰਮ ਸਮਾਂ ਰਹਿੰਦਿਆਂ ਸਮਾਪਤ ਕੀਤਾ ਜਾਵੇ। ਉਨ੍ਹਾਂ ਅਧਿਕਾਰੀਆਂ ਨੂੰ ਹਦਾਇਤ ਕਰਦਿਆਂ ਕਿਹਾ ਕਿ ਪਿੰਡਾਂ ਅੰਦਰ ਜਿੰਨੇ ਵੀ ਵਿਕਾਸ ਕਾਰਜ ਕੀਤੇ ਜਾਂਦੇ ਹਨ ਉਨ੍ਹਾਂ ਵਿੱਚ ਪਿੰਡ ਦੇ ਲੋਕਾਂ ਨੂੰ ਨਰੇਗਾ ਅਧੀਨ ਕੰਮ ਦਿੱਤਾ ਜਾਵੇ ਤਾਂ ਜੋ ਪਿੰਡ ਦੇ ਲੋਕਾਂ ਨੂੰ ਰੁਜ਼ਗਾਰ ਵੀ ਮਿਲ ਸਕੇ। ਇਸ ਤੋਂ ਬਾਅਦ ਉਨ੍ਹਾਂ ਵੱਲੋਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕੋਟ ਮੱਟੀ ਦਾ ਦੌਰਾ ਕੀਤਾ ਅਤੇ ਆਂਗਣਵਾੜੀ ਸੈਂਟਰ ਦਾ ਵੀ ਜਾਇਜ਼ਾ ਲਿਆ। ਉਨ੍ਹਾਂ ਪਿੰਡ ਵਾਸੀਆਂ ਨੂੰ ਅਪੀਲ ਕਰਦਿਆਂ ਕਿਹਾ ਕਿ ਅਗਰ ਕਿਸੇ ਨੂੰ ਵੀ ਕੋਈ ਸਮੱਸਿਆ ਹੈ ਤਾਂ ਉਨ੍ਹਾਂ ਦੇ ਧਿਆਨ ਵਿੱਚ ਲਿਆਂਦਾ ਜਾਵੇ ਤਾਂ ਜੋ ਉਸ ਸਮੱਸਿਆ ਦਾ ਹੱਲ ਕੀਤਾ ਜਾ ਸਕੇ।

24-march-PAGE-4.qxd 3/23/2023 10:49 PM Page 1

ਨਵਾਂ ਜ਼ਮਾਨਾ
ਸ਼ੁੱਕਰਵਾਰ, 24 ਮਾਰਚ 2023

# ਲੋਕਤੰਤਰ ਦੀ ਦੁਰਦਸ਼ਾ

*ਭਾਜਪਾ ਨੇ ਰਾਹੁਲ ਗਾਂਧੀ ਵੱਲੋਂ ਲੰਡਨ ਵਿੱਚ ਦਿੱਤੇ ਬਿਆਨਾਂ ਦੇ ਸਵਾਲ 'ਤੇ ਜਿਸ ਤਰ੍ਹਾਂ ਸੰਸਦ ਨੂੰ ਜਾਮ ਕੀਤਾ ਹੋਇਆ ਹੈ, ਉਹ ਰਾਹੁਲ ਗਾਂਧੀ ਦੇ ਬਿਆਨ ਦੀ ਪੁਸ਼ਟੀ ਕਰਦਾ ਹੈ ਕਿ ਮੋਦੀ ਰਾਜ ਅਧੀਨ ਭਾਰਤ ਦਾ ਲੋਕਤੰਤਰ ਢਹਿ-ਢੇਰੀ ਹੋ ਰਿਹਾ ਹੈ। ਰਹਿੰਦੀ ਕਸਰ ਦਿੱਲੀ ਵਿੱਚ ਲੱਗੇ ਮੋਦੀ ਹਟਾਓ, ਦੇਸ਼ ਬਚਾਓ ਦੇ ਪੋਸਟਰਾਂ ਖ਼ਿਲਾਫ਼ 100 ਐੱਫ਼ ਆਈ ਆਰ ਦਰਜ ਕਰਕੇ ਪੂਰੀ ਕਰ ਦਿੱਤੀ ਗਈ ਹੈ। ਇਸ ਵੇਲੇ ਦੇਸ਼ ਵਿੱਚ ਲੋਕਤੰਤਰ ਦੇ ਸਭ ਪਾਵਿਆਂ ਨੂੰ ਤਾਨਾਸ਼ਾਹੀ ਸਿਉਂਕ ਨੇ ਖੋਖਲਾ ਕਰ ਦਿੱਤਾ ਹੈ।*

*ਭਾਰਤੀ ਲੋਕਤੰਤਰ ਦੀ ਬਦਹਾਲੀ ਬਾਰੇ ਇੱਕ ਤੋਂ ਬਾਅਦ ਇੱਕ ਰਿਪੋਰਟਾਂ ਆਉਂਦੀਆਂ ਰਹੀਆਂ, ਪਰ ਗੋਦੀ ਮੀਡੀਆ ਇਸ ਨੂੰ ਜਨਤਾ ਦੇ ਸਾਹਮਣੇ ਰੱਖਣ ਦੀ ਹਿੰਮਤ ਨਹੀਂ ਕਰ ਰਿਹਾ। ਹੁਣ ਅਮਰੀਕੀ ਸਰਕਾਰ ਦੇ ਵਿਦੇਸ਼ ਵਿਭਾਗ ਵੱਲੋਂ ਭਾਰਤ ਵਿੱਚ ਮਨੁੱਖੀ ਅਧਿਕਾਰਾਂ ਦੀ ਹਾਲਤ ਬਾਰੇ ਆਪਣੀ ਰਿਪੋਰਟ ਵਿੱਚ ਭਾਰਤ ਵਿੱਚ ਮਨੁੱਖੀ ਅਧਿਕਾਰਾਂ ਨੂੰ ਕੁਚਲੇ ਜਾਣ ਉੱਤੇ ਡੂੰਘੀ ਚਿੰਤਾ ਜ਼ਾਹਰ ਕੀਤੀ ਗਈ ਹੈ। ਇਸ ਰਿਪੋਰਟ ਵਿੱਚ ਭਾਰਤ ਸਰਕਾਰ ਨੂੰ ਕਿਹਾ ਗਿਆ ਹੈ ਕਿ ਉਹ ਮਨੁੱਖੀ ਅਧਿਕਾਰਾਂ ਬਾਰੇ ਆਪਣੇ ਫਰਜ਼ਾਂ ਤੇ ਜ਼ਿੰਮੇਵਾਰੀਆਂ ਨੂੰ ਨਿਭਾਵੇ।*

*ਅਮਰੀਕਾ ਦੇ ਵਿਦੇਸ਼ ਮੰਤਰੀ ਐਂਥਨੀ ਬਲਿੰਕਨ ਨੇ 20 ਮਾਰਚ ਨੂੰ ਭਾਰਤ ਨਾਲ ਸੰਬੰਧਤ 'ਸਾਲਾਨਾ ਕੰਟਰੀ ਰਿਪੋਰਟ ਆਨ ਹਿਊਮਨ ਰਾਈਟਸ ਪ੍ਰੈਕਟਿਸਜ਼' ਜਾਰੀ ਕੀਤੀ ਸੀ। ਇਸ ਵਿੱਚ ਕਿਹਾ ਗਿਆ ਹੈ ਕਿ ਪਿਛਲੇ ਸਾਲ ਭਾਰਤ ਸਰਕਾਰ ਵੱਲੋਂ ਵੱਡੇ ਪੈਮਾਨੇ ਉੱਤੇ ਮਨੁੱਖੀ ਅਧਿਕਾਰਾਂ ਨੂੰ ਕੁਚਲਿਆ ਗਿਆ ਸੀ। ਰਿਪੋਰਟ ਦੱਸਦੀ ਹੈ ਕਿ ਸੱਤਾ ਤੇ ਪੁਲਸ ਵੱਲੋਂ ਗੈਰ-ਕਾਨੂੰਨੀ ਹੱਤਿਆਵਾਂ, ਐਨਕਾਊਂਟਰ ਦੇ ਨਾਂਅ ਉੱਤੇ ਹੱਤਿਆਵਾਂ, ਪੁਲਸ ਤੇ ਜੇਲ੍ਹ ਅਧਿਕਾਰੀਆਂ ਵੱਲੋਂ ਅਣਮਨੁੱਖੀ ਤਸੀਹੇ ਆਮ ਹੋ ਚੁੱਕੇ ਹਨ।*

*ਮੀਡੀਆ ਤੇ ਪ੍ਰਗਟਾਵੇ ਦੀ ਅਜ਼ਾਦੀ 'ਤੇ ਸਰਕਾਰੀ ਪਾਬੰਦੀਆਂ, ਹਿੰਸਾ ਜਾਂ ਹਿੰਸਾ ਦੀ ਧਮਕੀ, ਨਿਰਪੱਖ ਪੱਤਰਕਾਰਾਂ ਦੀ ਗ੍ਰਿਫ਼ਤਾਰੀ, ਵਿਰੋਧੀਆਂ ਨੂੰ ਜਾਂਚ ਏਜੰਸੀਆਂ ਤੇ ਦੇਸ਼ ਧ੍ਰੋਹ ਨਾਲ ਸੰਬੰਧਤ ਕਾਨੂੰਨਾਂ ਦਾ ਡਰਾਵਾ, ਇੰਟਰਨੈੱਟ ਨੂੰ ਕਦੇ ਵੀ ਕਿਤੇ ਵੀ ਬੰਦ ਕਰ ਦੇਣਾ ਤੇ ਅੰਦੋਲਨਾਂ, ਧਰਨਿਆਂ ਤੇ ਪ੍ਰਦਰਸ਼ਨਾਂ ਵਿੱਚ ਅੜਿੱਕੇ ਪਾਉਣੇ ਸੱਤਾ ਦੇ ਹਥਿਆਰ ਬਣ ਚੁੱਕੇ ਹਨ, ਜਿਨ੍ਹਾਂ ਦਾ ਮਨੁੱਖੀ ਹੱਕਾਂ ਨੂੰ ਕੁਚਲਣ ਲਈ ਲਗਾਤਾਰ ਇਸਤੇਮਾਲ ਹੋ ਰਿਹਾ ਹੈ। ਰਿਪੋਰਟ ਮੁਤਾਬਕ ਦੇਸ਼ ਵਿੱਚ ਕਿਸੇ ਵੀ ਪੱਧਰ 'ਤੇ ਸਰਕਾਰੀ ਅਧਿਕਾਰੀਆਂ ਦੀ ਕੋਈ ਜਵਾਬਦੇਹੀ ਨਹੀਂ ਹੈ। ਇਸ ਕਾਰਨ ਉਹ ਮਨਮਾਨੀਆਂ ਕਰਦੇ ਹਨ, ਕਿਉਂਕਿ ਸਜ਼ਾ ਦਾ ਕੋਈ ਡਰ ਨਹੀਂ ਹੈ। ਸਰਕਾਰ ਆਨਲਾਈਨ ਕੰਟੈਂਟ ਉੱਤੇ ਪੂਰੀ ਨਿਗਰਾਨੀ ਰੱਖਦੀ ਹੈ।*

*ਰਿਪੋਰਟ ਮੁਤਾਬਕ ਦੇਸ਼ ਵਿੱਚ ਔਰਤਾਂ ਦੀ ਹਾਲਤ ਬਹੁਤ ਖਰਾਬ ਹੈ। ਘਰੇਲੂ ਹਿੰਸਾ, ਜਿਨਸੀ ਹਮਲੇ, ਕੰਮ ਸਥਾਨ 'ਤੇ ਸ਼ੋਸ਼ਣ ਤੇ ਬਲਾਤਕਾਰ ਆਦਿ ਨਾਲ ਸੰਬੰਧਤ ਮਾਮਲਿਆਂ ਦੀ ਕਦੇ ਜਾਂਚ ਪੂਰੀ ਨਹੀਂ ਹੁੰਦੀ, ਇਸ ਲਈ ਦੋਸ਼ੀ ਬਚ ਜਾਂਦੇ ਹਨ। ਦੇਸ਼ ਵਿੱਚ ਹਵਾਲਾਤਾਂ ਵਿੱਚ, ਜੇਲ੍ਹਾਂ ਅੰਦਰ ਤੇ ਮੁੱਠਭੇੜਾਂ ਰਾਹੀਂ ਲਗਾਤਾਰ ਹੱਤਿਆਵਾਂ ਹੋ ਰਹੀਆਂ ਹਨ।*

*ਅਮਰੀਕੀ ਰਿਪੋਰਟ ਵਿੱਚ ਘੱਟ-ਗਿਣਤੀਆਂ ਤੇ ਇੱਕ ਵਿਸ਼ੇਸ਼ ਧਰਮ ਵਿਰੁੱਧ ਬੁਲਡੋਜ਼ਰ ਦੇ ਹਥਿਆਰ ਉੱਤੇ ਵੀ ਚਰਚਾ ਕੀਤੀ ਗਈ ਹੈ। ਇਸ ਅਨੁਸਾਰ ਬਿਨਾਂ ਕਿਸੇ ਕਾਨੂੰਨੀ ਕਾਰਵਾਈ ਦੇ ਘੱਟ-ਗਿਣਤੀਆਂ ਦੇ ਘਰਾਂ ਨੂੰ ਨਜਾਇਜ਼ ਉਸਾਰੀਆਂ ਕਹਿ ਕੇ ਢਾਹੁਣ ਦਾ ਸਿਲਸਿਲਾ ਜਾਰੀ ਹੈ।*

*ਭਾਜਪਾ ਸੰਸਦ ਵਿੱਚ ਲਗਾਤਾਰ ਰਾਹੁਲ ਉੱਤੇ ਹਮਲੇ ਕਰ ਰਹੀ ਹੈ ਕਿ ਉਸ ਨੇ ਵਿਦੇਸ਼ਾਂ ਵਿੱਚ ਭਾਰਤੀ ਲੋਕਤੰਤਰ ਦੇ ਕਮਜ਼ੋਰ ਹੋਣ ਦੀ ਗੱਲ ਕਹਿ ਕੇ ਭਾਰਤ ਦੀ ਹੇਠੀ ਕੀਤੀ ਹੈ। ਹੁਣ ਅਮਰੀਕੀ ਸਰਕਾਰ ਵੱਲੋਂ ਤਿਆਰ ਕੀਤੀ ਉਪਰੋਕਤ ਰਿਪੋਰਟ ਵਿੱਚ ਭਾਰਤੀ ਲੋਕਤੰਤਰ ਦੇ ਜਿਸ ਤਰ੍ਹਾਂ ਦੇ ਹਾਲਾਤ ਪੇਸ਼ ਕੀਤੇ ਗਏ ਹਨ, ਉਹ ਰਾਹੁਲ ਗਾਂਧੀ ਦੇ ਬਿਆਨ ਨਾਲੋਂ ਕਿਤੇ ਵੱਧ ਚਿੰਤਾ ਵਾਲੇ ਹਨ। ਇਸ ਰਿਪੋਰਟ ਤੋਂ ਬਾਅਦ ਮੋਦੀ ਸਰਕਾਰ ਦੀਆਂ ਅੱਖਾਂ ਖੁੱਲ੍ਹ ਜਾਣੀਆਂ ਚਾਹੀਦੀਆਂ ਹਨ ਕਿ ਉਸ ਨੇ ਦੇਸ਼ ਦੀ ਹਾਲਤ ਕਿਹੋ ਜਿਹੀ ਬਣਾ ਦਿੱਤੀ ਹੈ। ਵਿਦੇਸ਼ਾਂ ਵਿੱਚ ਭਾਰਤ ਦੀ ਅਸਲ ਬਦਨਾਮੀ ਰਾਹੁਲ ਕਾਰਨ ਨਹੀਂ, ਮੋਦੀ ਹਕੂਮਤ ਦੀਆਂ ਕਰਤੂਤਾਂ ਕਾਰਨ ਹੋ ਰਹੀ ਹੈ।*

# ਭਾਰਤ 'ਚ ਪੇਂਡੂਆਂ ਨੂੰ ਨਹੀਂ ਮਿਲਦੀਆਂ ਸਿਹਤ ਸਹੂਲਤਾਂ



ਗੁਰਮੀਤ ਸਿੰਘ ਪਲਾਹੀ

ਭਾਰਤ ਦੇਸ਼ ਦੀ ਵੱਡੀ ਪੇਂਡੂ ਅਬਾਦੀ ਆਪਣੀ ਸਿਹਤ ਵਿੱਚ ਵਿਗਾੜ ਸਮੇਂ ਝੋਲਾ ਛਾਪ ਡਾਕਟਰਾਂ ਜਾਂ ਝਾੜ-ਫੂਕ ਦੇ ਜ਼ਰੀਏ ਨਿਜ਼ਾਤ ਪਾਉਣ ਲਈ ਮਜਬੂਰ ਹੈ। ਕੇਂਦਰ ਸਰਕਾਰ ਅਤੇ ਸੂਬਾ ਸਰਕਾਰਾਂ ਵੱਲੋਂ ਖੋਲ੍ਹੀਆਂ ਗਈਆਂ ਪੇਂਡੂ ਡਿਸਪੈਂਸਰੀਆਂ ਜਾਂ ਸਿਹਤ ਕੇਂਦਰਾਂ 'ਚ ਨਿਯੁਕਤੀਆਂ ਹੋਣ ਦੇ ਬਾਵਜੂਦ ਡਾਕਟਰ ਪਿੰਡਾਂ 'ਚ ਡਿਊਟੀ ਲਈ ਨਹੀਂ ਪੁੱਜਦੇ, ਇੱਥੋਂ ਤੱਕ ਕਿ ਦੂਰ-ਦੁਰਾਡੇ ਪਿੰਡਾਂ 'ਚ ਨਿਯੁਕਤ ਕੀਤੇ ਡਾਕਟਰ ਸ਼ਹਿਰਾਂ 'ਚ, ਜਿੱਥੇ ਉਹ ਰਿਹਾਇਸ਼ ਰੱਖਦੇ ਹਨ, ਆਪਣੇ ਪ੍ਰਾਈਵੇਟ ਕਲੀਨਿਕ ਖੋਲ੍ਹ ਕੇ ਪ੍ਰੈਕਟਿਸ ਕਰਨ ਲੱਗਦੇ ਹਨ।

ਪੇਂਡੂ ਖੇਤਰਾਂ 'ਚ ਖੁੱਲ੍ਹੇ ਸਰਕਾਰੀ ਸਿਹਤ ਕੇਂਦਰਾਂ 'ਚ ਡਾਕਟਰੀ ਅਤੇ ਡਾਕਟਰੀ ਅਮਲੇ ਦੀ ਘਾਟ ਦਿਖਦੀ ਹੈ। ਭਾਵੇਂ ਦੇਸ਼ 'ਚ ਸਿਹਤ ਸਹੂਲਤਾਂ, ਸਿਹਤ ਬੀਮੇ ਰਾਹੀਂ ਮਿਲਦੀਆਂ ਸਹੂਲਤਾਂ ਦੇ ਵੱਡੇ ਦਾਅਵੇ ਸਰਕਾਰਾਂ ਕਰਦੀਆਂ ਹਨ, ਪਰ ਪਿੰਡਾਂ 'ਚ ਇੱਕ ਸਰਵੇਖਣ ਅਨੁਸਾਰ 80 ਫੀਸਦੀ ਸਪੈਸ਼ਲਿਸਟ ਡਾਕਟਰਾਂ ਦੀ ਘਾਟ ਹੈ। ਅਸਲ ਵਿੱਚ ਪਿੰਡਾਂ, ਸ਼ਹਿਰਾਂ ਦਰਮਿਆਨ ਸਿਹਤ-ਸਹੂਲਤਾਂ ਦੀ ਵੱਡੀ ਖਾਈ ਹੈ, ਜੋ ਭਰੀ ਨਹੀਂ ਜਾ ਰਹੀ।

ਇਹ ਖਾਈ ਸਗੋਂ ਨਿਰੰਤਰ ਵਧ ਰਹੀ ਹੈ। ਸ਼ਹਿਰਾਂ 'ਚ ਵੱਡੇ-ਵੱਡੇ ਸਪੈਸ਼ਲਿਸਟ ਹਸਪਤਾਲ ਹਨ, ਲੈਬਾਰਟਰੀਆਂ ਹਨ, ਸਰਕਾਰੀ, ਗੈਰ-ਸਰਕਾਰੀ ਸੰਸਥਾਵਾਂ ਵੱਲੋਂ ਚਲਾਏ ਜਾਂਦੇ ਹਸਪਤਾਲ ਹਨ, ਪਰ ਪਿੰਡਾਂ ਵਿੱਚ ਕੀ ਹੈ, ਜਿੱਥੇ ਉਂਜ ਵੀ ਵਿਕਾਸ ਦੇ ਨਾਂਅ ਉੱਤੇ ਦਮਗਜੇ ਹਨ, ਪਰ ਅਸਲੀਅਤ ਵਿੱਚ ਗੰਦੇ ਛੱਪੜ, ਗੰਦੀਆਂ ਬਸਤੀਆਂ ਹਨ। ਕੀ ਇਹੋ ਜਿਹੇ ਹਾਲਾਤ ਵਿੱਚ ਦੇਸ਼ ਖੁਸ਼ਹਾਲ ਹੋ ਸਕਦਾ ਹੈ? ਕੀ ਪੇਂਡੂਆਂ ਦੀ ਸਿਹਤ ਜੂਨ ਸੁਧਰ ਸਕਦੀ ਹੈ?

2021-22 ਦੀ ਪੇਂਡੂ ਸਿਹਤ ਅੰਕੜਿਆਂ ਦੀ ਸਰਵੇਖਣ ਰਿਪੋਰਟ ਦੱਸਦੀ ਹੈ ਕਿ ਪੇਂਡੂ ਭਾਰਤ ਵਿੱਚ ਸਰਜਨ ਡਾਕਟਰਾਂ ਦੀ 83 ਫੀਸਦੀ ਘਾਟ ਹੈ। ਬੱਚਿਆਂ ਦੇ ਡਾਕਟਰਾਂ ਦੀ 81.6 ਫੀਸਦੀ ਅਤੇ ਫਿਜੀਸ਼ੀਅਨਾਂ ਦੀ 79.1 ਫੀਸਦੀ ਕਮੀ ਹੈ। ਇਹੀ ਹਾਲ ਔਰਤਾਂ ਦੇ ਰੋਗਾਂ ਦੀਆਂ ਸਪੈਸ਼ਲਿਸਟ ਡਾਕਟਰਾਂ ਦਾ ਹੈ, ਜਿਨ੍ਹਾਂ ਦੀ ਘਾਟ 72.2 ਫੀਸਦੀ ਹੈ। ਅਸਲ 'ਚ ਤਾਂ ਪਿੰਡਾਂ 'ਚ ਖੁੱਲ੍ਹੇ ਪ੍ਰਾਇਮਰੀ ਹੈਲਥ ਸੈਂਟਰਾਂ (ਮੁੱਢਲੇ ਸਿਹਤ ਕੇਂਦਰਾਂ) ਦੇ ਹਾਲਾਤ ਹੀ ਮਾੜੇ ਹਨ, ਜਿੱਥੇ ਡਾਕਟਰੀ ਅਮਲੇ ਤੋਂ ਲੈ ਕੇ ਬੁਨਿਆਦੀ ਸਾਜ਼ੋ-ਸਾਮਾਨ ਵੀ ਇਨ੍ਹਾਂ ਕੇਂਦਰਾਂ 'ਚ ਉਪਲੱਬਧ ਨਹੀਂ ਹੈ।

ਵੈਸੇ ਤਾਂ ਦੇਸ਼ 'ਚ ਬੁਨਿਆਦੀ ਸਹੂਲਤਾਂ ਦੀ ਘਾਟ ਹੈ। ਪੇਂਡੂ ਤੇ ਸ਼ਹਿਰੀ ਖੇਤਰਾਂ 'ਚ ਇਸ ਸੰਬੰਧੀ ਇੱਕ ਸਰਵੇਖਣ ਹੋਇਆ। ਇਸ ਸਰਵੇਖਣ 'ਚ ਹਿੱਸਾ ਲੈਣ ਵਾਲੇ 97 ਫੀਸਦੀ ਲੋਕਾਂ ਨੇ ਕਿਹਾ ਕਿ ਉਹਨਾ ਦੀ ਬਿਹਤਰ ਪਖਾਨਿਆਂ ਤੱਕ ਪਹੁੰਚ ਹੈ, ਹਾਲਾਂਕਿ ਇਹ ਸੁਧਾਰ ਉਹਨਾ ਲੋਕਾਂ ਦੀ ਸ਼੍ਰੇਣੀ ਨੂੰ ਦਰਸਾਉਂਦਾ ਹੈ, ਜਿਹਨਾ ਕੋਲ ਪਹਿਲਾਂ ਹੀ ਪਖਾਨੇ ਸਨ ਅਤੇ ਉਹਨਾ ਦੀ ਹਾਲਤ ਇੰਨੀ ਵਧੀਆ ਨਹੀਂ ਸੀ। ਸਰਵੇਖਣ ਅਨੁਸਾਰ 78 ਫੀਸਦੀ ਪੇਂਡੂ ਪਰਵਾਰਾਂ ਤੱਕ ਚੰਗੇ-ਮੰਦੇ ਪਖਾਨਿਆਂ ਦੀ ਪਹੁੰਚ ਹੈ ਅਤੇ 77 ਫੀਸਦੀ ਪੇਂਡੂ ਆਬਾਦੀ ਕੋਲ ਸਾਬਣ ਨਾਲ ਹੱਥ ਧੋਣ ਦੀ ਸੁਵਿਧਾ ਹੈ, ਪਰ ਬਾਕੀ ਸਿਰਫ ਪਾਣੀ ਨਾਲ ਜਾਂ ਪਾਣੀ ਅਤੇ ਸੁਆਹ ਜਾਂ ਮਿੱਟੀ ਤੇ ਰੇਤ ਆਦਿ ਨਾਲ ਹੱਥ ਧੋਂਦੇ ਹਨ। ਕੀ ਇਹ ਸਿਹਤ ਲਈ ਚੰਗਾ ਹੈ? ਸਿਹਤ ਸਹੂਲਤਾਂ 'ਚ ਇਸ ਕਿਸਮ ਦੀ ਬੁਨਿਆਦੀ ਲੋੜ ਦਾ ਪੂਰਾ ਨਾ ਹੋਣਾ ਨਾ-ਬਰਾਬਰੀ ਅਤੇ ਵਸੀਲਿਆਂ ਦੀ ਅਸਾਵੀਂ ਵੰਡ ਵੱਲ ਇਸ਼ਾਰਾ ਕਰਦਾ ਹੈ। ਇੱਕ ਪਾਸੇ ਪੰਜ ਤਾਰਾ ਹਸਪਤਾਲ, ਦੂਜੇ ਪਾਸੇ ਛੋਟੀਆਂ ਜਿਹੀਆਂ ਸਿਹਤ ਸਹੂਲਤ ਦੀ ਵੀ ਘਾਟ!

ਇਸੇ ਲਈ ਸ਼ਾਇਦ ਦੇਸ਼ ਦੀ ਸਰਵਉੱਚ ਅਦਾਲਤ ਸੁਪਰੀਮ ਕੋਰਟ ਨੇ ਸਿਹਤ ਸਹੂਲਤਾਂ 'ਤੇ ਚਿੰਤਾ ਪ੍ਰਗਟ ਕੀਤੀ ਹੈ ਅਤੇ ਕਿਹਾ ਹੈ ਕਿ ਦੇਸ਼ ਵਿਸ਼ਵ ਗੁਰੂ ਬਨਣ ਦਾ ਸੁਫਨਾ ਦੇਖ ਰਿਹਾ ਹੈ, ਪਰ ਅਸੀਂ ਉਦੋਂ ਤੱਕ ਵਿਸ਼ਵ ਗੁਰੂ ਨਹੀਂ ਹੋ ਸਕਦੇ, ਜਦੋਂ ਤੱਕ ਦੇਸ਼ ਵਿੱਚ ਅਸਲ ਅਰਥਾਂ 'ਚ ਹਰ ਖੇਤਰ 'ਚ ਮੁਢਲੀ ਤਬਦੀਲੀ ਨਹੀਂ ਆਉਂਦੀ।

ਜਨਵਰੀ 2023 'ਚ ਸੁਪਰੀਮ ਕੋਰਟ ਨੇ ਇੱਕ ਫੈਸਲੇ 'ਚ ਕਿਹਾ, "ਪੇਂਡੂ ਖੇਤਰਾਂ ਦੇ ਲੋਕਾਂ ਨੂੰ ਵੀ ਸ਼ਹਿਰੀ ਖੇਤਰਾਂ ਦੇ ਲੋਕਾਂ ਵਾਂਗ ਸਿਹਤ ਸਹੂਲਤਾਂ ਪ੍ਰਾਪਤ ਕਰਨ ਦਾ ਹੱਕ ਹੈ। ਅਦਾਲਤ ਨੇ ਕਿਹਾ ਕਿ ਸਰਕਾਰ ਉੱਤੇ ਪੇਂਡੂ ਖੇਤਰਾਂ ਵਿੱਚ ਸਿਹਤ ਸਹੂਲਤਾਂ ਦੀ ਪਹੁੰਚ ਵਧਾਉਣ ਦੀ ਜ਼ਿੰਮੇਵਾਰੀ ਹੈ। ਪੇਂਡੂ ਅਬਾਦੀ ਦੀ ਦੇਖਭਾਲ ਲਈ ਕਾਬਲ ਡਾਕਟਰਾਂ ਦੀਆਂ ਸੇਵਾਵਾਂ ਦੇਣਾ ਸਰਕਾਰ ਦਾ ਫਰਜ਼ ਹੈ। ਸੁਪਰੀਮ ਕੋਰਟ ਨੇ ਤਾਂ ਇੱਥੋਂ ਤੱਕ ਕਹਿ ਦਿੱਤਾ ਕਿ ਪੇਂਡੂ ਤੇ ਸ਼ਹਿਰੀ ਆਬਾਦੀ ਵਿੱਚ ਸਿਹਤ ਸਹੂਲਤਾਂ ਪ੍ਰਦਾਨ ਕਰਨ 'ਚ ਭੇਦਭਾਵ ਨਹੀਂ ਹੋਣਾ ਚਾਹੀਦਾ।"

ਭਾਰਤ ਦੇ ਪੇਂਡੂ ਖੇਤਰ ਵਿੱਚ 3100 ਮਰੀਜ਼ਾਂ ਪਿੱਛੇ ਇੱਕ ਬੈੱਡ (ਬਿਸਤਰ) ਸਿਹਤ ਕੇਂਦਰਾਂ 'ਚ ਉਪਲੱਬਧ ਹੈ। ਕਈ ਰਾਜਾਂ 'ਚ ਇਹ ਅੰਕੜਾ ਹੋਰ ਵੀ ਖਰਾਬ ਹੈ। ਬਿਹਾਰ ਵਿੱਚ 18000 ਪੇਂਡੂਆਂ ਪਿੱਛੇ ਇੱਕ ਬਿਸਤਰ ਅਤੇ ਯੂ.ਪੀ. 'ਚ 3900 ਪਿੱਛੇ ਇੱਕ ਬੈੱਡ। ਇਥੇ ਹੀ ਬੱਸ ਨਹੀਂ, ਪੇਂਡੂ ਖੇਤਰਾਂ 'ਚ 26000 ਦੀ ਆਬਾਦੀ ਪਿੱਛੇ ਇੱਕ ਡਾਕਟਰ ਹੈ, ਜਦਕਿ ਵਿਸ਼ਵ ਸਿਹਤ ਸੰਗਠਨ ਕਹਿੰਦਾ ਹੈ ਕਿ ਹਰ ਇੱਕ ਹਜ਼ਾਰ ਲੋਕਾਂ ਪਿੱਛੇ ਇੱਕ ਡਾਕਟਰ ਹੋਣਾ ਚਾਹੀਦਾ ਹੈ। ਜਦੋਂ ਸਹੂਲਤਾਂ ਇੰਨੀਆਂ ਘੱਟ ਹਨ ਤਾਂ ਆਖਰ ਲੋਕ ਕੀ ਕਰਨ?

ਸਵਾਲ ਇਹ ਵੀ ਹੈ ਕਿ ਦੇਸ਼ ਵਿੱਚ ਇਲਾਜ ਉਤੇ ਹੋਣ ਵਾਲੇ ਖਰਚੇ ਦਾ ਅੱਧਾ ਖਰਚਾ ਵਿਅਕਤੀ ਦੀ ਜੇਬ ਵਿੱਚੋਂ ਹੁੰਦਾ ਹੈ। ਜਦੋਂ ਆਮਦਨੀ ਪ੍ਰਤੀ ਵਿਅਕਤੀ 27 ਰੁਪਏ ਦਿਹਾੜੀ ਹੈ ਤਾਂ ਵਿਅਕਤੀ ਖਾਏਗਾ ਕੀ, ਬਿਮਾਰ ਪਿਆ ਤਾਂ ਇਲਾਜ ਕਰਵਾਏਗਾ ਕਿੱਥੋਂ? ਬੱਚਿਆਂ ਦੀ ਸਿੱਖਿਆ ਅਤੇ ਹੋਰ ਸੰਭਾਲ ਲਈ ਪੈਸਾ ਆਖਿਰ ਕਿੱਥੋਂ ਲਿਆਏਗਾ?

ਇਹੋ ਕਾਰਨ ਹੈ ਕਿ ਦੇਸ਼ ਵਿੱਚ ਗਰੀਬ ਪਰਵਾਰਾਂ ਦੀ ਔਸਤ ਉਮਰ, 20 ਫੀਸਦੀ ਚੰਗੇ ਪਰਵਾਰਾਂ ਦੀ ਔਸਤ ਉਮਰ ਦੇ ਮੁਕਾਬਲੇ, ਸੱਤ ਸਾਲ ਛੋਟੀ ਹੋ ਰਹੀ ਹੈ। ਕਿਹੋ ਜਿਹਾ ਇਨਸਾਫ ਹੈ ਇਸ ਲੋਕਤੰਤਰ ਵਿੱਚ, ਜਿਹੜਾ ਵਿਤਕਰੇ ਭਰੇ ਆਰਥਿਕ ਤੰਤਰ 'ਚ ਗੋਡੇ ਟੇਕ ਬੈਠਾ ਹੈ, ਜਿੱਥੇ ਅਮੀਰ ਆਦਮੀ ਗਰੀਬ ਆਦਮੀ ਦੇ ਜੀਊਣ ਦੇ ਸਾਧਨ ਵੀ ਆਪਣੀ ਲਪੇਟ ਵਿੱਚ ਲੈ ਰਿਹਾ ਹੈ।

ਨਵੀਂ ਰਾਸ਼ਟਰੀ ਸਿਹਤ ਪਾਲਿਸੀ 2017 ਅਨੁਸਾਰ "ਸਾਰਿਆਂ ਲਈ ਸਿਹਤ" ਦਾ ਟੀਚਾ ਹੈ, ਭਾਰਤੀ ਸਿਹਤ ਪ੍ਰਬੰਧਨ 'ਚ ਮੁਢਲੀਆਂ, ਸਿਹਤ ਸਹੂਲਤਾਂ ਲਈ ਸਬ ਸੈਂਟਰ, ਪ੍ਰਾਇਮਰੀ ਹੈਲਥ ਸੈਂਟਰ ਅਤੇ ਕਮਿਊਨਿਟੀ ਹੈਲਥ ਸੈਂਟਰ ਹਨ, ਜਦਕਿ ਸੈਕੰਡਰੀ ਸਿਹਤ ਪ੍ਰਬੰਧਨ ਲਈ ਜ਼ਿਲ੍ਹਾ ਅਤੇ ਸਬ ਡਵੀਜ਼ਨ ਪੱਧਰੀ ਹਸਪਤਾਲ ਹਨ, ਜਦਕਿ ਰਾਜ ਜਾਂ ਟੈਰੀਟਰੀ ਪੱਧਰ 'ਤੇ ਸਿਹਤ ਸੰਸਥਾਵਾਂ ਖੋਜ ਸੈਂਟਰ ਹਨ। ਪਰ ਅਸਲ ਵਿੱਚ ਪੇਂਡੂ ਖੇਤਰ 'ਚ ਕੰਮ ਕਰਦੇ ਪ੍ਰਾਇਮਰੀ ਜਾਂ ਕਮਿਊਨਿਟੀ ਸਿਹਤ ਕੇਂਦਰਾਂ ਦੇ ਹਾਲਤ ਅਤਿ ਦੇ ਮਾੜੇ ਹਨ, ਜਿੱਥੇ ਇਮਾਰਤਾਂ ਦੀ ਘਾਟ ਹੈ, ਸਟਾਫ ਨੂੰ ਪੂਰੀ ਤਨਖਾਹ ਨਹੀਂ, ਐਮਰਜੈਂਸੀ 'ਚ ਮਿਲਣ ਵਾਲੇ ਬੈੱਡ ਨਹੀਂ ਹਨ।

ਦੇਸ਼ 'ਚ ਸਿੱਖਿਆ ਅਤੇ ਸਿਹਤ ਕਮਾਈ ਦਾ ਜ਼ਰੀਆ ਬਣ ਗਿਆ ਹੈ। ਕੋਰੋਨਾ ਕਾਲ 'ਚ ਇੱਕ ਵਿਸ਼ੇਸ਼ ਵਰਗ ਨੇ ਸਿਹਤ ਸਹੂਲਤਾਂ ਪ੍ਰਦਾਨ ਕਰਦਿਆਂ ਇੰਨੀ ਲੁੱਟ ਮਚਾਈ ਕਿ ਅਰਬਾਂਪਤੀ, ਖਰਬਾਂਪਤੀ ਲੋਕਾਂ ਦੀ ਗਿਣਤੀ ਵਧ ਗਈ ਅਤੇ ਵੱਡੀ ਗਿਣਤੀ ਲੋਕ ਗਰੀਬੀ ਰੇਖਾ ਤੋਂ ਹੋਰ ਥੱਲੇ ਖਿਸਕ ਗਏ। ਚਾਹੀਦਾ ਤਾਂ ਇਹ ਹੈ ਕਿ ਦੇਸ਼ ਵਿੱਚ ਸਿਹਤ ਅਤੇ ਸਿੱਖਿਆ ਮੁਫਤ ਹੋਵੇ, ਹਰ ਨਾਗਰਿਕ ਲਈ ਬਰਾਬਰ ਦੀ ਸਿੱਖਿਆ ਹੋਵੇ, ਸਭ ਲਈ ਚੰਗੀਆਂ ਸਿਹਤ ਸਹੂਲਤਾਂ ਤੋਂ ਵੀ ਕੋਈ ਵਿਰਵਾ ਨਾ ਰਹੇ, ਪਰ ਸਰਕਾਰੀ ਤੰਤਰ ਵੱਲੋਂ ਜਾਰੀ ਸਿਹਤ ਸਹੂਲਤ "ਆਯੂਸ਼ਮਾਨ ਭਾਰਤ" ਯੋਜਨਾ ਦਾ ਦੇਸ਼ 'ਚ ਕੀ ਹਾਲ ਹੋਇਆ? ਇਸ ਯੋਜਨਾ ਦਾ ਉਦੇਸ਼ 50 ਕਰੋੜ ਲੋਕਾਂ ਨੂੰ ਸਿਹਤ ਸੁਰੱਖਿਆ ਪ੍ਰਦਾਨ ਕਰਨਾ ਹੈ ਪਰ ਇਹ ਯੋਜਨਾ ਵੀ ਭੈੜੇ ਪ੍ਰਬੰਧਨ, ਪੈਸੇ ਦੀ ਘਾਟ ਕਾਰਨ ਅਤੇ ਸਿਹਤ ਕਾਮਿਆਂ ਦੀ ਕਮੀ ਕਾਰਨ ਹਫਦੀ ਹੋਈ ਨਜ਼ਰ ਆਈ।

ਦੇਸ਼ ਦਾ ਪਿੰਡ ਰੁਜ਼ਗਾਰ ਵਿਹੂਣਾ ਹੈ। ਦੇਸ਼ ਦਾ ਪਿੰਡ ਸਿੱਖਿਆ ਸਹੂਲਤਾਂ ਤੋਂ ਊਣਾ ਹੈ। ਦੇਸ਼ ਦੇ ਪਿੰਡਾਂ ਲਈ ਅੱਛੀਆਂ ਸੜਕਾਂ ਨਹੀਂ, ਸਾਫ-ਸੁਥਰੇ ਪਾਣੀ ਅਤੇ ਟਾਇਲਟਾਂ ਦੀ ਕਮੀ ਹੈ। ਦੇਸ਼ ਦੇ ਪਿੰਡਾਂ 'ਚ ਸਰਕਾਰਾਂ ਹਰਾ, ਹਰਾ, ਗੁਲਾਬੀ, ਗੁਲਾਬੀ ਲੱਖ ਵੇਰ ਲੋਕਾਂ ਨੂੰ ਦਿਖਾਉਣ, ਪਰ ਜ਼ਮੀਨੀ ਹਕੀਕਤ ਇਹ ਹੈ ਕਿ ਅੱਜ ਵੀ ਪਿੰਡ ਬਿਮਾਰ ਹੈ।

ਸਿਹਤ ਸਹੂਲਤਾਂ 'ਚ ਘਾਟ ਅਤੇ ਵਖਰੇਵੇਂ ਕਾਰਨ ਖਾਸ ਕਰਕੇ ਪੇਂਡੂ ਖਿੱਤਾ ਬਦਹਾਲੀ ਝੱਲ ਰਿਹਾ ਹੈ। ਇਹ ਸਮੱਸਿਆ ਕਿਸੇ ਇੱਕ ਹੀ ਸੂਬੇ ਦੀ ਕਮੀ ਨਹੀਂ ਹੈ, ਸਗੋਂ ਸਮੁੱਚੇ ਭਾਰਤ ਦੀ ਇਹ ਹਾਲਤ ਹੈ। ਭਾਵੇਂ ਕਿ ਕੁਝ ਸੂਬੇ ਸਿਹਤ ਸਹੂਲਤਾਂ ਦੇਣ ਲਈ ਹੰਭਲੇ ਮਾਰ ਰਹੇ ਹਨ, ਪਰ ਪੈਸੇ ਦੀ ਥੁੜ ਆੜੇ ਆ ਰਹੀ ਹੈ।

ਅੱਜ ਵੀ ਸਿਹਤ ਸਹੂਲਤਾਂ ਦੀ ਘਾਟ ਦੀ ਮਾਰ ਗਰੀਬ ਆਦਮੀ ਹੀ ਸਹਿ ਰਿਹਾ ਹੈ, ਪਰ ਸਿਆਸੀ ਆਗੂ ਲੋਕਤੰਤਰ ਅਤੇ ਸੰਵਿਧਾਨ ਦੀ ਦੁਹਾਈ ਦੇ ਕੇ ਆਪਣਾ ਉੱਲੂ ਸਿੱਧਾ ਕਰ ਰਹੇ ਹਨ ਅਤੇ ਵੱਡੀਆਂ-ਵੱਡੀਆਂ ਯੋਜਨਾਵਾਂ ਬਣਾ ਕੇ, ਫਿਰ ਉਹਨਾ ਦਾ ਪ੍ਰਚਾਰ ਕਰਕੇ ਲੋਕਾਂ ਨੂੰ ਗੁੰਮਰਾਹ ਕਰ ਰਹੇ ਹਨ।

ਸੰਵਿਧਾਨ ਦੀ ਧਾਰਾ-21 ਅਨੁਸਾਰ ਹਰ ਭਾਰਤੀ ਨਾਗਰਿਕ ਨੂੰ ਜੀਵਨ ਜੀਊਣ ਦਾ ਹੱਕ ਹੈ, ਪਰ ਜਿੱਥੇ ਸਿਹਤ ਸਹੂਲਤਾਂ ਦਾ ਮੰਦਾ ਹਾਲ ਹੋਵੇ, ਖਾਸ ਕਰਕੇ ਪੇਂਡੂ ਖਿੱਤੇ 'ਚ, ਉਥੇ ਚੰਗਾ ਜੀਵਨ ਕਿਵੇਂ ਚਿਤਵਿਆ ਜਾ ਸਕਦਾ ਹੈ?

ਸਰਕਾਰ ਦਾ ਫਰਜ਼ ਬਣਦਾ ਹੈ ਕਿ ਉਹ ਮੁਫਤ ਸਿਹਤ, ਸਿੱਖਿਆ ਸਹੂਲਤਾਂ ਦੇਵੇ, ਪਰ ਪਿਛਲੇ ਸਾਲਾਂ 'ਚ ਸਰਕਾਰਾਂ ਇਸ ਫਰਜ਼ ਤੋਂ ਆਪਣਾ ਹੱਥ ਪਿੱਛੇ ਖਿੱਚ ਰਹੀਆਂ ਹਨ ਅਤੇ ਸਿਹਤ ਸੇਵਾਵਾਂ ਦਾ ਨਿੱਜੀਕਰਨ ਵਧਦਾ ਜਾ ਰਿਹਾ ਹੈ।

ਡਰ ਤਾਂ ਇਹ ਬਣਦਾ ਜਾ ਰਿਹਾ ਹੈ ਕਿ ਸਰਕਾਰ ਆਉਣ ਵਾਲੇ ਸਮੇਂ 'ਚ ਸਿਹਤ ਖੇਤਰ 'ਚ ਨਾਗਰਿਕਾਂ ਨੂੰ ਆਪਣੀ ਸਿਹਤ ਦੇ ਸਬੰਧ 'ਚ ਆਤਮ ਨਿਰਭਰ ਹੋਣ ਦੀ ਗੱਲ ਨਾ ਕਹਿ ਦੇਵੇ, ਤਾਂ ਫਿਰ ਗਰੀਬ ਲੋਕਾਂ ਖਾਸ ਕਰਕੇ ਪੇਂਡੂਆਂ ਦਾ ਕੀ ਬਣੇਗਾ?

*# ਸੰਪਰਕ : 98158-02070*

# ਅੱਜ ਲੋੜ ਹੈ ਕਿਤਾਬਾਂ ਦਾ ਮਹੱਤਵ ਪਛਾਣਨ ਦੀ



ਮੁਹੰਮਦ ਅੱਬਾਸ ਧਾਲੀਵਾਲ

ਕਿਤਾਬਾਂ ਨਾ ਸਿਰਫ ਸਾਡੇ ਗਿਆਨ 'ਚ ਵਾਧਾ ਕਰਦੀਆਂ ਹਨ, ਸਗੋਂ ਇਹ ਦਿਮਾਗ 'ਚ ਪੱਸਰੇ ਹਨੇਰੇ ਨੂੰ ਵੀ ਦੂਰ ਕਰਦੀਆਂ ਹਨ, ਪਰ ਅਫਸੋਸ ਅੱਜ ਦੀ ਤੇਜ਼ ਰਫਤਾਰ ਜ਼ਿੰਦਗੀ ਤੇ ਸੋਸ਼ਲ ਮੀਡੀਆ ਦੀ ਚਕਾਚੌਂਧ 'ਚ ਇਨ੍ਹਾਂ ਕਿਤਾਬਾਂ ਨੂੰ ਕਿਤੇ ਨਾ ਕਿਤੇ ਵਿਸਾਰਿਆ ਜਾ ਰਿਹਾ ਹੈ। ਪਿਛਲੇ ਕਰੀਬ ਡੇਢ-ਦੋ ਦਹਾਕਿਆਂ ਤੋਂ ਕਿਤਾਬਾਂ ਪੜ੍ਹਨ ਵਾਲੇ ਪਾਠਕਾਂ ਦੀ ਗਿਣਤੀ ਵਿੱਚ ਲਗਾਤਾਰ ਨਿਘਾਰ ਆਉਂਦਾ ਜਾ ਰਿਹਾ ਹੈ। ਦੂਜੇ ਇਹ ਵੀ ਕਿਹਾ ਜਾ ਸਕਦਾ ਹੈ ਕਿ ਅੱਜ ਦੇ ਇਸ ਪਦਾਰਥਵਾਦੀ ਯੁੱਗ 'ਚ ਕਿਤਾਬਾਂ ਪੜ੍ਹਨ ਲਈ ਸਮਾਂ ਕੱਢ ਪਾਉਣਾ ਜਿਵੇਂ ਇੱਕ ਸ਼ੇਰ ਦੇ ਮੂੰਹੋਂ ਬੋਟੀ ਖੋਹਣ ਦੇ ਤੁਲ ਜਾਪਦਾ ਹੈ ਜਾਂ ਇੰਝ ਕਹੋ ਕਿ ਸੋਸ਼ਲ ਮੀਡੀਆ ਦੇ ਇਸ ਦੌਰ ਵਿੱਚ ਸੁਹਿਰਦ ਪਾਠਕਾਂ ਦਾ ਕਾਲ ਪਿਆ ਜਾਪਦਾ ਹੈ ਤੇ ਇਸ ਗੱਲ ਦੀ ਗਵਾਹੀ ਲਾਇਬ੍ਰੇਰੀਆਂ ਦਾ ਸੁੰਨਾਪਨ ਸਰੇਆਮ ਦਰਸਾਉਂਦਾ ਹੈ ਤੇ ਵੀਰਾਨ ਹੋਈਆਂ ਲਾਇਬ੍ਰੇਰੀਆਂ ਵਿਚਲੀਆਂ ਕਿਤਾਬਾਂ ਅੱਜ ਪਾਠਕਾਂ ਦੀ ਉਡੀਕ 'ਚ ਗਰਦ-ਓ-ਗੁਬਾਰ ਨਾਲ ਜਿਵੇਂ ਅਟੀਆਂ ਪਈਆਂ ਪ੍ਰਸ਼ਨਾਤਮਕ ਮੁਦਰਾ ਵਿੱਚ ਇਹ ਪੁੱਛਦੀਆਂ ਜਾਪਦੀਆਂ ਹਨ, ਆਖਿਰ ਕਦੋਂ ਆਵੇਗਾ ਉਹ ਪਾਠਕ ਜੋ ਸਾਡੇ ਮੂੰਹਾਂ 'ਤੇ ਪਈ ਗਰਦ ਨੂੰ ਸਾਫ ਕਰਦਿਆਂ ਸਾਡੇ ਪੰਨਿਆਂ ਨੂੰ ਖੋਲ੍ਹ ਕੇ ਪੜ੍ਹ ਸਾਨੂੰ ਤਰੋ-ਤਾਜ਼ਾ ਹਵਾ ਲਗਵਾਏਗਾ।"

ਅੱਜ ਦੀ ਪਨੀਰੀ ਨੂੰ ਇਹ ਪਤਾ ਹੀ ਨਹੀਂ ਕਿ ਸਾਡੇ ਜੀਵਨ ਵਿਚ ਕਿਤਾਬਾਂ ਦੀ ਕਿੰਨੀ ਵੱਡੀ ਮਹੱਤਤਾ ਹੈ ਤੇ ਇਹ ਸਾਡੀ ਕਿੰਨੀ ਹੀ ਉਲਝਣਮਈ ਜ਼ਿੰਦਗੀ ਨੂੰ ਸੁਲਝਾਉਣ ਦੀ ਸਮਰੱਥਾ ਰੱਖਦੀਆਂ ਹਨ।



ਕਿਤਾਬਾਂ ਪੜ੍ਹਨ ਦੀ ਆਦਤ ਸਾਡੀ ਸਿਹਤ ਲਈ ਬੇਹੱਦ ਲਾਭਦਾਇਕ ਸਾਬਤ ਹੋ ਸਕਦੀ ਹੈ, ਕਿਉਂਕਿ ਇਹ ਸਾਡੇ ਫੋਕਸ, ਯਾਦਦਾਸ਼ਤ, ਹਮਦਰਦੀ ਅਤੇ ਸੰਚਾਰ ਹੁਨਰ ਨੂੰ ਬਿਹਤਰ ਬਣਾਉਣ ਦੀ ਇੱਕ ਸਫਲ ਕੋਸ਼ਿਸ਼ ਕਰਦੀਆਂ ਹਨ। ਪੜ੍ਹਨ ਦੀ ਆਦਤ ਤਣਾਅ ਨੂੰ ਘਟਾ ਸਕਣ ਦੇ ਸਮਰੱਥ ਹੈ, ਜਿਸ ਦੇ ਚੱਲਦਿਆਂ ਸਾਡੀ ਮਾਨਸਿਕ ਸਿਹਤ ਵਿੱਚ ਸੁਧਾਰ ਲਿਆ ਸਕਦੀਆਂ ਹਨ।

ਉਥੇ ਹੀ ਚੰਗੀਆਂ ਕਿਤਾਬਾਂ ਸਾਡੇ ਗਿਆਨ 'ਚ ਬੇਸ਼ਕੀਮਤੀ ਵਾਧਾ ਕਰਦੀਆਂ ਹਨ, ਇਹ ਦਿਮਾਗ ਦੀ ਕਸਰਤ ਦੇ ਨਾਲ-ਨਾਲ ਫੋਕਸ ਬਣਾਉਣ 'ਚ ਸਹਾਇਕ ਸਿੱਧ ਹੁੰਦੀਆਂ ਹਨ। ਕਮਜ਼ੋਰ ਯਾਦਦਾਸ਼ਤ ਨੂੰ ਪੁਖਤਾ ਕਰਨ ਦੀ ਸਮਰੱਥਾ ਰੱਖਦੀਆਂ ਹਨ। ਕਿਹਾ ਇਹ ਵੀ ਜਾਂਦਾ ਹੈ ਕਿ ਮਾਨਸਿਕ ਸਿਹਤ ਵਿੱਚ ਸੁਧਾਰ ਕਰਨ ਦੇ ਨਾਲ-ਨਾਲ ਇਹ ਮਨੁੱਖ ਨੂੰ ਮਾਯੂਸੀ ਤੋਂ ਬਚਾਉਂਦੀਆਂ ਹਨ ਤੇ ਆਸ਼ਾਵਾਦੀ ਬਣਾਉਂਦੀਆਂ ਹਨ। ਇਸ ਦੇ ਨਾਲ ਹੀ ਪੜ੍ਹਨ ਦਾ ਸ਼ੌਕ ਸਾਨੂੰ ਲੰਮੇ ਸਮੇਂ ਤੱਕ ਜਿਉਣ ਦਾ ਬਲ ਬਖਸ਼ਦਾ ਹੈ।

ਜਿੱਥੇ ਇਹ ਇਨਸਾਨ ਦਾ ਚੰਗਾ ਮਨੋਰੰਜਨ ਕਰਦੀਆਂ ਹਨ ਉੱਥੇ ਹੀ ਸਾਨੂੰ ਸਾਡੇ ਕੰਮ 'ਚ ਨਿਪੁੰਨ ਅਤੇ ਰਿਸ਼ਤਿਆਂ ਵਿੱਚ ਕਾਮਯਾਬੀ ਨਾਲ ਸਮਾਯੋਜਨ ਕਰਨ ਦੇ ਸਮਰੱਥ ਬਣਾਉਂਦੀਆਂ ਹਨ।

ਕਿਤਾਬਾਂ ਸਾਡੀਆਂ ਜਿੱਥੇ ਸਭ ਤੋਂ ਚੰਗੀਆਂ ਦੋਸਤ ਸਾਬਤ ਹੁੰਦੀਆਂ ਹਨ, ਉਥੇ ਹੀ ਇਹ ਸਾਡੀ ਕਲਪਨਾ ਨੂੰ ਜਗਾਉਂਦੀਆਂ ਤੇ ਇਸ ਨੂੰ ਨਵੀਂ ਉਡਾਣ ਦਿੰਦੀਆਂ ਹਨ।

ਇਹ ਸਾਡੇ ਆਤਮ-ਵਿਸ਼ਵਾਸ ਨੂੰ ਵਧਾਉਂਦੀਆਂ ਹਨ ਤੇ ਸਾਨੂੰ ਨਵੇਂ ਸ਼ਬਦ ਸਿਖਾਉਂਦੀਆਂ ਹਨ, ਇਸ ਦੇ ਨਾਲ-ਨਾਲ ਸਾਨੂੰ ਨਵੀਆਂ ਭਾਸ਼ਾਵਾਂ ਸਿੱਖਣ ਵਿਚ ਸਹਾਈ ਹੁੰਦੀਆਂ ਹਨ। ਇਹ ਸਾਡੇ 'ਚ ਆਲੋਚਨਾਤਮਕ ਹੁਨਰ ਨੂੰ ਵਿਕਸਿਤ ਕਰਦਿਆਂ ਸਾਨੂੰ ਦਲੀਲ ਨਾਲ ਗੱਲ ਕਰਨ ਦੀ ਜਾਚ ਸਿਖਾਉਂਦੀਆਂ ਹਨ ਤੇ ਸਾਡੇ 'ਚ ਸਹਿਜਤਾ ਤੇ ਸੂਖਮਤਾ ਜਿਹੇ ਗੁਣਾਂ ਨੂੰ ਪ੍ਰਵਾਨ ਚੜ੍ਹਾਉਂਦੀਆਂ ਹਨ। ਸਾਨੂੰ ਬੁੱਧੀਮਾਨ ਬਣਾਉਂਦੀਆਂ ਹਨ। ਇਹ ਸਾਡੇ ਗੱਲ-ਬਾਤ ਦੇ ਲਹਿਜ਼ੇ 'ਚ ਨਿਮਰਤਾ ਭਰ ਤੇ ਇਸ ਸੱਭਿਅਕ ਕਰਦਿਆਂ ਇਨਕਲਾਬੀ ਤਬਦੀਲੀਆਂ ਲਿਆਉਂਦੀਆਂ ਹਨ। ਕਿਤਾਬਾਂ ਸਾਡੀ ਕਲਪਨਾ ਸ਼ਕਤੀ ਨੂੰ ਵਧਾਉਂਦੀਆਂ ਹਨ ਤੇ ਨਾਲ ਹੀ ਸਾਡੀ ਸਿਰਜਣਾਤਮਿਕਤਾ ਦੀ ਕਲਾ ਨੂੰ ਚਾਰ ਚੰਨ੍ਹ ਲਾਉਂਦੀਆਂ ਹਨ। ਇਹ ਸਾਨੂੰ ਸਵੈ-ਨਿਯੰਤ੍ਰਣ ਅਤੇ ਨਿਰੀਖਣ ਦੇ ਹੁਨਰਾਂ ਦਾ ਧਾਰਨੀ ਬਨਾਉਂਦੀਆਂ ਹਨ।

*ਸੰਪਰਕ :98552-59650*

# ਸ਼ੋਰ ਪ੍ਰਦੂਸ਼ਣ ਦਾ ਮੁੱਦਾ ਕੀ ਹੈ?



ਡਾ. ਬਲਜਿੰਦਰ ਸਿੰਘ

ਸਾਡੀ ਆਮ ਜ਼ਿੰਦਗੀ 'ਚ ਆਵਾਜ਼ ਅਤੇ ਇਹਨੂੰ ਸੁਣਨ ਦੀ ਕਿੱਡੀ ਅਹਿਮੀਅਤ ਹੈ। ਜੇਕਰ ਨਾ ਬੋਲ ਸਕੇ ਤਾਂ ਮੁਸੀਬਤ ਅਤੇ ਜੇ ਸੁਣ ਵੀ ਨਾ ਸਕੇ ਤਾਂ ਫਿਰ ਮੁਸੀਬਤਾਂ ਦਾ ਪਹਾੜ। ਕਿਸੇ ਦੇ ਮਿੱਠੇ ਬੋਲਾਂ ਨੂੰ ਮਨ ਤਰਸਦਾ ਰਹਿੰਦਾ ਹੈ ਅਤੇ ਨਾਲ ਹੀ ਬਹੁਤ ਵਾਰੀ ਅਜਿਹੇ ਬੋਲ ਵੀ ਕੰਨੀਂ ਪੈਂਦੇ ਹਨ-ਕੰਨਾਂ ਦੇ ਕੀੜੇ ਨਾ ਕੱਢ, ਬੜਾ ਸਿਰ ਖਾਈ ਜਾਨੈ, ਕੰਨ ਪਾੜਵੇਂ ਗਾਣੇ ਬੰਦ ਕਰ ਦੇ ਆਦਿ। ਕਿਉਂ ਕੁਦਰਤੀ ਹੀ ਅਜਿਹੀਆਂ ਗੱਲਾਂ ਸੁਭਾਵਕ ਮੂੰਹੋਂ ਨਿਕਲ ਜਾਂਦੀਆਂ ਹਨ? ਕਾਰਨ ਇਹਦੇ ਫਰੋਲਦਿਆਂ ਪਤਾ ਲੱਗਦਾ ਹੈ ਕਿ ਮਨੁੱਖੀ ਕੰਨ ਧੂਨੀ ਨੂੰ ਇੱਕ ਹੱਦ ਤਕ ਬਰਦਾਸ਼ਤ ਕਰ ਸਕਦੇ ਹਨ ਅਤੇ ਉਸ ਤੋਂ ਵਧੇਰੇ ਹੋਣ ਨਾਲ ਉਹੀ ਬੋਲ ਕੰਨਾਂ ਨੂੰ ਖਾਣ (ਤੰਗ ਕਰਨ) ਵਾਲੇ ਬਣ ਜਾਂਦੇ ਹਨ।

**ਸ਼ੋਰ ਕੀ ਹੈ?**

ਪੰਛੀਆਂ ਦੀ ਚਹਿਚਹਾਟ, ਹਵਾ ਦੀ ਸਰਸਰਾਹਟ, ਝਰਨਿਆਂ ਦੀ ਕਲਕਲ, ਮਨਮੋਹਕ ਗੀਤ, ਪੇੜ-ਪੌਦਿਆਂ ਦੀ ਸਰਸਰਾਹਟ ਇੱਕ ਮਨਮੋਹਕ ਵਾਤਾਵਰਣ ਪੇਸ਼ ਕਰਦੀ ਹੋਣ ਕਰਕੇ ਹਰੇਕ ਦੇ ਮਨ ਨੂੰ ਹੀ ਟੁੰਬਦੀ ਹੈ, ਪਰ ਹਵਾ ਦੇ ਤੇਜ਼ ਰਫਤਾਰ ਨਾਲ ਵਗਣ ਨਾਲ ਅਤੇ ਝੱਖੜ ਦੀ ਸ਼ਕਲ ਅਖਤਿਆਰ ਕਰਨ ਨਾਲ ਇਹੀ ਹਵਾ ਸਾਨੂੰ ਤੰਗ ਕਰਨ ਲੱਗਦੀ ਹੈ ਅਤੇ ਇਹ ਸ਼ੋਰ ਦਾ ਰੂਪ ਧਾਰਨ ਕਰ ਜਾਂਦੀ ਹੈ।

ਇਹੀ ਹੈ ਫਰਕ-ਮਧੁਰ ਆਵਾਜ਼ ਸੰਗੀਤ ਤੇ ਸ਼ੋਰ ਦਰਮਿਆਨ। ਜਿੱਥੇ ਆਵਾਜ਼ ਸਾਡੇ ਲਈ ਜਿਊਣ ਦਾ ਜ਼ਰੀਆ ਹੈ, ਉੱਥੇ ਸ਼ੋਰ ਬਿਮਾਰੀਆਂ ਦਾ ਸਬੱਬ ਹੈ ਅਤੇ ਮਨੁੱਖ ਨੂੰ ਮੌਤ ਦੇ ਨੇੜੇ ਤੱਕ ਲੈ ਜਾਂਦਾ ਹੈ, ਪਰ ਸ਼ੋਰ ਪ੍ਰਦੂਸ਼ਣ ਪੈਦਾ ਕਰਨ ਦੇ ਸਰੋਤ ਕੀ ਹਨ? ਆਮ ਰੂਪ 'ਚ ਹੀ ਅਸੀਂ ਸਾਰੇ ਜਾਣਦੇ ਹਾਂ ਕਿ ਸਭ ਤੋਂ ਵਧੇਰੀ ਮਾਤਰਾ 'ਚ ਸ਼ੋਰ ਪ੍ਰਦੂਸ਼ਣ ਦੇ ਸਰੋਤ ਆਵਾਜਾਈ ਦੇ ਸਾਧਨ ਹਨ-ਮਸਲਨ ਹਵਾਈ ਜਹਾਜ਼, ਰੇਲ ਗੱਡੀਆਂ, ਬੱਸਾਂ-ਕਾਰਾਂ, ਮੋਟਰ ਸਾਈਕਲ ਆਦਿ। ਜਿੰਨਾ ਕੋਈ ਵਿਅਕਤੀ ਹਾਈਵੇ ਜਾਂ ਰੇਲ ਦੀ ਲੀਹ ਦੇ ਨੇੜੇ ਰਹਿੰਦਾ ਹੋਊ ਸ਼ੋਰ ਉਸ ਨੂੰ ਓਨਾ ਹੀ ਵਧੇਰੇ ਸਤਾਊ। ਭੱਠੀਆਂ-ਕਾਰਖਾਨੇ-ਫੈਕਟਰੀਆਂ, ਵਰਕਸ਼ਾਪਾਂ, ਆਟਾ ਚੱਕੀਆਂ ਆਦਿ ਸਾਡੇ ਆਲੇ-ਦੁਆਲੇ ਹੀ ਸਥਿਤ ਹਨ। ਕੁੱਝ ਅਜਿਹੇ ਸਰੋਤ ਵੀ ਹਨ, ਜਿਹੜੇ ਓਨੇ ਸਥਾਈ ਨਹੀਂ ਹੁੰਦੇ, ਪਰ ਸ਼ੋਰ ਪ੍ਰਦੂਸ਼ਣ ਤਾਂ ਫੈਲਾਉਂਦੇ ਹਨ-ਮਿਸਾਲ ਦੇ ਤੌਰ 'ਤੇ ਵਿਆਹਾਂ-ਸ਼ਾਦੀਆਂ ਮੌਕੇ ਵੱਜਣ ਵਾਲੇ ਡੀ ਜੇ, ਪਟਾਕੇ ਮਾਰਦੇ ਬੁਲਟ ਮੋਟਰਸਾਈਕਲ, ਆਤਿਸ਼ਬਾਜ਼ੀ ਤੇ ਪਟਾਕੇ, ਉੱਚੀ ਆਵਾਜ਼ 'ਚ ਧਾਰਮਕ ਸੰਸਥਾਨਾਂ ਦੇ ਸਪੀਕਰ, ਜਗਰਾਤਿਆਂ ਮੌਕੇ ਵੱਜਦੇ ਵੂਫਰ।

ਸ਼ੋਰ ਪ੍ਰਦੂਸ਼ਣ ਦੇ ਮਾਮਲੇ ਬਾਰੇ ਥੋੜ੍ਹਾ ਵਿਗਿਆਨਕ ਵਿਸਥਾਰ 'ਚ ਜਾਣੀਏ। ਧੂਨੀ (ਆਵਾਜ਼) ਅਸਲ 'ਚ ਊਰਜਾ ਦਾ ਹੀ ਇੱਕ ਰੂਪ ਹੈ। ਧੂਨੀ ਊਰਜਾ ਮਕੈਨੀਕਲ ਊਰਜਾ ਦੀ ਹੀ ਸ਼ਕਲ ਹੈ। ਲਹਿਰਾਂ ਦੇ ਰੂਪ 'ਚ ਇਹ ਹਵਾ ਦੇ ਮਾਧਿਅਮ ਰਾਹੀਂ ਆਪਣੇ ਸਰੋਤ ਤੋਂ ਆਪਣੇ ਆਲੇ-ਦੁਆਲੇ ਫੈਲਦੀ ਹੈ। ਇਸ ਨੂੰ ਮਾਪਣ ਲਈ ਕਈ ਤਰ੍ਹਾਂ ਦੇ ਹੋਰ ਪਸਾਰਾਂ ਨੂੰ ਧਿਆਨ 'ਚ ਰੱਖਣਾ ਪੈਂਦਾ ਹੈ, ਪਰ ਆਮ ਤੌਰ 'ਤੇ ਇਸ ਊਰਜਾ ਦੀ ਤੀਖਣਤਾ ਨੂੰ ਮਾਪਣ ਲਈ ਡੈਸੀਬਲ ਇਕਾਈ ਵਰਤੋਂ 'ਚ ਲਿਆਂਦੀ ਜਾਂਦੀ ਹੈ। ਕਮਰੇ 'ਚ 45 ਡੈਸੀਬਲ ਦੇ ਪੱਧਰ ਦੀ ਬੈਕਗਰਾਊਂਡ ਆਵਾਜ਼ 'ਚ ਵੀ ਕੀਤੀ ਜਾਣ ਵਾਲੀ ਗੱਲਬਾਤ ਸੌਖਿਆਂ ਹੀ ਸਮਝੀ ਜਾ ਸਕਦੀ ਹੈ ਅਤੇ ਅਗਰ ਬੈਕਗਰਾਊਂਡ ਧੂਨੀ ਦਾ ਇਹ ਪੱਧਰ ਕਿਤੇ 55 ਡੈਸੀਬਲ ਤੋਂ ਟੱਪ ਜਾਵੇ ਤਾਂ ਵੀ ਕੁੱਝ ਹੱਦ ਤੱਕ ਗੱਲਬਾਤ ਨੂੰ ਸਾਫ ਸੁਣਿਆ ਜਾ ਸਕਦਾ ਹੈ। 65 ਡੈਸੀਬਲ ਦੇ ਸ਼ੋਰ ਦੌਰਾਨ ਵੀ ਥੋੜ੍ਹੀ ਜਿਹੀ ਮੁਸ਼ਕਲ ਨਾਲ ਉੱਚੀ ਆਵਾਜ਼ 'ਚ ਕੀਤੀ ਗੱਲ ਵੀ ਸੁਣਾਈ ਦੇ ਜਾਂਦੀ ਹੈ, ਸੁਣਨ ਸ਼ਕਤੀ ਨੂੰ 20/20 ਦੇ ਪੈਮਾਨੇ ਮੁਤਾਬਕ ਮਾਪਿਆ ਜਾਂਦਾ ਹੈ, ਯਾਨੀ ਕਿ ਉਸ ਮਨੁੱਖ ਦੀ ਸੁਣਨ ਸਕਤੀ 0 ਤੋਂ 20 ਤੱਕ ਦੀ ਧੂਨੀ ਨੂੰ ਸੁਣਨ ਦੇ ਕਾਬਲ ਹੈ। ਆਮ ਰੂਪ 'ਚ ਮਨੁੱਖ ਕਿੰਨੇ ਕੁ ਸ਼ਕਤੀ ਵਾਲੀ ਧੂਨੀ ਨੂੰ ਬਰਦਾਸ਼ਤ ਕਰ ਸਕਦਾ ਹੈ। ਕੋਈ ਵੀ ਮਨੁੱਖ 20 ਤੋਂ 20000 ਹਰਟਜ਼ ਜਾਂ ਫਿਰ 0 ਤੋਂ 180 ਦੀ ਸ਼ਕਤੀ ਵਾਲੀ ਧੂਨੀ ਨੂੰ ਸਹਿਣ ਕਰ ਸਕਦਾ ਹੈ, ਪਰ ਇਹ ਮਾਲੂਮ ਕੀਤਾ ਜਾ ਚੁੱਕਿਆ ਹੈ ਕਿ 85 ਤੋਂ ਉੱਚੀ ਧੂਨੀ ਮਨੁੱਖੀ ਸਰੀਰ ਲਈ ਨੁਕਸਾਨਦੇਹ ਹੈ।

**ਸ਼ੋਰ ਪ੍ਰਦੂਸ਼ਣ ਦੇ ਮਾਰੂ ਅਸਰ**

ਸ਼ੋਰ ਪ੍ਰਦੂਸ਼ਣ ਦਾ ਸਭ ਤੋਂ ਵੱਡਾ ਅਸਰ ਮਨੁੱਖੀ ਸਰੀਰ ਦੇ ਸੁਣਨ ਵਾਲੀਆਂ ਇੰਦਰੀਆਂ ਯਾਨੀ ਕੰਨਾਂ 'ਤੇ ਪੈਂਦਾ ਹੈ। ਸੁਣਨ ਦੇ ਕਾਬਲ ਨਾ ਰਹਿਣ ਦਾ ਅੰਦਾਜਾ ਕਿਸੇ ਵੀ ਮਨੁੱਖ ਦੇ ਉਸ ਦੀ ਰੋਜ਼ਮਰ੍ਹਾ ਦੀ ਜ਼ਿੰਦਗੀ ਬਿਤਾਉਣ 'ਚ ਆਉਣ ਵਾਲੀਆਂ ਅੜਚਨਾਂ ਤੋਂ ਦੇਖਿਆ ਜਾ ਸਕਦਾ ਹੈ। ਬੋਲਾ ਆਦਮੀ ਕਿਹੋ ਜਿਹੀ ਜ਼ਿੰਦਗੀ ਬਿਤਾਉਂਦਾ ਹੈ, ਇਸ ਬਾਰੇ ਕੋਈ ਬਹੁਤੀ ਵਿਆਖਿਆ 'ਚ ਜਾਣ ਦੀ ਜ਼ਰੂਰਤ ਨਹੀਂ ਹੈ। ਆਲਮੀ ਸਿਹਤ ਸੰਸਥਾ ਦੇ ਅੰਕੜਿਆਂ ਮੁਤਾਬਕ ਜੇਕਰ ਕੋਈ ਵਿਅਕਤੀ ਲਗਾਤਾਰ ਰੋਜ਼ਾਨਾ ਅੱਠ ਘੰਟੇ ਕੰਮ ਕਰਦਿਆਂ 85 ਦੇ ਏੜ-ਗੇੜ ਵਾਲੀ ਸ਼ਕਤੀ ਵਾਲੀ ਧੂਨੀ ਵਾਲੇ ਖੇਤਰ ਅੰਦਰ ਬਿਤਾਉਂਦਾ ਹੈ ਤਾਂ ਉਸ ਦੇ ਅਜਿਹੇ ਸ਼ੋਰ ਪ੍ਰਦੂਸ਼ਣ ਤੋਂ ਅਸਰ ਅੰਦਾਜ਼ ਹੋਣ ਦੇ ਵਧੇਰੇ ਖਤਰੇ ਹਨ।

**ਨੀਂਦ 'ਚ ਖਲਲ**

ਅਕਸਰ ਹੀ ਅਸੀਂ ਮਹਿਸੂਸ ਕਰਦੇ ਹਾਂ ਕਿ ਮਾੜੇ ਜਿਹੇ ਖੜਾਕ ਨਾਲ ਹੀ ਰਾਤ ਨੂੰ ਨੀਂਦ ਖੁੱਲ੍ਹ ਜਾਂਦੀ ਹੈ। ਵਿਗਿਆਨੀਆਂ ਨੇ ਪਤਾ ਲਗਾਇਆ ਹੈ ਕਿ 35 ਤੋਂ ਵੱਧ ਹੋਣ ਵਾਲਾ ਖੜਾਕ ਨੀਂਦ ਉਡਾ ਦਿੰਦਾ ਹੈ। ਖੋਜਾਂ ਦੌਰਾਨ ਪਤਾ ਲੱਗਿਆ ਹੈ ਕਿ 40 ਦੀ ਧੂਨੀ ਨਾਲ ਕਿਸੇ ਵਿਅਕਤੀ ਦੇ ਜਾਗਣ ਦੀ ਸੰਭਾਵਨਾ 5% ਹੈ, ਜਿਹੜੀ ਕਿ 70 'ਤੇ ਜਾ ਕੇ 30% ਹੋ ਜਾਂਦੀ ਹੈ। ਇਹ ਵੀ ਪਤਾ ਲਗਾਇਆ ਗਿਆ ਹੈ ਕਿ ਜਿਹੜੇ ਵਿਅਕਤੀ 35 'ਤੇ ਆਰਾਮ ਦੀ ਨੀਂਦ ਸੌਂਦੇ ਹਨ, ਉਹਨਾਂ ਨੂੰ 50 'ਤੇ ਜਾ ਕੇ ਨੀਂਦ ਨਾ ਆਉਣੀ ਅਤੇ ਨੀਂਦ 'ਚ ਗੜਬੜੀ ਵਾਲੀ ਸ਼ਿਕਾਇਤ ਰਹਿੰਦੀ ਹੈ। ਸਿਹਤ ਮਾਹਰ ਇਹ ਸੁਝਾਉਂਦੇ ਹਨ ਕਿ 35 ਦੀ ਧੂਨੀ ਤੋਂ ਘੱਟ 'ਚ ਹੀ ਅੱਛੀ ਨੀਂਦ ਆ ਸਕਦੀ ਹੈ। ਸ਼ੋਰ ਦੀ ਹੱਦ 70 ਤੋਂ ਵੱਧ ਰਹੇ ਤਾਂ ਇਸ ਨਾਲ ਅੱਖਾਂ ਦੀਆਂ ਪੁਤਲੀਆਂ ਦੇ ਟੱਡੇ ਰਹਿਣ, ਦਿਲ ਦੀ ਧੜਕਣ ਦਾ ਅਮੂਮਨ ਨਾਲੋਂ ਘੱਟ ਰਹਿਣਾ ਦੀ ਹਾਲਤ ਲਗਾਤਾਰ ਬਣੀ ਰਹਿੰਦੀ ਹੈ।

**ਚਿੜਚਿੜਾ ਸੁਭਾਅ**

ਵੱਖ-ਵੱਖ ਬੰਦਿਆਂ ਦੇ ਇੱਕੋ ਹੀ ਪੱਧਰ ਦੇ ਸ਼ੋਰ ਪ੍ਰਤੀ ਜ਼ਰੂਰੀ ਨਹੀਂ ਕਿ ਇੱਕੋ ਜਿਹੇ ਹੀ ਪ੍ਰਤੀਕਰਮ ਹੋਣ। ਹਵਾਈ ਅੱਡਿਆਂ ਦੇ ਨਜ਼ਦੀਕ ਤੇ ਹਾਈਵੇ ਦੇ ਕਿਨਾਰੇ ਘਰਾਂ 'ਚ ਰਹਿਣ ਵਾਲਿਆਂ ਨੂੰ ਲਗਾਤਾਰ ਵਧੇਰੇ ਉੱਚੀ ਆਵਾਜ਼ ਵਾਲੇ ਸ਼ੋਰ ਦਾ ਸਾਹਮਣਾ ਕਰਨਾ ਪੈਂਦਾ ਹੈ। ਇਹ ਨਿਸ਼ਚਿਤ ਕੀਤਾ ਜਾ ਚੁੱਕਿਆ ਹੈ ਕਿ ਜੇਕਰ ਦਿਨ ਵੇਲੇ ਸ਼ੋਰ ਦਾ ਪੱਧਰ 55 ਤੋਂ ਨੀਵੇਂ ਪੱਧਰ ਦਾ ਰਹਿੰਦਾ ਹੈ ਤਾਂ ਸ਼ੋਰ ਤੋਂ ਔਖੇ ਹੋਣ ਵਾਲੇ ਲੋਕਾਂ ਦੀ ਗਿਣਤੀ ਘੱਟ ਹੋਵੇਗੀ।

**ਕੰਮ ਨੂੰ ਸੁਚਾਰੂ ਰੂਪ 'ਚ ਕਰਨ 'ਤੇ ਅਸਰ**

ਸ਼ੋਰ ਮਨੁੱਖ ਨੂੰ ਉਸ ਦੇ ਕੰਮ ਤੋਂ ਪਾਸੇ ਭਟਕਾਉਂਦਾ ਹੈ। ਜੇਕਰ ਆਮ ਰੂਪ ਦੇ ਸ਼ੋਰ ਨਾਲੋਂ ਕੋਈ ਅੱਡਰੀ ਕਿਸਮ ਦਾ ਸ਼ੋਰ ਸੁਣਾਈ ਪੈਂਦਾ ਹੈ ਤਾਂ ਉਹ ਵੀ ਸਾਡਾ ਧਿਆਨ ਭਟਕਾਉਂਦਾ ਹੈ। ਸ਼ੋਰ ਮਨੁੱਖ ਦੀ ਇਕਾਗਰ ਹੋ ਕੇ ਕੰਮ ਕਰਨ ਦੀ ਸਮਰੱਥਾ 'ਤੇ ਅਸਰ-ਅੰਦਾਜ਼ ਹੁੰਦਾ ਹੈ।

**ਪ੍ਰਦੂਸ਼ਣ ਅਤੇ ਸਰਮਾਏਦਾਰੀ ਢਾਂਚਾ**

ਭਾਵੇਂ ਕਿ ਸ਼ੋਰ ਪ੍ਰਦੂਸ਼ਣ ਬਾਰੇ ਅਲੱਗ-ਅਲੱਗ ਮਾਹਰਾਂ ਦੇ ਖਿਆਲਾਤ ਇੱਕਮੱਤ ਨਹੀਂ ਹਨ ਕਿ ਕਿੰਨੇ ਦਾ ਸ਼ੋਰ ਪੱਧਰ ਮਨੁੱਖੀ ਸਰੀਰ ਲਈ ਠੀਕ ਰਹਿੰਦਾ ਹੈ, ਪਰ ਇੱਕ ਅਹਿਮ ਗੱਲ ਜਿਸ 'ਤੇ ਸਾਰੇ ਹੀ ਸਹਿਮਤ ਹਨ ਅਤੇ ਜਿਸ ਦਾ ਉਪਰਲੇ ਹਿੱਸੇ 'ਚ ਵਿਸਥਾਰ ਸਹਿਤ ਵਰਣਨ ਕੀਤਾ ਗਿਆ ਹੈ ਕਿ ਇਹ ਮਨੁੱਖਾ ਸਰੀਰ 'ਤੇ ਮਨ 'ਤੇ ਪ੍ਰਭਾਵ ਪਾਉਂਦਾ ਹੈ ਅਤੇ ਮਨੁੱਖ ਨੂੰ ਸਰੀਰਕ ਤੇ ਮਾਨਸਿਕ ਰੂਪ 'ਚ ਬਿਮਾਰ ਕਰਦਾ ਹੈ ਅਤੇ ਮਨੁੱਖ ਦੀ ਸਮਰੱਥਾ 'ਤੇ ਅਸਰ-ਅੰਦਾਜ਼ ਹੁੰਦਾ ਹੈ। ਜਿੱਥੇ ਆਮ ਲੋਕ ਇਸ ਦਾ ਖਮਿਆਜ਼ਾ ਭੁਗਤਦੇ ਹਨ, ਉੱਥੇ ਇਸ ਦਾ ਸਭ ਤੋਂ ਵੱਧ ਪ੍ਰਭਾਵ ਕਿਰਤੀ ਜਮਾਤ 'ਤੇ ਪੈਂਦਾ ਹੈ ਜਿਹੜੀ ਕਿ ਹਰ ਸਮੇਂ ਹੀ ਉਸ ਸ਼ੋਰ ਪ੍ਰਦੂਸ਼ਣ ਵਾਲੇ ਖੇਤਰ 'ਚ ਲਗਾਤਾਰਤਾ ਨਾਲ ਕੰਮ ਕਰਦੀ ਹੈ ਅਤੇ ਨਾਲ ਹੀ ਇਹ ਕਿ ਉਹਨਾਂ ਦੀਆਂ ਰਿਹਾਇਸ਼ੀ ਥਾਵਾਂ (ਬਸਤੀਆਂ) ਵੀ ਉਹਨਾਂ ਹੀ ਸਨਅਤੀ ਖੇਤਰਾਂ ਦੇ ਅੰਦਰ ਹੀ ਸਥਿਤ ਹੁੰਦੀਆਂ ਹਨ।

ਇਹਦੇ ਨਾਲ ਹੀ ਇਹ ਗੱਲ ਵੀ ਧਿਆਨ 'ਚ ਰਹਿਣੀ ਚਾਹੀਦੀ ਹੈ ਕਿ ਅਣਸਾਵੇਂ ਅਤੇ ਸਵਾਰਥੀ ਹਿੱਤਾਂ ਨੂੰ ਪ੍ਰਣਾਏ ਸਨਅਤੀ ਵਿਕਾਸ ਨੇ ਸਾਡੇ ਚੌਗਿਰਦੇ ਨੂੰ ਹੀ ਪਲੀਤ ਕੀਤਾ ਹੋਇਆ ਹੈ, ਫਿਰ ਚਾਹੇ ਉਹ ਹਵਾ, ਪਾਣੀ ਜਾਂ ਜ਼ਮੀਨ ਹੋਵੇ। ਮਸਲਾ ਇਹ ਨਹੀਂ ਹੈ ਕਿ ਸਨਅਤਾਂ ਪ੍ਰਦੂਸ਼ਣ ਪੈਦਾ ਕਰਦੀਆਂ ਹਨ। ਜੇਕਰ ਵਿਗਿਆਨ ਤਰੱਕੀ ਕਰਦਾ ਹੈ ਅਤੇ ਸਾਨੂੰ ਨਵੇਂ-ਨਵੇਂ ਸਾਧਨ ਜੁਟਾਉਂਦਾ ਹੈ। ਪਰ ਮੌਜੂਦਾ ਸਰਮਾਏਦਾਰੀ ਢਾਂਚੇ ਅੰਦਰ ਕਿਉਂਕਿ ਸਨਅਤਕਾਰ-ਸਰਮਾਏਦਾਰ ਦੀ ਮਨਸ਼ਾ ਹਮੇਸ਼ਾ ਇਹੀ ਰਹਿੰਦੀ ਹੈ ਕਿ ਉਹ ਆਪਣੇ ਪੱਧਰ 'ਤੇ ਘੱਟ ਤੋਂ ਘੱਟ ਪੂੰਜੀ ਲਾ ਕੇ ਉਸੇ 'ਚੋਂ ਵੱਧ ਤੋਂ ਵੱਧ ਮੁਨਾਫਾ (ਵਾਫਰ ਕਦਰ) ਕਮਾ ਕੇ ਆਪਣੀ ਜੇਬ ਅੰਦਰ ਸੁੱਟੇ। ਇਸੇ 'ਚੋਂ ਹੀ ਉਹ ਹਰ ਉਸ ਖਰਚੇ ਦੀ ਕਟੌਤੀ ਕਰਨ ਲਈ ਅਹੁਲਦਾ ਹੈ, ਜਿੱਥੋਂ ਉਸ ਨੂੰ ਕੋਈ ਵੀ ਮੁਨਾਫਾ ਨਹੀਂ ਦਿਸਦਾ ਹੁੰਦਾ ਅਤੇ ਉਹ ਉਸਨੂੰ ਬੇਲੋੜਾ ਲੱਗਦਾ ਹੈ।

ਇਹਦੇ ਨਾਲ ਹੀ ਇਹ ਵੀ ਕੋਈ ਘੱਟ ਮਹੱਤਵਪੂਰਨ ਨਹੀਂ ਹੈ ਕਿ ਪ੍ਰਦੂਸ਼ਣ ਸੰਬੰਧੀ ਸਾਡੇ ਮੁਲਕ ਦੇ ਕਾਨੂੰਨ ਪਹਿਲਾਂ ਹੀ ਢਿੱਲੇ ਹਨ ਅਤੇ ਉਹਨਾਂ ਦੀ ਵੀ ਪੂਰੀ ਤਨਦੇਹੀ ਨਾਲ ਪਾਲਣਾ ਨਹੀਂ ਕੀਤੀ ਜਾਂਦੀ ਅਤੇ ਉੱਤੋਂ ਸੰਸਾਰੀਕਰਨ ਦੀ ਆੜ ਹੇਠ ਨਵਉਦਾਰਵਾਦੀ ਨੀਤੀਆਂ ਤਹਿਤ ਸਨਅਤਕਾਰਾਂ ਨੂੰ ਛੋਟਾਂ ਦੇਣ ਦਾ ਹੋਰ ਵੀ ਤਕੜਾ ਬੰਦੋਬਸਤ ਸਰਕਾਰ ਨੇ ਕਰ ਲਿਆ ਹੈ। ਅਜੇ ਪਿੱਛੇ ਜਿਹੇ ਹੀ 2022 'ਚ ਪ੍ਰਦੂਸ਼ਣ ਦੇ ਮਾਮਲੇ 'ਚ ਵਾਤਾਵਰਣ ਕਾਨੂੰਨਾਂ ਦੀ ਫਰਮਾਬਰਦਾਰੀ (ਕੰਪਲਾਇੰਸ) 'ਚ ਕੁੱਝ ਢਿੱਲ ਵੀ ਦਿੱਤੀ ਗਈ ਹੈ। ਹੁਣ ਇਹ ਗੱਲ ਲਾਜ਼ਮੀ ਨਹੀਂ ਰਹੀ ਕਿ ਕੋਈ ਵੀ ਸਨਅਤੀ ਅਦਾਰਾ ਲੱਗਣ ਤੋਂ ਪਹਿਲਾਂ ਉਹਦੀ ਜਨਤਕ ਸੁਣਵਾਈ ਦਾ ਬੰਦੋਬਸਤ ਕੀਤਾ ਜਾਵੇ ਅਤੇ ਕਿਸੇ ਸਨਅਤੀ ਪ੍ਰਦੂਸ਼ਣ ਸੰਬੰਧੀ ਮਾਮਲੇ ਦਾ ਨੋਟਿਸ ਲੋਕਾਂ ਦੀ ਸ਼ਿਕਾਇਤ 'ਤੇ ਲਿਆ ਹੀ ਨਹੀਂ ਜਾ ਸਕਦਾ, ਸਗੋਂ ਅਜਿਹਾ ਨੋਟਿਸ ਵਿਸ਼ੇਸ਼ ਕਮੇਟੀ ਦੀਆਂ ਸਿਫਾਰਸ਼ਾਂ 'ਤੇ ਹੀ ਲਿਆ ਜਾ ਸਕਦਾ ਹੈ। ਕੋਇਲੇ ਦੇ ਉਤਪਾਦਨ 'ਚ 11.7 ਫੀਸਦੀ ਦਾ ਵਾਧਾ ਹੋਇਆ ਹੈ ਅਤੇ ਇਹ ਵਧ ਕੇ 75.9 ਮਿਲੀਅਨ ਟਨ ਹੋ ਗਿਆ ਹੈ। ਸਨਅਤਾਂ ਨੂੰ ਅਜਿਹੀਆਂ ਛੋਟਾਂ ਦੇਣ ਨਾਲ ਲਾਜ਼ਮੀ ਹੈ ਕਿ ਪ੍ਰਦੂਸ਼ਣ ਵਧੇਗਾ ਅਤੇ ਅਜਿਹਾ ਹੋ ਵੀ ਰਿਹਾ ਹੈ। ਇਓਂ ਸਰਕਾਰ ਦੇ ਇਹਨਾਂ ਲੋਕ ਵਿਰੋਧੀ ਨੀਤੀ ਫੈਸਲਿਆਂ ਦਾ ਖਮਿਆਜ਼ਾ ਲੋਕ ਆਪਣੇ ਹੱਡੀਂ ਹੰਢਾਉਂਦੇ ਰਹਿੰਦੇ ਹਨ। ਜ਼ੀਰਾ ਸ਼ਰਾਬ ਫੈਕਟਰੀ ਦਾ ਮਾਮਲਾ ਅਜੇ ਵੀ ਭਖਿਆ ਹੋਇਆ ਹੈ, ਜਿਹੜਾ ਇਸ ਢੰਗ ਨਾਲ ਕੀਤੀ ਜਾ ਰਹੀ ਲੋਕਾਂ ਦੀ ਬਰਬਾਦੀ ਅਤੇ ਉਹਨਾਂ ਨੂੰ ਬਿਮਾਰੀਆਂ ਦੇ ਮੂੰਹ ਸੁੱਟਣ ਦੀ ਆਹਲਾ ਮਿਸਾਲ ਪੇਸ਼ ਕਰਦਾ ਹੈ।

**ਸ਼ੋਰ ਪ੍ਰਦੂਸ਼ਣ ਦਾ ਕੀ ਕਰੀਏ?**

ਅਜਿਹਾ ਹੀ ਮਾਮਲਾ ਸ਼ੋਰ ਪ੍ਰਦੂਸ਼ਣ ਨੂੰ ਲੈ ਕੇ ਵੀ ਹੈ। ਕੋਈ ਵੀ ਇਸ ਗੱਲ ਤੋਂ ਮੁਨਕਰ ਨਹੀਂ ਹੈ ਕਿ ਸਨਅਤਾਂ ਅੰਦਰ ਮਸ਼ੀਨਾਂ ਜਦੋਂ ਚੱਲਦੀਆਂ ਹਨ ਤਾਂ ਸ਼ੋਰ ਪੈਦਾ ਹੁੰਦਾ ਹੈ ਅਤੇ ਉਸ ਸ਼ੋਰ ਭਰੇ ਮਾਹੌਲ ਅੰਦਰ ਕੋਈ ਮਾਲਕ ਜਾਂ ਉੱਚ-ਅਹੁਦੇ ਵਾਲੇ ਮੈਨੇਜਰ ਆਦਿ ਤਾਂ ਲਗਾਤਾਰਤਾ ਨਾਲ ਰਹਿੰਦੇ ਨਹੀਂ। ਜੇਕਰ ਉਸ ਮਾਹੌਲ ਅੰਦਰ ਲਗਾਤਾਰ ਰਹਿੰਦੇ ਹਨ ਤਾਂ ਉਹ ਹਨ ਕਾਮੇ, ਜਿਹੜੇ ਕੋਈ ਥੋੜ੍ਹੇ ਚਿਰ ਲਈ ਨਹੀਂ, ਪੂਰੇ ਦੇ ਪੂਰੇ ਅੱਠ ਘੰਟੇ ਉਸ ਸ਼ੋਰ ਭਰੇ ਮਾਹੌਲ ਅੰਦਰ ਹਰ ਰੋਜ਼ ਬਿਨਾਂ ਨਾਗਾ ਕੰਮ ਕਰਦੇ ਰਹਿੰਦੇ ਹਨ। ਲਾਜ਼ਮੀ ਹੈ ਕਿ ਉਹ ਹੀ ਸਭ ਤੋਂ ਵੱਧ ਪ੍ਰਭਾਵਤ ਹੋਣਗੇ।

ਮਿਆਦ ਪੁੱਗੀਆਂ ਅਤੇ ਨਾਕਾਰਾ ਹੋ ਚੁੱਕੀਆਂ ਮਸ਼ੀਨਾਂ ਨੂੰ ਤਬਦੀਲ ਕੀਤਾ ਜਾਵੇ ਅਤੇ ਇਹਨਾਂ ਦੀ ਥਾਵੇਂ ਨਵੀਆਂ ਵਧੇਰੇ ਉੱਨਤ ਕਿਸਮ ਦੀਆਂ ਆਧੁਨਿਕ ਮਸ਼ੀਨਾਂ ਲਿਆਂਦੀਆਂ ਜਾਣ, ਪਰ ਅਜਿਹਾ ਕਰਨਾ ਕਾਰਖਾਨੇਦਾਰ ਦੀ ਮੁਨਾਫਾ ਮੁਖੀ ਸਮਝ ਨੂੰ ਰਾਸ ਨਹੀਂ ਵਹਿੰਦਾ। ਸਰਮਾਏਦਾਰੀ ਪ੍ਰਬੰਧ ਹੀ ਹੈ, ਜਿਹੜਾ ਕਿ ਸਰਮਾਏਦਾਰ ਨੂੰ ਸ਼ਰ ਦੀ ਤੀਬਰਤਾ ਨੂੰ ਘੱਟ ਕਰਨ ਲਈ ਆਪਣੇ ਕਾਰਖਾਨੇ ਦੁਆਲੇ ਲਾਈ ਜਾਣ ਵਾਲੀ ਹਰੀ ਪੱਟੀ 'ਚ ਪੈਸਾ ਇਨਵੈਸਟ ਕਰਨ ਤੋਂ ਰੋਕਦਾ ਹੈ। ਇਸ ਤੋਂ ਇਲਾਵਾ ਸ਼ੋਰ ਦੀ ਮਾਰ ਹੇਠ ਆਉਣ ਵਾਲੇ ਲੋਕਾਂ ਨੂੰ ਉਸ ਸ਼ੋਰ ਤੋਂ ਦੂਰ ਕਰਨ ਦੀ ਲੋੜ ਹੈ। ਕਾਰਖਾਨਿਆਂ-ਕੰਮ ਵਾਲੇ ਥਾਵਾਂ ਨੂੰ ਸਾਊਂਡ ਪਰੂਫ ਬਣਾਉਣ, ਉਹਨਾਂ ਦੀ ਪਾਰਟੀਸ਼ਨ ਕਰਨ ਅਤੇ ਬਾਹਰੋਂ ਕੋਈ ਵੀ ਆਵਾਜ਼ ਅੰਦਰ ਆਉਣ ਤੋਂ ਬੱਚਤ ਕਰਨ ਦੀ ਲੋੜ ਹੈ। ਸ਼ੋਰ ਵਾਲੀਆਂ ਥਾਵਾਂ 'ਤੇ ਕੰਮ ਕਰਨ ਵਾਲਿਆਂ ਨੂੰ ਸ਼ੋਰ 'ਚ ਬਹੁਤੀ ਦੇਰ ਕੰਮ ਕਰਨ ਦੇ ਬੰਧੇਜ਼ ਤੋਂ ਮੁਕਤ ਕਰਨ ਨਾਲ ਵੀ ਉਹਨਾਂ ਦੀ ਸਿਹਤ 'ਤੇ ਇਸਦੇ ਮਾੜੇ ਅਸਰ ਨੂੰ ਘੱਟ ਕੀਤਾ ਜਾ ਸਕਦਾ ਹੈ।

ਪਰ ਇਹ ਕਦੇ ਵੀ ਨਹੀਂ ਭੁੱਲਣਾ ਚਾਹੀਦਾ ਕਿ ਲੋਕ ਹਿੱਤਾਂ ਨੂੰ ਪ੍ਰਣਾਈ ਲੋਕ ਹਕੂਮਤ ਦੀ ਕਾਇਮੀ ਹੀ ਅਜਿਹੇ ਕਾਇਦੇ-ਕਾਨੂੰਨ ਦੀ ਗਾਰੰਟੀ ਬਣ ਸਕਦੀ ਹੈ, ਜਿਹੜੀ ਅੰਦਰ ਲੋਕ ਸਨਅਤੀ ਵਿਕਾਸ ਨਾਲ ਖੁਸ਼ਹਾਲ ਵੀ ਹੋਣ ਅਤੇ ਉੱਥੇ ਕੰਮ ਕਰਦੇ ਕਾਮਿਆਂ ਅਤੇ ਨਾ ਹੀ ਬਾਹਰ ਵੱਸਦੇ ਲੋਕਾਂ 'ਤੇ ਸਨਅਤੀ ਪ੍ਰਦੂਸ਼ਣ ਦਾ ਕੋਈ ਅਸਰ ਹੋਵੇ ਅਤੇ ਜਿੱਥੇ ਹਰ ਕਾਇਦੇ ਨੂੰ ਪੂਰੀ ਤਨਦੇਹੀ ਨਾਲ ਲਾਗੂ ਕੀਤਾ ਜਾਵੇ ਅਤੇ ਜੇਕਰ ਕਿਸੇ ਵਜ੍ਹਾ ਕਰਕੇ ਕੋਈ ਵਿਅਕਤੀ ਬਿਮਾਰ ਵੀ ਪੈ ਜਾਂਦਾ ਹੈ ਤਾਂ ਉਸ ਦਾ ਸਮਾਂ ਰਹਿੰਦਿਆਂ ਇਲਾਜ ਵੀ ਕੀਤਾ ਜਾਵੇ। ਸੰਸਥਾਵਾਂ ਵੱਲੋਂ ਆਪੋ-ਆਪਣੇ ਪਲੇਟਫਾਰਮਾਂ ਤੋਂ ਇਸ ਬਾਰੇ ਲੋਕਾਂ ਨੂੰ ਜਾਗ੍ਰਿਤ ਕਰਨ ਲਈ ਉਪਰਾਲੇ ਕੀਤੇ ਜਾਣੇ ਚਾਹੀਦੇ ਹਨ ਅਤੇ ਕੋਈ ਸਾਂਝਾ ਵਿਸ਼ਾਲ ਪਲੇਟਫਾਰਮ ਉਸਾਰ ਕੇ ਇਸ ਲੋਕ ਮਸਲੇ ਉੱਪਰ ਲੋਕਾਂ ਸੰਗ ਖੜ੍ਹਨਾ ਚਾਹੀਦਾ ਹੈ।

**# ਸੰਪਰਕ : 94170-79720**

CMYK

24-MAR-PAGE-5.qxd 3/23/2023 10:29 PM Page 1



# ਸੀ ਪੀ ਆਈ ਵੱਲੋਂ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਨੂੰ ਸ਼ਹੀਦੀ ਦਿਹਾੜੇ ਮੌਕੇ ਸ਼ਰਧਾਂਜਲੀਆਂ

## ਸਰਕਾਰ ਦੀਆਂ ਮਜ਼ਦੂਰ, ਕਿਸਾਨ ਤੇ ਦੇਸ਼ ਵਿਰੋਧੀ ਨੀਤੀਆਂ ਖਿਲਾਫ ਡਟਣ ਦਾ ਕੀਤਾ ਪ੍ਰਣ










**ਲੁਧਿਆਣਾ (ਐੱਮ ਐੱਸ ਭਾਟੀਆ, ਰੈਕਟਰ ਕਥੂਰੀਆ, ਪ੍ਰਦੀਪ ਸ਼ਰਮਾ)**-ਭਾਰਤੀ ਕਮਿਊਨਿਸਟ ਪਾਰਟੀ ਲੁਧਿਆਣਾ ਵੱਲੋਂ ਸ਼ਹੀਦਾਂ ਨੂੰ ਸ਼ਰਧਾਂਜਲੀ ਦੇਣ ਲਈ ਜਗਰਾਉਂ ਪੁਲ ਸਥਿਤ ਸ਼ਹੀਦ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦੇ ਬੁੱਤਾਂ 'ਤੇ ਇਕੱਠੇ ਹੋ ਕੇ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ।

ਪਾਰਟੀ ਦੇ ਸਾਥੀ ਆਪਣੀਆਂ ਆਪਣੀਆਂ ਬਰਾਂਚਾਂ ਤੋਂ ਇਕੱਠੇ ਹੋ ਕੇ ਤੇ ਪਾਰਟੀ ਦੇ ਝੰਡੇ ਲੈ ਕੇ ਸਕੂਟਰਾਂ, ਮੋਟਰਸਾਈਕਲਾਂ 'ਤੇ ਮਾਰਚ ਦੀ ਸ਼ਕਲ ਵਿੱਚ ਪਹੁੰਚੇ। ਇਕੱਠ ਨੂੰ ਸੰਬੋਧਨ ਕਰਦੇ ਹੋਏ ਆਗੂਆਂ ਨੇ ਕਿਹਾ ਕਿ ਸ਼ਹੀਦ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਅਤੇ ਹੋਰ ਆਜ਼ਾਦੀ ਸੰਗਰਾਮ ਦੇ ਸ਼ਹੀਦਾਂ ਦੀਆਂ ਕੁਰਬਾਨੀਆਂ ਸਦਕਾ ਆਜ਼ਾਦੀ ਪ੍ਰਾਪਤ ਕੀਤੀ ਗਈ, ਪਰ ਅਫਸੋਸ ਦੀ ਗੱਲ ਹੈ ਕਿ ਜਿਨ੍ਹਾਂ ਲੋਕਾਂ ਦਾ ਦੇਸ਼ ਦੀ ਆਜ਼ਾਦੀ ਦੇ ਸੰਗਰਾਮ ਵਿੱਚ ਕੋਈ ਵੀ ਯੋਗਦਾਨ ਨਹੀਂ ਰਿਹਾ, ਉਹ ਅੱਜ ਸੱਤਾ 'ਤੇ ਕਾਬਜ਼ ਹਨ ਅਤੇ ਪਿਛਲੇ ਸਮੇਂ ਵਿੱਚ ਦੇਸ਼ 'ਚ ਹੋਏ ਵਿਕਾਸ ਨੂੰ ਪੁੱਠਾ ਗੇੜਾ ਦੇ ਰਹੇ ਹਨ। ਦੇਸ਼ ਦੀ ਸੰਸਦ ਨਾ ਚੱਲਣ ਲਈ ਮੋਦੀ ਸਰਕਾਰ ਜ਼ਿੰਮੇਵਾਰ ਹੈ। ਸਰਕਾਰ ਹਰ ਮੁੱਦੇ 'ਤੇ ਝੂਠ ਬੋਲਦੀ ਹੈ। ਜਨਤਕ ਅਦਾਰੇ ਕੌਡੀ ਦੇ ਭਾਅ ਕਾਰਪੋਰੇਟਾਂ ਨੂੰ ਵੇਚੇ ਜਾ ਰਹੇ ਹਨ। ਮਹਿੰਗਾਈ ਤੇ ਬੇਰੁਜ਼ਗਾਰੀ ਅੱਜ ਤੱਕ ਦੇ ਸਮੇਂ ਦੀ ਸਭ ਤੋਂ ਜ਼ਿਆਦਾ ਸਿਖਰ 'ਤੇ ਹੈ। ਦੇਸ਼ ਦੀ ਆਰਥਿਕਤਾ ਲਗਾਤਾਰ ਨਿਵਾਣ ਵੱਲ ਜਾ ਰਹੀ ਹੈ। ਅਸਲੀ ਮੁੱਦਿਆਂ ਤੋਂ ਲੋਕਾਂ ਦਾ ਧਿਆਨ ਹਟਾਉਣ ਲਈ ਉਨ੍ਹਾਂ ਨੂੰ ਫਿਰਕੂ ਆਧਾਰ 'ਤੇ ਵੰਡਿਆ ਜਾ ਰਿਹਾ ਹੈ। ਔਰਤਾਂ, ਘੱਟ ਗਿਣਤੀਆਂ ਤੇ ਪੱਛੜੀਆਂ ਸ਼੍ਰੇਣੀਆਂ ਦੀ ਸੁਰੱਖਿਆ 'ਤੇ ਸੁਆਲੀਆਂ ਨਿਸ਼ਾਨ ਲੱਗਾ ਹੋਇਆ ਹੈ। ਹਿੰਡਨਬਰਗ ਦੀ ਰਿਪੋਰਟ ਨੇ ਅੰਤਰਰਾਸ਼ਟਰੀ ਪੱਧਰ 'ਤੇ ਸਾਡੇ ਦੇਸ਼ ਦੇ ਕਾਰਪੋਰੇਟ ਤੇ ਮੋਦੀ ਦੇ ਯਾਰ ਅਡਾਨੀ ਵੱਲੋਂ ਕੀਤੇ ਗਏ ਫਰਾਡ ਦਾ ਪਰਦਾਫਾਸ਼ ਕੀਤਾ ਹੈ। ਵਿਸ਼ਵ ਦੇ ਬਹੁਤ ਸਾਰਿਆਂ ਪੈਮਾਨਿਆਂ 'ਤੇ ਸਾਡਾ ਦੇਸ਼ ਆਪਣੇ ਗੁਆਂਢੀਆਂ ਬੰਗਲਾਦੇਸ਼, ਸ੍ਰੀਲੰਕਾ, ਭੂਟਾਨ ਤੇ ਪਾਕਿਸਤਾਨ ਤੋਂ ਪਿੱਛੇ ਰਹਿ ਗਿਆ ਹੈ। ਆਰ ਐੱਸ ਐੱਸ ਦੀ ਹੱਥ-ਠੋਕਾ ਮੋਦੀ ਸਰਕਾਰ ਦੇ ਬਹੁਤ ਸਾਰੇ ਆਗੂਆਂ ਵੱਲੋਂ ਨਫਰਤ ਦੇ ਭਾਸ਼ਣਾਂ ਰਾਹੀਂ ਲੋਕਾਂ ਵਿੱਚ ਉਕਸਾਹਟ ਪੈਦਾ ਕਰਕੇ ਸਮਾਜ ਨੂੰ ਵੰਡਣ ਦੀਆਂ ਕੋਸ਼ਿਸ਼ਾਂ ਲਗਾਤਾਰ ਕੀਤੀਆਂ ਜਾ ਰਹੀਆਂ ਹਨ। ਇਤਿਹਾਸ ਵਿੱਚ ਇਹ ਪਹਿਲੀ ਵਾਰ ਹੈ ਕਿ ਸੱਤਾਧਾਰੀ ਬੀਜੇਪੀ ਸਰਕਾਰ ਕੋਈ ਨਾ ਕੋਈ ਬਹਾਨਾ ਬਣਾ ਕੇ ਸੰਸਦ ਨੂੰ ਚੱਲਣ ਨਹੀਂ ਦੇ ਰਹੀ। ਹਿੰਡਨਬਰਗ ਦੀ ਰਿਪੋਰਟ ਨੂੰ ਲੈ ਕੇ ਸਾਰੀਆਂ ਵਿਰੋਧੀ ਪਾਰਟੀਆਂ ਵੱਲੋਂ ਸਾਂਝੀ ਸੰਸਦੀ ਕਮੇਟੀ ਬਣਾਉਣ ਦੀ ਮੰਗ ਨੂੰ ਲਗਾਤਾਰ ਠੁਕਰਾਇਆ ਜਾ ਰਿਹਾ ਹੈ। ਪੜ੍ਹੇ-ਲਿਖੇ ਨੌਜਵਾਨਾਂ ਵਿੱਚ ਨੌਕਰੀਆਂ ਪ੍ਰਾਪਤ ਕਰਨ ਲਈ ਭਾਰੀ ਬੇਚੈਨੀ ਤੇ ਗੁੱਸਾ ਹੈ, ਪਰ ਸਰਕਾਰ ਇਸ ਮੁੱਦੇ 'ਤੇ ਪੂਰੀ ਤਰ੍ਹਾਂ ਚੁੱਪ ਬੈਠੀ ਹੋਈ ਹੈ। ਈ ਡੀ ਤੇ ਸੀ ਬੀ ਆਈ ਦੀ ਦੁਰਵਰਤੋਂ ਕੀਤੀ ਜਾ ਰਹੀ ਹੈ। ਵਿਰੋਧੀ ਧਿਰ ਦੇ ਆਗੂਆਂ ਨੂੰ ਤੰਗ ਤੇ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ।

ਇਸ ਮੌਕੇ ਸੰਬੋਧਨ ਕਰਨ ਵਾਲੇ ਆਗੂਆਂ ਵਿੱਚ ਪਾਰਟੀ ਦੇ ਕੌਮੀ ਕੌਂਸਲ ਮੈਂਬਰ ਡਾਕਟਰ ਅਰੁਣ ਮਿੱਤਰਾ, ਜ਼ਿਲ੍ਹੇ ਦੇ ਸਹਾਇਕ ਸਕੱਤਰ ਚਮਕੌਰ ਸਿੰਘ, ਪਾਰਟੀ ਦੇ ਸੂਬਾ ਕਮਿਸ਼ਨ ਦੇ ਚੇਅਰਮੈਨ ਰਮੇਸ਼ ਰਤਨ, ਅਧਿਆਪਕ ਆਗੂ ਚਰਨ ਸਰਾਭਾ, ਲੇਖਕ ਤੇ ਚਿੰਤਕ ਡਾ. ਗੁਲਜ਼ਾਰ ਪੰਧੇਰ, ਕੇਵਲ ਸਿੰਘ ਬਨਵੈਤ, ਅਵਤਾਰ ਛਿੱਬੜ ਤੇ ਵਿਨੋਦ ਕੁਮਾਰ, ਗਗਨਦੀਪ ਕੌਰ, ਮੁਹੰਮਦ ਸ਼ਫੀਕ, ਟੁਨ ਟੁਨ ਯਾਦਵ ਅਤੇ ਸਰੋਜ ਕੁਮਾਰ ਸ਼ਾਮਲ ਸਨ। ਇਸ ਮੌਕੇ ਸੀਨੀਅਰ ਕਾਮਰੇਡ ਦਲੀਪ ਸਿੰਘ ਖੀਪਲ, ਅਜੀਤ ਜਵੱਦੀ, ਐੱਸ. ਕੇ. ਗਨੇਸ਼, ਰਾਮ ਸੁਰੇਸ਼ ਵਰਮਾ, ਅਨਿਲ ਕੁਮਾਰ, ਰਾਮ ਖਿਲਾਵਨ, ਮੁਹੰਮਦ ਰਫੀਕ, ਅਰਜੁਨ ਪ੍ਰਸ਼ਾਦ ਤੇ ਜੋਗਿੰਦਰ ਪਾਲ ਸ਼ਾਮਲ ਸਨ।

**ਮਾਨਸਾ (ਆਤਮਾ ਸਿੰਘ ਪਮਾਰ)** : ਦੇਸ਼ ਦੀ ਅਜ਼ਾਦੀ ਦੇ ਪ੍ਰਵਾਨੇ ਕੌਮੀ ਸ਼ਹੀਦਾਂ ਸ੍ਰ. ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਨੂੰ ਸ਼ਰਧਾਂਜਲੀ ਭੇਟ ਕਰਨ ਲਈ ਸੀ ਪੀ ਆਈ ਵਰਕਰਾਂ ਤੇ ਆਗੂਆਂ ਵੱਲੋਂ ਮੋਟਰਸਾਈਕਲ ਮਾਰਚ ਕਰਨ ਉਪਰੰਤ ਸ਼ਹੀਦ ਭਗਤ ਸਿੰਘ ਦੀ ਯਾਦਗਾਰ 'ਤੇ ਫੁੱਲਮਾਲਾ ਭੇਟ ਕਰਕੇ ਸ਼ਰਧਾਂਜਲੀ ਭੇਟ ਕੀਤੀ ਗਈ। ਇਸ ਸਮੇਂ ਸੀ ਪੀ ਆਈ ਦੇ ਜ਼ਿਲ੍ਹਾ ਸਕੱਤਰ ਕ੍ਰਿਸ਼ਨ ਚੌਹਾਨ ਤੇ ਟਰੇਡ ਯੂਨੀਅਨ ਏਟਕ ਦੇ ਸਾਥੀ ਐਡਵੋਕੇਟ ਕੁਲਵਿੰਦਰ ਉੱਡਤ ਨੇ ਸੰਬੋਧਨ ਕਰਦਿਆਂ ਕਿਹਾ ਕਿ ਵਧ ਰਹੀ ਸਮਾਜਿਕ ਨਾ-ਬਰਾਬਰੀ ਦੇਸ਼ ਦੇ ਮੱਥੇ 'ਤੇ ਕਲੰਕ ਹੈ, ਜੋ ਵਿਕਾਸ ਲਈ ਵੱਡਾ ਅੜਿੱਕਾ ਬਣ ਚੁੱਕੀ ਹੈ, ਜਿਸ ਦੇ ਹੱਲ ਲਈ ਭਗਤ ਸਿੰਘ ਦੀ ਵਿਚਾਰਧਾਰਾ ਨੂੰ ਲਾਗੂ ਕਰਨਾ ਸਮੇਂ ਦੀ ਮੁੱਖ ਲੋੜ ਹੈ ਤੇ ਇਸ ਦਾ ਇਕੋ ਇਕ ਸਥਾਈ ਹਲ ਹੈ, ਕਿਉਂਕਿ ਭਗਤ ਸਿੰਘ ਤੇ ਕ੍ਰਾਂਤੀਕਾਰੀ ਸਾਥੀਆਂ ਨੇ ਅਜ਼ਾਦੀ ਦੇ ਸੁਪਨੇ ਸਾਕਾਰ ਕਰਨ ਲਈ ਆਪਣੀਆਂ ਜਾਨਾਂ ਤੱਕ ਕੁਰਬਾਨ ਕਰ ਦਿੱਤੀਆਂ, ਪ੍ਰੰਤੂ ਸਮੇਂ ਦੀਆਂ ਹਕੂਮਤਾਂ ਚੰਗਾ ਰਾਜ ਪ੍ਰਬੰਧ ਦੇਣ ਵਿੱਚ ਬੁਰੀ ਤਰ੍ਹਾਂ ਅਸਫਲ ਰਹੀਆਂ ਹਨ, ਜੋ ਦੇਸ਼ ਦੇ ਵਿਕਾਸ ਦੀ ਰੁਕਾਵਟ ਲਈ ਪੂਰੀ ਤਰ੍ਹਾਂ ਜ਼ਿੰਮੇਵਾਰ ਹਨ।

ਕਮਿਊਨਿਸਟ ਆਗੂਆਂ ਨੇ ਫਿਰਕਾਪ੍ਰਤੀ, ਨਸਲਵਾਦ 'ਤੇ ਗਹਿਰੀ ਚਿੰਤਾ ਪ੍ਰਗਟ ਕਰਦਿਆਂ ਕਿਹਾ ਕਿ ਇਨ੍ਹਾਂ ਕਰਕੇ ਹੀ ਵਿਤਕਰੇਬਾਜ਼ੀ, ਵਧ ਰਹੀ ਜੋ ਗਰੀਬੀ, ਬੇਰੁਜ਼ਗਾਰੀ, ਭ੍ਰਿਸ਼ਟਾਚਾਰ, ਭੁੱਖਮਰੀ ਤੇ ਨਸ਼ਾਖੋਰੀ ਨੂੰ ਜਨਮ ਦੇ ਰਹੀ ਹੈ, ਜਿਸ ਕਰਕੇ ਦੇਸ਼ ਆਰਥਿਕ, ਸਮਾਜਿਕ ਤੇ ਰਾਜਨੀਤਕ ਤੌਰ 'ਤੇ ਬੁਰੀ ਤਰ੍ਹਾਂ ਪੱਛੜ ਗਿਆ ਹੈ। ਸਾਥੀਆ ਨੇ ਦੇਸ਼ ਨੂੰ ਆਰਥਿਕ ਲੀਹਾਂ 'ਤੇ ਤੋਰਨ ਲਈ ਫਿਰਕਾਪ੍ਰਸਤ ਤਾਕਤਾਂ ਨੂੰ ਲਾਂਭੇ ਕਰਕੇ ਅਸਲ ਲੋਕਤੰਤਰ ਸਰਕਾਰ ਬਣਾਉਣ 'ਤੇ ਜ਼ੋਰ ਦੇਣਾ ਹੋਵੇਗਾ, ਜਿਸ ਨਾਲ ਨਵੇਂ ਰੁਜ਼ਗਾਰ ਦੇ ਸਾਧਨ ਪੈਦਾ ਕਰਨ ਲਈ ਕੌਮੀ ਰੁਜ਼ਗਾਰ ਗਰੰਟੀ ਕਾਨੂੰਨ ਬਣਾਇਆ ਜਾ ਸਕੇ ਤੇ ਭਗਤ ਸਿੰਘ ਦੇ ਸੁਪਨਿਆਂ ਦਾ ਭਾਰਤ ਸਿਰਜਿਆ ਜਾ ਸਕੇ। ਅੰਤ ਵਿੱਚ ਆਗੂਆਂ ਨੇ ਸੂਬੇ ਅੰਦਰ ਅਮਨ ਕਾਨੂੰਨ ਸਥਾਪਤ ਕਰਕੇ ਸ਼ਾਂਤੀ ਤੇ ਭਾਈਚਾਰਕ ਸਾਂਝ ਬਣਾਈ ਰੱਖਣ ਦੀ ਗੱਲ ਕੀਤੀ। ਇਸ ਮੌਕੇ ਏਟਕ ਆਗੂ ਕਾਕਾ ਸਿੰਘ, ਸੁਖਦੇਵ ਸਿੰਘ, ਸੁਖਦੇਵ ਪੰਧੇਰ, ਹਰਦਿਆਲ ਭੋਲਾ, ਹਰਪ੍ਰੀਤ ਮਾਨਸਾ, ਹਰਨੇਕ ਢਿੱਲੋਂ, ਹਰਨੇਕ ਮਾਨਸਾ, ਰਾਜਵਿੰਦਰ ਸਿੰਘ, ਨਿਰਮਲ ਸਿੰਘ ਮਾਨਸਾ, ਰਾਮ ਸਿੰਘ, ਭਜਨ ਸਿੰਘ, ਗੁਰਚਰਨ ਸਿੰਘ, ਗੁਰਦਿਆਲ ਸਿੰਘ ਆਦਿ ਆਗੂ ਸ਼ਾਮਲ ਸਨ।

**ਲੁਧਿਆਣਾ (ਭਾਟੀਆ, ਕਥੂਰੀਆ, ਪ੍ਰਦੀਪ)** : ਸ਼ਹੀਦ ਭਗਤ ਸਿੰਘ ਕਲੋਨੀ ਸਲੇਮਟਾਬਰੀ ਲੁਧਿਆਣਾ ਦੇ ਵਸਨੀਕਾਂ ਵੱਲੋਂ ਸ਼ਹੀਦ ਭਗਤ ਸਿੰਘ ਦੇ ਬੁੱਤ 'ਤੇ ਹਾਰ ਪਾ ਕੇ 23 ਮਾਰਚ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ। ਹਾਜ਼ਰ ਲੋਕਾਂ ਨੇ ਸ਼ਹੀਦਾਂ ਦੀਆਂ ਕੁਰਬਾਨੀਆਂ ਨੂੰ ਯਾਦ ਕਰਦੇ ਹੋਏ ਉਨ੍ਹਾਂ ਦੇ ਅਧੂਰੇ ਸੁਪਨਿਆਂ ਨੂੰ ਪੂਰਾ ਕਰਨ ਦਾ ਪ੍ਰਣ ਲਿਆ। ਕੇਂਦਰ ਦੀ ਮੋਦੀ ਸਰਕਾਰ ਵੱਲੋਂ ਫਿਰਕੂ ਲੀਹਾਂ 'ਤੇ ਲੋਕਾਂ ਨੂੰ ਵੰਡਣ ਦੀਆਂ ਸਾਜ਼ਿਸ਼ਾਂ ਤੋਂ ਸਾਵਧਾਨ ਰਹਿੰਦੇ ਹੋਏ ਲੋਕਾਂ ਨੇ ਆਪਸੀ ਭਾਈਚਾਰਾ ਕਾਇਮ ਰੱਖਣ ਦਾ ਅਹਿਦ ਲਿਆ। ਭਾਰਤੀ ਕਮਿਊਨਿਸਟ ਪਾਰਟੀ ਸਲੇਮਟਾਬਰੀ ਵੱਲੋਂ ਹਾਜ਼ਰ ਪ੍ਰਿੰਸੀਪਲ ਝਲਮਲ ਸਿੰਘ, ਵਿਨੋਦ ਕੁਮਾਰ, ਮੁਹੰਮਦ ਰਫੀਕ, ਅਮਰਜੀਤ, ਸੋਹਣ ਲਾਲ, ਸਰਬਜੀਤ ਕੌਰ, ਗਗਨਦੀਪ ਕੌਰ ਤੇ ਜਗਦੀਪ ਨੇ ਸ਼ਰਧਾਂਜਲੀ ਭੇਟ ਕੀਤੀ।

## ਕਾਤਰਾਂ

### ਕੇਂਦਰੀ ਜੇਲ੍ਹ 'ਚੋਂ ਮੋਬਾਇਲ ਫੋਨ ਬਰਾਮਦ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਫਿਰੋਜ਼ਪੁਰ ਦੀ ਕੇਂਦਰੀ ਜੇਲ੍ਹ ਵਿੱਚ ਤਲਾਸ਼ੀ ਦੌਰਾਨ ਇਕ ਮੋਬਾਇਲ ਫੋਨ ਬਰਾਮਦ ਹੋਇਆ ਹੈ। ਇਸ ਸਬੰਧੀ ਥਾਣਾ ਸਿਟੀ ਫਿਰੋਜ਼ਪੁਰ ਪੁਲਸ ਨੇ ਹਵਾਲਾਤੀ ਖਿਲਾਫ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਏਐੱਸਆਈ ਗੁਰਮੇਲ ਸਿੰਘ ਨੇ ਦੱਸਿਆ ਕਿ ਇੱਕ ਪੱਤਰ ਰਾਹੀਂ ਗੁਰਤੇਜ ਸਿੰਘ ਸਹਾਇਕ ਸੁਪਰਡੈਂਟ ਕੇਂਦਰੀ ਜੇਲ੍ਹ ਫਿਰੋਜ਼ਪੁਰ ਨੇ ਦੱਸਿਆ ਕਿ 22 ਮਾਰਚ 2023 ਨੂੰ ਕਰੀਬ ਸਾਢੇ 6 ਵਜੇ ਉਹ ਕੇਂਦਰੀ ਜੇਲ੍ਹ ਫਿਰੋਜ਼ਪੁਰ ਵਿੱਚ ਸਮੇਤ ਸਾਥੀ ਕਰਮਚਾਰੀਆਂ ਦੇ ਐੱਨਐੱਲਜੇਡੀ ਮਸ਼ੀਨ ਨਾਲ ਕੇਂਦਰੀ ਜੇਲ੍ਹ ਫਿਰੋਜ਼ਪੁਰ ਦੇ ਹਸਪਤਾਲ ਦੀ ਤਲਾਸ਼ੀ ਕੀਤੀ ਗਈ ਤਾਂ ਤਲਾਸ਼ੀ ਦੌਰਾਨ ਜਸਵੀਰ ਸਿੰਘ ਪੁੱਤਰ ਡੁੰਮਣ ਸਿੰਘ ਵਾਸੀ ਚੱਕ ਬਲੋਚਾਂ ਮਹਾਲਮ ਥਾਣਾ ਚੱਕ ਵੈਰੋਕੇ ਜ਼ਿਲ੍ਹਾ ਫਾਜ਼ਿਲਕਾ ਹਾਲ ਕੇਂਦਰੀ ਜੇਲ੍ਹ ਫਿਰੋਜ਼ਪੁਰ ਦੇ ਬਿਸਤਰੇ ਵਿੱਚੋਂ ਇਕ ਮੋਬਾਇਲ ਫੋਨ ਬਰਾਮਦ ਹੋਇਆ।

### ਅਣਪਛਾਤੇ ਨੌਜਵਾਨ ਦੀ ਲਾਸ਼ ਮਿਲੀ

**ਮਲੋਟ (ਗੁਰਮੀਤ ਸਿੰਘ ਮੱਕੜ)**-ਸਥਾਨਕ ਰੇਲਵੇ ਕੁਆਟਰਾਂ ਦੇ ਨਜ਼ਦੀਕ ਤੋਂ ਇੱਕ ਨੌਜਵਾਨ ਦੀ ਅਣਪਛਾਤੀ ਲਾਸ਼ ਮਿਲੀ, ਜਿਸ 'ਤੇ ਕਾਰਵਾਈ ਕਰਦੇ ਰੇਲਵੇ ਪੁਲਸ ਨੇ ਲਾਸ਼ ਨੂੰ ਸ਼ਨਾਖਤ ਵਾਸਤੇ 72 ਘੰਟੇ ਲਈ ਸਿਵਲ ਹਸਪਤਾਲ ਦੀ ਮੋਰਚਰੀ ਵਿੱਚ ਰੱਖਿਆ ਗਿਆ ਹੈ। ਰੇਲਵੇ ਚੌਕੀ ਦੇ ਇੰਚਾਰਜ ਸੁਖਪਾਲ ਸਿੰਘ ਨੇ ਦੱਸਿਆ ਕਿ ਅੱਜ ਸਵੇਰੇ ਸਟੇਸ਼ਨ ਮਾਸਟਰ ਨੇ ਸੂਚਨਾ ਦਿੱਤੀ ਸੀ ਕਿ ਰੇਲਵੇ ਕੁਆਟਰ ਦੇ ਨਜ਼ਦੀਕ ਇੱਕ ਨੌਜਵਾਨ ਦੀ ਲਾਸ਼ ਪਈ ਹੈ, ਜਿਸ ਦਾ ਪਤਾ ਕੀਤਾ ਗਿਆ, ਪ੍ਰੰਤੂ ਕੋਈ ਪਹਿਚਾਣ ਨਹੀਂ ਹੋਈ, ਜਿਸ ਦੀ ਪਹਿਚਾਣ ਲਈ 72 ਘੰਟੇ ਲਈ ਸਿਵਲ ਹਸਪਤਾਲ ਦੀ ਮੋਰਚਰੀ ਵਿੱਚ ਰੱਖਿਆ ਗਿਆ ਹੈ।

### ਸਾਹਿਤਕ ਸਮਾਗਮ ਮੁਲਤਵੀ

**ਸੰਗਰੂਰ (ਪ੍ਰਵੀਨ ਸਿੰਘ)**-ਮਾਲਵਾ ਲਿਖਾਰੀ ਸਭਾ ਸੰਗਰੂਰ (ਰਜਿ:) ਵੱਲੋਂ 26 ਮਾਰਚ ਨੂੰ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਸੰਗਰੂਰ ਵਿਖੇ ਹੋਣ ਵਾਲਾ ਸਾਹਿਤਕ ਸਮਾਗਮ ਪੰਜਾਬ ਦੇ ਮੌਜੂਦਾ ਹਾਲਾਤਾਂ ਨੂੰ ਧਿਆਨ ਵਿੱਚ ਰੱਖਦਿਆਂ ਮੁਲਤਵੀ ਕਰ ਦਿੱਤਾ ਗਿਆ ਹੈ। ਸਭਾ ਦੇ ਪ੍ਰੈੱਸ ਸਕੱਤਰ ਅਮਨ ਜੱਖਲਾਂ ਨੇ ਦੱਸਿਆ ਕਿ ਇਹ ਸਮਾਗਮ ਹੁਣ ਅਗਲੇ ਮਹੀਨੇ ਅਪ੍ਰੈਲ ਵਿੱਚ ਹੋਵੇਗਾ, ਜਿਸ ਵਿੱਚ ਇਨਕਲਾਬੀ ਕਵੀ ਜਗਰਾਜ ਧੌਲਾ ਨੂੰ ਲੋਕ ਕਵੀ ਸੰਤ ਰਾਮ ਉਦਾਸੀ ਕਵਿਤਾ ਪੁਰਸਕਾਰ ਨਾਲ ਸਨਮਾਨਤ ਕੀਤਾ ਜਾਵੇਗਾ।

### ਬੱਚੇ ਨਾਲ ਬਦਫੈਲੀ ਦੇ ਮਾਮਲੇ 'ਚ ਮੈਡੀਕਲ ਸਟੋਰ ਦੇ ਮਾਲਕ 'ਤੇ ਮਾਮਲਾ ਦਰਜ

**ਬਠਿੰਡਾ (ਪਰਵਿੰਦਰ ਜੀਤ ਸਿੰਘ)**-ਸਥਾਨਕ ਸ਼ਹਿਰ ਦੇ ਅਜੀਤ ਰੋਡ 'ਤੇ ਸਥਿਤ ਇੱਕ ਮੈਡੀਕਲ ਸਟੋਰ ਦੇ ਸੰਚਾਲਕ ਵਿਰੁੱਧ ਬਠਿੰਡਾ ਪੁਲਸ ਨੇ ਇੱਕ ਨਾਬਾਲਗ ਬੱਚੇ ਨਾਲ ਬਦਫੈਲੀ ਕਰਨ ਦੇ ਦੋਸ਼ਾਂ ਹੇਠ ਪਰਚਾ ਦਰਜ ਕੀਤਾ ਹੈ। ਪੀੜਤ ਬੱਚਾ ਕਥਿਤ ਅਰੋਪੀ ਦੀ ਦੁਕਾਨ 'ਤੇ ਹੀ ਕੰਮ ਕਰ ਰਿਹਾ ਸੀ, ਪ੍ਰੰਤੂ ਦੁਕਾਨਦਾਰ ਨੇ ਕਈ ਵਾਰ ਮੌਕੇ ਦਾ ਫਾਈਦਾ ਉਠਾਉਂਦਿਆਂ ਉਸ ਦੇ ਨਾਲ ਗਲਤ ਕੰਮ ਕੀਤਾ। ਸੂਚਨਾ ਮੁਤਾਬਕ ਲੰਘੇ ਐਤਵਾਰ ਵੀ ਕਥਿਤ ਦੋਸ਼ੀ ਵੱਲੋਂ ਅਜਿਹਾ ਕਰਨ 'ਤੇ ਬੱਚਾ ਬੀਮਾਰ ਹੋ ਗਿਆ, ਉਸ ਤੋਂ ਬਾਅਦ ਮਾਮਲਾ ਸਾਹਮਣੇ ਆਇਆ। ਇਸ ਘਟਨਾ ਦੀ ਪੁਸ਼ਟੀ ਕਰਦਿਆਂ ਥਾਣਾ ਸਿਵਲ ਲਾਈਨ ਦੇ ਐੱਸ.ਐੱਚ.ਓ. ਇੰਸਪੈਕਟਰ ਯਾਦਵਿੰਦਰ ਸਿੰਘ ਨੇ ਦੱਸਿਆ ਕਿ ਪੀੜਤ ਬੱਚੇ ਦੇ ਬਿਆਨ ਉੱਪਰ ਅਜੀਤ ਰੋਡ 'ਤੇ ਸਥਿਤ ਇੱਕ ਮੈਡੀਕਲ ਹਾਲ ਦੇ ਸੰਚਾਲਕ ਮੁਕੇਸ਼ ਕੁਮਾਰ ਵਿਰੁੱਧ ਧਾਰਾ 377 ਆਈ.ਪੀ.ਸੀ. ਤਹਿਤ ਕੇਸ ਦਰਜ ਕਰ ਲਿਆ ਗਿਆ ਹੈ। ਪੁਲਸ ਅਧਿਕਾਰੀਆਂ ਵੱਲੋਂ ਮਾਮਲੇ ਦੀ ਗੰਭੀਰਤਾ ਨਾਲ ਜਾਂਚ ਕੀਤੀ ਜਾ ਰਹੀ ਹੈ ਤੇ ਮੁਜਰਮ ਦੀ ਹਾਲੇ ਗ੍ਰਿਫਤਾਰੀ ਨਹੀਂ ਹੋ ਸਕੀ ਹੈ।

## ਸ਼ਹੀਦਾਂ ਦੇ ਸੁਪਨਿਆਂ ਨੂੰ ਸਾਕਾਰ ਕਰਨਾ ਹੀ ਸੱਚੀ ਸ਼ਰਧਾਂਜਲੀ : ਪ੍ਰਿੰ. ਮੀਨਾ ਅਰੋੜਾ

### ਨੰਨ੍ਹੇ-ਮੁੰਨੇ ਬੱਚਿਆਂ ਨੇ ਸ਼ਹੀਦਾਂ ਨੂੰ ਕੀਤੀ ਸ਼ਰਧਾਂਜਲੀ ਭੇਟ



**ਮਲੋਟ (ਗੁਰਮੀਤ ਸਿੰਘ ਮੱਕੜ)**

ਸਥਾਨਕ ਲਵਿੰਗ ਲਿਟਲ ਪਲੇਵੇ ਐਂਡ ਪ੍ਰੇਪਰੇਟਰੀ ਸਕੂਲ ਦੇ ਨੰਨ੍ਹੇ ਮੁੰਨੇ ਬੱਚਿਆਂ ਨੇ ਸ਼ਹੀਦੀ ਦਿਹਾੜੇ 'ਤੇ ਸ਼ਹੀਦਾਂ ਨੂੰ ਸ਼ਰਧਾਂਜਲੀਆਂ ਭੇਟ ਕੀਤੀਆਂ ਅਤੇ ਦੇਸ਼ ਦੀ ਆਜ਼ਾਦੀ ਲਈ ਹੱਸਦਿਆਂ-ਹੱਸਦਿਆਂ ਫਾਂਸੀ ਦੇ ਫੰਦੇ ਨੂੰ ਚੁੰਮ ਲੈਣ ਵਾਲੇ ਇਨ੍ਹਾਂ ਮਹਾਨ ਸ਼ਹੀਦਾਂ ਦੀਆਂ ਕੁਰਬਾਨੀਆਂ ਨੂੰ ਯਾਦ ਕੀਤਾ। ਇਸ ਮੌਕੇ ਪ੍ਰਿੰਸੀਪਲ ਮੀਨਾ ਅਰੋੜਾ ਦੀ ਅਗਵਾਈ ਵਿੱਚ ਕਰਵਾਏ ਗਏ ਸਮਾਗਮ ਦੀ ਸ਼ੁਰੂਆਤ ਦੇਸ਼ ਭਗਤੀ ਦੇ ਗੀਤ ਨਾ ਕੀਤੀ ਗਈ। ਇਸ ਮੌਕੇ ਆਪਣੇ ਸੰਬੋਧਨ ਵਿੱਚ ਪ੍ਰਿੰਸੀਪਲ ਮੀਨਾ ਅਰੋੜਾ ਨੇ ਕਿਹਾ ਕਿ ਦੇਸ਼ ਨੂੰ ਗੁਲਾਮੀ ਦੀ ਜ਼ੰਜੀਰਾਂ ਤੋਂ ਆਜ਼ਾਦ ਕਰਵਾਉਣ ਵਿੱਚ ਅਹਿਮ ਭੂਮਿਕਾ ਨਿਭਾਉਣ ਵਾਲੇ ਸ਼ਹੀਦ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਭਾਰਤ ਦੇ ਮਹਾਨ ਸਪੂਤ ਹਨ। ਇਨ੍ਹਾਂ ਦੇਸ਼ ਭਗਤਾਂ ਦੀ ਕੁਰਬਾਨੀ ਨੂੰ ਦੇਸ਼ ਵਾਸੀ ਕਦੇ ਭੁਲਾ ਨਹੀਂ ਸਕਦੇ। ਇਸ ਲਈ ਸ਼ਹੀਦਾਂ ਦੇ ਮਾਰਗ 'ਤੇ ਚੱਲ ਕੇ ਉਨ੍ਹਾਂ ਦੇ ਸੁਪਨਿਆਂ ਨੂੰ ਸਾਕਾਰ ਕਰਨਾ ਹੀ ਉਨ੍ਹਾਂ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ, ਜਿਸ ਲਈ ਸਾਨੂੰ ਸਾਰਿਆਂ ਨੂੰ ਜੀ ਜਾਨ ਨਾਲ ਕੋਸ਼ਿਸ਼ਾਂ ਕਰਨੀਆਂ ਪੈਣਗੀਆਂ। ਇਸ ਮੌਕੇ ਬੱਚਿਆਂ ਵੱਲੋਂ ਦੇਸ਼ ਭਗਤੀ ਦੇ ਗੀਤ 'ਮੇਰਾ ਰੰਗ ਦੇ ਬਸੰਤੀ ਚੋਲਾ' ਆਦਿ ਤੋਂ ਇਲਾਵਾ ਸਕਿੱਟਾਂ ਦੀ ਖੂਬ ਪੇਸ਼ਕਾਰੀ ਕੀਤੀ। ਇਸ ਮੌਕੇ 'ਤੇ ਸਮਾਗਮ ਨੂੰ ਸਫ਼ਲ ਬਣਾਉਣ ਲਈ ਮੈਡਮ ਅਨੂੰ, ਆਰਤੀ ਤੇ ਪਿੰਕੀ ਨੇ ਆਪਣਾ ਅਹਿਮ ਯੋਗਦਾਨ ਪਾਇਆ।

## 23 ਮਾਰਚ ਦੇ ਸ਼ਹੀਦਾਂ ਦੇ ਸੁਪਨਿਆਂ ਦੀ ਵਿਵਸਥਾ ਸਿਰਜਣੀ ਸਮੇਂ ਦੀ ਅਣਸਰਦੀ ਲੋੜ : ਸੰਯੁਕਤ ਕਿਸਾਨ ਮੋਰਚਾ



**ਮਾਨਸਾ (ਆਤਮਾ ਸਿੰਘ ਪਮਾਰ)**-ਸੰਯੁਕਤ ਕਿਸਾਨ ਮੋਰਚੇ ਵੱਲੋਂ ਬੀ ਡੀ ਪੀ ਓ ਦਫਤਰ ਮਾਨਸਾ ਵਿਖੇ ਇਕੱਤਰ ਹੋ ਕੇ 23 ਮਾਰਚ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਅਰਪਿਤ ਕੀਤੀ ਗਈ। ਉਪਰੰਤ ਸ਼ਹਿਰ ਅੰਦਰ ਮਾਰਚ ਕਰਕੇ 'ਬਾਗ ਵਾਲਾ ਗੁਰੂਦਵਾਰਾ' ਨੇੜੇ ਸ਼ਹੀਦਾਂ ਦੇ ਬੁੱਤਾਂ ਨੂੰ ਹਾਰ ਪਹਿਨਾਏ ਗਏ।

ਸੰਬੋਧਨ ਕਰਦਿਆਂ ਬੁਲਾਰਿਆਂ ਨੇ ਕਿਹਾ ਕਿ ਸ਼ਹੀਦੇ ਆਜ਼ਮ ਸ੍ਰ. ਭਗਤ ਸਿੰਘ ਦਾ ਜਨਮ ਵੀ ਉਸੇ ਦੌਰ 'ਚ ਹੋਇਆ, ਜਦ ਸਰਕਾਰ ਵੱਲੋਂ "ਕੋਲੋਨਾਈਜ਼ੇਸ਼ਨ ਐਕਟ' ਬਣਾ ਕੇ ਕਿਸਾਨਾਂ ਦੀ ਜ਼ਮੀਨ ਹੜੱਪਣ ਦੀ ਯੋਜਨਾ ਬਣਾਈ ਗਈ "ਪੱਗੜੀ ਸੰਭਾਲ ਜੱਟਾ" ਜਿਹੇ ਅੰਦੋਲਨ ਹੋਏ, ਜਿਸ ਦੇ ਚਲਦਿਆਂ ਸ਼ਹੀਦੇ ਆਜ਼ਮ ਦੇ ਪਰਿਵਾਰ ਨੇ ਜਲਾਵਤਨੀ ਵੀ ਝੇਲੀ। 23 ਮਾਰਚ 1931 ਨੂੰ ਰਾਜਗੁਰੂ, ਸੁਖਦੇਵ, ਭਗਤ ਨੇ ਕੁਰਬਾਨੀਆਂ ਦੇ ਕੇ ਅੰਗਰੇਜ਼ਾਂ ਤੋਂ ਦੇਸ਼ ਨੂੰ ਆਜ਼ਾਦ ਕਰਵਾਇਆ, ਪਰ ਅੱਜ ਫਿਰ ਸਮੇਂ ਦੇ ਹਾਕਮਾਂ ਨੇ ਦੇਸ਼ ਦੇ ਸਨਅਤੀ ਅਦਾਰੇ, ਜਨਤਕ ਅਦਾਰਿਆਂ ਦਾ ਪ੍ਰਾਈਵੇਟ ਕਰਨ ਕਰਕੇ ਮੁੜ ਦੇਸ਼ ਨੂੰ ਕਾਰਪੋਰੇਟ ਘਰਾਣਿਆਂ ਦੇ ਹਵਾਲੇ ਕਰ ਦਿੱਤਾ ਹੈ ਤੇ ਰੋਜ਼ਾਨਾ ਲੋਕ ਦੋਖੀ ਨੀਤੀਆਂ ਬਣਾ ਕੇ ਹਰ ਚੀਜ਼ ਲੋਕਾਂ ਦੀ ਪਹੁੰਚ ਤੋਂ ਦੂਰ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ 'ਇਨਕਲਾਬ ਦਾ ਨਾਅਰਾ' ਦੇ ਕੇ ਸੱਤਾ 'ਚ ਆਈ ਆਮ ਆਦਮੀ ਪਾਰਟੀ ਵੀ ਬਾਕੀ ਪਾਰਟੀਆਂ ਦੇ ਰਾਹਾਂ 'ਤੇ ਤੁਰੀ ਹੋਈ ਹੈ, ਜਿਸ ਦੀ ਤਾਜ਼ਾ ਉਦਾਹਰਣ ਫੱਤਾ ਮਾਲੋਕੇ, ਤਲਵੰਡੀ ਅਕਲੀਆ ਦੀਆਂ ਦੋ ਹੋਣਹਾਰ ਧੀਆਂ ਨੂੰ ਖੇਤੀਬਾੜੀ ਸੁਸਾਇਟੀ 'ਚ ਸਿਲੈਕਟ ਕਰਨ ਤੋਂ ਬਾਅਦ ਜੁਆਇਨਿੰਗ ਲੈਟਰ ਦੇਣ ਵੇਲੇ ਕੀਤੀ ਧੋਖਾਧੜੀ ਤੋਂ ਭਲੀ ਭਾਂਤ ਲੱਗਦਾ ਹੈ। ਉਨ੍ਹਾਂ ਕਿਹਾ ਕਿ ਸਰਕਾਰੀ ਦਫਤਰਾਂ ਅੰਦਰ ਭਗਤ ਸਿੰਘ, ਸੰਵਿਧਾਨ ਨਿਰਮਾਤਾ ਬਾਬਾ ਸਾਹਿਬ ਡਾਕਟਰ ਅੰਬੇਡਕਰ ਦੀਆਂ ਫੋਟੋਆਂ ਲਗਾ ਕੇ ਦਿਖਾਵਾ ਕਰਨ ਵਾਲੀ ਆਪ ਸਰਕਾਰ ਭਗਤ ਸਿੰਘ ਤੇ ਬਾਬਾ ਸਾਹਿਬ ਦੇ ਕਲਿਆਣਕਾਰੀ ਕਾਰਜਾਂ ਤੋਂ ਕੋਹਾਂ ਦੂਰ ਹੈ। ਉਨ੍ਹਾਂ ਕਿਹਾ ਕਿ ਸ਼ਹੀਦਾਂ ਦੇ ਸੁਪਨਿਆਂ ਦਾ ਰਾਜ ਸਿਰਜਣ ਲਈ ਅੱਜ ਤਰਕਵਾਦੀ ਵਿਚਾਰਾਂ 'ਤੇ ਚਲਦਿਆਂ ਦੇਸ਼ ਦੇ ਆਵਾਮ ਨੂੰ ਚੇਤਨ ਹੋ ਕੇ ਸੰਗਠਿਤ ਹੋਣ ਦੀ ਅਣਸਰਦੀ ਲੋੜ ਹੈ।

ਇਸ ਸਮੇਂ ਬੀ ਕੇ ਯੂ ਡਕੌਂਦਾ ਦੇ ਆਗੂ ਮਹਿੰਦਰ ਸਿੰਘ ਭੈਣੀ ਬਾਘਾ, ਸੁਖਵਿੰਦਰ ਸਿੰਘ ਸੱਦਾ ਸਿੰਘ ਵਾਲਾ, ਪੰਜਾਬ ਕਿਸਾਨ ਯੂਨੀਅਨ ਦੇ ਆਗੂ ਗੁਰਜੰਟ ਸਿੰਘ ਮਾਨਸਾ, ਗੋਰਾ ਸਿੰਘ ਭੈਣੀ ਬਾਘਾ, ਜਮਹੂਰੀ ਕਿਸਾਨ ਸਭਾ ਦੇ ਆਗੂ ਸੁਖਦੇਵ ਸਿੰਘ ਅਤਲਾ, ਅਮਰੀਕ ਸਿੰਘ ਫਫੜੇ, ਇਸਤਰੀ ਵਿੰਗ ਦੇ ਆਗੂ ਨਰਿੰਦਰ ਕੌਰ ਬੁਰਜ ਹਮੀਰਾ, ਗੁਰਪਰੀਤ ਕੌਰ, ਅਮਨਦੀਪ ਕੌਰ, ਕੁੱਲ ਹਿੰਦ ਕਿਸਾਨ ਸਭਾ ਦੇ ਆਗੂ ਕੁਲਵਿੰਦਰ ਉੱਡਤ, ਕ੍ਰਿਸ਼ਨ ਚੌਹਾਨ, ਮੈਡੀਕਲ ਪਰੈਕਟੀਸ਼ਨਰਜ਼ ਐਸੋਸੀਏਸ਼ਨ ਦੇ ਧੰਨਾ ਮੱਲ ਗੋਇਲ, ਡਕੌਂਦਾ ਦੇ ਕੁਲਵੰਤ ਕਿਸ਼ਨਗੜ੍ਹ, ਬਲਵਿੰਦਰ ਸ਼ਰਮਾ, ਮਜ਼ਦੂਰ ਮੁਕਤੀ ਮੋਰਚਾ ਦੇ ਦਰਸ਼ਨ ਸਿੰਘ ਦਾਨੇਵਾਲ, ਗੁਰਸੇਵਕ ਮਾਨ ਨੇ ਨੀ ਸੰਬੋਧਨ ਕੀਤਾ। ਇਨ੍ਹਾਂ ਤੋਂ ਇਲਾਵਾ ਸੈਂਕੜੇ ਵਰਕਰ, ਆਗੂ ਵੀ ਹਾਜ਼ਰ ਸਨ।

ਇਸ ਸਮੇਂ ਗੁਰਮੁੱਖ ਸਿੰਘ ਸੱਦਾ ਸਿੰਘ ਵਾਲਾ, ਨਾਤਾ ਸਿੰਘ ਫਫੜੇ ਭਾਈ ਕੇ, ਮੇਲਾ ਸਿੰਘ ਫਫੜੇ ਭਾਈ ਕੇ ਨੇ ਇਨਕਲਾਬੀ ਗੀਤ ਵੀ ਪੇਸ਼ ਕੀਤੇ।

## ਪਾਥਵੇਜ਼ ਗਲੋਬਲ ਸਕੂਲ ਦੇ ਵਿਦਿਆਰਥੀਆਂ ਵੱਲੋਂ ਕੌਮੀ ਸ਼ਹੀਦ ਸਮਾਰਕ ਦਾ ਦੌਰਾ



**ਕੋਟ ਈਸੇ ਖਾਂ (ਅਰੋੜਾ)**-ਪਾਥਵੇਜ਼ ਗਲੋਬਲ ਸਕੂਲ ਕੋਟ ਈਸੇ ਖਾਂ ਦੇ ਵਿਦਿਆਰਥੀਆਂ ਨੇ ਫਿਰੋਜ਼ਪੁਰ ਦੇ ਪਿੰਡ ਹੁਸੈਨੀਵਾਲਾ ਵਿਖੇ ਭਾਰਤੀ ਆਜ਼ਾਦੀ ਘੁਲਾਟੀਆਂ ਸ਼ਹੀਦ ਭਗਤ ਸਿੰਘ, ਸੁਖਦੇਵ ਥਾਪਰ ਤੇ ਸ਼ਿਵਰਾਮ ਰਾਜਗੁਰੂ ਦੀ ਯਾਦ ਵਿੱਚ ਕੌਮੀ ਸ਼ਹੀਦ ਸਮਾਰਕ ਦਾ ਦੌਰਾ ਕੀਤਾ। ਇਹ ਦਿਨ ਪੂਰੀ ਤਰ੍ਹਾਂ ਨਾਲ ਸ਼ਹੀਦ ਭਗਤ ਸਿੰਘ ਦੀ ਸ਼ਹਾਦਤ ਨੂੰ ਸਮਰਪਤ ਸੀ। ਪਾਥਵੇਜ਼ ਦੇ ਵਿਦਿਆਰਥੀਆਂ ਨੇ ਇਸ ਦਿਨ ਨਾਲ ਸਬੰਧਤ ਗੀਤ, ਭਾਸ਼ਣ, ਨਾਟਕ, ਕੋਰੀਓਗ੍ਰਾਫੀ ਆਦਿ ਰਾਹੀਂ ਸ਼ਹੀਦ ਸ੍ਰ. ਭਗਤ ਸਿੰਘ ਨੂੰ ਸ਼ਰਧਾਂਜਲੀ ਭੇਟ ਕੀਤੀ।

ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਪਵਨ ਕੁਮਾਰ ਠਾਕੁਰ, ਡੀਨ ਮੈਡਮ ਪਰਮਿੰਦਰ ਤੂਰ, ਸਕੂਲ ਦੇ ਕਮੇਟੀ ਮੈਂਬਰ ਚੇਅਰਮੈਨ ਸ੍ਰ. ਸੁਰਜੀਤ ਸਿੰਘ ਸਿੱਧੂ, ਪ੍ਰੈਜ਼ੀਡੈਂਟ ਡਾ. ਅਨਿਲਜੀਤ ਕੰਬੋਜ, ਵਾਈਸ ਚੇਅਰਮੈਨ ਸ੍ਰ. ਅਵਤਾਰ ਸਿੰਘ ਸੋਂਧ ਨੇ ਵਿਦਿਆਰਥੀਆਂ ਨੂੰ ਸ਼ਹੀਦੀ ਦਿਵਸ ਮੌਕੇ ਦੇਸ਼ ਦੀ ਆਜ਼ਾਦੀ ਦੇ ਸਿਰਲੱਥ ਸੂਰਮੇ ਨੂੰ ਸ਼ਰਧਾਂਜਲੀ ਭੇਟ ਕੀਤੀ ਤੇ ਵਿਦਿਆਰਥੀਆਂ ਦਾ ਹੌਸਲਾ ਵਧਾਇਆ।

## ਕਲੱਬ ਨੇ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦਾ ਸ਼ਹੀਦੀ ਦਿਹਾੜਾ ਮਨਾਇਆ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਮੁਕਤਸਰ ਸਾਹਿਬ ਦੇ ਸ਼ਹੀਦ ਭਗਤ ਸਿੰਘ ਕਲੱਬ ਵੱਲੋਂ ਵੀਰਵਾਰ ਨੂੰ ਪ੍ਰਧਾਨ ਸੰਜੇ ਵਾਲੀਆ ਦੀ ਅਗਵਾਈ 'ਚ ਜਲਾਲਾਬਾਦ ਰੋਡ ਸਥਿਤ ਸ਼ਹੀਦੀ ਸਮਾਰਕ ਤੇ ਸ਼ਹੀਦ-ਏ-ਆਜ਼ਮ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦਾ ਸ਼ਹੀਦੀ ਦਿਹਾੜਾ ਸ਼ਰਧਾ-ਭਾਵ ਨਾਲ ਮਨਾਇਆ ਗਿਆ। ਇਸ ਮੌਕੇ ਵੱਖ-ਵੱਖ ਜਥੇਬੰਦੀਆਂ ਦੇ ਨੁਮਾਇੰਦਿਆਂ ਨੇ ਵੀ ਸਮਾਗਮ 'ਚ ਸ਼ਿਰਕਤ ਕਰਦਿਆਂ ਸ਼ਹੀਦਾਂ ਨੂੰ ਨਮਨ ਕੀਤਾ ਤੇ ਸ਼ਹੀਦਾਂ ਦੇ ਬੁੱਤਾਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ। ਸ਼ਹੀਦੀ ਸਮਾਰਕ 'ਤੇ ਸਮਾਗਮ ਉਪਰੰਤ ਰਾਮਾ ਕ੍ਰਿਸ਼ਨਾ ਮਿਡਲ ਸਕੂਲ ਵਿਖੇ ਵੀ ਸਮਾਗਮ ਹੋਇਆ, ਜਿਸ 'ਚ ਕਲੱਬ ਤੋਂ ਇਲਾਵਾ ਸਮੂਹ ਸਹਿਯੋਗੀ ਜਥੇਬੰਦੀਆਂ ਦੇ ਨੁਮਾਇੰਦੇ ਸ਼ਾਮਲ ਹੋਏ ਤੇ ਸ਼ਹੀਦਾਂ ਵੱਲੋਂ ਦਿੱਤੀਆਂ ਕੁਰਬਾਨੀਆਂ ਦਾ ਜ਼ਿਕਰ ਕਰਦਿਆਂ ਉਨ੍ਹਾਂ ਨੂੰ ਯਾਦ ਕੀਤਾ। ਵੱਖ-ਵੱਖ ਸਕੂਲੀ ਵਿਦਿਆਰਥੀਆਂ ਵੱਲੋਂ ਸ਼ਹੀਦਾਂ ਦੀਆਂ ਕੁਰਬਾਨੀਆਂ ਨੂੰ ਸਮਰਪਤ ਗੀਤ, ਕਵਿਤਾਵਾਂ ਸੁਣਾ ਕੇ ਸਮਾਂ ਬੰਨ੍ਹ ਦਿੱਤਾ ਗਿਆ। ਕਲੱਬ ਵੱਲੋਂ ਵਿਦਿਆਰਥੀਆਂ ਨੂੰ ਤੋਹਫੇ ਭੇਟ ਕਰਕੇ ਸਨਮਾਨਤ ਵੀ ਕੀਤਾ ਗਿਆ। ਇਸ ਮੌਕੇ ਭਾਜਪਾ ਵੱਲੋਂ ਜਲਾਲਾਬਾਦ-ਟਿੱਬੀ ਸਾਹਿਬ ਰੋਡ ਸਥਿਤ ਸ਼ਹੀਦੀ ਸਮਾਰਕ ਵਿਖੇ ਮੁਕਤਸਰ ਹਲਕਾ ਇੰਚਾਰਜ ਤੇ ਫਾਜ਼ਿਲਕਾ ਦੇ ਸਹਿ-ਪ੍ਰਭਾਰੀ ਰਾਜੇਸ਼ ਗੋਰਾ ਪਠੇਲਾ ਦੀ ਅਗਵਾਈ 'ਚ ਸ਼ਹੀਦੀ ਦਿਹਾੜਾ ਮਨਾਇਆ ਗਿਆ। ਇਸ ਮੌਕੇ ਭਾਜਪਾ ਆਗੂਆਂ ਵੱਲੋਂ ਸ਼ਹੀਦ ਏ ਆਜਮ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦੇ ਬੁਤਾਂ ਨੂੰ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਨਮਨ ਕੀਤਾ ਗਿਆ ਤੇ ਸ਼ਹੀਦਾਂ ਦੇ ਦਿਖਾਏ ਮਾਰਗ 'ਤੇ ਚੱਲਣ ਦਾ ਸੱਦਾ ਦਿੱਤਾ ਗਿਆ।

## ਸ਼ਹੀਦਾਂ ਦੀਆਂ ਕੁਰਬਾਨੀਆਂ ਸਦਕਾ ਹੀ ਅਸੀਂ ਅੱਜ ਆਜ਼ਾਦ ਦੇਸ਼ 'ਚ ਸਾਹ ਲੈ ਰਹੇ ਹਾਂ : ਸ਼ੌਕਤ ਅਹਿਮਦ ਪਰੇ

### ਡੀ ਸੀ ਨੇ ਅਮਨ-ਸ਼ਾਂਤੀ ਦੇ ਪ੍ਰਤੀਕ ਚਿੱਟੇ ਕਬੂਤਰ ਤੇ ਗੁਬਾਰੇ ਛੱਡੇ



**ਬਠਿੰਡਾ (ਪਰਵਿੰਦਰ ਜੀਤ ਸਿੰਘ)**

'ਮਨੁੱਖਤਾ ਨੂੰ ਸਮਰਪਿਤ' ਸਹਾਰਾ ਜਨ ਸੇਵਾ ਬਠਿੰਡਾ ਵੱਲੋਂ ਕਰਵਾਏ ਸ਼ਹੀਦ ਸ੍ਰ. ਭਗਤ ਸਿੰਘ ਦੇ ਸ਼ਹੀਦੀ ਦਿਵਸ ਮੌਕੇ ਡਿਪਟੀ ਕਮਿਸ਼ਨਰ ਸ਼੍ਰੀ ਸ਼ੌਕਤ ਅਹਿਮਦ ਪਰੇ ਨੇ ਸਥਾਨਕ ਆਰੀਆ ਸਮਾਜ ਚੌਕ ਵਿਖੇ ਸਥਾਪਤ ਸ਼ਹੀਦ-ਏ-ਆਜ਼ਮ ਸ੍ਰ. ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦੇ ਸਮਾਰਕ ਵਿਖੇ ਸ਼ਰਧਾ ਦੇ ਫੁੱਲ-ਮਾਲਾ ਭੇਟ ਕਰਕੇ ਸ਼ਰਧਾਂਜਲੀ ਦਿੱਤੀ।

ਇਸ ਮੌਕੇ ਉਨ੍ਹਾ ਕਿਹਾ ਕਿ ਦੇਸ਼ ਦੇ ਇਤਿਹਾਸ ਵਿੱਚ ਅੱਜ ਦਾ ਦਿਨ ਸਭ ਤੋਂ ਮਹੱਤਵਪੂਰਨ ਦਿਨ ਹੈ। ਉਨ੍ਹਾ ਕਿਹਾ ਕਿ ਸ਼ਹੀਦਾਂ ਦੀਆਂ ਲਾਸਾਨੀ ਕੁਰਬਾਨੀਆਂ ਸਦਕਾਂ ਹੀ ਅਸੀਂ ਅੱਜ ਇਕ ਆਜ਼ਾਦ ਦੇਸ਼ 'ਚ ਸਾਹ ਲੈ ਰਹੇ ਹਾਂ।

ਇਸ ਮੌਕੇ ਡਿਪਟੀ ਕਮਿਸ਼ਨਰ ਸ਼੍ਰੀ ਪਰੇ ਨੇ ਬੋਲਦਿਆਂ ਕਿਹਾ ਕਿ ਸ਼ਹੀਦ ਭਗਤ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਦਾ ਇਹ ਸੁਫਨਾ ਸੀ ਕਿ ਆਜ਼ਾਦ ਹਿੰਦੁਸਤਾਨ ਵਿੱਚ ਇੱਕ ਅਜਿਹਾ ਲੁੱਟ ਰਹਿਤ, ਨਿਆਂ ਪਸੰਦ ਤੇ ਬਰਾਬਰੀ 'ਤੇ ਆਧਾਰਤ ਸਮਾਜਵਾਦੀ ਨਿਜ਼ਾਮ ਸਥਾਪਤ ਕੀਤਾ ਜਾਵੇ, ਜਿਸ ਵਿੱਚ ਮਨੁੱਖ ਹੱਥੋਂ ਮਨੁੱਖ ਦੀ ਲੁੱਟ ਨਾ ਹੋਵੇ ਤੇ ਦੇਸ਼ ਵਿੱਚ ਅਮਨ-ਸ਼ਾਂਤੀ ਬਰਕਰਾਰ ਰਹੇ। ਇਸ ਮੌਕੇ ਉਨ੍ਹਾਂ ਨੌਜਵਾਨਾਂ ਨੂੰ ਕਿਹਾ ਕਿ ਸ਼ਹੀਦ-ਏ-ਆਜ਼ਮ ਸ. ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦੀ ਸੋਚ 'ਤੇ ਚੱਲਣ ਨੂੰ ਤਰਜੀਹ ਦੇਣ। ਉਨ੍ਹਾਂ ਇਹ ਵੀ ਕਿਹਾ ਕਿ ਨਸ਼ੇ ਵਰਗੀਆਂ ਭੈੜੀਆਂ ਅਲਾਮਤਾਂ ਦਾ ਤਿਆਗ ਕਰਕੇ ਇੱਕ ਚੰਗੇ ਰਾਹ 'ਤੇ ਚੱਲਣ ਤੇ ਆਪਣੀ ਅਨਰਜ਼ੀ ਨੂੰ ਸਹੀ ਤਰੀਕੇ ਨਾਲ ਵਰਤ ਕੇ ਜ਼ਿੰਦਗੀ ਦੇ ਮਿੱਥੇ ਟੀਚੇ ਨੂੰ ਪੂਰਾ ਕਰਨ।

ਇਸ ਮੌਕੇ ਡਿਪਟੀ ਕਮਿਸ਼ਨਰ ਨੇ ਅਮਨ ਸ਼ਾਂਤੀ ਦੇ ਪ੍ਰਤੀਕ ਦੋ ਚਿੱਟੇ ਕਬੂਤਰ ਤੇ ਰੰਗ-ਬਰੰਗੇ ਗੁਬਾਰੇ ਵੀ ਛੱਡੇ। ਇਸ ਮੌਕੇ ਚੇਅਰਮੈਨ ਪੰਜਾਬ ਮੀਡੀਅਮ ਇੰਡਸਟਰੀਜ਼ ਡਿਵੈਲਪਮੈਂਟ ਬੋਰਡ ਸ੍ਰੀ ਨੀਲ ਗਰਗ, ਚੇਅਰਮੈਨ ਪੰਜਾਬ ਟ੍ਰੇਡਰਜ਼ ਕਮਿਸ਼ਨ ਸ਼੍ਰੀ ਅਨਿਲ ਠਾਕੁਰ ਤੇ ਪ੍ਰਧਾਨ ਸਹਾਰਾ ਜਨਸੇਵਾ ਸ਼੍ਰੀ ਵਿਜੇ ਗੋਇਲ ਤੋਂ ਇਲਾਵਾ ਹੋਰ ਸ਼ਖਸੀਅਤਾਂ ਆਦਿ ਹਾਜ਼ਰ ਸਨ।

## ਮੀਂਹ ਨਾਲ ਨੁਕਸਾਨੀ ਕਣਕ ਦਾ ਸਰਕਾਰ 10000 ਰੁਪਏ ਪ੍ਰਤੀ ਏਕੜ ਮੁਆਵਜ਼ਾ ਦੇਵੇ : ਬੂਟਾ ਸਿੰਘ ਚਕਰ



**ਹਠੂਰ/ਜਗਰਾਉਂ (ਨਛੱਤਰ ਸੰਧੂ)**

ਪ੍ਰੈੱਸ ਨੂੰ ਬਿਆਨ ਜਾਰੀ ਕਰਦਿਆਂ ਪੰਜਾਬ ਕਿਸਾਨ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਬੂਟਾ ਸਿੰਘ ਚਕਰ ਨੇ ਪਿਛਲੇ ਦੋ ਦਿਨ ਦੀ ਬੇਮੌਸਮੀ ਬਾਰਸ਼ ਕਾਰਨ ਸਾਰੀਆਂ ਕਣਕਾਂ ਡਿੱਗ ਪਈਆਂ ਹਨ। ਘੱਟੋ ਘੱਟ ਚਾਰ ਕੁਇੰਟਲ ਕਣਕ ਦਾ ਝਾੜ ਘਟੇਗਾ। ਪਹਿਲਾਂ ਹੀ ਖੇਤੀਬਾੜੀ ਲਈ ਵਰਤੀਆਂ ਜਾਂਦੀਆਂ ਖਾਦਾਂ, ਕੀੜੇਮਾਰ ਦੁਆਈਆਂ, ਲੇਬਰ ਖਰਚੇ ਬਹੁਤ ਵਧੇ ਹੋਏ ਹਨ। ਠੇਕੇ ਜ਼ਮੀਨਾਂ ਦੇ ਬਹੁਤ ਵਧ ਚੁੱਕੇ ਹਨ, ਇਸ ਕਰਕੇ ਪਹਿਲਾਂ ਹੀ ਕਿਸਾਨਾਂ ਪੱਲੇ ਕੁਝ ਨਹੀਂ ਪੈਂਦਾ, ਹੁਣ ਕੁਦਰਤੀ ਮਾਰ ਨਾਲ ਹੋਰ ਨੁਕਸਾਨ ਹੋਇਆ ਹੈ। ਲੰਮੇ ਸਮੇਂ ਤੋਂ ਸਰਕਾਰਾਂ ਕਿਸਾਨਾਂ ਦੀਆਂ ਫਸਲਾਂ ਦਾ ਬੀਮਾ ਕਰਨ ਦੀ ਗੱਲ ਤਾਂ ਕਰਦੀਆਂ ਹਨ, ਪਰ ਅਮਲ 'ਚ ਕੁਝ ਨਹੀਂ ਹੋਇਆ। ਖੇਤੀ ਕਰਨਾ ਕਿਸਾਨਾਂ ਲਈ ਘਾਟੇਬੰਦ ਸੌਦਾ ਬਣ ਗਿਆ ਹੈ। ਇਸੇ ਕਰਕੇ ਕਿਸਾਨਾਂ ਦੇ ਧੀਆਂ ਪੁੱਤ ਆਈਲਟਸ ਕਰਕੇ ਮਾਪਿਆਂ ਕੋਲ ਜੋ ਥੋੜ੍ਹੀ ਬਹੁਤੀ ਜ਼ਮੀਨ ਹੈ, ਵੇਚ ਕੇ ਵਿਦੇਸ਼ਾਂ 'ਚ ਜਾ ਰਹੇ ਹਨ, ਜੇ ਇਹੀ ਹਾਲ ਰਿਹਾ ਤਾਂ ਛੋਟੀ ਕਿਸਾਨੀ ਖੇਤੀ ਕਿੱਤੇ 'ਚੋਂ ਬਾਹਰ ਹੋ ਜਾਵੇਗੀ। ਆਲੂਆਂ ਦੀ ਫਸਲ ਖੇਤਾਂ 'ਚ ਰੁਲ ਰਹੀ ਹੈ, ਕੋਈ ਖਰੀਦਦਾਰ ਨਹੀਂ ਹੈ।

ਉਨ੍ਹਾਂ ਸਰਕਾਰ ਤੋਂ ਮੰਗ ਕੀਤੀ ਕਿ ਕਣਕ ਦੀ ਫਸਲ ਦੇ ਖਰਾਬੇ ਦਾ ਘੱਟੋ 10000 ਰੁਪੈ ਪ੍ਰਤੀ ਏਕੜ ਮਆਵਜ਼ਾ ਦਿੱਤਾ ਜਾਵੇ।

## ਅੱਖਾਂ ਦਾ ਫਰੀ ਚੈੱਕਅੱਪ ਕੈਂਪ ਭਲਕੇ

**ਸਰਦੂਲਗੜ੍ਹ (ਅਵਤਾਰ ਜਟਾਣਾ)**-ਪਿੰਡ ਜਟਾਣਾਂ ਕਲਾਂ ਵਿਖੇ ਅੱਖਾਂ ਫ੍ਰੀ ਚੈੱਕਅੱਪ ਕੈਂਪ ਸਰਕਾਰੀ ਪ੍ਰਾਇਮਰੀ ਸਕੂਲ ਵਿੱਚ 25 ਮਾਰਚ ਨੂੰ ਲਗਵਾਇਆ ਜਾ ਰਿਹਾ, ਜਿਸ ਵਿੱਚ ਬਠਿੰਡਾ ਦੇ ਮਸ਼ਹੂਰ ਡਾ. ਪਾਰੁਲ ਗੁਪਤਾ ਪਹੁੰਚ ਰਹੇ ਹਨ।

ਗੁਰਤੇਜ ਜਟਾਣਾ ਨੇ ਦੱਸਿਆ ਕਿ ਇਹ ਕੈਂਪ ਗ੍ਰਾਮ ਪੰਚਾਇਤ ਤੇ ਨੌਜਵਾਨ ਸਰਬ ਸਾਂਝਾ ਸਪੋਰਟਸ ਕਲੱਬ ਜਟਾਣਾਂ ਕਲਾਂ ਵੱਲੋਂ ਲਗਵਾਇਆ ਜਾ ਰਿਹਾ ਹੈ।

## ਬਾਜ਼ੀਗਰ ਬਰਾਦਰੀ ਨੂੰ ਮਿਲੇ ਮਾਲਕੀ ਦਾ ਹੱਕ : ਰਾਏ

**ਫਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**



ਫਤਹਿਗੜ੍ਹ ਸਾਹਿਬ ਤੋਂ ਵਿਧਾਇਕ ਐਡਵੋਕੇਟ ਲਖਵੀਰ ਸਿੰਘ ਰਾਏ ਵੱਲੋਂ ਵਿਧਾਨ ਸਭਾ ਦੇ ਵਿੱਚ ਬਾਜ਼ੀਗਰ ਭਾਈਚਾਰੇ ਦੀ ਜਾਇਜ਼ ਮੰਗ ਨੂੰ ਲੈ ਕੇ ਮੁੱਦਾ ਚੁੱਕਿਆ ਗਿਆ। ਉਨ੍ਹਾ ਸੰਬੋਧਨ ਕਰਦਿਆਂ ਕਿਹਾ ਕਿ ਬਾਜ਼ੀਗਰ ਭਾਈਚਾਰਾ ਦੇਸ਼ ਦੀ ਵੰਡ ਸਮੇਂ ਪਾਕਿਸਤਾਨ ਤੋਂ ਆ ਕੇ ਪਿੰਡਾਂ ਵਿੱਚ ਵੱਖ-ਵੱਖ ਟੋਲਿਆਂ ਦੇ ਰੂਪ ਵਿੱਚ ਬੈਠ ਗਿਆ ਸੀ, ਅੱਜ ਤੱਕ ਉਨ੍ਹਾਂ ਥਾਵਾਂ ਉੱਤੇ ਹੀ ਬੈਠਾ ਹੈ ਤੇ ਆਪਣੇ ਪਰਿਵਾਰਾਂ ਦਾ ਪਾਲਣ ਪੋਸ਼ਣ ਕਰ ਰਿਹਾ ਹੈ। ਬਹੁਤ ਸਾਰੀਆਂ ਸਰਕਾਰਾਂ ਆਈਆਂ ਤੇ ਗਈਆਂ, ਜਿਨ੍ਹਾਂ ਨੂੰ ਬਣਾਉਣ ਵਿੱਚ ਬਾਜ਼ੀਗਰ ਭਾਈਚਾਰੇ ਵੱਲੋਂ ਖਾਸ ਭੂਮਿਕਾ ਨਿਭਾਈ ਗਈ, ਪ੍ਰੰਤੂ ਉਨ੍ਹਾਂ ਦੀ ਸਮੱਸਿਆਵਾਂ ਵੱਲ ਕਿਸੇ ਸਰਕਾਰ ਨੇ ਧਿਆਨ ਨਹੀਂ ਦਿੱਤਾ। ਬਾਜ਼ੀਗਰ ਭਾਈਚਾਰੇ ਦੀ ਗਿਣਤੀ ਵੀ ਵਧੇਰੇ ਹੈ, ਫੇਰ ਵੀ ਇਨ੍ਹਾਂ ਨੂੰ ਨਜ਼ਰ ਅੰਦਾਜ਼ ਕੀਤਾ ਜਾਂਦਾ ਰਿਹਾ ਹੈ। ਉਨ੍ਹਾਂ ਦੀ ਮੰਗ ਹੈ ਕਿ ਬਾਜ਼ੀਗਰ ਭਾਈਚਾਰਾ, ਜਿਨ੍ਹਾਂ ਥਾਵਾਂ 'ਤੇ ਰਹਿ ਰਿਹਾ ਹੈ, ਉਨ੍ਹਾਂ ਥਾਵਾਂ ਦੇ ਮਾਲਕੀ ਦੇ ਅਧਿਕਾਰ ਉਨ੍ਹਾਂ ਨੂੰ ਦਿੱਤੇ ਜਾਣ। ਉਨ੍ਹਾ ਦੱਸਿਆ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਬਣਾਉਣ ਸਮੇਂ ਬਾਜ਼ੀਗਰ ਭਾਈਚਾਰੇ ਵੱਲੋਂ ਆਪ ਦਾ ਸਮਰਥਨ ਕੀਤਾ ਗਿਆ ਸੀ, ਜਿਸ ਵਿੱਚ ਭਾਈਚਾਰੇ ਵੱਲੋਂ ਵਧੇਰੇ ਵੋਟਾਂ ਆਮ ਆਦਮੀ ਪਾਰਟੀ ਨੂੰ ਦਿੱਤੀਆਂ ਗਈਆਂ ਸਨ।



ਜੀ. ਐੱਚ. ਟੀ. ਪੀ. ਠੇਕਾ ਮੁਲਾਜ਼ਮ ਯੂਨੀਅਨ (ਆਜ਼ਾਦ) ਦੀ ਅਗਵਾਈ ਹੇਠ ਥਰਮਲ ਦੇ ਆਊਟਸੋਰਸਡ ਠੇਕਾ ਮੁਲਾਜ਼ਮਾਂ ਨੇ ਸ਼ਹੀਦ-ਏ-ਆਜ਼ਮ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦੇ ਸ਼ਹੀਦੀ ਦਿਹਾੜੇ ਮੌਕੇ ਥਰਮਲ ਗੇਟ ਅੱਗੇ ਰੈਲੀ ਕਰਕੇ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਅਰਪਿਤ ਕਰਦਿਆਂ ਸ਼ਰਧਾਂਜਲੀ ਦਿੱਤੀ ਅਤੇ ਪੱਕੇ ਰੁਜ਼ਗਾਰ ਦੀ ਮੰਗ ਨੂੰ ਲੈ ਕੇ ਆਉਣ ਵਾਲੇ ਸਮੇਂ ਵਿੱਚ ਪਰਿਵਾਰਾਂ ਸਮੇਤ ਸੰਘਰਸ਼ਾਂ ਦੇ ਮੈਦਾਨ ਵਿੱਚ ਕੁੱਦਣ ਦਾ ਅਹਿਦ ਲਿਆ। (ਫੋਟੋ ਤੇ ਵੇਰਵਾ : ਭੀਮ ਸੈਨ ਹਦਵਾਰੀਆ, ਲਹਿਰਾ ਮੁਹੱਬਤ)

## ਸਲਾਈਟ ਵਿਖੇ ਵਿਦਿਆਰਥੀਆਂ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਵਿਸ਼ੇਸ਼ ਸੈਮੀਨਾਰ



**ਲੌਂਗੋਵਾਲ (ਪ੍ਰਦੀਪ ਸੱਪਲ, ਕੁਲਦੀਪ ਅੱਤਰੀ)**

ਸੰਤ ਲੌਂਗੋਵਾਲ ਇੰਸਟੀਚਿਊਟ ਆਫ਼ ਇੰਜੀਨੀਅਰਿੰਗ ਐਂਡ ਤਕਨਾਲੋਜੀ (ਸਲਾਈਟ) ਵਿਖੇ ਜ਼ਿਲ੍ਹੇ ਦੇ ਸਮੂਹ ਸਕੂਲਾਂ ਦੇ ਪ੍ਰਬੰਧਕਾਂ ਨੂੰ ਸੇਫ਼ ਸਕੂਲ ਵਾਹਨ ਪਾਲਿਸੀ ਤੇ ਹੋਰਨਾਂ ਹਦਾਇਤਾਂ ਬਾਰੇ ਜਾਗਰੂਕ ਕਰਨ ਲਈ ਜ਼ਿਲ੍ਹਾ ਪ੍ਰਸ਼ਾਸਨ ਸੰਗਰੂਰ ਵੱਲੋਂ ਇੱਕ ਵਿਸ਼ੇਸ਼ ਸੈਮੀਨਾਰ ਕਰਵਾਇਆ ਗਿਆ ਸੀ। ਇਸ ਮੌਕੇ ਐੱਸ.ਐੱਸ.ਪੀ. ਸੰਗਰੂਰ ਸੁਰੇਂਦਰ ਲਾਂਬਾ ਤੇ ਸਕੱਤਰ ਰੀਜਨਲ ਟਰਾਂਸਪੋਰਟ ਅਥਾਰਿਟੀ ਵਿਨੀਤ ਕੁਮਾਰ ਵੱਲੋਂ ਵੀ ਸਕੂਲਾਂ ਦੇ ਨੁਮਾਇੰਦਿਆਂ ਨੂੰ ਜਾਗਰੂਕ ਕੀਤਾ ਗਿਆ।

ਇਸ ਮੌਕੇ ਬੋਲਦਿਆਂ ਡਿਪਟੀ ਕਮਿਸ਼ਨਰ ਜਤਿੰਦਰ ਜੋਰਵਾਲ ਨੇ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੀਆਂ ਹਦਾਇਤਾਂ 'ਤੇ ਸੰਗਰੂਰ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਲਗਾਤਾਰ ਸਕੂਲੀ ਆਵਾਜਾਈ ਲਈ ਵਰਤੇ ਜਾਣ ਵਾਲੇ ਸਾਧਨਾਂ ਦੀ ਲਗਾਤਾਰ ਜਾਂਚ ਕੀਤੀ ਜਾ ਰਹੀ ਹੈ। ਉਨ੍ਹਾ ਕਿਹਾ ਕਿ ਸੇਫ਼ ਸਕੂਲ ਵਾਹਨ ਪਾਲਿਸੀ ਤਹਿਤ ਹਰ ਸਕੂਲੀ ਬੱਸ 'ਚ ਸੀ.ਸੀ.ਟੀ.ਵੀ., ਸਪੀਡ ਗਵਰਨਰ, ਅੱਗ ਬੁਝਾਊ ਯੰਤਰ, ਮਹਿਲਾ ਸਹਾਇਕ ਤੇ ਡਰਾਇਵਰ ਦਾ ਵਰਦੀ 'ਚ ਹੋਣਾ ਲਾਜ਼ਮੀ ਹੈ। ਉਨ੍ਹਾ ਕਿਹਾ ਕਿ ਇਸ ਤੋਂ ਇਲਾਵਾ ਸਕੂਲੀ ਵਾਹਨ ਦੀ ਫ਼ਿਟਨੈੱਸ ਸਮੇਤ ਹੋਰ ਲੋੜੀਂਦੇ ਕਾਗ਼ਜ਼ਾਤ, ਸਟਾਫ਼ ਦੀ ਸਿਖਲਾਈ ਤੇ ਡਰਾਇਵਰਾਂ ਦੀ ਸਹੀ ਟ੍ਰੇਨਿੰਗ ਹੋਣਾ ਲਾਜ਼ਮੀ ਹੈ। ਉਨ੍ਹਾ ਕਿਹਾ ਕਿ ਨਿਯਮਾਂ ਦੀ ਉਲੰਘਣਾ ਕਰਨ ਵਾਲੇ ਸਕੂਲ ਪ੍ਰਬੰਧਕਾਂ ਵਿਰੁੱਧ ਕਾਨੂੰਨ ਅਨੁਸਾਰ ਸਖ਼ਤ ਤੋਂ ਸਖ਼ਤ ਕਾਰਵਾਈ ਅਮਲ 'ਚ ਲਿਆਉਣ ਲਈ ਜਲਦ ਹੀ ਵੱਡੇ ਪੱਧਰ 'ਤੇ ਮੁਹਿੰਮ ਸ਼ੁਰੂ ਕੀਤੀ ਜਾਵੇਗੀ।

ਡਿਪਟੀ ਕਮਿਸ਼ਨਰ ਨੇ ਕਿਹਾ ਕਿ ਸੇਫ਼ ਸਕੂਲ ਵਾਹਨ ਪਾਲਿਸੀ ਦੇ ਨਾਲ-ਨਾਲ ਸਕੂਲ ਪ੍ਰਬੰਧਕ ਵਿਦਿਆਰਥੀਆਂ ਨੂੰ ਲਗਾਤਾਰ ਨਸ਼ਿਆਂ ਵਰਗੀਆਂ ਬੁਰੀਆਂ ਆਦਤਾਂ ਤੇ ਸਹੀ ਛੋਹ ਤੇ ਗਲਤ ਛੋਹ ਬਾਰੇ ਵੀ ਲਗਾਤਾਰ ਸਿੱਖਿਅਤ ਕਰਨ। ਉਨ੍ਹਾ ਕਿਹਾ ਕਿ ਜੇਕਰ ਵਿਦਿਆਰਥੀਆਂ ਨਾਲ ਇਨ੍ਹਾਂ ਵਿਸ਼ਿਆਂ 'ਤੇ ਲਗਾਤਾਰ ਗੱਲਬਾਤ ਕੀਤੀ ਜਾਵੇ ਤਾਂ ਉਹ ਇਨ੍ਹਾਂ ਬੁਰੀਆਂ ਆਦਤਾਂ ਵਿਰੁੱਧ ਸਮਾਜਿਕ ਅੰਦੋਲਨ ਤਿਆਰ ਕਰਕੇ ਇਨ੍ਹਾਂ ਨੂੰ ਜੜ੍ਹੋਂ ਖ਼ਤਮ ਕਰ ਦੇਣਗੇ। ਇਸ ਮੌਕੇ ਐੱਸ. ਐੱਸ. ਪੀ. ਸੁਰੇਂਦਰ ਲਾਂਬਾ ਨੇ ਕਿਹਾ ਕਿ ਸਕੂਲ ਪ੍ਰਬੰਧਕ ਵਿਦਿਆਰਥੀਆਂ 'ਚ ਸੜਕ ਸੁਰੱਖਿਆ ਸਬੰਧੀ ਕਾਨੂੰਨਾਂ ਨੂੰ ਸਖ਼ਤੀ ਨਾਲ ਲਾਗੂ ਕਰਨ ਤਾਂ ਜੋ ਉਨ੍ਹਾਂ ਨੂੰ ਆਵਾਜਾਈ ਦੇ ਨਿਯਮਾਂ ਸਬੰਧੀ ਹੋਣ ਵਾਲੀਆਂ ਸੰਭਾਵੀ ਗਲਤੀਆਂ ਤੋਂ ਬਚਾਇਆ ਜਾ ਸਕੇ। ਉਨ੍ਹਾ ਕਿਹਾ ਕਿ ਸਾਰੇ ਸਕੂਲ ਪ੍ਰਬੰਧਕ ਆਪਣੇ ਵਿਦਿਆਰਥੀਆਂ ਨੂੰ ਤੇਜ਼ ਗਤੀ ਵਾਲੇ ਆਵਾਜਾਈ ਦੇ ਸਾਧਨਾਂ ਦੀ ਵਰਤੋਂ ਤੋਂ ਵਰਜਣ ਤੇ ਆਵਾਜਾਈ ਦੇ ਨਿਯਮਾਂ ਦੀ ਸਹੀ ਢੰਗ ਨਾਲ ਪਾਲਣਾ ਕਰਨ ਲਈ ਪ੍ਰੇਰਿਤ ਕਰਨ। ਉਨ੍ਹਾ ਕਿਹਾ ਕਿ ਵਿਦਿਆਰਥੀਆਂ ਨੂੰ ਕੁਰਾਹੇ ਪੈਣ ਤੋਂ ਬਚਾਉਣ ਲਈ ਲਗਾਤਾਰ ਉਨ੍ਹਾਂ ਦੇ ਆਚਰਣ 'ਤੇ ਨਜ਼ਰ ਰੱਖੀ ਜਾਵੇ ਤੇ ਉਨ੍ਹਾਂ ਨੂੰ ਗਲਤ ਸੰਗਤ ਤੋਂ ਬਚਣ ਲਈ ਪ੍ਰੇਰਿਤ ਕੀਤਾ ਜਾਵੇ। ਇਸ ਮੌਕੇ ਸਹਾਇਕ ਕਮਿਸ਼ਨਰ (ਯੂ.ਟੀ.) ਨਿਤੇਸ਼ ਜੈਨ, ਜ਼ਿਲ੍ਹਾ ਸਿੱਖਿਆ ਅਫ਼ਸਰ (ਸੈਕੰਡਰੀ) ਸੰਜੀਵ ਸ਼ਰਮਾ, ਜ਼ਿਲ੍ਹਾ ਬਾਲ ਸੁਰੱਖਿਆ ਅਫ਼ਸਰ ਨਵਨੀਤ ਕੌਰ ਤੂਰ, ਡਿਪਟੀ ਜ਼ਿਲ੍ਹਾ ਸਿੱਖਿਆ ਅਫ਼ਸਰ ਓ. ਪੀ. ਸੇਤੀਆ ਤੇ ਵੱਡੀ ਗਿਣਤੀ 'ਚ ਸਕੂਲਾਂ ਦੇ ਪ੍ਰਬੰਧਕ, ਸਟਾਫ਼ ਤੇ ਡਰਾਇਵਰ ਹਾਜ਼ਰ ਸਨ।

## ਦੇਸ ਭਗਤ 'ਵਰਸਿਟੀ ਤੋਂ ਹੋਵੇਗੀ ਆਲ ਇੰਡੀਆ ਰੈਸਲਿੰਗ ਚੈਂਪੀਅਨਸ਼ਿਪ ਦੀ ਸ਼ੁਰੂਆਤ : ਡਾ. ਜੋਰਾ ਸਿੰਘ



**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**

ਨੌਜਵਾਨਾਂ ਨੂੰ ਨਸ਼ਿਆਂ ਤੇ ਸਮਾਜਿਕ ਕੁਰੀਤੀਆਂ ਤੋਂ ਦੂਰ ਰੱਖਣ ਲਈ ਖੇਡਾਂ ਨਾਲ ਜੋੜਨਾ ਸਮੇਂ ਦੀ ਮੁੱਖ ਮੰਗ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਦੇਸ ਭਗਤ ਯੂਨੀਵਰਸਿਟੀ ਦੇ ਚਾਂਸਲਰ ਡਾ. ਜੋਰਾ ਸਿੰਘ ਨੇ ਰੈਸਲਿੰਗ ਐਸੋਸੀਏਸ਼ਨ ਦੇ ਆਗੂ ਪੰਜਾਬ ਦੇ ਜਨਰਲ ਸਕੱਤਰ ਰਣਵੀਰ ਸਿੰਘ ਕੂੰਡ ਤੇ ਜ਼ਿਲ੍ਹਾ ਪ੍ਰਧਾਨ ਸਰਬਜੀਤ ਸਿੰਘ ਬਾਲਾ ਨਾਲ ਮੀਟਿੰਗ ਉਪਰੰਤ ਪੱਤਰਕਾਰਾਂ ਨੂੰ ਜਾਣਕਾਰੀ ਦਿੰਦੇ ਹੋਏ ਕੀਤਾ। ਉਨ੍ਹਾ ਕਿਹਾ ਕਿ ਸਾਡੇ ਲਈ ਮਾਣ ਵਾਲੀ ਗੱਲ ਹੈ ਕਿ ਜੋ ਪੰਜਾਬ ਵਿੱਚ ਆਲ ਇੰਡੀਆ ਰੈਸਲਿੰਗ ਚੈਂਪੀਅਨਸ਼ਿਪ ਹੋ ਰਹੀ ਹੈ, ਉਸ ਦੀ ਸ਼ੁਰੂਆਤ ਸਾਡੇ ਅਦਾਰੇ ਦੇਸ ਭਗਤ ਯੂਨੀਵਰਸਿਟੀ ਤੋਂ ਹੋ ਰਹੀ ਹੈ। ਉਨ੍ਹਾ ਕਿਹਾ ਕਿ ਪਹਿਲਾਂ ਵੀ ਦੇਸ ਭਗਤ ਯੂਨੀਵਰਸਿਟੀ ਦੇ ਵਿਦਿਆਰਥੀਆਂ ਨੇ ਖੇਡਾਂ ਵਿੱਚ ਵੱਧ ਚੜ੍ਹ ਕੇ ਭਾਗ ਲਿਆ ਹੈ ਤੇ ਮੱਲਾਂ ਮਾਰੀਆਂ ਹਨ ਤੇ ਅੱਗੋਂ ਵੀ ਨੌਜਵਾਨਾਂ ਨੂੰ ਇਨ੍ਹਾਂ ਖੇਡਾਂ ਨਾਲ ਜੋੜਨ ਲਈ ਹਰ ਉਪਰਾਲਾ ਕੀਤਾ ਜਾਵੇਗਾ। ਚਾਂਸਲਰ ਡਾ. ਜੋਰਾ ਸਿੰਘ ਨੇ ਨੌਜਵਾਨਾਂ ਨੂੰ ਇਸ ਚੈਂਪੀਅਨਸ਼ਿਪ ਵਿੱਚ ਵੱਧ ਤੋਂ ਵੱਧ ਭਾਗ ਲੈਣ ਲਈ ਅਪੀਲ ਕਰਦਿਆਂ ਰੈਸਲਿੰਗ ਐਸੋਸੀਏਸ਼ਨ ਨੂੰ ਭਰੋਸਾ ਦਵਾਇਆ ਕਿ ਐਸੋਸੀਏਸ਼ਨ ਦੇਸ ਭਗਤ ਯੂਨੀਵਰਸਿਟੀ ਦੀ ਇਸ ਚੈਂਪੀਅਨਸ਼ਿਪ ਨੂੰ ਕਾਮਯਾਬ ਕਰਨ ਲਈ ਜੋ ਵੀ ਡਿਊਟੀ ਲਗਾਈ ਜਾਵੇਗੀ, ਉਸ ਨੂੰ ਸਿਰ ਮੱਥੇ ਪ੍ਰਵਾਨ ਕੀਤਾ ਜਾਵੇਗਾ ਤੇ ਇਸ ਚੈਂਪੀਅਨਸ਼ਿਪ ਵਿੱਚ ਵਧ ਚੜ੍ਹ ਕੇ ਯੋਗਦਾਨ ਪਾਇਆ ਜਾਵੇਗਾ।

ਇਸ ਮੌਕੇ ਐਸੋਸੀਏਸ਼ਨ ਪੰਜਾਬ ਦੇ ਜਰਨਲ ਸਕੱਤਰ ਰਣਵੀਰ ਸਿੰਘ ਕੂੰਡ ਤੇ ਪ੍ਰਧਾਨ ਸਰਬਜੀਤ ਸਿੰਘ ਬਾਲਾ ਨੇ ਦੱਸਿਆ ਕਿ 31 ਮਾਰਚ ਨੂੰ ਦੇਸ ਭਗਤ ਯੂਨੀਵਰਸਿਟੀ ਵਿੱਚ 18ਵੇਂ ਗੁਲਜਾਰ ਗੋਲਡ ਕੱਪ ਤਹਿਤ ਆਲ ਇੰਡੀਆ ਕੁਸ਼ਤੀ-ਦੰਗਲ ਕਰਵਾਇਆ ਜਾ ਰਿਹਾ ਹੈ, ਜਿਸ ਵਿੱਚ ਖਿਡਾਰੀਆਂ ਨੂੰ ਲੱਖਾਂ ਦੇ ਇਨਾਮਾਂ ਨਾਲ ਸਨਮਾਨਤ ਕੀਤਾ ਜਾਵੇਗਾ। ਦੇਸ ਭਗਤ ਯੂਨੀਵਰਸਿਟੀ ਵੱਲੋਂ ਵਧ ਚੜ੍ਹ ਕੇ ਹਿੱਸਾ ਪਾਇਆ ਜਾ ਰਿਹਾ ਹੈ, ਜਿਸ ਕਰਕੇ ਉਹ ਯੂਨੀਵਰਸਿਟੀ ਦੇ ਚਾਂਸਲਰ ਡਾ. ਜੋਰਾ ਸਿੰਘ ਦਾ ਤਹਿ ਦਿਲੋਂ ਧੰਨਵਾਦ ਕਰਦੇ ਹਨ। ਇਸ ਮੀਟਿੰਗ ਵਿੱਚ ਜ਼ਿਲ੍ਹਾ ਖੇਡ ਅਫਸਰ ਰਾਹੁਲ ਦੀਪ ਸਿੰਘ, ਨੈਸ਼ਨਲ ਐਵਾਰਡੀ ਡਾ. ਗਿਆਨ ਸਿੰਘ, ਜੁਆਇੰਟ ਸੈਕਟਰੀ ਜਗਦੀਪ ਸਿੰਘ, ਰੈਸਲਿੰਗ ਕੋਚ ਮਨਜੀਤ ਸਿੰਘ ਤੇ ਸੈਕਟਰੀ ਲਖਵਿੰਦਰ ਸਿੰਘ ਨੇ ਵੀ ਸ਼ਮੂਲੀਅਤ ਕੀਤੀ।

page-6-24-(MARCH)-2023-G-(BV) (2).qxd 3/23/2023 10:48 PM Page 1



## ਸ਼ਹੀਦ ਭਗਤ ਸਿੰਘ, ਰਾਜਗੁਰੂ, ਸੁਖਦੇਵ ਦਾ ਮਨਾਇਆ ਸ਼ਹੀਦੀ ਦਿਹਾੜਾ

ਖਡੂਰ ਸਾਹਿਬ (ਸਰਬਜੋਤ ਸਿੰਘ ਸੰਧਾ)-ਸ਼ਹੀਦ ਭਗਤ ਸਿੰਘ, ਰਾਜਗੁਰੂ, ਸੁਖਦੇਵ ਦਾ ਸ਼ਹੀਦੀ ਦਿਹਾੜਾ ਗੋਇੰਦਵਾਲ ਸਾਹਿਬ ਵਿਖੇ ਮਨਾਇਆ ਗਿਆ, ਜਿਸ ਦੀ ਪ੍ਰਧਾਨਗੀ ਮੋਹਣ ਕੁਮਾਰ ਬੌਬੀ ਗੋਇੰਦਵਾਲ ਨੇ ਕੀਤੀ। ਇਸ ਸਮੇਂ ਮੀਟਿੰਗ ਵਿੱਚ ਹਾਜ਼ਰ ਸੁਲੱਖਣ ਸਿੰਘ ਤੁੜ ਨੇ ਪ੍ਰੈੱਸ ਨੋਟ ਜਾਰੀ ਕਰਦੇ ਹੋਏ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਦੇ ਹੋਏ ਕਿਹਾ ਕਿ ਸ਼ਹੀਦ ਭਗਤ ਸਿੰਘ ਦੀ ਵਿਚਾਰਧਾਰਾ 'ਤੇ ਚੱਲ ਕੇ ਸੰਘਰਸ਼ ਲੜਿਆ ਜਾ ਸਕਦਾ ਹੈ। ਆਪਣੇ ਹੱਕਾਂ ਦੀ ਪ੍ਰਾਪਤੀ ਕੀਤੀ ਜਾ ਸਕਦੀ ਹੈ। ਸਮੇਂ ਸਮੇਂ ਦੀਆਂ ਸਰਕਾਰਾਂ ਧਰਮਾਂ ਦੇ ਨਾਂਅ 'ਤੇ ਲੋਕਾਂ ਨੂੰ ਲੜਾ ਕੇ ਆਪਣੇ ਰਾਜ ਪ੍ਰਬੰਧ ਦੀ ਉਮਰ ਲੰਮੀ ਕਰਨੀ ਚਾਹੁੰਦੀਆ ਹਨ। ਅਸਲ ਮੁੱਦਿਆਂ ਤੋਂ ਨੌਜਵਾਨਾਂ ਨੂੰ ਭਟਕਾਇਆ ਜਾ ਰਿਹਾ ਹੈ ਕਿਉਂਕਿ ਸਰਕਾਰਾਂ ਨੌਜਵਾਨਾਂ ਨੂੰ ਰੁਜ਼ਗਾਰ ਦੇਣ ਵਿੱਚ ਨਾਕਾਮ ਹੋਈਆਂ ਹਨ ਅਤੇ ਸਾਰੇ ਸਰਕਾਰੀ ਅਦਾਰੇ ਪ੍ਰਾਈਵੇਟ ਕਰ ਕੇ ਕਾਰਪੋਰੇਟ ਘਰਾਣਿਆਂ ਦੇ ਹਵਾਲੇ ਕੀਤੇ ਜਾ ਰਹੇ ਹਨ। ਇਸ ਸਮੇਂ ਸੋਨੂੰ ਮੱਲ੍ਹੀ ਫਤਿਆਬਾਦ, ਡਾਕਟਰ ਬਲਜੀਤ ਸਿੰਘ ਖਡੂਰ ਸਾਹਿਬ, ਸੁਖਵੰਤ ਸਿੰਘ ਦੋਧੀ ਛਾਪੜੀ ਸਾਹਿਬ, ਅਜੇ ਫਤਿਆਬਾਦ,ਜੋਬਣ ਖੇਲਾ, ਕੰਵਲਜੀਤ ਸਿੰਘ, ਮੁੰਡਾ ਪਿੰਡ, ਹੁਸੈਨ, ਰਣਜੀਤ ਸਿੰਘ, ਪਵਨ, ਅਕਾਸ਼, ਗੋਇੰਦਵਾਲ, ਸੁਖਰਾਜ ਤੁੜ, ਚਮਕੌਰ ਭੁੱਲਰ, ਹਰਦੀਪ ਸਿੰਘ, ਜੁਗਰਾਜ ਸਿੰਘ, ਮਨਪ੍ਰੀਤ ਸਿੰਘ, ਜੱਗਾ, ਸੁਖਦੇਵ ਸਿੰਘ ਧੂੰਦਾ, ਗੁਰਪ੍ਰੀਤ ਸਿੰਘ ਹੰਸਾਵਾਲਾ ਆਦਿ ਸਾਥੀ ਹਾਜ਼ਰ ਸਨ।

## ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ) ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ ਵੱਲੋਂ ਸ਼ਹੀਦੇ ਆਜ਼ਮ ਸਰਦਾਰ ਭਗਤ ਸਿੰਘ, ਰਾਜਗੁਰੂ , ਸੁਖਦੇਵ ਦੇ ਸ਼ਹੀਦੀ ਦਿਹਾੜੇ 'ਤੇ ਉਨ੍ਹਾਂ ਨੂੰ ਸ਼ਰਧਾ ਦੇ ਫੁੱਲ ਭੇਟ ਕਰਨ ਲਈ ਸਮਾਗਮ ਕਰਵਾਇਆ ਗਿਆ, ਜਿਸ ਵਿਚ ਬੋਲਦਿਆਂ ਸੈਕਟਰੀ ਜਗਤਾਰ ਸਿੰਘ ਕਰਮਪੁਰਾ ਅਤੇ ਮੰਗਲ ਸਿੰਘ ਟਾਂਡਾ ਨੇ ਭਗਤ ਸਿੰਘ ਤੇ ਉਨ੍ਹਾ ਦੇ ਸਾਥੀਆਂ ਦੇ ਜੀਵਨ 'ਤੇ ਚਾਨਣਾ ਪਾਉਂਦਿਆਂ ਸ਼ਹੀਦਾਂ ਦੀਆਂ ਕੁਰਬਾਨੀਆਂ ਨੂੰ ਯਾਦ ਕੀਤਾ। ਬੁਲਾਰਿਆਂ ਨੇ ਕਿਹਾ ਕਿ ਭਗਤ ਸਿੰਘ ਅਤੇ ਉਨ੍ਹਾ ਦੇ ਸਾਥੀਆਂ ਦੇ ਵਿਚਾਰ ਅਜੋਕੇ ਸਮੇਂ ਵਿਚ ਓਨੇ ਹੀ ਪ੍ਰਸੰਗਕ ਹਨ ਜਿੰਨੇ ਅਜ਼ਾਦੀ ਤੋਂ ਪਹਿਲਾਂ ਸਨ। ਉਕਤ ਬੁਲਾਰਿਆਂ ਨੇ ਕੇਂਦਰ ਅਤੇ ਪੰਜਾਬ ਸਰਕਾਰ 'ਤੇ ਚੋਟ ਕਰਦਿਆਂ ਕਿਹਾ ਕਿ ਇਹ ਸਰਕਾਰਾਂ ਸ਼ਹੀਦਾਂ ਦੇ ਨਾਂਅ 'ਤੇ ਲੋਕਾਂ ਨੂੰ ਗੁੰਮਰਾਹ ਕਰ ਰਹੀਆਂ ਹਨ ਅਤੇ ਦੇਸ਼ ਦੀ ਕੀਮਤੀ ਸੰਪਤੀ ਦੇਸ਼ੀ ਅਤੇ ਵਿਦੇਸ਼ੀ ਪੂੰਜੀਪਤੀਆਂ ਨੂੰ ਵੇਚ ਰਹੀਆਂ ਹਨ। ਬੁਲਾਰਿਆਂ ਨੇ ਕਿਹਾ ਕਿ ਮੋਦੀ ਦੀ ਸਰਕਾਰ ਦੇਸ਼ ਵਿਚ ਫਿਰਕੂ ਫਾਸ਼ੀਵਾਦ ਫਿਲਾਉਣ ਦਾ ਸਿਰਤੋੜ ਯਤਨ ਕਰ ਰਹੀ ਹੈ ਅਤੇ ਘੱਟ ਗਿਣਤੀਆਂ 'ਤੇ ਜ਼ੁਲਮ ਕਰ ਰਹੀ ਹੈ। ਦੇਸ਼ ਦੀ ਬੀ ਜੇ ਪੀ ਸਰਕਾਰ ਸਰਕਾਰੀ ਅਦਾਰੇ ਪ੍ਰਾਈਵੇਟ ਹੱਥਾਂ ਵਿੱਚ ਦੇ ਕੇ ਕਾਰਪੋਰੇਟ ਘਰਾਣਿਆਂ ਨੂੰ ਫਾਇਦਾ ਪਹੁੰਚਾ ਰਹੀ ਹੈ। ਉਕਤ ਬੁਲਾਰਿਆਂ ਵਲੋਂ ਸਮਾਗਮ ਵਿੱਚ ਜੁੜੇ ਸਾਥੀਆਂ ਨੂੰ ਅਪੀਲ ਕੀਤੀ ਕਿ ਸ਼ਹੀਦਾਂ ਦੇ ਵਿਚਾਰਾਂ ਤੋਂ ਲੋਕਾਂ ਨੂੰ ਜਾਣੂ ਕਰਵਾਇਆ ਜਾਵੇ ਤਾਂ ਕਿ ਇਸ ਪੂੰਜੀਵਾਦੀ ਅਤੇ ਲੋਕ ਵਿਰੋਧੀ ਪ੍ਰਬੰਧ ਨੂੰ ਬਦਲਿਆ ਜਾ ਸਕੇ। ਅੰਤ 'ਚ ਸਮਾਗਮ ਦੀ ਪ੍ਰਧਾਨਗੀ ਕਰ ਰਹੇ ਪ੍ਰਧਾਨ ਸਾਥੀ ਕਿਰਪਾਲ ਸਿੰਘ ਗਿੱਲ ਨੇ ਆਏ ਸਾਥੀਆਂ ਦਾ ਧੰਨਵਾਦ ਕੀਤਾ। ਸਮਾਗਮ ਵਿੱਚ ਹੋਰਨਾਂ ਤੋਂ ਇਲਾਵਾ ਬੀਬੀ ਸਵਿੰਦਰ ਕੌਰ ਗੁਮਟਾਲਾ, ਮਨਦੀਪ ਸਿੰਘ ਸੁਲਤਾਨਵਿੰਡ ਰੋਡ, ਸੁਰਿੰਦਰ ਕੁਮਾਰ ਡੇਹਰੀਵਾਲਾ, ਮੇਜਰ ਸਿੰਘ ਸੋਹੀਆਂ ਕਲਾ, ਹਰਮਨਦੀਪ ਸਿੰਘ ਭੰਗਾਲੀ, ਸਵਿੰਦਰ ਸਿੰਘ ਭੱਟੀ, ਸੁੱਚਾ ਸਿੰਘ ਟਰਪਈ, ਹਰਪ੍ਰੀਤ ਸਿੰਘ ਸੋਹੀਆਂ ਆਦਿ ਹਾਜ਼ਰ ਸਨ।

## ਸਰਬ ਭਾਰਤ ਨੌਜਵਾਨ ਸਭਾ ਨੇ ਸ਼ਹੀਦ-ਏ-ਆਜ਼ਮ ਭਗਤ ਸਿੰਘ ਦਾ ਸ਼ਹੀਦੀ ਦਿਹਾੜਾ ਮਨਾਇਆ

ਸਰਾਏ ਅਮਾਨਤ ਖਾਂ/ ਝਬਾਲ (ਮੱਖਣ ਮਨੋਜ)-ਸਰਬ ਭਾਰਤ ਨੌਜਵਾਨ ਸਭਾ ਅਤੇ ਆਲ ਇੰਡੀਆ ਸਟੂਡੈਂਟ ਫੈਡਰੇਸ਼ਨ ਤੇ ਸੀ ਪੀ ਆਈ ਨੇ ਝਬਾਲ ਵਿਖੇ ਸ਼ਹੀਦ ਏ ਆਜ਼ਮ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦਾ ਸ਼ਹੀਦੀ ਦਿਹਾੜਾ ਮਨਾਇਆ। ਇਸ ਮੌਕੇ ਸਰਬ ਭਾਰਤ ਨੌਜਵਾਨ ਸਭਾ ਦੇ ਆਗੂ ਦਵਿੰਦਰ ਸੋਹਲ ਨੇ ਸ਼ਹੀਦ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਸਮੂਹ ਨੌਜਵਾਨਾਂ ਨੂੰ ਸ਼ਹੀਦਾਂ ਦੇ ਸੁਪਨਿਆਂ ਦਾ ਸਮਾਜ ਸਿਰਜਣ ਦਾ ਸੱਦਾ ਦਿੱਤਾ। ਉਨ੍ਹਾ ਕਿਹਾ ਕਿ ਸ਼ਹੀਦ ਭਗਤ ਸਿੰਘ ਨੇ ਸਰਬ ਭਾਰਤ ਨੌਜਵਾਨ ਸਭਾ ਲਹਿਰ ਖੜ੍ਹੀ ਕਰਕੇ ਦੇਸ਼ ਦੀ ਅਜ਼ਾਦੀ ਲਈ ਉਤਸ਼ਾਹਤ ਕੀਤਾ ਤੇ ਇਨਕਲਾਬੀ ਨਾਹਰੇ ਲਗਾ ਕੇ ਸ਼ਰਧਾ ਦੇ ਫੁੱਲ ਭੇਟ ਕੀਤੇ। ਇਸ ਮੌਕੇ ਗੁਰਬਿੰਦਰ ਸਿੰਘ ਸੋਹਲ , ਜਗਜੀਤ ਸਿੰਘ ਮੰਨਣ , ਸੁਰਿੰਦਰ ਸਿੰਘ ਬਿੱਲਾ ਖੂਹ ਵਾਲਾ , ਜਗਤਾਰ ਸਿੰਘ ਜੱਗਾ , ਅਰਵਿੰਦ ਗੁਪਤਾ, ਜਸਪਾਲ ਸਿੰਘ, ਅਭੀ ਸਿੰਘ ਵਿਸੂ ,ਗਗਨ ਬਘਿਆੜੀ ਆਦਿ ਹਾਜ਼ਰ ਸਨ।

## ਡੀ ਐੱਸ ਪੀ ਮਿਉਚੁਅਲ ਫੰਡ ਨੇ ਔਰਤਾਂ ਲਈ ਹੌਟਲਾਈਨ ਲਾਂਚ ਕੀਤੀ

ਚੰਡੀਗੜ੍ਹ : ਡੀ ਐੱਸ ਪੀ ਮਿਉਚੁਅਲ ਫੰਡ ਨੇ ਔਰਤਾਂ ਨੂੰ ਨਿਵੇਸ਼ ਕਰਨ ਬਾਰੇ ਹੋਰ ਜਾਣਨ ਲਈ ਉਤਸ਼ਾਹਿਤ ਕਰਨ ਦੇ ਉਦੇਸ਼ ਨਾਲ ਇੱਕ ਵਿਸ਼ੇਸ਼ ਹੌਟਲਾਈਨ ਲਾਂਚ ਕੀਤੀ ਹੈ। ਜੇਕਰ ਉਹ ਮਿਉਚੁਅਲ ਫੰਡਾਂ ਅਤੇ ਨਿਵੇਸ਼ਾਂ ਬਾਰੇ ਹੋਰ ਜਾਣਨਾ ਚਾਹੁੰਦੀਆਂ ਹਨ ਜਾਂ ਵਿੱਤੀ ਯੋਜਨਾਬੰਦੀ ਵੱਲ ਆਪਣਾ ਪਹਿਲਾ ਕਦਮ ਕਿਵੇਂ ਚੁੱਕ ਸਕਦੀਆਂ ਹਨ ਤਾਂ ਉਹ 8657011333 'ਤੇ ਮਿਸ ਕਾਲ ਕਰ ਸਕਦੀਆਂ ਹਨ। ਔਰਤਾਂ ਮਰਦਾਂ ਨਾਲੋਂ ਵੱਖਰਾ ਸੋਚਦੀਆਂ ਹਨ ਅਤੇ ਪੈਸਿਆਂ ਪ੍ਰਤੀ ਉਹਨਾਂ ਦੇ ਰਵੱਈਏ ਅਤੇ ਉਹਨਾਂ ਦੇ ਵਿਸ਼ਵਾਸ ਦੇ ਪੱਧਰ 'ਤੇ ਨਿਰਭਰ ਕਰਦੇ ਹੋਏ ਉਹਨਾਂ ਨੂੰ ਵਧੇਰੇ ਵਿਅਕਤੀਗਤ ਮਾਰਗਦਰਸ਼ਨ ਦੀ ਲੋੜ ਹੋ ਸਕਦੀ ਹੈ।

# ਸ਼ਹੀਦੀ ਦਿਹਾੜੇ 'ਤੇ ਕਿਸਾਨ ਜਥੇਬੰਦੀ ਵੱਲੋਂ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ

### ਨਸ਼ਿਆਂ ਖਿਲਾਫ ਵਿੱਢੀ ਜਾਵੇਗੀ ਜਾਗਰੂਕਤਾ ਮੁਹਿੰਮ: ਭੁੱਲਾ



ਟਾਂਡਾ ਉੜਮੁੜ (ਜਸਵਿੰਦਰ ਸੰਧੂ ,ਉਂਕਾਰ ਸਿੰਘ )- ਸ਼ਹੀਦੇ ਆਜ਼ਮ ਸਰਦਾਰ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦੇ ਸ਼ਹੀਦੀ ਦਿਹਾੜੇ ਮੌਕੇ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਵੱਲੋਂ ਸ਼ਹੀਦਾਂ ਦੀ ਸੋਚ ਨੂੰ ਸਮਰਪਤ ਵਿਸ਼ਾਲ ਕਨਵੈਨਸ਼ਨ ਕਰਵਾਈ ਗਈ । ਜਥੇਬੰਦੀ ਦੇ ਸੂਬਾਈ ਆਗੂ ਸਵਿੰਦਰ ਸਿੰਘ ਚੁਤਾਲਾ ਦੇ ਦਿਸ਼ਾ ਨਿਰਦੇਸ਼ਾਂ ਅਧੀਨ ਜ਼ਿਲ੍ਹਾ ਪ੍ਰਧਾਨ ਪਰਮਜੀਤ ਸਿੰਘ ਭੁੱਲਾ ਅਤੇ ਜਨਰਲ ਸਕੱਤਰ ਕੁਲਦੀਪ ਸਿੰਘ ਬੇਗੋਵਾਲ ਦੀ ਅਗਵਾਈ ਵਿੱਚ ਜ਼ਿਲ੍ਹੇ ਭਰ ਤੋਂ ਆਏ ਜਥੇਬੰਦੀ ਦੇ ਮੈਂਬਰਾਂ ਨੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ । ਇਸ ਮੌਕੇ ਜ਼ਿਲਾ ਪ੍ਰਧਾਨ ਭੁੱਲਾ ਅਤੇ ਜਨਰਲ ਸਕੱਤਰ ਬੇਗੋਵਾਲ ਨੇ ਸ਼ਹੀਦਾਂ ਦੀ ਕ੍ਰਾਂਤੀਕਾਰੀ ਸੋਚ 'ਤੇ ਪਹਿਰਾ ਦੇਣ ਦੀ ਪ੍ਰੇਰਨਾ ਦਿੰਦੇ ਹੋਏ ਆਖਿਆ ਜਥੇਬੰਦੀ ਕਿਸਾਨਾਂ ਕਿਰਤੀਆਂ ਦੇ ਹਿੱਤਾਂ ਦੀ ਰਾਖੀ ਲਈ ਲਗਾਤਾਰ ਸੰਘਰਸ਼ਸ਼ੀਲ ਹੈ । ਉਨ੍ਹਾਂ ਆਖਿਆ ਕਿ ਅੱਜ ਸ਼ਹੀਦੀ ਦਿਵਸ ਮੌਕੇ ਜਥੇਬੰਦੀ ਨੇ ਜ਼ਿਲ੍ਹੇ ਵਿੱਚ ਨਸ਼ਿਆਂ ਖਿਲਾਫ ਜਾਗਰੂਕਤਾ ਮੁਹਿੰਮ ਵਿੱਢਣ ਦਾ ਪ੍ਰੋਗਰਾਮ ਉਲੀਕਿਆ ਹੈ, ਜਿਸ ਤਹਿਤ ਨਸ਼ੇ ਦੀ ਬੱਚਿਆਂ ਅਤੇ ਨੌਜਵਾਨ ਪੀੜ੍ਹੀ ਨੂੰ ਬਚਾਉਣ ਲਈ ਜਾਗਰੂਕਤਾ ਮੁਹਿੰਮ ਦੇ ਨਾਲ ਨਾਲ ਨਸ਼ੇ ਵੇਚਣ ਵਾਲਿਆਂ ਅਤੇ ਉਨ੍ਹਾਂ ਦੀ ਪੁਸ਼ਤਪਨਾਹੀ ਕਰਨ ਵਾਲਿਆਂ ਖਿਲਾਫ ਮੋਰਚਾ ਖੋਲ੍ਹਿਆ ਜਾਵੇਗਾ ।

ਇਸ ਮੌਕੇ ਗੁਰਜੀਤ ਸਿੰਘ ਵਲਟੋਹਾ, ਕਸ਼ਮੀਰ ਸਿੰਘ ਫੱਤਾ ਕੁੱਲਾ, ਜਗਦੀਪ ਸਿੰਘ ਗਿੱਲ, ਦਵਿੰਦਰ ਸਿੰਘ ਕਾਹਲੋਂ, ਰਵਿੰਦਰ ਸਿੰਘ ਰਾਣਾ, ਸਰਪੰਚ ਲਖਵੀਰ ਸਿੰਘ, ਸਰਪੰਚ ਬਿੱਲਾ ਕੋਟਲੀ, ਨਿਸ਼ਾਨ ਸਿੰਘ ਫੌਜੀ ਕਲੋਨੀ, ਗੁਰਪ੍ਰੀਤ ਸਿੰਘ ਝਾਂਸ, ਮਨਮੋਹਨ ਸਿੰਘ, ਲਖਵਿੰਦਰ ਸਿੰਘ ਲੱਖਾਂ, ਅਮਨਦੀਪ ਕੌਰ, ਬਲਜਿੰਦਰ ਕੌਰ, ਨੀਤੂ ਸਕਰਾਲਾ, ਕਮਲੇਸ਼ ਰਾਣੀ, ਸੁਸ਼ਮਾ, ਕਮਲਜੀਤ ਕੌਰ, ਅਮਰਜੀਤ ਕੌਰ, ਰਾਜਵੀਰ ਸਿੰਘ ਆਦਿ ਹਾਜ਼ਰ ਸਨ ।

# ਗੜੇਮਾਰੀ ਕਾਰਨ ਹੋਏ ਨੁਕਸਾਨ ਦੇ ਮੁਆਵਜ਼ੇ ਲਈ ਕਿਸਾਨ ਮਜ਼ਦੂਰ ਜਥੇਬੰਦੀ ਵੱਲੋਂ ਦਿੱਤੇ ਮੰਗ ਪੱਤਰ- ਸਭਰਾਂ, ਰਾਣਾ



ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)- ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੇ ਸੂਬਾ ਪ੍ਰਧਾਨ ਸੁਖਵਿੰਦਰ ਸਿੰਘ ਸਭਰਾਂ ਅਤੇ ਸੂਬਾ ਜਨਰਲ ਸਕੱਤਰ ਰਾਣਾ ਰਣਬੀਰ ਸਿੰਘ ਨੇ ਕਿਹਾ ਕਿ ਪਿਛਲੇ ਦਿਨੀ ਅਚਾਨਕ ਬੇਮੌਸਮੀ ਬਰਸਾਤ ਤੇ ਗੜੇਮਾਰੀ ਕਾਰਨ ਹੋਏ ਕਣਕ, ਸਬਜ਼ੀਆਂ ਸਮੇਤ ਸਾਰੀਆਂ ਫਸਲਾਂ ਦੇ ਭਾਰੀ ਨੁਕਸਾਨ ਨੂੰ ਦੇਖ ਦੇ 24 ਅਤੇ 25 ਮਾਰਚ ਨੂੰ ਪੰਜਾਬ ਭਰ ਦੇ ਡੀ ਸੀ ਦਫ਼ਤਰਾਂ ਵਿਖੇ ਮੰਗ ਪੱਤਰ ਦੇ ਕੇ ਫਸਲਾਂ ਦੇ ਨੁਕਸਾਨ ਸੰਬੰਧੀ ਗਿਰਦਾਵਾਰੀਆਂ ਕਰਵਾ ਕੇ 50 ਹਜ਼ਾਰ ਪ੍ਰਤੀ ਏਕੜ ਮੁਆਵਜ਼ਾ ਦੇਣ ਦੀ ਮੰਗ ਕੀਤੀ ਜਾਵੇਗੀ। ਇਸ ਮੁਸ਼ਕਲ ਹਾਲਾਤ ਵਿੱਚ, ਪਹਿਲਾਂ ਤੋਂ ਹੀ ਮਹਿੰਗਾਈ ਅਤੇ ਆਰਥਕ ਮੰਦਹਾਲੀ ਦੀ ਮਾਰ ਝੱਲ ਰਹੇ ਕਿਸਾਨਾਂ ਦੀ ਆਰਥਕ ਮਦਦ ਕਰਨਾ ਸਰਕਾਰ ਦਾ ਮੁਢਲਾ ਫਰਜ਼ ਹੈ। ਸਰਕਾਰ ਨੂੰ ਚਾਹੀਦਾ ਹੈ ਕਿ ਉਹ ਫਸਲ ਬੀਮਾ ਯੋਜਨਾ ਸਰਕਾਰੀ ਪ੍ਰੋਗਰਾਮ ਤਹਿਤ ਲੈ ਕੇ ਆਵੇ। ਉਨ੍ਹਾ ਅੱਗੇ ਕਿਹਾ ਕਿ ਨਸ਼ੇ ਦੀ ਸਮੱਸਿਆ ਅੱਜ ਵਿਕਰਾਲ ਰੂਪ ਧਾਰਨ ਕਰ ਚੁੱਕੀ ਹੈ ਅਤੇ ਸਿਆਸਤਦਾਨਾਂ, ਨਸ਼ਾ ਮਾਫੀਆ ਤੇ ਪੁਲਸ ਪ੍ਰਸ਼ਾਸਨ ਦਾ ਗੱਠਜੋੜ ਹੋਣ ਕਾਰਨ ਇਸ 'ਤੇ ਕਾਬੂ ਪਾਉਣਾ ਸੁਖਾਲਾ ਪ੍ਰਤੀਤ ਨਹੀਂ ਹੁੰਦਾ, ਇਸ ਲਈ ਲੋਕਾਂ ਨੂੰ ਪੰਜਾਬ ਦੀ ਨੌਜਵਾਨੀ ਨੂੰ ਬਚਾਉਣ ਲਈ ਸਮਾਜਕ ਜਾਗ੍ਰਿਤੀ ਦੇ ਨਾਲ ਨਾਲ ਪਿੰਡ ਪੱਧਰੀ ਨਸ਼ਾ ਰੋਕੂ ਪ੍ਰੋਗਰਾਮ ਵੀ ਤੈਅ ਕਰਨੇ ਪੈਣਗੇ ਅਤੇ ਸਰਕਾਰ ਦੇ ਨੁਮਾਇੰਦਿਆਂ ਨੂੰ ਘਟੀਆ ਕਾਰਗੁਜ਼ਾਰੀ ਲਈ ਜਨਤਾ ਦੇ ਕਟਹਿਰੇ 'ਚ ਖੜ੍ਹੇ ਕਰਨਾ ਪਵੇਗਾ। ਉਨ੍ਹਾ ਟੋਲ ਪਲਾਜ਼ਿਆਂ ਬਾਰੇ ਆਪਣੀ ਨੀਤੀ ਸਪੱਸ਼ਟ ਕਰਦੇ ਕਿਹਾ ਕਿ ਜਥੇਬੰਦੀ ਕਾਰਪੋਰੇਟ ਵੱਲੋਂ ਕੀਤੀ ਜਾ ਰਹੀ ਇਸ ਲੁੱਟ ਦੇ ਖਿਲਾਫ ਹੈ ਅਤੇ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੇ ਜਥੇਬੰਦਕ ਕੇਡਰ ਦੀਆਂ ਗੱਡੀਆਂ ਅੱਗੇ ਜਥੇਬੰਦਕ ਝੰਡਾ, ਸਟਿੱਕਰ ਅਤੇ ਗੱਡੀ ਸਵਾਰ ਦੇ ਲੱਗੇ ਬੈਚ ਲੱਗਾ ਹੋਵੇ ਉਸ ਦੀ ਟੋਲ ਪਰਚੀ ਨਹੀਂ ਕਟਵਾਈ ਜਾਵੇਗੀ । ਉਨ੍ਹਾ ਕਿਹਾ ਕਿ ਆਰ ਸੀ ਤੇ ਲਿਆ ਜਾਣ ਵਾਲਾ ਰੋਡ ਟੈਕਸ ਖਤਮ ਕੀਤਾ ਜਾਵੇ, ਪਰਚੀ ਦੀ ਫੀਸ 75% ਘਟਾਈ ਜਾਵੇ, ਸਾਰੇ ਟੋਲ ਮੁਲਾਜ਼ਮ ਪੱਕੇ ਕੀਤੇ ਜਾਣ। ਇਸ ਮੌਕੇ ਸੂਬਾਈ ਆਗੂ ਸਤਨਾਮ ਸਿੰਘ ਪੰਨੂ, ਸਵਿੰਦਰ ਸਿੰਘ ਚੁਤਾਲਾ, ਗੁਰਬਚਨ ਸਿੰਘ ਚੱਬਾ, ਜਸਬੀਰ ਸਿੰਘ ਪਿੱਦੀ, ਗੁਰਲਾਲ ਸਿੰਘ ਪੰਡੋਰੀ, ਜਰਮਨਜੀਤ ਸਿੰਘ ਬੰਡਾਲਾ, ਰਣਜੀਤ ਸਿੰਘ ਕਲੇਰ ਬਾਲਾ, ਲਖਵਿੰਦਰ ਸਿੰਘ ਵਰਿਆਮ ਨੰਗਲ, ਹਰਜਿੰਦਰ ਸਿੰਘ ਸ਼ਕਰੀ, ਜਗਦੀਸ਼ ਸਿੰਘ ਮਨਸਾ, ਹਰਵਿੰਦਰ ਸਿੰਘ ਮਸਾਣੀਆਂ, ਸਲਵਿੰਦਰ ਸਿੰਘ ਜਾਣੀਆਂ ਅਤੇ ਕੰਵਰਦਲੀਪ ਸੈਦੋਲੇਹਲ ਹਾਜ਼ਿਰ ਰਹੇ।

# ਕਲਾਸੀਫਾਈਡ ਇਸ਼ਤਿਹਾਰ


### Public Notice

I, Azad Kumar S/o Sh. Wilson Kumar R/o H.No. 1346, 02, Mohalla Kaniyawali, Jalandhar, Punjab-144022 declare that my name Azad Kumar is mentioned on Aadhar Card and my PAN Card. But my name Azad is mentioned on my Matriculation Certificate. Both the names Azad Kumar and Azad pertains to one and the same person. (7266)

I, hitherto known as Darshan Singh son of Maghar Ram resident of VPO Behram Sarishta District Jalandhar, Punjab as mentioned on the Passport No T6005474 of my daughter Shalinder Kaur have changed my name and shall hereinafter be known as Darshan Ram.

### ਪਬਲਿਕ ਨੋਟਿਸ

ਹਰ ਆਮ ਅਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਪ੍ਰਾਪਰਟੀ ਨੰ: ਬੀ-8/247 ਵਾਕਿਆ ਰੇਲਵੇ ਰੋਡ ਬਟਾਲਾ ਜੋ ਕਿ ਨਗਰ ਨਿਗਮ ਬਟਾਲਾ ਦੇ ਟੀ ਐੱਸ-I ਰਜਿਸਟਰ ਵਿੱਚ ਕਿਸੇ ਦੇ ਨਾਂਅ 'ਤੇ ਦਰਜ ਨਹੀਂ ਹੈ। ਪ੍ਰਾਰਥੀ ਮਨਿੰਦਰ ਸਿੰਘ ਪੁੱਤਰ ਮੋਹਨ ਸਿੰਘ ਵਾਸੀ ਰੇਲਵੇ ਰੋਡ ਬਟਾਲਾ ਵੱਲੋਂ ਦਰਖਾਸਤ ਪ੍ਰਾਪਤ ਹੋਈ ਹੈ ਕਿ ਉਕਤ ਯੂਨਿਟ ਮੇਰੇ ਨਾਂਅ 'ਤੇ ਦਰਜ ਕੀਤਾ ਜਾਵੇ। ਪ੍ਰਾਰਥੀ ਵੱਲੋਂ ਰਜਿਸਟਰੀ ਦੀ ਕਾਪੀ ਲਗਾਈ ਹੈ, ਜੋ ਕਿ ਸ੍ਰੀ ਬਬਿਤਾ ਪਤਨੀ ਸਤੀਸ਼ ਕੁਮਾਰ ਵੱਲੋਂ ਮਿਤੀ 12.5.2011 ਵਸੀਕਾ ਨੰਬਰ 902 ਰਾਹੀਂ ਮਨਿੰਦਰ ਸਿੰਘ ਪੁੱਤਰ ਮੋਹਨ ਸਿੰਘ ਦੇ ਹੱਕ ਵਿੱਚ ਰਜਿਸਟਰੀ ਕਰ ਦਿੱਤੀ ਸੀ। ਪ੍ਰਾਰਥੀ ਵੱਲੋਂ ਸੇਵਾ ਕੇਂਦਰ ਵਾਲਾ ਹਲਫੀਆ ਬਿਆਨ ਦਿੱਤਾ ਹੈ ਕਿ ਉਕਤ ਮਕਾਨ ਮੇਰੇ ਨਾਂਅ 'ਤੇ ਦਰਜ ਕੀਤਾ ਜਾਵੇ। ਇਸ ਪ੍ਰਤੀ ਕੋਈ ਲੜਾਈ ਹੋਵੇਗੀ ਤਾਂ ਮੈਂ ਉਸ ਦਾ ਖੁਦ ਜ਼ਿੰਮੇਵਾਰ ਹੋਵਾਂਗਾ। ਜੇਕਰ ਇਸ ਪ੍ਰਾਪਰਟੀ ਸੰਬੰਧੀ ਕਿਸੇ ਨੂੰ ਕੋਈ ਇਤਰਾਜ਼ ਹੋਵੇ ਤਾਂ 15 ਦਿਨ ਦੇ ਅੰਦਰ-ਅੰਦਰ ਦਫਤਰ ਨਗਰ ਨਿਗਮ ਬਟਾਲਾ ਵਿੱਚ ਇਤਰਾਜ਼ ਦੇ ਸਕਦਾ ਹੈ। ਇਸ ਸਮੇਂ ਤੱਕ ਜੇਕਰ ਕੋਈ ਇਤਰਾਜ਼ ਨਾ ਆਇਆ ਜਾਂ ਇਤਰਾਜ਼ ਵਾਜਬ ਨਾ ਹੋਇਆ ਤਾਂ ਇਹ ਸਿਰਫ ਪ੍ਰਾਪਰਟੀ ਟੈਕਸ ਮੰਤਵ ਲਈ ਨਗਰ ਨਿਗਮ ਬਟਾਲਾ ਦੇ ਟੀ ਐੱਸ -I ਰਜਿਸਟਰ ਵਿੱਚ ਪ੍ਰਾਪਰਟੀ ਨੰ: ਬੀ -8/247 ਵਾਕਿਆ ਰੇਲਵੇ ਰੋਡ ਬਟਾਲਾ ਮਨਿੰਦਰ ਸਿੰਘ ਪੁੱਤਰ ਮੋਹਨ ਸਿੰਘ ਦੇ ਨਾਂਅ 'ਤੇ ਦਰਜ ਕਰ ਦਿੱਤੀ ਜਾਵੇਗੀ। ਪ੍ਰਾਰਥੀ ਵੱਲੋਂ ਦਿੱਤੇ ਗਏ ਦਸਤਾਵੇਜ਼ ਗਲਤ ਪਾਏ ਜਾਂਦੇ ਹਨ ਤਾਂ ਇਸ ਅੰਦਰਾਜ਼ ਨੂੰ ਰੱਦ ਕਰਨ ਦਾ ਅਧਿਕਾਰ ਨਗਰ ਨਿਗਮ ਦੇ ਪਾਸ ਰਾਖਵਾਂ ਹੋਵੇਗਾ ਅਤੇ ਇਸ ਤੋਂ ਬਾਅਦ ਕੋਈ ਵੀ ਉਜਰ ਨਹੀਂ ਸੁਣਿਆ ਜਾਵੇਗਾ।
ਸੁਪਰਡੰਟ, ਨਗਰ ਨਿਗਮ ਬਟਾਲਾ

### Criminal Courts, Ludhiana

In the Court of
Ms. Prabha Prashar Judicial Magistrate-Ist Class Ludhiana
CNR No. PBLD030280822019
Peshi : 24.4.2023
Publication notice for proclamation under section 82 CR.PC
Yes Bank
Versus
Dinesh
Petition U/S 138 of Negotiable Instruments Act 1881 amended upto date

Notice to : 1. Dinesh S/o Dharam Singh R/o H.No. 62, Bank Enclave Phase 2 Khurla Jalandhar, Punjab 2. GFIC Biosciences Ltd Dor Roliver House 2 Floor BD Sanan Marg Chakala Andhari East Mumbai, Maharastra

Whereas it has been proved to the satisfaction of this Court that the accused above named cannot be served in the ordinary way of service. Hence this proclamation under section 82 CRPC hereby issued against him/them and should appear personally or through their counsel on 24.4.2023 at 10.00 a.m.

Take notice that, in default of his/their appearance on the day before mentioned, the above said case will be heard and determined in his/their absence.

Given under my hand and the seal of the Court.

For details logon to : https://highcourtchd.gov.in/?trs=district notice&district=Ludhiana
Judicial Magistrate-Ist Class
Ludhiana

### Court Notice

In the Court of Ms. Jasbir Kaur Principal Judge Family Court, Gurdaspur.
HMA/133/2022
CNR No. PBGD01-001736-2022
Next Date : 31.5.2023
Varinder Pal Kaur
Versus
Baljit Singh

Publication issued to : Baljit Singh S/o Bahadur Singh R/o Near Government College Patti, Tehsil and Distt. Tarntaran, Tarn Taran, Punjab

In above titled case, the defendant (s)/respondent (s) could not be served. It is ordered that defendant (s)/respondent (s) should appear in person or through counsel on 31.5.2023 at 10.00 a.m.

For details logon to https://highcourtchd.gov.in/?trs=district notice&district=Gurdaspur
Principal Judge Family Court, Gurdaspur.
Dated, this day of 21.3.2023

### ਗੁੰਮਸ਼ੁਦਗੀ ਸੂਚਨਾ

ਹਰਜਿੰਦਰ ਸਿੰਘ ਪੁੱਤਰ ਕੁਲਵੰਤ ਸਿੰਘ ਪਿੰਡ ਮਹਿਮੂਦਪੁਰ, ਤਹਿ: ਗੂਹਲਾ ਜ਼ਿਲ੍ਹਾ ਕੈਥਲ (ਹਰਿਆਣਾ) ਮਿਤੀ 19.3.2023 ਨੂੰ ਸਵੇਰੇ 8.30 ਵਜੇ ਘਰੋਂ ਬਿਨਾਂ ਦੱਸੇ ਕਿਤੇ ਚਲਾ ਗਿਆ ਹੈ, ਜੋ ਅੱਜ ਤੱਕ ਘਰ ਵਾਪਸ ਨਹੀਂ ਆਇਆ। ਜੇਕਰ ਕਿਸੇ ਨੂੰ ਹਰਜਿੰਦਰ ਸਿੰਘ ਬਾਰੇ ਪਤਾ ਚਲੇ ਤਾਂ ਇਹਨਾਂ ਨੰਬਰਾਂ 80547-45066, 99886-95000, 78782-31042 'ਤੇ ਸੰਪਰਕ ਕਰੇ। ਜਾਣਕਾਰੀ ਦੇਣ ਵਾਲੇ ਨੂੰ ਵਾਜਬ ਇਨਾਮ ਦਿੱਤਾ ਜਾਵੇਗਾ।

### Court Notice

In the Court of Ramanpreet Kaur Judicial Magistrate First Class, Amritsar.
CNR No. PBAS03-002327-2020
Next Date : 12.5.2023
Proclamation Requiring the Appearance of a person accused
Indusind Bank Limited
Versus
Gurdarshan Singh
Publication issued to :

Whereas complaint/case has been made before me that Gurdarshan Singh S/o Gurmukh Singh R/o V.P.O. Aima Kalan Tarn Taran has committed (or) is suspected to have committed) the offence punishable under section of and it has been returned to warrant of arrest thereupon issued that the said Gurdarshan Singh cannot be found and whereas it has been shown to my satisfaction that the said Gurdarshan Singh has absconded (or is concealing himself/herself to avoid the service of the said warrant)

Proclamation is hereby made that the said Gurdarshan Singh is required to appear before this Court (or before me) on 12.5.2023 to answer the said complaint/case.

For details logon to https://highcourtchd.gov.in/ ?trs=district_notice&district=Amritsar.
Judicial Magistrate First Class, Amritsar.
Dated, this day of 22.3.2023

### Court Notice

In the Court of Ms. Harmandeep Kaur Civil Judge (Junior Division), Ludhiana.
CNR No. PBLD02-001547-2023
Next Date : 8.5.2023
Malkit Singh
Versus
General Public
Publication issued to : General Public, Ludhiana

In above titled case, the defendant (s)/respondent (s) could not be served. It is ordered that defendant (s)/respondent (s) should appear in person or through counsel on 8.5.2023 at 10.00 a.m.

For details logon to https://highcourtchd.gov.in/?trs=district notice&district=Ludhiana
Civil Judge (Junior Division), Ludhiana.
Dated, this day of 22.3.2023

### Court Notice

In the Court of Sh. Gurdev Singh Judicial Magistrate-Ist Class, Pathankot.
CNR No. PBPO03-000953-2019
Next Date : 29.4.2023
Punjab National Bank
Versus
Tarlok Singh

Publication issued to : Tarlok Singh Father Swaran Singh R/o Vill. Jhakolahri, Tehsil and Distt. Pathankot

In above titled case, the accused could not be served. It is ordered that accused should appear in person or through counsel on 29.4.2023 at 10.00 a.m.

For details logon to https://highcourtchd.gov.in/?trs=district notice&district=Pathankot
Judicial Magistrate-Ist Class, Pathankot
Dated, this day of 18.3.2023

### Court Notice

In the Court of Sh. Amrinder Pal Singh Addl. Distt. and Session Judge, Ludhiana.
CNR No. PBLD01-018075-2018
Next Date : 24.4.2023
M/s Sharda Foundary and Engineering Works
Versus
Ram Kumar Sharma

Publication issued to : Ram Kumar Sharma Father Shiv Ram Sharma Prop M/S Hind Ispat Udyog, Satsang Road, Miller Ganj, Ludhiana.

In above titled case, the defendant (s)/respondent (s) could not be served. It is ordered that defendant (s)/respondent (s) should appear in person or through counsel on 24.4.2023 at 10.00 a.m.

For details logon to https://highcourtchd.gov.in/?trs=district notice&district=Ludhiana
Addl. Distt. and Session Judge, Ludhiana.
Dated, this day of 16.3.2023

### Court Notice

In the Court of Ms. Divya Sharma Judicial Magistrate-Ist Class Ludhiana.

Next Date, Purpose of Case, Orders and Judgments as well as other case information is available on http://ecourts.gov.in.
CNR No. PBLD03-033325-2019
Date : 27.4.2023
ICICI Bank Limited
Versus
Baljinder Singh

Publication issued to : 1. Baljinder Singh R/o Rehrwan Moga Aminwala, Moga 2. Subeg Singh R/o H.No. 244, Rehrwan Moga, Aminwala Moga.

Whereas it has been proved to the satisfaction of this Court that you, the above named accused/accused persons can't be served in the ordinary way of service. Hence this proclamation under 82 of code of criminal procedure is hereby issued against you with a direction that you should appear personally before the court on 27.4.2023 at 10.00 a.m. or within 30 days from the date of publication of this proclamation.

Take notice that, in case of default on your part to appear as directed above said case will be heard and determined as per law, in your absence.

For details logon to : https://highcourtchd.gov.in/?trs=district notice&district=Ludhiana
Judicial Magistrate-Ist Class
Ludhiana.

### Criminal Courts, Ludhiana.

In the Court of Ms. Prabha Prashar Judicial Magistrate-Ist Class Ludhiana
CNR No. PBLD03017680-2017
Peshi : 10.5.2023
Publication notice for proclamation under section 82 CR.PC
Charanjeet Singh
Versus
Jagdish Singh
Petition u/s 138 of Negotiable Instruments Act 1881 Amended upto date

Notice to : Jagdish Singh S/o Pal Singh R/o 43 Hardaspur, Patiala, Punjab

Whereas it has been proved to the satisfaction of this Court that the accused above named cannot be served in the ordinary way of service. Hence this proclamation under section 82 CRPC hereby issued against him/them and should appear personally or through their counsel on 10.5.2023 at 10.00 a.m.

Take notice that, in default of his/their appearance on the day before mentioned, the above said case will be heard and determined in his/their absence.

Given under my hand and the seal of the Court.

For details logon to : https://highcourtchd.gov.in/?trs=district notice&district=Ludhiana
Judicial Magistrate-Ist Class
Ludhiana

### Criminal Courts, Ludhiana.

In the Court of Ms. Prabha Prashar Judicial Magistrate-Ist Class Ludhiana
CNR No. PBLD03027274-2018
Peshi : 10.5.2023
Publication notice for proclamation under section 82 CR.PC
Axis Bank Ltd
Versus
Shiv Kumar
Petition u/s 138 of Negotiable Instruments Act 1881 Amended upto date

Notice to : 1. Shiv Kumar S/o Pitter Din H.No. 484 B Railway Dubal Storey Basti Tankan Wali Ferozepur City, Ferozepur Bathinda, Punjab 2. Address Northern Railway Sr. DFM Accounts DRM office Railway Road, Ferozepur Cantt City Ferozepur Bathinda, Punjab.

Whereas it has been proved to the satisfaction of this Court that the accused above named cannot be served in the ordinary way of service. Hence this proclamation under section 82 CRPC hereby issued against him/them and should appear personally or through their counsel on 10.5.2023 at 10.00 a.m.

Take notice that, in default of his/their appearance on the day before mentioned, the above said case will be heard and determined in his/their absence.

Given under my hand and the seal of the Court.

For details logon to : https://highcourtchd.gov.in/?trs=district notice&district=Ludhiana
Judicial Magistrate-Ist Class
Ludhiana

### Lost & Found

1. Original Power of Attorney Vasika No.206 Dated 13-03-2018 in favour of Sukhwinder Singh s/o Gurmej Singh executed by Avtar Singh s/o Makhan Singh has been lost and 2. Original Power of Attorney Vasika No.2019-20/168/4/149 Dated 07/11/2019 in favour of Sukhwinder Singh s/o Gurmej Singh executed by AKhtiar Singh s/o Makhan Singh Situated at Kakka Kanidiala Tehsil & Distt. Tarn Taran has been lost. if anyone found Please contact at 9915754908

### Public Notice

I Paramjit Kaur, wife of Manjit Singh, Resident Of village & Postoffice Kahlwa, District Jalandhar states that my brother-in-law Gurdeep Singh son of Karnail Singh and Tajinder Kaur wife Gurdeep Singh have been living apart from us for a long time. We do not have any kind of connection with them. The person dealing with them will be responsible Themselves . All Concerned Kindly note .

I, Johny Nahar S/o William Nahar R/o H.No.5, Roop Nagar, Jalandhar-II, Punjab-144022. Declare that Name of Mine and My Father has been wrongly written as Johny and Balwinder in my 10th Class Certificate. The actual name of Mine and My Father are Johny Nahar and William Nahar, which may be amended accordingly. All Please Note.

I, JAI PAUL BIRDI have policies with PNB METLIFE INDIA INSURANCE CO. LTD. Policy No. 22804062 where my father name mentioned is sukhjinder singh which is completely wrong. My correct father name is LACHMAN DAS BIRDI. Kindly consider it.

I, SURINDER PAUL BIRDI have policies with PNB METLIFE INDIA INSURANCE CO. LTD. Policy No. 22817556 respectively, where my father name mentioned is sukhjinder singh which is completely wrong. My correct father name is LACHMAN DAS BIRDI. Kindly consider it.

I, Balbir Singh Heera S/o Late. S. Mohinder Singh R/o ES- 422, Gali No. 4,5,6, Abadpura, Jalandhar declare that my son Manindervir Singh & his wife Ritu Bharti are out of my control. I disinherit them from my movable and immovable properties. I and my family shall not be held responsible for any of their acts deeds and things. All please note.

### ਆਮ ਸੂਚਨਾ

ਮੈ ਸਰਬਜੀਤ ਸਿੰਘ ਪੁੱਤਰ ਧੰਨਾ ਸਿੰਘ ਵਾਸੀ ਪਿੰਡ ਕੁਹਾਲਾ ਤਹਿਸੀਲ ਬਾਬਾ ਬਕਾਲਾ ਜ਼ਿਲਾ ਅੰਮ੍ਰਿਤਸਰ ਬਿਆਨ ਕਰਦਾ ਕਿ ਮੇਰੇ ਪਾਸਪੋਰਟ ਨੰ: H8202370 ਵਿੱਚ ਮੇਰਾ ਨਾਮ SARABJIT SINGH ਅਤੇ ਜਨਮ ਮਿਤੀ 15-5-1987 ਜੋ ਗਲਤ ਹੈ ਦੀ ਜਗ੍ਹਾ ਤੇ ਮੇਰਾ ਨਾਮ SARBJEET SINGH ਅਤੇ ਜਨਮ ਮਿਤੀ 21-07-1989 ਪੜਿਆ ਜਾਵੇ।

ਜੋਗਿੰਦਰ ਸਿੰਘ ਪੁੱਤਰ ਕਰਤਾਰ ਸਿੰਘ ਵਾਸੀ ਪਿੰਡ ਈਸੀ ਦੇ ਨਾਂਅ ਚਲਦੇ ਮੋਟਰ ਕੁਨੈਕਸ਼ਨ ਖਾਤਾ ਨੰ: ਏ ਪੀ -16/0451-ਏ ਪੀ ਨੂੰ ਜਸਪਾਲ ਕੌਰ ਪਤਨੀ ਤ੍ਰਿਲੋਚਨ ਸਿੰਘ ਵਾਸੀ ਜਵਾਹਰਕੇ ਖੇਵਟਦਾਰ ਈਸੀ ਨੇ ਆਪਣੇ ਨਾਂਅ ਤਬਦੀਲ ਕਰਵਾਉਣ ਲਈ ਇਸ ਦਫਤਰ ਨੂੰ ਅਪਲਾਈ ਕੀਤਾ ਹੈ। ਜੇਕਰ ਕਿਸੇ ਨੂੰ ਇਸ ਮੋਟਰ ਕੁਨੈਕਸ਼ਨ ਦੇ ਨਾਅ ਬਦਲੀ ਸੰਬੰਧੀ ਕੋਈ ਇਤਰਾਜ਼ ਹੋਵੇ ਤਾਂ ਉਹ ਉਪ ਮੰਡਲ ਅਫਸਰ ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਦਿਹਾਤੀ ਉਪ ਮੰਡਲ ਧੂਰੀ ਦੇ ਕੋਲ 15 ਦਿਨਾਂ ਵਿੱਚ ਪੇਸ਼ ਹੋਵੇ। (ਬਿੰਨੀ)

### ਬੇਦਖਲੀ ਨੋਟਿਸ

ਅਸੀਂ, ਬਲਦੇਵ ਸਿੰਘ ਪੁੱਤਰ ਕਰਮ ਚੰਦ ਅਤੇ ਦੀਵਾਨ ਚੰਦ ਪੁੱਤਰ ਬਲਦੇਵ ਸਿੰਘ ਵਾਸੀਆਨ ਪਿੰਡ ਟੈਂਟਪਾਲ, ਡਾਕ: ਚੱਕ ਲਾਦੀਆਂ, ਤਹਿ: ਅਤੇ ਜ਼ਿਲ੍ਹਾ ਹੁਸ਼ਿਆਰਪੁਰ ਬਿਆਨ ਕਰਦੇ ਹਾਂ ਕਿ ਆਪਣੀ ਬੇਟੀ ਕ੍ਰਿਸ਼ਮਾ ਦੇਵੀ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਉਸ ਨਾਲ ਸਾਡਾ ਅਤੇ ਸਾਡੇ ਪਰਵਾਰ ਦਾ ਕੋਈ ਸੰਬੰਧ ਨਹੀਂ ਹੈ। ਉਸ ਦੇ ਨਾਲ ਲੈਣ-ਦੇਣ ਜਾਂ ਕੋਈ ਹੋਰ ਵਿਹਾਰ ਕਰਨ ਵਾਲਾ ਵਿਅਕਤੀ ਖੁਦ ਜ਼ਿੰਮੇਵਾਰ ਹੋਵੇਗਾ। (ਹਿਤੇਸ਼)

ਮੈਂ, ਪੂਰਨ ਚੰਦ ਪੁੱਤਰ ਬਖਸ਼ੀ ਰਾਮ ਵਾਸੀ ਪਿੰਡ ਭੰਬੋਵਾਲ, ਡਾਕ: ਗੜ੍ਹਦੀਵਾਲਾ, ਤਹਿ: ਦਸੂਹਾ, ਜ਼ਿਲ੍ਹਾ ਹੁਸ਼ਿਆਰਪੁਰ ਬਿਆਨ ਕਰਦਾ ਹਾਂ ਕਿ ਮੇਰੀ ਲੜਕੀ ਨੈਨਾ ਮੇਰੇ ਕੰਟਰੋਲ ਤੋਂ ਬਾਹਰ ਹੈ, ਉਸ ਨੇ ਆਪਣੀ ਮਰਜ਼ੀ ਨਾਲ ਵਿਆਹ ਕਰਵਾ ਲਿਆ ਹੈ। ਮੈਂ ਉਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਸ ਦੇ ਕਿਸੇ ਤਰ੍ਹਾਂ ਦੇ ਲੈਣ-ਦੇਣ ਦਾ ਮੈਂ ਜ਼ਿੰਮੇਵਾਰ ਨਹੀਂ। ਉਹ ਆਪਣੇ ਕੰਮਾਂ ਦੀ ਖੁਦ ਜ਼ਿੰਮੇਵਾਰ ਹੋਵੇਗੀ। ਮੇਰਾ ਅਤੇ ਸਾਰੇ ਪਰਵਾਰ ਨਾਲ ਕੋਈ ਸੰਬੰਧ ਨਹੀਂ। ਸੰਬੰਧਤ ਨੋਟ ਕਰਨ। (ਡੋਗਰਾ)

ਮੈਂ, ਕਸਤੂਰੀ ਲਾਲ ਪੁੱਤਰ ਸ੍ਰੀ ਕਰਮ ਚੰਦ ਵਾਸੀ ਨੇੜੇ ਪੈਲੇਸ, ਕਾਦੀਆਂਵਾਲੀ, ਜਲੰਧਰ, ਪੰਜਾਬ-144020 ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਬਿਪਨ ਕੁਮਾਰ ਅਤੇ ਇਸ ਦੀ ਪਤਨੀ ਮਨਦੀਪ ਕੌਰ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਇਹਨਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਹਨਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਅਤੇ ਮੇਰੇ ਪਰਵਾਰ ਦੇ ਕਿਸੇ ਮੈਂਬਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। (7267)

ਅਸੀਂ, ਰਾਮ ਨਰਾਇਣ ਪੁੱਤਰ ਲੱਖਾ ਰਾਮ ਅਤੇ ਕਮਲਾ ਦੇਵੀ ਪਤਨੀ ਰਾਮ ਨਰਾਇਣ ਦੋਵੇਂ ਵਾਸੀ ਪਿੰਡ ਤੇ ਡਾਕ: ਲਿੱਧੜਾਂ, ਤਹਿ: ਤੇ ਜ਼ਿਲ੍ਹਾ ਜਲੰਧਰ ਬਿਆਨ ਕਰਦੇ ਹਾਂ ਕਿ ਸਾਡਾ ਲੜਕਾ ਕਿਰਨ ਕੁਮਾਰ ਅਤੇ ਉਸ ਦੀ ਪਤਨੀ ਪਰਮਜੀਤ ਕੌਰ ਸਾਡੇ ਅਤੇ ਸਾਡੇ ਪਰਵਾਰ ਦੇ ਕਹਿਣੇ ਤੋਂ ਬਾਹਰ ਹਨ। ਇਸ ਲਈ ਅਸੀਂ ਇਹਨਾਂ ਦੋਵਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਇਹਨਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। (ਅਰਪਿਤ)

ਅਸੀਂ, ਰਣਜੀਤ ਪਾਲ ਪੁੱਤਰ ਜਾਗਰ ਰਾਮ ਵਾ ਮਨਜੀਤ ਕੌਰ ਪਤਨੀ ਰਣਜੀਤ ਪਾਲ ਵਾਸੀ ਪਿੰਡ ਮੀਰਾਂਪੁਰ, ਤਹਿ: ਨਕੋਦਰ, ਜ਼ਿਲ੍ਹਾ ਜਲੰਧਰ ਬਿਆਨ ਕਰਦੇ ਹਾਂ ਕਿ ਸਾਡਾ ਲੜਕਾ ਬਲਵਿੰਦਰ ਕੁਮਾਰ ਅਤੇ ਉਸ ਦੀ ਪਤਨੀ ਡਿੰਪਲ ਸਾਡੇ ਕਹਿਣੇ ਤੋਂ ਬਾਹਰ ਹਨ ਅਤੇ ਸਾਡੇ ਤੋਂ ਅਲੱਗ ਰਹਿੰਦੇ ਹਨ। ਇਸ ਲਈ ਅਸੀਂ ਇਹਨਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਇਹਨਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। (ਸ਼ੇਖਰ)

ਮੈਂ ਭਗਵਾਨ ਸਿੰਘ ਪੁੱਤਰ ਅਮਰ ਸਿੰਘ ਵਾਸੀ 1049,ਗਲੀ ਗੁਰੂ ਅਰਜਨ ਦੇਵ ਜੀ ਗਿਲਵਾਲੀ ਗੇਟ, ਅੰਮ੍ਰਿਤਸਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਕੁਲਵਿੰਦਰ ਸਿੰਘ ਅਤੇ ਉਸਦੀ ਪਤਨੀ ਅਮਾਨਤਪ੍ਰੀਤ ਕੌਰ ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹਨ, ਆਪਣੀ ਮਨਮਰਜ਼ੀ ਕਰਦੇ ਹਨ। ਮੈਂ ਉਨ੍ਹਾਂ ਦੋਵਾਂ ਨੂੰ ਆਪਣੀ ਤਮਾਮ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਨ੍ਹਾਂ ਦੇ ਕਿਸੇ ਵੀ ਤਰ੍ਹਾਂ ਦੇ ਲੈਣ-ਦੇਣ ਅਤੇ ਚੰਗੇ-ਮਾੜੇ ਕੰਮਾਂ ਦੇ ਮੈਂ ਅਤੇ ਮੇਰਾ ਪਰਿਵਾਰ ਜਿੰਮੇਵਾਰ ਨਹੀਂ ਹੋਵਾਂਗੇ। ਉਹ ਖੁਦ ਜ਼ਿੰਮੇਵਾਰ ਹੋਣਗੇ। ਮੇਰਾ,ਮੇਰੀ ਪਤਨੀ ਮਨਜੀਤ ਕੌਰ ਅਤੇ ਮੇਰੀ ਲੜਕੀ ਗੁਰਪ੍ਰੀਤ ਕੌਰ ਦਾ ਉਨ੍ਹਾਂ ਨਾਲ ਕੋਈ ਰਿਸ਼ਤਾ ਅਤੇ ਤਲਕਵਾਸਤਾ ਨਹੀਂ ਹੈ।

ਮੈਂ, ਬਬੀਤਾ ਰਾਣਾ ਪਤਨੀ ਦਰਸ਼ਨ ਰਾਣਾ ਵਾਸੀ ਮਕਾਨ ਨੰ. 316-ਸੀ, ਏਕਤਾ ਨਗਰ, ਜਲੰਧਰ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਸ਼ੈਂਕੀ ਰਾਣਾ ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਮੇਰਾ ਅਤੇ ਮੇਰੇ ਪਰਿਵਾਰ ਦਾ ਇਸ ਨਾਲ ਕੋਈ ਵੀ ਲੈਣ ਦੇਣ ਨਹੀਂ ਹੈ, ਜੋ ਕੋਈ ਵੀ ਇਸ ਨਾਲ ਲੈਣ ਦੇਣ ਕਰੇਗਾ। ਉਹ ਆਪਣੇ ਨਫ਼ੇ ਨੁਕਸਾਨ ਦਾ ਆਪ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਿਤ ਨੋਟ ਕਰਨ।

### Change of Name

I, Balbir Kaur W/o Harjinder Singh Vill. Fazalwal, Po. Bagga, Disit. Jalandhar have changed my name spelling from Balbir Kaur To Balvir Kaur. All Please Note.

I, Charanjeet Singh s/o Mehar Singh r/o VPO. Manak Rai, Distt. Jalandhar have corrected my name spelling to Charanjit Singh. All Please Note.

I, Sumanjeet w/o Gaurav Midda r/o Vill. Nangal Karar Khan, Po. Kukar Pind, Distt. Jalandhar have changed my name to Sumanjeet Midda. All Please Note.

I, Dawinder Singh S/o Malkit Singh R/o H.No. 70, St. No. 3, Sainik Vihar, Dhilwan Road, Rama Mandi, Jalandhar, Punjab Have Changed My Name From Dawinder Singh To Davinder Singh. All Please Note.

I, Kulwant Kaur W/o Hans Raj R/o H.No.60, Gurdev Nagar, Ward No-7, Sirhind Mandi, Fatehgarh Sahib, Punjab-140406. have changed my name as Kalwant Kaur. All Please Note.

I, Amanjot W/o Juma Shah R/o Vill. Chahalpur, Po. Dagham, Tehsil Garhshankar, Distt. Hoshiarpur, Punjab have changed my name from Amanjot to Amanjot Shah. All Please Note.

I, Jasbir alias Dalbir Kaur W/O Om Parkash R/O H.No.226,Bhullar Avenue, Fatehgarh Churian Road,Amritsar,Punjab have changed my name to Dalbir Kaur. Concerned note.

I, Sarbjit Singh S/o Dalbir Singh R/o Vill. Chak Araian, P.O. Chore Sidhwan, Tehsil/Distt. Gurdaspur, Punjab, India, have changed my name from Sarbjit Singh is wrong but my name Sarabjit Singh is correct

### Change of Name

I, Amardip Kaur d/o Kulvinder Singh resident of VPO Rahimpur District Jalandhar declare that the correct the spellings of my name as per my documents are Amardeep Kaur Now the spellings of my name will be written as Amardeep Kaur. (parshotam)

I JAGROOP S/O AMRIK LAL V.P.O SANG DHESIAN TEHSIL PHILLAUR DISTT. JALANDHAR I HAVE CHANGED MY JAGROOP TO JAGROOP SINGH CONCERNED NOTE. (Binder)

I, Joginder Kaur W/o Sohan Singh R/o VPO Mehtiana Distt. Hoshiarpur Punjab declare that I Joginder Kaur Alias Vidya is one and the same person. Concerned note. (Hitesh)

I, Vikas S/o Ram Lubhaya R/o H.No 460, Ward No. 23, Mohalla Bhagat Nagar Distt. Hoshiarpur Punjab have changed my name from Vikas to Vikas Pharwaha. Concerned note. (Hitesh)

I, Sunny S/o Gopal Das R/o H.No 511, Ward No. 23, Mohalla Bhagat Nagar Distt. Hoshiarpur Punjab have changed my name from Sunny to Sunny Pharwaha. Concerned note. (Hitesh)

I, Baljit Kaur W/o Surat Singh R/o Village Pathial PO Lachowal Distt. Hoshiarpur Punjab have changed my name from Baljit Kaur to Baljeet Kaur. Concerned Note. (hitesh)

I, Hardeep Singh S/o Avtar Singh R/o H.No. B-1/60, Guru Ravi Dass Nagar, Maqsudan, Jalandhar, Jalandhar have changed my name from Hardeep Singh to Singh Hardeep (surname as Singh). All concerned please note. (B)

I, hitherto known as Paramjit Kaur W/O Surjit Singh residing at VPO Madhopur, TehsilPhagawa, Distt. Kapurthala - 144402, Punjab, India have changed my name and hereafter be known as Inderjit Kaur.

I, hitherto known as Anil Kumar S/O Mangat Ram residing at H.No.1058, Sant Nagar, Loadowali Road, Distt. Jalandhar - 144001, Punjab, India have changed my name and shall hereafter be known as Anil Kumar Yadav.

I, Kuldip Singh S/o Baldev Singh R/o VPO Chhajjal Waddi, P.S. Khalchian, Tehsil Baba Bakala District Amritsar have changed my name from Kuldip Singh to Kuldeep Singh.

I, Sonia Rani W/o Parwinder Kumar R/o Lopoke, Amritsar have changed my name from Sonia Rani to Sonia Arora.

I, Suruchi Talwani W/o Vishal Dhawan R/o H.No.75A, Rani Ka Bagh, Amritsar have changed my name from Suruchi Talwani to Suruchi Dhawan.

I Amarjit Kour W/o Harpal Singh R/o L-7 2896, Murabe Wali Gali, Tarn Taran Road, Amritsar have changed my name from Amarjit Kour to Amarjit Kaur.

I, Gurdip Singh S/o Bishan Singh R/o H.No.F16/347, Majitha Road, Friends Avenue, Amritsar have changed my name from Gurdip Singh to Gurdeep Singh.

I GURDEEP SINGH S/O SANTOKH SINGH R/O H.NO.18/A MCA 52/1 PARBHAT AVENUE NIRANKARI COLONY AMRITSAR HAVE CHANGED MY NAME TO GURDIP SINGH.

I, Ritu Beri W/o Amit Kapoor R/o H.No.667, Basant Nagar, Majitha Road, Amritsar have changed my name to Ritu Kapoor.

I, MANMEET KOUR W/O SANDEEP SINGH KANG, R/O H.NO.32-A, GALI NO.2, PLAH SAHIB ROAD, OPPOSITE SURJIT HOSPITAL, SHRI GURU HARGOBIND AVENUE, AMRITSAR have changed my name from MANMEET KOUR to MANMEET KAUR.

I, Gurinderjeet Singh S/o Gajjan Singh R/o H.No.380F, Lane No.2, New Azad Nagar, Kot Khalsa, Amritsar have changed my name from Gurinderjeet Singh to Gurinderjit Singh.

I, Nitin Arora Alias Nitin Wadhawa S/o Surinder kumar Arora R/o H.No.590 A, Chowk Tunda Talab Wadhwa Market, Amritsar have changed my name to Nitin Arora.

I, Nachatar Singh S/o Harbhajan Singh R/o VPO Jhita Kalan, Tehsil & Distt. Amritsar, Punjab have changed my name from Nachatar Singh to Nachhatar Singh.

I,Sukhminder Kaur W/O Jatinder Singh Walia R/O 122-C, Kanwar Avenue,Sultanwind Daburji, Link Road, Jasbir Nagar, Near Golden Gate, Amritsar inform that Sukhminder Kaur and Sukhminder Walia both names are mine and one and the same person.

I, Ritu Sharma d/o Kishan Lal Sharma r/o H.No. 837, Urban Estate, Phase-1, Jalandhar have changed my name to Ritu Bhardwaj. All Please Note.

### ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।


## ਦਿੱਲੀ ਸਰਕਾਰ ਸਿੱਖ ਕਤਲੇਆਮ ਦੇ ਸਮੂਹ ਮ੍ਰਿਤਕਾਂ ਦੇ ਆਸ਼ਰਿਤਾਂ ਨੂੰ ਸਰਕਾਰੀ ਨੌਕਰੀ ਦੇਵੇ: ਜੀ ਕੇ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)- ਜਾਗੋ ਪਾਰਟੀ ਨੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਨਵੰਬਰ 1984 ਦੇ ਸਿੱਖ ਕਤਲੇਆਮ ਦੌਰਾਨ ਦਿੱਲੀ ਵਿੱਚ ਮਾਰੇ ਗਏ ਸਮੂਹ ਸਿੱਖਾਂ ਦੇ ਆਸ਼ਰਿਤਾਂ ਨੂੰ ਸਰਕਾਰੀ ਨੌਕਰੀ ਦੇਣ ਸੰਬੰਧੀ ਪੱਤਰ ਲਿਖਿਆ ਹੈ। ਜਾਗੋ ਪਾਰਟੀ ਦੇ ਪ੍ਰਧਾਨ ਮਨਜੀਤ ਸਿੰਘ ਜੀ ਕੇ ਨੇ ਦਿੱਲੀ ਸਰਕਾਰ ਤੋਂ ਮੰਗ ਕੀਤੀ ਹੈ ਕਿ ਸਿੱਖ ਕਤਲੇਆਮ ਦੇ ਸਾਰੇ ਮ੍ਰਿਤਕਾਂ ਦੇ ਆਸ਼ਰਿਤਾਂ ਨੂੰ ਬਿਨਾਂ ਕਿਸੇ ਸਿਫ਼ਾਰਸ਼ ਦੇ ਸਰਕਾਰੀ ਨੌਕਰੀ ਦੇ ਦਾਅਵੇ ਨੂੰ ਪ੍ਰਾਪਤ ਕਰਨ ਲਈ ਤੁਰੰਤ ਵੈੱਬ ਪੋਰਟਲ ਮੁਹੱਈਆ ਕਰਵਾਇਆ ਜਾਵੇ। ਕੇਜਰੀਵਾਲ ਨੂੰ ਲਿਖੇ ਪੱਤਰ ਵਿੱਚ ਜੀ ਕੇ ਨੇ ਦੱਸਿਆ ਕਿ ਨਵੰਬਰ 1984 ਦੇ ਸਿੱਖ ਕਤਲੇਆਮ ਦੌਰਾਨ ਆਪਣੇ ਪਰਵਾਰਕ ਮੈਂਬਰਾਂ ਨੂੰ ਗੁਆਉਣ ਵਾਲੇ 14 ਆਸ਼ਰਿਤਾਂ ਨੂੰ ਦਿੱਲੀ ਸਰਕਾਰ ਵੱਲੋਂ ਨੌਕਰੀਆਂ ਦੇਣ ਦੀ ਖ਼ਬਰ ਮੇਰੇ ਧਿਆਨ ਵਿੱਚ ਆਈ ਹੈ। ਇਨ੍ਹਾਂ 14 ਪੀੜਤਾਂ ਨੂੰ 2006 ਵਿੱਚ ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦੁਆਰਾ ਪੀੜਤਾਂ ਦੇ ਬੱਚਿਆਂ ਨੂੰ ਸਰਕਾਰੀ ਨੌਕਰੀਆਂ ਦੇਣ ਲਈ ਸੰਸਦ ਵਿੱਚ ਐਲਾਨੀ ਗਈ 1984 ਸਿੱਖ ਨਸਲਕੁਸ਼ੀ ਪੀੜਤਾਂ ਦੀ ਮੁੜ ਵਸੇਬਾ ਨੀਤੀ ਦੇ ਹਿੱਸੇ ਵਜੋਂ ਸਰਕਾਰੀ ਨੌਕਰੀਆਂ ਮਿਲਣੀਆਂ ਹਨ। ਇਸ ਮਾਮਲੇ 'ਚ ਮੈਂ 2018 ਵਿੱਚ ਪਟੀਸ਼ਨਰ ਦੇ ਤੌਰ 'ਤੇ ਦਿੱਲੀ ਹਾਈ ਕੋਰਟ ਤੱਕ ਪਹੁੰਚ ਕੀਤੀ ਸੀ, ਕਿਉਂਕਿ ਦਿੱਲੀ ਸਰਕਾਰ ਇਸ ਮਾਮਲੇ ਨੂੰ ਲਗਾਤਾਰ ਲਟਕਾ ਰਹੀ ਸੀ। ਇਸ ਪਟੀਸ਼ਨ ਦਾ 2021 ਵਿਚ ਨਿਪਟਾਰਾ ਕਰਦੇ ਹੋਏ ਦਿੱਲੀ ਹਾਈ ਕੋਰਟ ਨੇ ਦਿੱਲੀ ਸਰਕਾਰ ਨੂੰ 1984 ਸਿੱਖ ਕਤਲੇਆਮ ਦੇ ਆਸ਼ਰਿਤਾਂ ਨੂੰ ਨੌਕਰੀਆਂ ਪ੍ਰਦਾਨ ਕਰਨ ਦੇ ਆਦੇਸ਼ ਦਿੱਤੇ ਸੀ। ਪਰ ਇਸ ਮਾਮਲੇ ਵਿਚ ਦੇਰੀ ਨੂੰ ਵੇਖ ਕੇ 20 ਦਸੰਬਰ 2021 ਨੂੰ ਦਿੱਲੀ ਸਰਕਾਰ ਦੇ ਮਾਲ ਵਿਭਾਗ ਦੇ ਡੀ ਸੀ, ਸੰਜੀਵ ਖੇਰਵਾਲ ਨੂੰ ਜਾਗੋ ਪਾਰਟੀ ਅਤੇ ਸ਼੍ਰੋਮਣੀ ਅਕਾਲੀ ਦਲ (ਦਿੱਲੀ) ਦਾ ਸਾਂਝਾ ਵਫਦ ਮਿਲਿਆ ਸੀ ਅਤੇ ਉਨ੍ਹਾਂ ਨੂੰ ਅਪੀਲ ਕੀਤੀ ਕਿ ਸੀ ਕਿ ਨੌਕਰੀ ਪ੍ਰਕਿਰਿਆ ਨੂੰ ਤੁਰੰਤ ਸ਼ੁਰੂ ਕੀਤਾ ਜਾਵੇ। ਜਿਸ ਤੋਂ ਬਾਅਦ ਹੁਣ ਪਹਿਲੇ ਪੜਾਅ ਵਿੱਚ 14 ਆਸ਼ਰਿਤਾਂ ਨੂੰ ਨੌਕਰੀ ਮਿਲੀ ਹੈ। ਜੀ ਕੇ ਨੇ ਕਿਹਾ ਕਿ ਨਾਨਾਵਤੀ ਕਮਿਸ਼ਨ ਦੇ ਸਰਕਾਰੀ ਅੰਕੜਿਆਂ ਅਨੁਸਾਰ ਇਸ ਕਤਲੇਆਮ ਦੌਰਾਨ ਦਿੱਲੀ ਵਿੱਚ 2733 ਸਿੱਖ ਮਾਰੇ ਗਏ ਸਨ। ਪਰ ਜੇਕਰ ਖ਼ਬਰਾਂ ਦੀ ਮੰਨੀਏ ਤਾਂ ਦਿੱਲੀ ਸਰਕਾਰ ਸਿਰਫ 76 ਆਸ਼ਰਿਤਾਂ ਨੂੰ ਹੀ ਨੌਕਰੀਆਂ ਦੇਣ ਦਾ ਕੰਮ ਕਰ ਰਹੀ ਹੈ, ਜਦ ਕਿ ਅਧਿਕਾਰਤ ਤੌਰ 'ਤੇ 2000 ਤੋਂ ਵੱਧ ਸਰਕਾਰੀ ਨੌਕਰੀਆਂ ਪੈਦਾ ਹੋਣੀਆਂ ਚਾਹੀਦੀਆਂ ਸਨ। ਇਸ ਲਈ 17 ਸਾਲਾਂ ਬਾਅਦ ਕੇਂਦਰ ਸਰਕਾਰ ਦੀ ਮੁੜ ਵਸੇਬੇ ਦੀ ਨੀਤੀ ਤਹਿਤ ਸਿੱਖ ਕਤਲੇਆਮ ਦੇ ਆਸ਼ਰਿਤਾਂ ਨੂੰ ਦਿੱਤੀਆਂ ਜਾਣ ਵਾਲੀਆਂ ਇਨ੍ਹਾਂ ਸਰਕਾਰੀ ਨੌਕਰੀਆਂ ਲਈ ਸਾਰੇ ਮ੍ਰਿਤਕਾਂ ਦੇ ਆਸ਼ਰਿਤਾਂ ਨੂੰ ਸ਼ਾਮਲ ਕੀਤਾ ਜਾਵੇ। ਇਸ ਲਈ ਦਿੱਲੀ ਸਰਕਾਰ ਵੱਲੋਂ ਸਿਰਫ਼ 76 ਲੋਕਾਂ ਨੂੰ ਨੌਕਰੀਆਂ ਦੇ ਕੇ ਰਸਮੀ ਕਾਰਵਾਈਆਂ ਪੂਰੀਆਂ ਕਰਨ ਦੀ ਬਜਾਇ ਸਿੱਖ ਕਤਲੇਆਮ ਦੇ ਸਾਰੇ ਪੀੜਤਾਂ ਦੇ ਆਸ਼ਰਿਤਾਂ ਨੂੰ ਸਰਕਾਰੀ ਨੌਕਰੀਆਂ ਪ੍ਰਦਾਨ ਕਰਨੀਆਂ ਚਾਹੀਦੀਆਂ ਹਨ।

## ਸਿਏਨਾ ਨੇ ਭਾਰਤੀ ਫਾਊਂਡੇਸ਼ਨ ਨਾਲ ਸਹਿਯੋਗ ਵਧਾਇਆ

ਲੁਧਿਆਣਾ : ਸਿਏਨਾ ਪੰਜਾਬ ਵਿੱਚ ਸੱਤਿਆ ਭਾਰਤੀ ਸੀਨੀਅਰ ਸੈਕੰਡਰੀ ਸਕੂਲਾਂ ਵਿੱਚ ਭਾਸ਼ਾ ਅਤੇ ਕੰਪਿਊਟਰ ਲੈਬਸ ਦੀ ਸਥਾਪਨਾ ਕਰਕੇ ਭਾਰਤੀ ਫਾਊਂਡੇਸ਼ਨ ਨਾਲ ਆਪਣੀ ਮੌਜੂਦਾ ਭਾਈਵਾਲੀ ਨੂੰ ਮਜ਼ਬੂਤ ਕਰ ਰਿਹਾ ਹੈ। ਕੰਪਨੀ ਨੇ ਹਾਲ ਹੀ ਵਿੱਚ ਭਾਰਤੀ ਫਾਊਂਡੇਸ਼ਨ ਦੇ ਨਾਲ ਇੱਕ ਸਮਝੌਤਾ ਸਹੀਬੰਦ ਕੀਤਾ ਹੈ ਜੋ ਵਿਦਿਆਰਥੀਆਂ ਨੂੰ ਆਸਾਨ ਅਤੇ ਇੰਟਰਐਕਟਿਵ ਤਰੀਕੇ ਨਾਲ ਅਤਿ-ਆਧੁਨਿਕ ਪ੍ਰਯੋਗਸ਼ਾਲਾਵਾਂ ਰਾਹੀਂ ਆਈ ਟੀ ਹੁਨਰ ਦੇ ਨਾਲ-ਨਾਲ ਉਹਨਾਂ ਦੇ ਐਲ ਐਸ ਆਰ ਡਬਲਿਊ (ਸੁਣਨਾ, ਬੋਲਣਾ, ਪੜ੍ਹਨਾ ਅਤੇ ਲਿਖਣਾ) ਹੁਨਰ ਨੂੰ ਵਧਾਉਣ ਵਿੱਚ ਮਦਦ ਕਰੇਗਾ। ਗੈਰੀ ਸਮਿਥ, ਸੀ ਈ ਓ, ਸਿਏਨਾ ਨੇ ਕਿਹਾ, "ਜੇ ਤੁਸੀਂ ਭਾਸ਼ਾ ਅਤੇ ਤਕਨਾਲੋਜੀ ਨੂੰ ਇਕੱਠੇ ਵਰਤਦੇ ਹੋ, ਤਾਂ ਤੁਸੀਂ ਇੱਕ ਬੋਰਿੰਗ ਭਾਸ਼ਾ ਦੇ ਕਲਾਸਰੂਮ ਨੂੰ ਇੱਕ ਮਜ਼ੇਦਾਰ ਅਤੇ ਇੰਟਰਐਕਟਿਵ ਵਿੱਚ ਬਦਲ ਸਕਦੇ ਹੋ। ਅਸੀਂ ਆਪਣੇ ਲੰਬੇ ਸਮੇਂ ਤੋਂ ਸਹਿਭਾਗੀ ਭਾਰਤੀ ਏਅਰਟੈੱਲ ਅਤੇ ਭਾਰਤੀ ਫਾਊਂਡੇਸ਼ਨ ਨਾਲ ਸਾਂਝੇਦਾਰੀ ਕਰ ਰਹੇ ਹਾਂ। ਇਸ ਮੌਕੇ ਮਮਤਾ ਸੈਕੀਆ, ਸੀ ਈ ਓ, ਭਾਰਤੀ ਫਾਊਂਡੇਸ਼ਨ ਨੇ ਕਿਹਾ, " ਸਾਡੇ ਸੱਤਿਆ ਭਾਰਤੀ ਸਕੂਲਾਂ ਵਿੱਚ ਭਾਸ਼ਾ ਲੈਬਸ ਅਤੇ ਕੰਪਿਊਟਰ ਲੈਬਸ ਨਾਲ ਸਿਖਲਾਈ ਵਿਦਿਆਰਥੀਆਂ ਨੂੰ ਆਪਣੇ ਕਰੀਅਰ ਨੂੰ ਬਿਹਤਰ ਬਣਾਉਣ ਵਿੱਚ ਮਦਦ ਕਰੇਗੀ।"

# ਤੀਜਾ ਤੇ ਚੌਥਾ ਦਰਜਾ ਮੁਲਾਜ਼ਮਾਂ ਨੇ 23 ਮਾਰਚ ਦੇ ਸ਼ਹੀਦਾਂ ਨੂੰ ਕੀਤਾ ਨਮਨ



**ਪਟਿਆਲਾ (ਨਵਾਂ ਜ਼ਮਾਨਾ ਸਰਵਿਸ)**

ਸਰਕਾਰੀ ਤੇ ਅਰਧ ਸਰਕਾਰੀ ਅਦਾਰਿਆਂ ਦੇ ਮੁਲਾਜ਼ਮਾਂ ਨੇ 23 ਮਾਰਚ ਦੇ ਸ਼ਹੀਦਾਂ ਨੂੰ ਵੱਖ ਵੱਖ ਥਾਵਾਂ 'ਤੇ ਨਮਨ ਕਰਨ ਲਈ ਵਿਸ਼ਾਲ ਇਕੱਤਰਤਾ ਕਰਕੇ ਸ਼ਹੀਦ ਏ ਆਜ਼ਮ ਸ੍ਰ. ਭਗਤ ਸਿੰਘ, ਚੰਦਰ ਸ਼ੇਖਰ ਅਜ਼ਾਦ ਤੇ ਰਾਜਗੁਰੂ ਨੂੰ ਸ਼ਰਧਾਂਜਲੀ ਦਿੱਤੀ। ਇਹ ਇਕੱਤਰਤਾ ਫੈਡਰੇਸ਼ਨ ਤੇ ਕਲਾਸ ਫੋਰਥ ਯੂਨੀਅਨ ਵੱਲੋਂ ਯੂਨੀਅਨ ਦਫਤਰ ਰਾਜਪੁਰਾ ਕਾਲੋਨੀ ਵਿਖੇ ਵੀ ਕੀਤੀ ਗਈ। ਇਸ ਮੌਕੇ ਟਰੇਡ ਯੂਨੀਅਨ ਦੇ ਬੁਲਾਰਿਆਂ ਕਾ. ਦਰਸ਼ਨ ਸਿੰਘ ਲੁਬਾਣਾ, ਦੀਪ ਚੰਦ ਹੰਸ, ਬਲਜਿੰਦਰ ਸਿੰਘ, ਜਗਮੋਹਨ ਨੌਲੱਖਾ, ਮਾਧੋ ਲਾਲ ਰਾਹੀ, ਗੁਰਦਰਸ਼ਨ ਸਿੰਘ, ਰਾਮ ਕ੍ਰਿਸ਼ਨ, ਸਵਰਣ ਸਿੰਘ ਬੰਗਾ, ਰਾਮ ਲਾਲ ਰਾਮਾ, ਨਾਰੰਗ ਸਿੰਘ ਨੇ ਕਿਹਾ ਕਿ ਭਾਵੇਂ ਕਿ ਦੇਸ਼ ਦੀ ਅਜ਼ਾਦੀ ਨੂੰ ਸੱਤਰ ਸਾਲਾਂ ਤੋਂ ਵੱਧ ਦਾ ਸਮਾਂ ਹੋ ਚੁੱਕਾ ਹੈ, ਪ੍ਰੰਤੂ ਸ੍ਰ. ਭਗਤ ਸਿੰਘ ਦੇ ਸੁਪਨਿਆਂ ਦੀ ਅਜ਼ਾਦੀ ਨਹੀਂ ਆਈ, ਦੇਸ਼ ਵਿੱਚ ਮੁਲਾਜ਼ਮ, ਮਜ਼ਦੂਰ, ਕਿਸਾਨ, ਵਿਦਿਆਰਥੀ ਤੇ ਦਲਿਤ ਵਰਗ ਅੱਜ ਵੀ ਆਰਥਿਕ ਗੁਲਾਮੀ ਝੇਲ ਰਿਹਾ ਹੈ। ਮਹਿੰਗਾਈ, ਬੇਰੋਜ਼ਗਾਰੀ ਤੇ ਆਰਥਿਕ ਤੰਗੀਆਂ ਵਿੱਚੋਂ ਲੰਘ ਰਿਹਾ ਹੈ। ਕੇਂਦਰ ਸਮੇਤ ਰਾਜ ਸਰਕਾਰਾਂ ਇਨ੍ਹਾਂ ਦਾ ਅੱਜ ਵੀ ਆਰਥਿਕ ਸ਼ੋਸ਼ਣ ਕਰ ਰਹੀਆਂ ਹਨ, ਪ੍ਰੰਤੂ ਰਾਜਨੀਤਕ ਲੋਕ ਸ਼ਹੀਦਾਂ ਦੇ ਨਾਉਂ 'ਤੇ ਸਿਆਸੀ ਲਾਹਾ ਲੈ ਰਹੇ ਹਨ। ਦਰਸ਼ਨ ਸਿੰਘ ਲੁਬਾਣਾ ਤੇ ਰਣਜੀਤ ਸਿੰਘ ਰਾਣਵਾਂ ਨੇ ਦੱਸਿਆ ਕਿ ਸਰਕਾਰਾਂ ਨੇ ਚੌਥਾ ਦਰਜਾ ਮੁਲਾਜ਼ਮਾਂ ਦੀ ਰੈਗੂਲਰ ਭਰਤੀ ਬੰਦ ਕਰਕੇ ਕੰਟਰੈਕਟ, ਆਊਟ ਸੋਰਸ ਤੇ ਮਲਟੀਟਾਸ ਵਰਕਰ ਭਰਤੀ ਕਰਕੇ ਪੱਛੜੇ ਸਮਾਜ ਦਾ ਵੱਡਾ ਸ਼ੋਸ਼ਣ ਕੀਤਾ ਜਾ ਰਿਹਾ ਤੇ ਠੇਕੇਦਾਰੀ ਪ੍ਰਥਾ ਰਾਹੀਂ ਲੁੱਟ ਖਸੁੱਟ ਮੌਜੂਦਾ ਸਰਕਾਰ ਵੀ ਕਰਵਾ ਰਹੀ ਹੈ। ਇਨ੍ਹਾਂ ਆਗੂਆਂ ਨੇ ਕਿਹਾ ਕਿ ਸਰਕਾਰ ਦੇ ਮੌਜੂਦਾ ਬੱਜਟ ਸਮੇਤ ਸਾਰਾ ਲੇਖਾ ਜੋਖਾ ਕਰਨ ਲਈ 4 ਅਪ੍ਰੈਲ ਨੂੰ ਲੁਧਿਆਣਾ ਵਿਖੇ ਸੂਬਾ ਪੱਧਰੀ ਮੀਟਿੰਗ ਕਰਕੇ ਅਗਲਾ ਐਕਸ਼ਨ ਉਲੀਕਿਆ ਜਾਵੇਗਾ।

ਇਕੱਤਰਤਾ ਵਿੱਚ ਸੂਰਜ ਪਾਲ ਯਾਦਵ, ਰਤਨ ਸਿੰਘ, ਉਂਕਾਰ ਦਮਨ, ਜਸਪਾਲ ਮੇਹਰਾ, ਮੋਧ ਨਾਥ, ਇੰਦਰ ਪਾਲ ਵਾਲਿਆ, ਜਸਪਾਲ ਸਿੰਘ, ਪ੍ਰਕਾਸ਼ ਲੁਬਾਣਾ, ਸੁਭਾਸ਼, ਅਮਰੀਕ ਸਿੰਘ, ਅਜੇ ਕੁਮਾਰ ਸਿੱਪਾ, ਸਤਨਾਮ ਸਿੰਘ, ਸ਼ਿਵ ਚਰਨ, ਰਾਮ ਜੋਧਾ, ਸੁਨੀਲ ਦੱਤ, ਅਨਿਲ ਕੁਮਾਰ ਗਾਂਗਟ, ਰਾਕੇਸ਼ ਕੁਮਾਰ, ਦਿਆ ਸ਼ੰਕਰ, ਰਾਮਦਾਸ, ਮੇਘ ਰਾਜ, ਸੋਹਨ ਸਿੰਘ, ਸ਼ਾਮ ਸਿੰਘ, ਹਰਬੰਸ ਸਿੰਘ, ਵਿਕਰਮਜੀਤ ਸਿੰਘ, ਦਲੀਪ ਕੁਮਾਰ, ਕਰਮਜੀਤ ਸਿੰਘ ਟਿੱਕਾ, ਸੁਨੀਤਾ, ਕਮਲੇਸ਼ ਗੋਨੀ, ਮੁਮਤਾਜ ਆਦਿ ਹਾਜ਼ਰ ਸਨ।

## ਉੱਤਰੀ ਰੇਲਵੇ ਦੇ ਜਨਰਲ ਮੈਨੇਜਰ ਵੱਲੋਂ ਫ਼ਿਰੋਜ਼ਪੁਰ ਡਵੀਜ਼ਨ ਦਾ ਦੌਰਾ

**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)**-ਉੱਤਰੀ ਰੇਲਵੇ ਦੇ ਜਨਰਲ ਮੈਨੇਜਰ ਆਸ਼ੂਤੋਸ਼ ਗੰਗਲ ਵੱਲੋਂ ਫ਼ਿਰੋਜ਼ਪੁਰ ਡਵੀਜ਼ਨ ਦਾ ਦੌਰਾ ਕੀਤਾ, ਜਿਸ ਦੌਰਾਨ ਉਨ੍ਹਾਂ ਵੱਲੋਂ ਫ਼ਿਰੋਜ਼ਪੁਰ ਡਵੀਜ਼ਨ ਅਧੀਨ ਚੱਲ ਰਹੇ ਵੱਖ-ਵੱਖ ਪ੍ਰਗਤੀਸ਼ੀਲ ਰੇਲਵੇ ਪ੍ਰੋਜੈਕਟਾਂ, ਵਿਕਾਸ ਕਾਰਜਾਂ, ਯਾਤਰੀ ਸਹੂਲਤਾਂ ਦੇ ਆਧੁਨਿਕੀਕਰਨ, ਆਧੁਨਿਕ ਰੇਲ ਪ੍ਰਣਾਲੀਆਂ ਨੂੰ ਲਾਗੂ ਕਰਨ ਤੇ ਪ੍ਰਗਤੀਸ਼ੀਲ ਵਿਕਾਸ ਕਾਰਜਾਂ ਦਾ ਵਿਸਥਾਰਪੂਰਵਕ ਜਾਇਜ਼ਾ ਲਿਆ ਤੇ ਸਾਰੇ ਕੰਮਾਂ ਨੂੰ ਨਿਰਧਾਰਤ ਸਮੇਂ 'ਤੇ ਮੁਕੰਮਲ ਕਰਨ ਬਾਰੇ ਕਿਹਾ। ਇਸ ਦੌਰਾਨ ਉੱਤਰੀ ਰੇਲਵੇ ਦੇ ਸਾਰੇ ਵਿਭਾਗਾਂ ਦੇ ਮੁਖੀ, ਡਵੀਜ਼ਨਲ ਰੇਲਵੇ ਮੈਨੇਜਰ ਡਾ. ਸੀਮਾ ਸ਼ਰਮਾ ਤੇ ਫ਼ਿਰੋਜ਼ਪੁਰ ਡਵੀਜ਼ਨ ਦੇ ਸਾਰੇ ਬ੍ਰਾਂਚ ਅਧਿਕਾਰੀ ਹਾਜ਼ਰ ਸਨ। ਜਨਰਲ ਮੈਨੇਜਰ ਗੰਗਲ ਨੇ ਸਭ ਤੋਂ ਪਹਿਲਾਂ ਅੰਮ੍ਰਿਤ ਭਾਰਤ ਸਕੀਮ ਦਾ ਜਾਇਜ਼ਾ ਲਿਆ। ਉਨ੍ਹਾ ਕਿਹਾ ਕਿ ਫ਼ਿਰੋਜ਼ਪੁਰ ਕੈਂਟ ਰੇਲਵੇ ਸਟੇਸ਼ਨ ਦਾ ਅੰਮ੍ਰਿਤ ਭਾਰਤ ਯੋਜਨਾ ਤਹਿਤ ਮੁੜ ਵਿਕਾਸ ਕੀਤਾ ਜਾਣਾ ਹੈ। ਉਨ੍ਹਾ ਫ਼ਿਰੋਜ਼ਪੁਰ ਡਵੀਜ਼ਨ ਵਿੱਚ ਚੱਲ ਰਹੇ ਬਿਜਲੀਕਰਨ, ਗਤੀ ਸ਼ਕਤੀ ਯੂਨਿਟ ਵੱਲੋਂ ਕੀਤੇ ਜਾ ਰਹੇ ਕੰਮ, ਸਟੇਸ਼ਨ ਵਿਕਾਸ, ਟਰੈਕ ਦੇ ਨਵੀਨੀਕਰਨ, ਊਧਮਪੁਰ-ਸ੍ਰੀਨਗਰ-ਬਾਰਾਮੂਲਾ ਰੇਲ ਪ੍ਰੋਜੈਕਟ, ਆਟੋਮੈਟਿਕ ਕੋਚ ਵਾਸ਼ਿੰਗ ਪਲਾਂਟ, ਮਾਲ ਦੀ ਲੋਡਿੰਗ ਤੇ ਅਨਲੋਡਿੰਗ ਲਈ ਮਾਲ ਸ਼ੈੱਡ ਦੇ ਮੁੜ ਵਿਕਾਸ ਆਦਿ ਬਾਰੇ ਅਧਿਕਾਰੀਆਂ ਨਾਲ ਵਿਚਾਰ-ਵਟਾਂਦਰਾ ਕੀਤਾ।

ਜੀ. ਐੱਮ. ਗੰਗਲ ਨੇ ਇਨ੍ਹਾਂ ਸਾਰੇ ਕੰਮਾਂ ਖ਼ਾਸ ਕਰਕੇ ਊਧਮਪੁਰ-ਸ੍ਰੀਨਗਰ-ਬਾਰਾਮੂਲਾ ਰੇਲ ਪ੍ਰੋਜੈਕਟ ਨੂੰ ਨਿਰਧਾਰਤ ਸਮਾਂ ਸੀਮਾ ਵਿੱਚ ਪੂਰਾ ਕਰਨ ਲਈ ਲੋੜੀਂਦੇ ਨਿਰਦੇਸ਼ ਤੇ ਮਾਰਗਦਰਸ਼ਨ ਦਿੱਤੇ। ਉਨ੍ਹਾਂ ਲੋਕੋਮੋਟਿਵਾ ਦੀ ਉਪਲਬਧਤਾ ਤੇ ਉਨ੍ਹਾਂ ਦੇ ਸਮੇਂ ਸਿਰ ਰੱਖ-ਰਖਾਅ 'ਤੇ ਵੀ ਜ਼ੋਰ ਦਿੱਤਾ। ਜੀ ਐੱਮ ਨੇ ਕਿਹਾ ਕਿ ਬੇਅਸਰ ਵੈਗਨਾਂ ਨੂੰ ਸਟਾਕ ਤੋਂ ਹਟਾਇਆ ਜਾਵੇ। ਉਨ੍ਹਾਂ ਹਦਾਇਤ ਕੀਤੀ ਕਿ ਸਿੰਗਨਲ ਸਿਸਟਮ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਸਾਰੇ ਲੋੜੀਂਦੇ ਕਦਮ ਚੁੱਕੇ ਜਾਣ ਤੇ ਸਮੇਂ ਦੀ ਪਾਬੰਦਤਾ ਬਣਾਈ ਰੱਖਣ ਅਤੇ ਕਾਰਗੋ ਦੀ ਲੋਡਿੰਗ ਤੇ ਸੁਰੱਖਿਆ ਨੂੰ ਪਹਿਲ ਦੇਣ ਦੇ ਨਿਰਦੇਸ਼ ਦਿੱਤੇ।

# ਜਲ ਸਪਲਾਈ ਦੇ ਕਾਮੇ 29 ਨੂੰ ਵਿੱਤ ਮੰਤਰੀ ਦੀ ਰਿਹਾਇਸ਼ ਅੱਗੇ ਅਣਮਿੱਥੇ ਸਮੇਂ ਲਈ ਸੂਬਾ ਪੱਧਰੀ ਧਰਨਾ ਦੇਣਗੇ : ਸਤਨਾਮ ਫਲੀਆਂਵਾਲਾ

**■ ਤਿਆਰੀ ਸੰਬੰਧੀ ਜ਼ਿਲ੍ਹਾ ਫਾਜ਼ਿਲਕਾ ਕਮੇਟੀ ਦੀ ਮੀਟਿੰਗ**



**ਜਲਾਲਾਬਾਦ (ਜੀਤ ਕੁਮਾਰ)**-ਜਲ ਸਪਲਾਈ ਤੇ ਸੈਨੀਟੇਸ਼ਨ ਕੰਟਰੈਕਟ ਵਰਕਰਜ਼ ਯੂਨੀਅਨ ਪੰਜਾਬ (ਰਜਿ.31) ਦੀ ਜ਼ਿਲ੍ਹਾ ਫਾਜ਼ਿਲਕਾ ਕਮੇਟੀ ਦੀ ਮੀਟਿੰਗ ਜ਼ਿਲ੍ਹਾ ਪ੍ਰਧਾਨ ਜਸਵਿੰਦਰ ਸਿੰਘ ਚੱਕ ਜਾਨੀਸਰ ਤੇ ਬ੍ਰਾਂਚ ਪ੍ਰਧਾਨ ਗੁਰਮੀਤ ਸਿੰਘ ਆਲਮਕੇ ਦੀ ਅਗਵਾਈ ਹੇਠ ਕੀਤੀ ਗਈ। ਇਸ ਮੌਕੇ ਸੂਬਾ ਪ੍ਰੈੱਸ ਸਕੱਤਰ ਸਤਨਾਮ ਸਿੰਘ ਫਲੀਆਂਵਾਲਾ ਨੇ ਕਿਹਾ ਕਿ ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਦੀਆਂ ਪੇਂਡੂ ਜਲ ਸਪਲਾਈ ਸਕੀਮਾਂ 'ਤੇ ਫੀਲਡ ਤੇ ਦਫਤਰਾਂ 'ਚ ਵੱਖ ਵੱਖ ਪੋਸਟਾਂ 'ਤੇ ਪਿਛਲੇ 10 ਤੋਂ 15 ਸਾਲਾਂ ਦੇ ਅਰਸੇ ਤੋਂ ਇੱਕ ਵਰਕਰ ਦੇ ਰੂਪ 'ਚ ਸੇਵਾਵਾਂ ਦੇ ਰਹੇ ਇਨਲਿਸਟਮੈਂਟ ਤੇ ਆਊਟਸੋਰਸ ਵਰਕਰਾਂ ਨੂੰ ਉਨ੍ਹਾਂ ਦੇ ਤਜਰਬੇ ਦੇ ਅਧਾਰ 'ਤੇ ਸਬੰਧਤ ਵਿਭਾਗ 'ਚ ਸ਼ਾਮਲ ਕਰਕੇ ਪੱਕੇ ਰੁਜ਼ਗਾਰ ਦਾ ਪ੍ਰਬੰਧ ਕਰਨ ਸਮੇਤ ਯੂਨੀਅਨ ਦੇ 'ਮੰਗ-ਪੱਤਰ' 'ਚ ਦਰਜ ਮੰਗਾਂ ਸਬੰਧੀ ਪੰਜਾਬ ਸਰਕਾਰ ਦੀ ਕੈਬਨਿਟ 'ਸਬ-ਕਮੇਟੀ' ਮੈਂਬਰ-ਕਮ-ਵਿੱਤ ਮੰਤਰੀ ਹਰਪਾਲ ਸਿੰਘ ਚੀਮਾ, ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਤੇ ਜਲ ਸਪਲਾਈ ਮੰਤਰੀ ਬ੍ਰਹਮ ਸ਼ੰਕਰ ਜਿੰਪਾ ਦੇ ਨਾਲ 13 ਫਰਵਰੀ ਨੂੰ ਚੰਡੀਗੜ੍ਹ ਸੈਕਟਰੀਏਟ 'ਚ ਜਥੇਬੰਦੀ ਦੇ ਸੂਬਾ ਆਗੂਆਂ ਦੇ ਨਾਲ ਪੈਨਲ ਮੀਟਿੰਗ ਹੋਈ ਸੀ, ਜਿਸ 'ਚ ਬਣੀ ਸਹਿਮਤੀ ਮੁਤਾਬਕ ਇਨਲਿਸਟਮੈਂਟ/ਆਊਟਸੋਰਸ ਵਰਕਰਾਂ ਨੂੰ ਵਿਭਾਗ 'ਚ ਸ਼ਾਮਲ ਕਰਨ ਵਾਸਤੇ ਪਾਲਸੀ (ਤਜਵੀਜ਼) ਤਿਆਰ ਕਰਨ ਲਈ ਵਿਭਾਗੀ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਗਏ ਸੀ ਤੇ ਇਹ ਪਾਲਸੀ ਤਿਆਰ ਕਰਨ ਲਈ 15 ਮਾਰਚ ਤੱਕ ਸਮਾਂ ਲਿਆ ਗਿਆ ਸੀ, ਪਰ ਅਜੇ ਤੱਕ ਜਿੱਥੇ ਇਨਲਿਸਟਮੈਂਟ/ਆਊਟਸੋਰਸ ਕਾਮਿਆਂ ਨੂੰ ਵਿਭਾਗ 'ਚ ਲੈਣ ਲਈ ਪ੍ਰੋਪੋਜ਼ਲ ਨਹੀਂ ਬਣਾਈ ਗਈ ਹੈ, ਉੱਥੇ ਮੀਟਿੰਗ 'ਚ ਬਣੀ ਸਹਿਮਤੀ ਮੁਤਾਬਿਕ ਪ੍ਰੋਸੀਡਿੰਗ ਤੱਕ ਨਹੀਂ ਜਾਰੀ ਕੀਤੀ ਗਈ ਹੈ, ਜਿਸ ਸਬੰਧੀ ਕੈਬਨਿਟ 'ਸਬ-ਕਮੇਟੀ' ਮੰਤਰੀਆਂ ਤੇ ਵਿਭਾਗੀ ਅਧਿਕਾਰੀਆਂ ਨੂੰ ਜਥੇਬੰਦੀ ਵੱਲੋਂ ਦੋ ਵਾਰ 'ਯਾਦ-ਪੱਤਰ' ਭੇਜੇ ਗਏ, ਜਿਸ 'ਤੇ ਵੀ ਕੋਈ ਗੌਰ ਨਹੀਂ ਕੀਤਾ ਗਿਆ, ਜਿਸ ਦੇ ਚਲਦੇ ਯੂਨੀਅਨ ਵੱਲੋਂ ਸਰਕਾਰ ਵਿਰੁੱਧ ਤਿੱਖੇ ਸੰਘਰਸ਼ ਕਰਨ ਲਈ ਮਜਬੂਰ ਹੋਣਾ ਪੈ ਰਿਹਾ ਹੈ। ਇਸੇ ਮਜਬੂਰੀ ਵੱਸ ਯੂਨੀਅਨ ਵੱਲੋਂ 29 ਮਾਰਚ ਨੂੰ ਸੰਗਰੂਰ 'ਚ ਪੰਜਾਬ ਸਰਕਾਰ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਦੀ ਰਿਹਾਇਸ਼ ਦਾ ਘਿਰਾਓ ਕਰਕੇ ਪਰਿਵਾਰਾਂ ਤੇ ਬੱਚਿਆਂ ਸਮੇਤ ਪੂਰਅਮਨ ਸ਼ਾਂਤੀ ਢੰਗ ਨਾਲ ਸੂਬਾ ਪੱਧਰੀ ਧਰਨਾ ਅਣਮਿੱਥੇ ਸਮੇਂ ਲਈ ਦਿੱਤਾ ਜਾਵੇਗਾ। ਜੇਕਰ ਫਿਰ ਵੀ ਪੰਜਾਬ ਸਰਕਾਰ ਵੱਲੋਂ 'ਮੰਗ-ਪੱਤਰ' 'ਚ ਦਰਜ ਮੰਗਾਂ ਦਾ ਹੱਲ ਨਹੀਂ ਕੀਤਾ ਗਿਆ ਤਾਂ ਇਸ ਦੇ ਬਾਅਦ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਤੇ ਕੈਬਨਿਟ ਮੰਤਰੀ ਬ੍ਰਹਮ ਸ਼ੰਕਰ ਜਿੰਪਾ ਦੀ ਰਿਹਾਇਸ਼ ਦਾ ਘਿਰਾਓ ਕੀਤਾ ਜਾਵੇਗਾ। ਇਸ ਮੌਕੇ ਜ਼ਿਲ੍ਹਾ ਆਗੂ ਬਲਵਿੰਦਰ ਨੂਰ ਸਮੰਦ, ਸੁਖਚੈਨ ਸਿੰਘ ਸੋਢੀ, ਕੁੰਦਨ ਸਿੰਘ, ਰਾਕੇਸ਼ ਸਿੰਘ, ਸਤਪਾਲ ਸਿੰਘ ਨੇ ਵੀ ਸੰਬੋਧਨ ਕੀਤਾ।

## ਕਾਤਰਾਂ

### ਸ਼ਹਿਰ ਦੀਆਂ ਵਾਰ-ਵਾਰ ਧਸ ਰਹੀਆਂ ਸੜਕਾਂ ਕਾਰਨ ਲੋਕ ਪ੍ਰੇਸ਼ਾਨ



**ਬਰੇਟਾ (ਗੋਬਿੰਦ ਸ਼ਰਮਾ)**-ਸਥਾਨਕ ਸ਼ਹਿਰ ਵਿੱਚ ਕੁਝ ਸਾਲ ਪਹਿਲਾਂ ਪਾਇਆ ਸੀਵਰੇਜ ਅਜੇ ਵੀ ਲੋਕਾਂ ਲਈ ਸਿਰਦਰਦੀ ਪੈਦਾ ਕਰ ਰਿਹਾ ਹੈ। ਬਠਿੰਡਾ ਡਿਵੈਲਪਮੈਂਟ ਅਥਾਰਟੀ ਵੱਲੋਂ ਪੂਰੀ ਕਾਹਲੀ ਨਾਲ ਇਸ ਉੱਪਰ ਸੜਕਾਂ ਬਣਾ ਦਿੱਤੀਆਂ ਗਈਆਂ, ਜੋ ਵਾਰ ਵਾਰ ਥੱਲੇ ਧਸ ਰਹੀਆਂ ਹਨ ਤੇ ਹਰ ਸਮੇਂ ਕੋਈ ਨਾ ਕੋਈ ਹਾਦਸਾ ਵਾਪਰਨ ਦਾ ਡਰ ਬਣਿਆ ਰਹਿੰਦਾ ਹੈ। ਬੀਤੇ ਕੱਲ੍ਹ ਹੋਈ ਬਾਰਿਸ਼ ਨਾਲ ਬਰੇਟਾ ਪਿੰਡ ਕੁਲਰੀਆਂ ਰੋਡ ਗੁਰਦੁਆਰਾ ਸਾਹਿਬ ਨੇੜੇ ਇਥੇ ਆਵਾਜਾਈ ਲਈ ਤੰਗ ਮੋੜ ਵਾਲੀ ਥਾਂ 'ਤੇ ਵੱਡਾ ਖੱਡਾ ਬਣ ਗਿਆ ਹੈ, ਜਿਸ ਕਾਰਨ ਲੋਕ ਖੱਡੇ ਤੋਂ ਪ੍ਰੇਸ਼ਾਨ ਹੋ ਕੇ ਆਪਣੇ ਵਾਹਨ ਇੱਕ ਪਾਸੇ ਦੀ ਲੰਘਾ ਰਹੇ ਹਨ। ਨਗਰ ਕੌਂਸਲ ਵੱਲੋਂ ਦੋ ਦਿਨ ਦਾ ਸਮਾਂ ਲੰਘਣ ਦੇ ਬਾਵਜੂਦ ਇਸ ਖੱਡੇ ਦੀ ਸਾਰ ਨਹੀਂ ਲਈ ਗਈ। ਉਥੋਂ ਦੇ ਲੰਘਣ ਵਾਲੇ ਲੋਕਾਂ ਦੀ ਮੰਗ ਹੈ ਕਿ ਨਗਰ ਕੌਂਸਲ ਵੱਲੋਂ ਇਸ ਖੱਡੇ ਨੂੰ ਤੁਰੰਤ ਭਰਿਆ ਜਾਵੇ।

### ਗਦਰੀ ਸ਼ਹੀਦ ਰਹਿਮਤ ਅਲੀ ਦੀ ਬਰਸੀ ਭਲਕੇ



**ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)**-ਗਦਰ ਲਹਿਰ ਦੇ ਅਨਮੋਲ ਹੀਰੇ ਸ਼ਹੀਦ ਰਹਿਮਤ ਅਲੀ ਵਜੀਦਕੇ ਦੀ ਬਰਸੀ ਸੰਬੰਧੀ ਸਮਾਗਮ 25 ਮਾਰਚ ਨੂੰ ਪਿੰਡ ਵਜੀਦਕੇ ਖੁਰਦ (ਬਰਨਾਲਾ) ਵਿਖੇ ਯਾਦਗਾਰੀ ਕਲੱਬ, ਗ੍ਰਾਮ ਪੰਚਾਇਤ, ਗੁਰਦੁਆਰਾ ਕਮੇਟੀਆਂ ਤੇ ਸਮੂਹ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਕਰਵਾਇਆ ਜਾ ਰਿਹਾ ਹੈ। ਪ੍ਰਬੰਧਕਾਂ ਅਨੁਸਾਰ ਇਸ ਮੌਕੇ 25 ਮਾਰਚ ਨੂੰ ਸਵੇਰੇ ਸ੍ਰੀ ਸੁਖਮਨੀ ਸਾਹਿਬ ਪਾਠ ਦੇ ਭੋਗ ਉਪਰੰਤ ਮਹਾਨ ਸ਼ਹੀਦਾਂ ਨੂੰ ਸਮਰਪਤ ਲੋਕ ਪੱਖੀ ਨਾਟਕ, ਕੋਰੀਓਗ੍ਰਾਫੀਆਂ, ਗੀਤ ਸੰਗੀਤ ਦੀ ਪੇਸ਼ਕਾਰੀ ਹੋਵੇਗੀ। ਇਸ ਮੌਕੇ ਸੱਤਾਧਾਰੀ ਧਿਰ ਤੋਂ ਇਲਾਵਾ ਸੰਸਦ ਮੈਂਬਰ ਸ੍ਰ: ਸਿਮਰਨਜੀਤ ਸਿੰਘ ਮਾਨ ਸਮੇਤ ਵੱਖ-ਵੱਖ ਉੱਘੇ ਆਗੂ ਮਹਾਨ ਸੂਰਬੀਰ ਨੂੰ ਸ਼ਰਧਾਂਜਲੀਆਂ ਅਰਪਿਤ ਕਰਨਗੇ।

### ਐੱਸ ਡੀ ਐੱਮ ਵੱਲੋਂ ਬਲਾਕ ਦਫਤਰ ਦੀ ਚੈਕਿੰਗ

**ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)**-ਐੱਸ ਡੀ ਐੱਮ ਬਰਨਾਲਾ ਸ੍ਰੀ ਗੋਪਾਲ ਸਿੰਘ ਵੱਲੋਂ ਮਹਿਲ ਕਲਾਂ ਬਲਾਕ ਦਫਤਰ ਵਿੱਚ ਅਚਨਚੇਤ ਚੈਕਿੰਗ ਕੀਤੀ ਗਈ। ਇਸ ਮੌਕੇ ਐੱਸ ਡੀ ਐੱਮ ਗੋਪਾਲ ਸਿੰਘ ਵੱਲੋਂ ਬਲਾਕ ਮਹਿਲ ਕਲਾਂ ਵਿਖੇ ਦਫਤਰ ਦੇ ਰਿਕਾਰਡ ਤੇ ਦਫਤਰ ਦੀ ਸਫਾਈ ਸਬੰਧੀ ਚੈਕਿੰਗ ਕਰਨ ਉਪਰੰਤ ਮੌਕੇ 'ਤੇ ਮੌਜੂਦ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਪੰਜਾਬ ਸਰਕਾਰ ਦੀਆਂ ਹਦਾਇਤਾਂ ਦੇ ਮੁਤਾਬਕ ਦਫਤਰ ਦੇ ਰਿਕਾਰਡ ਤੇ ਆਲੇ-ਦੁਆਲੇ ਦੀ ਸਫਾਈ ਨੂੰ ਯਕੀਨੀ ਬਣਾਇਆ ਜਾਵੇ। ਉਨ੍ਹਾਂ ਅਧਿਕਾਰੀਆਂ ਨੂੰ ਇਹ ਵੀ ਕਿਹਾ ਕਿ ਆਮ ਲੋਕਾਂ ਦੇ ਕੰਮਾਂ ਨੂੰ ਪਹਿਲ ਦੇ ਆਧਾਰ 'ਤੇ ਕੀਤਾ ਜਾਵੇ ਤਾਂ ਜੋ ਲੋਕਾਂ ਨੂੰ ਸਰਕਾਰੀ ਦਫਤਰਾਂ ਵਿੱਚ ਖੱਜਲ ਖੁਆਰੀ ਦਾ ਸਾਹਮਣਾ ਨਾ ਕਰਨਾ ਪਵੇ। ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਦੇ ਹੁਕਮਾਂ ਤੇ ਡਿਪਟੀ ਕਮਿਸ਼ਨਰ ਬਰਨਾਲਾ ਸ੍ਰੀਮਤੀ ਪੂਨਮਦੀਪ ਕੌਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸਰਕਾਰੀ ਦਫਤਰਾਂ ਦੇ ਰਿਕਾਰਡ ਤੇ ਚੱਲ ਰਹੇ ਪ੍ਰਬੰਧਾਂ ਦਾ ਜਾਇਜ਼ਾ ਲਿਆ ਜਾ ਰਿਹਾ। ਇਸ ਮੌਕੇ ਬੀ ਡੀ ਪੀ ਓ ਮਹਿਲ ਕਲਾਂ ਮਨਜੋਤ ਸਿੰਘ, ਗੁਰਮੇਲ ਸਿੰਘ, ਗਗਨਦੀਪ ਸਿੰਘ, ਇੰਦਰਜੀਤ ਸਿੰਘ ਹਾਜ਼ਰ ਸਨ।

### ਰੰਜਿਸ਼ ਦੇ ਚੱਲਦਿਆਂ ਵਿਅਕਤੀ ਦੀ ਕੁੱਟਮਾਰ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਟੀ ਪੁਆਇੰਟ ਨਜ਼ਦੀਕ ਪਿੰਡ ਸਾਹਨ ਕੇ ਵਿਖੇ ਰੰਜਿਸ਼ ਦੇ ਚੱਲਦਿਆਂ ਇਕ ਵਿਅਕਤੀ ਦੀ ਕੁੱਟਮਾਰ ਕਰਕੇ ਜ਼ਖ਼ਮੀਂ ਕਰਨ ਦੇ ਦੋਸ਼ ਵਿੱਚ ਥਾਣਾ ਮਮਦੋਟ ਪੁਲਸ ਨੇ 4 ਵਿਅਕਤੀਆਂ ਖਿਲਾਫ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿੱਚ ਰਸ਼ਪਾਲ ਸਿੰਘ ਪੁੱਤਰ ਸੋਹਣ ਸਿੰਘ ਵਾਸੀ ਪਿੰਡ ਸੇਠਾਂ ਵਾਲਾ ਨੇ ਦੱਸਿਆ ਕਿ ਉਹ ਜੋ ਸਰੀਏ ਦੇ ਜਾਲ ਬੰਨ੍ਹਣ ਦਾ ਕੰਮ ਕਰਦਾ ਹੈ ਤੇ 19 ਮਾਰਚ 2023 ਨੂੰ ਆਪਣੇ ਕੰਮ ਤੋਂ ਵਾਪਸ ਆ ਰਿਹਾ ਸੀ। ਜਦ ਉਹ ਟੀ ਪੁਆਇੰਟ ਨੇੜੇ ਪਿੰਡ ਸਾਹਨ ਕੇ ਪਾਸ ਪੁੱਜਾ, ਜਿਥੇ ਦੋਸ਼ੀਆਨ ਸੁਖਬੀਰ ਸਿੰਘ ਪੁੱਤਰ ਬਲਵਿੰਦਰ ਸਿੰਘ ਸੇਠਾਂ ਵਾਲਾ, ਗੁਰਵਿੰਦਰ ਸਿੰਘ ਪੁੱਤਰ ਗੁਰਮੀਤ ਸਿੰਘ, ਗੁਰਦੇਵ ਸਿੰਘ ਪੁੱਤਰ ਗੁਰਮੀਤ ਸਿੰਘ, ਜਸਵਿੰਦਰ ਸਿੰਘ ਪੁੱਤਰ ਗੁਰਮੀਤ ਸਿੰਘ ਵਾਸੀਅਨ ਸਾਹਨ ਕੇ ਨੇ ਉਸ ਨੂੰ ਰੋਕ ਕੇ ਕੁੱਟਮਾਰ ਕੀਤੀ ਤੇ ਸੱਟਾਂ ਮਾਰੀਆਂ। ਵਜ੍ਹਾ ਰੰਜਿਸ਼ ਇਹ ਹੈ ਕਿ ਮੁਲਜ਼ਮ ਸੁਖਬੀਰ ਸਿੰਘ ਨੇ ਉਸ ਨੂੰ ਫੋਨ ਕੀਤਾ ਸੀ, ਜੋ ਉਸ ਨੇ ਨਹੀਂ ਚੁੱਕਿਆ, ਇਸੇ ਰੰਜਿਸ਼ ਕਰਕੇ ਉਸ ਦੀ ਕੁੱਟਮਾਰ ਕੀਤੀ ਤੇ ਸੱਟਾਂ ਮਾਰੀਆਂ। ਇਸ ਮਾਮਲੇ ਦੀ ਜਾਂਚ ਕਰ ਰਹੇ ਏ ਐੱਸ ਆਈ ਜਸਪਾਲ ਸਿੰਘ ਨੇ ਦੱਸਿਆ ਕਿ ਪੁਲਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਉਕਤ ਦੋਸ਼ੀਆਨ ਖਿਲਾਫ ਮਾਮਲਾ ਦਰਜ ਕਰ ਲਿਆ ਹੈ।

**ਮਾਮਲਾ ਬੇਕਾਬੂ ਟਰੱਕ ਨਾਲ ਸ਼ਹੀਦ ਭਗਤ ਸਿੰਘ ਦੇ ਬੁੱਤ ਦੇ ਹੋਏ ਨੁਕਸਾਨ ਦਾ**

# ਲਾਈਫ ਲਾਈਨ ਵੈੱਲਫੇਅਰ ਕਲੱਬ ਨੇ ਥਾਣਾ ਮੁਖੀ ਨੂੰ ਦਿੱਤਾ ਮੰਗ ਪੱਤਰ



ਲਾਈਫ ਲਾਈਨ ਵੈੱਲਫੇਅਰ ਕਲੱਬ ਦੇ ਮੈਂਬਰ ਰਮਨ ਅਰੋੜਾ, ਦਵਿੰਦਰ ਬੱਲੂ ਤੇ ਹੋਰ ਥਾਣਾ ਮੁਖੀ ਨੂੰ ਮੰਗ ਪੱਤਰ ਦਿੰਦੇ ਹੋਏ (ਸੱਜੇ) ਨੁਕਸਾਨਿਆ ਖੰਭਾ।

**ਬਾਘਾ ਪੁਰਾਣਾ (ਮਨੀ ਸਿੰਗਲਾ)**

ਲਾਈਫ ਲਾਈਨ ਵੈੱਲਫੇਅਰ ਕਲੱਬ ਵੱਲੋਂ ਸਾਲ 2021 ਵਿੱਚ ਬਾਘਾ ਪੁਰਾਣਾ ਦੇ ਮੇਨ ਚੌਕ ਵਿੱਚ ਸ਼ਹੀਦ ਭਗਤ ਸਿੰਘ ਦੇ ਬੁੱਤ ਦੇ ਆਲੇ-ਦੁਆਲੇ ਦੀ ਰਿਪੇਅਰ ਕੀਤੀ ਗਈ ਸੀ ਤੇ ਰਿਪੇਅਰ ਕਰਕੇ ਨਵੇਂ ਦਿੱਖ ਨਾਲ ਸ਼ਹੀਦ ਭਗਤ ਸਿੰਘ ਦਾ ਬੁੱਤ ਲਗਾਇਆ ਗਿਆ ਸੀ, ਜਿਸ ਦੇ ਆਲੇ-ਦੁਆਲੇ ਫਰਸ਼, ਰੇਲੰਗ ਤੇ ਲਾਈਟਾਂ ਵੀ ਲਗਾਈਆਂ ਗਈਆਂ ਸਨ ਅਤੇ ਸ਼ਹਿਰ ਬਾਘਾ ਪੁਰਾਣਾ ਦੀ ਇੱਕ ਨਵੀਂ ਦਿੱਖ ਬਣ ਗਈ ਸੀ, ਜੋ ਕਿ ਆਉਂਦੇ ਜਾਂਦੇ ਲੋਕਾਂ ਨੂੰ ਮੇਨ ਚੌਕ ਬਹੁਤ ਸੋਹਣਾ ਲੱਗਦਾ ਸੀ। ਉਸ ਤੋਂ ਬਾਅਦ ਵਿੱਚ ਕਲੱਬ ਵੱਲੋਂ ਮੇਨ ਚੌਕ 'ਚ ਰਿਫਲੈਕਟਰ ਵੀ ਲਗਾਏ ਗਏ ਸੀ, ਜੋ ਕਿ ਗੱਡੀਆਂ ਦੇ ਡਰਾਈਵਰਾਂ ਨੂੰ ਧੁੰਦ ਤੇ ਹਨੇਰੇ ਵਿੱਚ ਕੋਈ ਮੁਸ਼ਕਲ ਨਾ ਆ ਸਕੇ, ਪਰ ਬੀਤੇ ਦਿਨ ਵਾਪਰੀ ਇੱਕ ਘਟਨਾ ਦੌਰਾਨ ਸਵੇਰੇ ਇੱਕ ਟਰੱਕ ਡਰਾਈਵਰ ਵੱਲੋਂ ਟਰੱਕ ਪੂਰੀ ਤੇਜ਼ੀ ਨਾਲ ਲਿਆ ਕੇ ਮੇਨ ਚੌਕ ਵਿੱਚ ਬਣੇ ਸ਼ਹੀਦ ਭਗਤ ਸਿੰਘ ਦੇ ਬੁੱਤ ਨਾਲ ਲੱਗਦੀ ਕੰਧ ਨਾਲ ਟਕਰਾ ਗਿਆ, ਜਿਸ ਨਾਲ ਬਹੁਤ ਭਾਰੀ ਨੁਕਸਾਨ ਹੋ ਗਿਆ, ਜਿਸ ਨਾਲ ਥੜਾ ਤੇ ਕੰਧ ਦਾ ਕਾਫ਼ੀ ਨੁਕਸਾਨ ਹੋ ਗਿਆ ਅਤੇ ਉੱਪਰ ਲੱਗੀ ਰੇਲਿੰਗ ਵੀ ਭੰਨ ਕੇ ਰੱਖ ਦਿੱਤੀ ਅਤੇ ਨਾਲ ਲੱਗਾ ਬਿਜਲੀ ਦਾ ਖੰਭਾ ਵੀ ਡਿੱਗ ਪਿਆ, ਜਿਸ ਨਾਲ ਬਾਘਾ ਪੁਰਾਣਾ ਸ਼ਹਿਰ ਦੀ ਲਾਈਟ ਵੀ ਚਲੀ ਗਈ ਤੇ ਲੋਕਾਂ ਨੂੰ ਭਾਰੀ ਮੁਸ਼ਕਲ ਦਾ ਸਾਹਮਣਾ ਵੀ ਕਰਨਾ ਪਿਆ। ਕਲੱਬ ਦੇ ਮੈਂਬਰ ਰਮਨ ਅਰੋੜਾ, ਦਵਿੰਦਰ ਬੱਲੂ, ਕਮਲ ਗਰਗ, ਪਵਨ ਕੁਕਰੇਜਾ, ਵਿਜੇ ਮਿੱਤਲ, ਰਾਮ ਤੀਰਥ, ਹੇਮ ਰਾਜ ਤੇ ਹੋਰ ਮੈਂਬਰਾਂ ਵੱਲੋਂ ਇੱਕ ਮੰਗ ਪੱਤਰ ਤਿਆਰ ਕੀਤਾ ਗਿਆ, ਜੋ ਕਿ ਬਾਘਾ ਪੁਰਾਣਾ ਦੇ ਥਾਣਾ ਮੁਖੀ ਜਤਿੰਦਰ ਸਿੰਘ ਨੂੰ ਦਿੱਤਾ ਗਿਆ ਅਤੇ ਕਿਹਾ ਗਿਆ ਕਿ ਜੋ ਵੀ ਮੇਨ ਚੌਕ ਵਿੱਚ ਨੁਕਸਾਨ ਹੋਇਆ ਹੈ, ਉਹ 1 ਲੱਖ ਪੰਜਾਹ ਹਜ਼ਾਰ ਰੁਪਏ ਦਾ ਹੋਇਆ ਹੈ, ਜੋ ਵੀ ਟਰੱਕ ਡਰਾਈਵਰ ਦੇ ਖਿਲਾਫ ਬਣਦੀ ਕਾਰਵਾਈ ਹੈ, ਉਹ ਉਸ 'ਤੇ ਕੀਤੀ ਜਾਵੇ।

# ਬਰਸੀ 'ਤੇ ਵਿਸ਼ੇਸ਼ : ਦੇਸ਼ ਭਗਤ ਨਰਾਇਣ ਸਿੰਘ ਮੱਕੜ



ਦੇਸ਼ ਭਗਤ ਨਰਾਇਣ ਸਿੰਘ ਆਪਣੇ ਸਾਥੀਆਂ ਸਮੇਤ ਅੰਗਰੇਜ਼ ਹਕੂਮਤ ਦੀ ਗ੍ਰਿਫ਼ਤ ਦੌਰਾਨ।

ਅੱਜ ਜਿਸ ਆਜ਼ਾਦ ਫਿਜ਼ਾ ਵਿੱਚ ਅਸੀਂ ਸਾਹ ਲੈ ਰਹੇ ਹਾਂ, ਇਹ ਆਜ਼ਾਦੀ ਸਾਨੂੰ ਸਾਡੇ ਦੇਸ਼ ਭਗਤਾਂ ਨੇ ਆਪਣਾ ਖੂਨ ਬਹਾ ਕੇ ਦਿਵਾਈ ਹੈ। ਅੰਗਰੇਜ਼ਾਂ ਨੂੰ ਭਾਰਤ ਵਿੱਚੋਂ ਕੱਢਣ ਲਈ ਪੂਰੇ ਕੌਮ ਦੇ ਦੇਸ਼ ਭਗਤਾਂ ਨੇ ਆਪਣਾ ਯੋਗਦਾਨ ਦਿੱਤਾ ਹੈ। ਇਸੇ ਤਰ੍ਹਾਂ ਦੀ ਰਾਸ਼ਟਰੀਅਤਾ ਦਾ ਸਬੂਤ ਮਲੋਟ ਵਾਸੀ ਆਜ਼ਾਦੀ ਘੁਲਾਟੀਏ ਨਰਾਇਣ ਸਿੰਘ ਮੱਕੜ ਨੇ ਵੀ ਦਿੱਤਾ। ਸ੍ਰ. ਨਰਾਇਣ ਸਿੰਘ ਉਨ੍ਹਾਂ ਦੇਸ਼ ਭਗਤਾਂ ਵਿੱਚੋਂ ਹਨ, ਜਿਨ੍ਹਾਂ ਦੀ ਘਾਲਣਾ ਦਾ ਇਤਿਹਾਸ ਵਿੱਚ ਕਿਤੇ ਦੂਰ ਨੇੜੇ ਦਾ ਜ਼ਿਕਰ ਤੱਕ ਨਹੀਂ ਮਿਲਦਾ, ਪ੍ਰੰਤੂ ਅੰਗਰੇਜ਼ ਹਕੂਮਤ ਦੀ ਲੁੱਟ ਖਸੁੱਟ ਵਾਲੇ ਢਾਂਚੇ ਵਿਰੁੱਧ ਕੀਤੀ ਜੱਦੋ-ਜਹਿਦ ਤੇ ਨਿਭਾਏ ਕਿਰਦਾਰ ਕਾਰਨ ਉਹ ਲੋਕਾਂ ਦੇ ਮਨ ਵਿੱਚ ਵਸੇ ਹੋਏ ਹਨ। ਪਾਕਿਸਤਾਨ ਦੇ ਜ਼ਿਲ੍ਹਾ ਮੀਆਂਵਾਲੀ 'ਚ 1910 ਵਿੱਚ ਜਨਮੇ ਨਰਾਇਣ ਸਿੰਘ ਦੇਸ਼ ਪ੍ਰੇਮ ਦੇ ਜਜ਼ਬੇ ਵੱਸ ਬ੍ਰਿਟਿਸ਼ ਸਾਮਰਾਜ ਵਿਰੁੱਧ ਸੰਘਰਸ਼ ਕਰ ਰਹੀਆਂ ਜਥੇਬੰਦੀਆਂ ਨਾਲ ਅਭੋਲ ਹੀ ਜੁੜ ਗਏ ਤੇ ਹਕੂਮਤ ਵਿਰੋਧੀ ਕਾਰਵਾਈਆਂ ਕਾਰਨ ਇੱਕ ਵਾਰ ਜੇਲ੍ਹ ਵੀ ਗਏ। ਸੰਨ 1944 ਦੌਰਾਨ ਅੰਗਰੇਜ਼ ਹਕੂਮਤ ਵੱਲੋਂ ਲਗਾਏ ਟੈਕਸ ਦਾ ਡੱਟਵਾਂ ਵਿਰੋਧ ਕਰਦਿਆਂ ਆਪਣੇ ਸਾਥੀਆਂ ਭਾਈ ਰਾਮ ਸਿੰਘ, ਮੋਹਰ ਸਿੰਘ ਆਦਿ ਨਾਲ ਕੁੱਝ ਸਮਾਂ ਗਿੱਦੜਬਾਹਾ ਦੀ ਜੇਲ੍ਹ ਵਿੱਚ ਰਹੇ। 1947 ਦੀ ਵੰਡ ਦੇ ਦੁਖਾਂਤ ਵੇਲੇ ਆਪਣੀ ਪਤਨੀ ਸ੍ਰੀਮਤੀ ਹਰਭਜਨ ਕੌਰ ਨਾਲ ਰਾਜਸਥਾਨ ਦੇ ਜ਼ਿਲ੍ਹਾ ਗੰਗਾਨਗਰ ਵਿੱਚ ਕੁੱਝ ਸਮਾਂ ਬਿਤਾਉਣ ਮਗਰੋਂ ਮਲੋਟ ਵਿੱਚ ਆ ਵਸੇ, ਜਿੱਥੇ ਲੰਬੀ ਬਿਮਾਰੀ ਮਗਰੋਂ 24 ਮਾਰਚ ਸੰਨ 1988 ਵਿੱਚ ਸਵਰਗਵਾਸ ਹੋ ਗਏ। ਦੇਸ਼ ਪਿਆਰ ਦੀ ਸੁਲਗਦੀ ਚਿਣਗ ਨੂੰ ਕਾਇਮ ਰੱਖਦਿਆਂ ਉਨ੍ਹਾਂ ਦੇ ਬੇਟੇ ਪ੍ਰੀਤਮ ਸਿੰਘ, ਅਮਰਜੀਤ ਸਿੰਘ, ਗੁਰਮੀਤ ਸਿੰਘ ਤੇ ਬੇਟੀਆਂ ਦਲਜੀਤ ਕੌਰ, ਸੁਰਜੀਤ ਕੌਰ, ਜੋਗਿੰਦਰ ਕੌਰ ਆਪਣੇ ਪਿਤਾ ਦੇ ਪਾਏ ਪੂਰਨਿਆਂ 'ਤੇ ਚੱਲਦਿਆਂ ਸਮਾਜ ਸੇਵਾ ਦੇ ਕੰਮਾਂ ਵਿੱਚ ਅਹਿਮ ਭੂਮਿਕਾ ਨਿਭਾਅ ਰਹੇ ਹਨ। ਅੱਜ ਉਨ੍ਹਾਂ ਦੀ 35ਵੀਂ ਬਰਸੀ 'ਤੇ ਇੱਕ ਸੰਖੇਪ ਸਮਾਗਮ ਸਥਾਨਕ ਗੁਰਦੁਆਰਾ ਭਾਈ ਜਗਤਾ ਜੀ ਵਿਖੇ ਕਰਵਾਇਆ ਜਾ ਰਿਹਾ ਹੈ, ਜਿਸ ਵਿੱਚ ਉਨ੍ਹਾਂ ਦੇ ਪਰਿਵਾਰਕ ਮੈਂਬਰ, ਰਿਸ਼ਤੇਦਾਰ, ਮਿੱਤਰ ਤੇ ਸਨੇਹੀ ਸ਼ਰਧਾ ਦੇ ਫੁੱਲ ਭੇਟ ਕਰਨਗੇ।

**-ਗੁਰਮੀਤ ਸਿੰਘ ਮੱਕੜ, ਮਲੋਟ**

## ਹਿੰਦੂ ਨਵੇਂ ਸਾਲ ਤੇ ਬਗਲਾਮੁਖੀ ਮਾਤਾ ਦੇ ਮੰਦਰ 'ਚ ਕਰਵਾਇਆ ਹਵਨ



**ਖੰਨਾ (ਸੁਖਵਿੰਦਰ ਸਿੰਘ ਭਾਦਲਾ, ਪਰਮਿੰਦਰ ਸਿੰਘ ਮੋਨੂੰ)**

ਹਿੰਦੂ ਕਲੰਡਰ ਦੇ ਨਵੇਂ ਸਾਲ ਅਤੇ ਚੇਤ ਦੇ ਨਰਾਤਿਆਂ ਦੇ ਸ਼ੁਰੂ ਹੋਣ ਦੀ ਖੁਸ਼ੀ ਵਿੱਚ ਖੰਨਾ ਦੇ ਨਿਊ ਫਰੈਂਡਜ਼ ਕਾਲੋਨੀ ਵਿੱਚ ਸਥਿਤ ਮਾਤਾ ਬਗਲਾਮੁਖੀ ਮੰਦਰ ਵਿਖੇ ਹਵਨ ਕਰਵਾਇਆ ਗਿਆ। ਇਸ ਮੌਕੇ ਪੰਡਿਤ ਜੈ ਸ਼ਾਸਤਰੀ ਤੇ ਪੰਡਿਤ ਦੇਵੇਸਵਰ ਸ਼ਾਸਤਰੀ ਨੇ ਆਉਣ ਵਾਲੀ ਸੰਗਤ ਨੂੰ ਨਵੇਂ ਸਾਲ ਦਾ ਮਹੱਤਵ ਦੱਸਿਆ। ਇਸ ਹਵਨ ਵਿੱਚ ਸਾਰੇ ਸ਼ਹਿਰ ਤੋਂ ਲੋਕਾਂ ਨੇ ਪਹੁੰਚ ਕੇ ਮਾਤਾ ਦਾ ਅਸ਼ੀਰਵਾਦ ਲਿਆ ਤੇ ਮਾਤਾ ਅੱਗੇ ਅਰਦਾਸ ਕੀਤੀ ਕਿ ਇਹ ਨਵਾਂ ਸਾਲ ਸਭ ਲਈ ਖੁਸ਼ੀਆਂ ਭਰਿਆ ਰਹੇ। ਇਸ ਮੌਕੇ ਵੱਡੀ ਗਿਣਤੀ 'ਚ ਸ਼ਰਧਾਲੂ ਪਹੁੰਚੇ। ਇਸ ਮੌਕੇ ਪੰਡਿਤ ਜੈ ਸ਼ਾਸਤਰੀ ਨੇ 28 ਅਪ੍ਰੈਲ ਨੂੰ ਮਾਤਾ ਬਾਗਲਾਮੁਖੀ ਜਯੰਤੀ ਦੇ ਦਿਨ ਆਉਣ ਲਈ ਸਾਰਿਆਂ ਨੂੰ ਸੱਦਾ ਦਿੱਤਾ। ਉਨ੍ਹਾ ਕਿਹਾ ਕਿ 28 ਅਪ੍ਰੈਲ ਨੂੰ ਮਾਤਾ ਬਾਗਲਮੁਖੀ ਜਯੰਤੀ ਨਿਊ ਫਰੈਂਡਜ਼ ਕਾਲੋਨੀ ਖੰਨਾ ਵਿਖੇ ਸਥਿਤ ਮਾਤਾ ਬਗਲਾਮੁਖੀ ਦੇ ਮੰਦਰ ਵਿੱਚ ਧੂਮ ਧਾਮ ਨਾਲ ਮਨਾਈ ਜਾਵੇਗੀ। ਇਸ ਸ਼ੁੱਭ ਦਿਹਾੜੇ 'ਤੇ ਸਾਰਿਆਂ ਨੂੰ ਮਾਤਾ ਦੇ ਮੰਦਰ ਵਿੱਚ ਆ ਕੇ ਮਾਤਾ ਦਾ ਅਸ਼ੀਰਵਾਦ ਜ਼ਰੂਰ ਲੈਣਾ ਚਾਹੀਦਾ ਹੈ।

## ਗੁਰੂ ਨਾਨਕ ਨੈਸ਼ਨਲ ਕਾਲਜ ਵਿਖੇ ਕਿੱਤਾਮੁਖੀ ਵਰਕਸ਼ਾਪ ਲਗਾਈ



**ਦੋਰਾਹਾ (ਹਰਮਿੰਦਰ ਸੇਠ)**

ਗੁਰੂ ਨਾਨਕ ਨੈਸ਼ਨਲ ਕਾਲਜ ਦੋਰਾਹਾ ਵਿਖੇ ਬੀ. ਏ. ਭਾਗ ਤੀਜਾ ਦੇ ਵਿਦਿਆਰਥੀਆਂ ਲਈ ਕੈਰੀਅਰ ਗਾਈਡੈਂਸ ਵਰਕਸ਼ਾਪ ਲਗਾਈ ਗਈ। ਇਹ ਜਾਣਕਾਰੀ ਦਿੰਦਿਆਂ ਕੈਰੀਅਰ ਗਾਈਡੈਂਸ ਤੇ ਕਾਊਂਸਲਿੰਗ ਸੈੱਲ ਦੇ ਡੀਨ ਪ੍ਰੋ. ਰਣਜੀਤ ਕੌਰ ਨੇ ਦੱਸਿਆ ਕਿ ਆਪਣੀ ਡਿਗਰੀ ਮੁਕੰਮਲ ਕਰਨ ਜਾ ਰਹੇ ਵਿਦਿਆਰਥੀਆਂ ਦੇ ਕਿੱਤਾਮੁਖੀ ਮਾਰਗਦਰਸ਼ਨ ਲਈ ਕੈਰੀਅਰ ਗਾਈਡੈਂਸ ਸੈੱਲ ਤੇ ਪੋਸਟਗ੍ਰੈਜੂਏਟ ਪੰਜਾਬੀ ਵਿਭਾਗ ਦੁਆਰਾ 'ਕਲਰਕੀ ਅਸਾਮੀਆਂ : ਮੁੱਢਲੀਆਂ ਯੋਗਤਾਵਾਂ ਤੇ ਪੰਜਾਬੀ ਟਾਈਪਿੰਗ' ਵਿਸ਼ੇ ਉੱਤੇ ਇੱਕ ਵਰਕਸ਼ਾਪ ਦਾ ਆਯੋਜਨ ਕੀਤਾ, ਜਿਸ ਵਿੱਚ ਡਾ. ਗੁਰਪ੍ਰੀਤ ਸਿੰਘ ਨੇ ਵਿਦਿਆਰਥੀਆਂ ਨੂੰ ਕੈਰੀਅਰ ਸੰਬੰਧੀ ਸੇਧ ਦਿੰਦਿਆਂ ਸਰਕਾਰੀ ਦਫ਼ਤਰਾਂ ਤੇ ਅਦਾਰਿਆਂ ਵਿੱਚ ਕਲਰਕਾਂ ਦੀਆਂ ਅਸਾਮੀਆਂ ਲਈ ਲੋੜੀਂਦੀਆਂ ਮੁੱਢਲੀਆਂ ਯੋਗਤਾਵਾਂ ਸੰਬੰਧੀ ਚਰਚਾ ਕੀਤੀ। ਇਸ ਤੋਂ ਇਲਾਵਾ ਇਸ ਵਰਕਸ਼ਾਪ ਵਿੱਚ ਵਿਦਿਆਰਥੀਆਂ ਨੂੰ ਯੂਨੀਕੋਡ ਪੰਜਾਬੀ ਟਾਈਪਿੰਗ ਬਾਰੇ ਜਾਣਕਾਰੀ ਦਿੰਦਿਆਂ ਕੰਪਿਊਟਰ ਉੱਤੇ ਪੰਜਾਬੀ ਲਿਖਣ ਦੀਆਂ ਵਿਧੀਆਂ ਤੇ ਤਕਨੀਕਾਂ ਬਾਰੇ ਸਿਖਾਇਆ ਗਿਆ ਤਾਂ ਕਿ ਉਹ ਕਲਰਕ ਦੀਆਂ ਅਸਾਮੀਆਂ ਲਈ ਲੋੜੀਂਦੀ ਟਾਈਪਿੰਗ ਸਪੀਡ ਲਈ ਅਭਿਆਸ ਕਰ ਸਕਣ। ਡਾ. ਗੁਰਪ੍ਰੀਤ ਸਿੰਘ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਦੱਸਿਆ ਕਿ ਕਿਸ ਤਰ੍ਹਾਂ ਅਜੋਕੇ ਤਕਨੀਕੀ ਯੁੱਗ ਵਿੱਚ ਪੰਜਾਬੀ ਭਾਸ਼ਾ ਨੂੰ ਕੰਪਿਊਟਰ ਨਾਲ ਜੋੜ ਕੇ ਕਿੱਤਾਮੁਖੀ ਬਣਾਇਆ ਜਾ ਸਕਦਾ ਹੈ। ਇਸ ਵਰਕਸ਼ਾਪ ਦੀ ਸਫਲਤਾ ਲਈ ਕਾਲਜ ਪ੍ਰਬੰਧਕੀ ਕਮੇਟੀ ਦੇ ਅਹੁਦੇਦਾਰਾਂ, ਮੈਂਬਰ ਸਾਹਿਬਾਨ ਤੇ ਕਾਰਜਕਾਰੀ ਪ੍ਰਿੰਸੀਪਲ ਡਾ. ਨਿਰਲੇਪ ਕੌਰ ਨੇ ਕੈਰੀਅਰ ਗਾਈਡੈਂਸ ਦੀ ਸਮੁੱਚੀ ਟੀਮ ਨੂੰ ਮੁਬਾਰਕਬਾਦ ਦਿੱਤੀ।

## ਬੀ ਕੇ ਯੂ ਏਕਤਾ ਉਗਰਾਹਾਂ ਦਾ ਧਰਨਾ ਜਾਰੀ



**ਬਰੇਟਾ (ਗੋਬਿੰਦ ਸ਼ਰਮਾ)**-ਕਿਸਾਨਾਂ ਦੀ ਜ਼ਮੀਨ 'ਤੇ ਫੇਰੀ ਲਾਲ ਇੰਟਰੀ ਨੂੰ ਹਟਾਉਣ ਲਈ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਵੱਲੋਂ ਐੱਸ ਡੀ ਐੱਮ ਦਫਤਰ ਬੁਢਲਾਡਾ ਵਿਖੇ ਚੱਲ ਰਿਹਾ ਧਰਨਾ 36ਵੇਂ ਦਿਨ 'ਚ ਦਾਖਲ ਹੋ ਗਿਆ ਹੈ।

ਇਸ ਧਰਨੇ ਨੂੰ ਸੰਬੋਧਨ ਕਰਦਿਆਂ ਬਲਾਕ ਪ੍ਰਧਾਨ ਜੋਗਿੰਦਰ ਸਿੰਘ ਦਿਆਲਪੁਰਾ ਨੇ ਕਿਹਾ ਕਿ ਇਥੋਂ ਦਾ ਸਿਵਲ ਪ੍ਰਸ਼ਾਸਨ ਨੇ ਸੁਪਰੀਮ ਕੋਰਟ ਦੀ ਆੜ ਵਿੱਚ ਕਿਸਾਨਾਂ ਦੀ ਸੈਂਕੜੇ ਏਕੜ ਜ਼ਮੀਨ 'ਤੇ ਲਾਲ ਇੰਟਰੀ ਫੇਰ ਦਿੱਤੀ ਹੈ। ਸੁਪਰੀਮ ਕੋਰਟ ਵੱਲੋਂ ਕੀਤੇ ਹੁਕਮਾਂ ਵਿੱਚ ਕਿਤੇ ਵੀ ਇਹ ਗੱਲ ਦਰਜ ਨਹੀਂ ਕਿ ਪਰਲ ਕੰਪਨੀ ਦੀ ਜ਼ਮੀਨ ਤੋਂ ਇਲਾਵਾ ਦੂਜੇ ਕਿਸਾਨਾਂ ਦੀ ਜ਼ਮੀਨ 'ਤੇ ਵੀ ਲਾਲ ਇੰਟਰੀ ਫੇਰ ਦੇਵੋ। ਇਸ ਕਰਕੇ ਕਿਸਾਨਾਂ ਦੇ ਸਾਰੇ ਕੰਮ ਰੁਕੇ ਪਏ ਹਨ। ਉਨ੍ਹਾਂ ਕਿਹਾ ਕਿ ਪਰਲ ਕੰਪਨੀ ਦੀ ਜ਼ਮੀਨ ਤੋਂ ਇਲਾਵਾ ਦੂਜੇ ਕਿਸਾਨਾਂ ਦੀ ਜ਼ਮੀਨ ਤੋਂ ਲਾਲ ਇੰਟਰੀ ਹਟਾਉਣ ਲਈ ਜੇਕਰ ਕੁਝ ਦਿਨਾਂ 'ਚ ਕਿਸਾਨਾਂ ਦਾ ਮਾਮਲਾ ਹੱਲ ਨਾ ਹੋਇਆ ਤਾਂ ਸੰਘਰਸ਼ ਤੇਜ਼ ਕੀਤਾ ਜਾਵੇਗਾ। ਇਸ ਮੌਕੇ ਜਰਨੈਲ ਸਿੰਘ, ਜਗਰਾਜ ਸਿੰਘ, ਬਲਵਿੰਦਰ ਸਿੰਘ, ਰੋਹੀ ਸਿੰਘ, ਦਰਸ਼ਨ ਸਿੰਘ ਨੇ ਵੀ ਸੰਬੋਧਨ ਕੀਤਾ।

## ਮੁਸਲਿਮ ਭਲਾਈ ਯੁਵਾ ਵੈੱਲਫ਼ੇਅਰ ਕਲੱਬ ਵੱਲੋਂ ਦਿੱਤੇ ਵਾਟਰ ਕੂਲਰ ਦਾ ਡੀ ਸੀ ਨੇ ਕੀਤਾ ਉਦਘਾਟਨ




**ਮੋਗਾ (ਅਮਰਜੀਤ ਬੱਬਰੀ)**-ਗਰਮੀਆਂ ਦੀ ਰੁੱਤ ਨੂੰ ਦੇਖਦਿਆਂ ਸਥਾਨਕ ਮਦੀਨਾ ਮਸਜਿਦ ਬਹੋਨਾ ਚੌਕ ਵਿਖੇ ਮੁਸਲਿਮ ਭਲਾਈ ਯੁਵਾ ਵੈੱਲਫ਼ੇਅਰ ਕਲੱਬ ਵੱਲੋਂ ਫਿਲਟਰ ਤੇ ਵਾਟਰ ਕੂਲਰ ਦਿੱਤਾ ਗਿਆ। ਇਸ ਮੌਕੇ ਮੁੱਖ ਮਹਿਮਾਨ ਡਿਪਟੀ ਕਮਿਸ਼ਨਰ ਕੁਲਵੰਤ ਸਿੰਘ ਮੋਗਾ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਮੁਸਲਿਮ ਭਲਾਈ ਯੁਵਾ ਵੈੱਲਫ਼ੇਅਰ ਕਲੱਬ ਵੱਲੋਂ ਕਲੱਬ ਦੇ ਪ੍ਰਧਾਨ ਅਮਜ਼ਦ ਖ਼ਾਨ ਤੇ ਮੌਜੂਦ ਅਹੁਦੇਦਾਰਾਂ ਅਤੇ ਮੈਂਬਰਾਂ ਨੇ ਉਨ੍ਹਾਂ ਦਾ ਸਵਾਗਤ ਕਰਦਿਆਂ ਸਿਰੋਪਾਓ ਤੇ ਫ਼ੁੱਲਾਂ ਦਾ ਬੁੱਕਾ ਦੇ ਕੇ ਜੀ ਆਇਆਂ ਆਖਿਆ। ਇਸ ਉਪਰੰਤ ਮਾਣਯੋਗ ਡਿਪਟੀ ਕਮਿਸ਼ਨਰ ਸਾਹਿਬ ਨੇ ਵਾਟਰ ਕੂਲਰ ਤੇ ਫ਼ਿਲਟਰ ਦਾ ਉਦਘਾਟਨ ਕੀਤਾ ਅਤੇ ਕਲੱਬ ਵੱਲੋਂ ਕੀਤੇ ਇਸ ਉਪਰਾਲੇ ਦੀ ਸ਼ਲਾਘਾ ਕੀਤੀ। ਮਸਜਿਦ ਦੇ ਈਮਾਮ ਸਾਹਿਬ ਹਾਫ਼ਿਜ਼ ਸੱਦਾਮ ਹੁਸੈਨ ਨੇ ਇਸਲਾਮ ਤੇ ਭਾਈਚਾਰਕ ਸਾਂਝ ਬਾਰੇ ਜਾਣਕਾਰੀ ਦਿੱਤੀ। ਕਲੱਬ ਦੇ ਪ੍ਰਧਾਨ ਤੇ ਆਪਣੇ ਸਮੁੱਚੇ ਸਾਥੀਆਂ ਵੱਲੋਂ ਡਿਪਟੀ ਕਮਿਸ਼ਨਰ ਸਾਹਿਬ ਦਾ ਆਪਣੇ ਕੀਮਤੀ ਰੁਝੇਵੀਆਂ ਵਿੱਚੋਂ ਸਮਾਂ ਕੱਢ ਕੇ ਇਥੇ ਪਹੁੰਚਣ ਲਈ ਧੰਨਵਾਦ ਕੀਤਾ।

ਇਸ ਮੌਕੇ ਕਲੱਬ ਦੇ ਜਰਨਲ ਸਕੱਤਰ ਰਿਆਜ਼ ਮੁਹੰਮਦ, ਕੈਸ਼ੀਅਰ ਮੋਬੀਨ ਅਲੀ ਬਨਾਰਸੀ, ਮੈਂਬਰ ਮੁਹੰਮਦ ਫ਼ੁਰਕਾਨ ਕੁਰੈਸ਼ੀ, ਮੈਂਬਰ ਹੈਦਰ ਅਲੀ ਤੇ ਰੁਸਤਮ ਅਨਸਾਰੀ, ਸ਼ਾਬਾਦ ਕੁਰੈਸ਼ੀ, ਮੁਰਸਲੀਨ ਕੁਰੈਸ਼ੀ, ਮੁਹੰਮਦ ਅਨਸ, ਨਦੀਮ ਕੁਰੈਸ਼ੀ, ਗੁਰਪ੍ਰੀਤ ਸਿੰਘ, ਮੱਖਣ ਰਾਜਸਥਾਨੀ, ਸੋਨੂੰ ਹੇਅਰ, ਵਕੀਲ ਮਹਿਰੋਂ ਆਦਿ ਹਾਜ਼ਰ ਸਨ।

## ਪੰਜਾਬ ਸਰਕਾਰ ਤਬਾਹ ਫਸਲਾਂ ਦੀ ਤੁਰੰਤ ਗਿਰਦਾਵਰੀ ਕਰਾ ਕੇ ਮੁਆਵਜ਼ਾ ਦੇਵੇ : ਗੁਰਸ਼ਰਨ ਰੰਧਾਵਾ



**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**-ਪੰਜਾਬ ਮਹਿਲਾ ਕਾਂਗਰਸ ਦੀ ਪ੍ਰਧਾਨ ਬੀਬੀ ਗੁਰਸਰਨ ਕੌਰ ਰੰਧਾਵਾ ਨੇ ਕਿਹਾ ਕੇ ਬੀਤੇ ਦਿਨੀਂ ਭਾਰੀ ਬਾਰਿਸ਼, ਗੜੇਮਾਰੀ ਤੇ ਤੇਜ਼ ਹਵਾਵਾਂ ਨਾਲ ਕਿਸਾਨਾਂ ਵੱਲੋਂ ਪੁੱਤਾਂ ਵਾਂਗ ਪਾਲੀਆਂ ਫਸਲਾਂ ਬੁਰੀ ਤਰ੍ਹਾਂ ਤਬਾਹ ਹੋਈਆਂ ਹਨ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਕਣਕ, ਆਲੂ, ਸਰ੍ਹੋਂ ਸਮੇਤ ਹੋਰ ਨੁਕਸਾਨੀਆਂ ਫਸਲਾਂ ਦੀ ਤੁਰੰਤ ਸਪੈਸ਼ਲ ਗਿਰਦਾਵਰੀ ਕਰਾ ਕੇ ਪ੍ਰਭਾਵਿਤ ਕਿਸਾਨਾਂ ਨੂੰ ਮੁਆਵਜ਼ਾ ਦੇਵੇ। ਉਨ੍ਹਾਂ ਕਿਹਾ ਕਿ ਭਗਵੰਤ ਮਾਨ ਸਰਕਾਰ ਨੇ ਹਲਕਾ ਸਮਾਣਾ ਦੇ ਕਈ ਕਿਸਾਨਾਂ ਨੂੰ ਪਿਛਲਾ ਮੁਆਵਜ਼ਾ ਵੀ ਨਹੀਂ ਦਿੱਤਾ, ਜਿਸ 'ਤੇ ਕਿਸਾਨ ਧਰਨੇ ਮੁਜ਼ਾਹਰੇ ਕਰਕੇ ਅੱਕ ਚੁੱਕੇ ਹਨ ਤੇ ਹੁਣ ਉਨ੍ਹਾਂ ਨੂੰ ਨਵੀਂ ਕਰੋਪੀ ਦਾ ਸ਼ਿਕਾਰ ਹੋਣਾ ਪਿਆ ਹੈ। ਬੀਬੀ ਰੰਧਾਵਾ ਨੇ ਕਿਹਾ ਕਿ ਕਿਸਾਨਾਂ ਵੱਲੋਂ ਬੈਂਕਾਂ ਤੇ ਆੜ੍ਹਤੀਆਂ ਤੋਂ ਕਰਜ਼ਾ ਚੁੱਕ ਕੇ ਆਪਣੀ ਫਸਲ ਨੂੰ ਪਾਲਣ ਲਈ ਵਰਤਿਆ ਜਾਂਦਾ ਹੈ ਤੇ ਹੁਣ ਉਨ੍ਹਾਂ ਲਈ ਇਹ ਕਰਜ਼ਾ ਮੋੜਨਾ ਮੁਸ਼ਕਲ ਹੋਵੇਗਾ। ਉਨ੍ਹਾ ਕਿਹਾ ਕਿ ਆਪ ਸਰਕਾਰ ਹਮੇਸ਼ਾ ਕਿਸਾਨ ਹਤਾਇਸ਼ੀ ਹੋਣ ਦੀਆਂ ਵੱਡੀਆਂ ਵੱਡੀਆਂ ਗੱਲਾਂ ਕਰਦੀ ਸੀ, ਇਸ ਲਈ ਅੱਜ ਉਸ ਵਾਸਤੇ ਪਰਖ ਦੀ ਘੜੀ ਹੈ। ਇਸ ਮੌਕੇ ਉਨ੍ਹਾ ਨਾਲ ਬਲਾਕ ਮਹਿਲਾ ਕਾਂਗਰਸ ਪਸਿਆਣਾ ਦੇ ਪ੍ਰਧਾਨ ਮਨਦੀਪ ਚੌਹਾਨ, ਸਰਪੰਚ ਹਰਜੀਤ ਬਠੋਈ, ਜੋਬਨ ਸਿੰਘ ਧਰਮਹੇੜੀ, ਮਨਦੀਪ ਸਿੰਘ ਸੱਸਾ, ਬਘੇਲ ਸਿੰਘ ਬੰਮਨਾ, ਗੁਰਪ੍ਰੀਤ ਬੈਦਵਾਨ, ਤਰਲੋਚਨ ਸਿਉਨਾ, ਕੁਲਵਿੰਦਰ ਰੰਧਾਵਾ ਸਮੇਤ ਕਈ ਕਿਸਾਨ ਆਗੂ ਮੌਜੂਦ ਸਨ।

## ਮਾਤਾ ਨੈਣਾ ਦੇਵੀ ਵਿਖੇ ਲੰਗਰ ਲਈ ਰਾਸ਼ਨ ਦਾ ਟਰੱਕ ਰਵਾਨਾ



ਸ਼ਰਧਾਲੂਆਂ ਲਈ ਰਹਿਣ ਦਾ ਪ੍ਰਬੰਧ ਵੀ ਕੀਤਾ ਜਾਂਦਾ ਹੈ।

**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਮਾਤਾ ਨੈਣਾ ਦੇਵੀ (ਹਿਮਾਚਲ ਪ੍ਰਦੇਸ਼) ਵਿਖੇ ਚੇਤ ਦੇ ਨਵਰਾਤਰਿਆਂ ਦੇ ਸ਼ੁੱਭ ਅਵਸਰ 'ਤੇ ਦਰਸ਼ਨਾਂ ਲਈ ਜਾਂਦੇ ਸ਼ਰਧਾਲੂਆਂ ਲਈ ਦੁਰਗਾ ਸ਼ਕਤੀ ਮੰਦਿਰ ਕਮੇਟੀ ਮਾਛੀਵਾੜਾ ਵੱਲੋਂ ਹਰੇਕ ਸਾਲ ਲਗਾਏ ਜਾਂਦੇ ਲੰਗਰ ਲਈ ਰਾਸ਼ਨ ਦਾ ਟਰੱਕ ਰਵਾਨਾ ਕੀਤਾ ਗਿਆ। ਮੰਦਿਰ ਕਮੇਟੀ ਦੇ ਸਰਪ੍ਰਸਤ ਪ੍ਰੇਮ ਅਗਰਵਾਲ, ਡਾ. ਕੇਵਲ ਕ੍ਰਿਸ਼ਨ ਤੇ ਹੰਸ ਰਾਜ ਕਾਲੜਾ ਨੇ ਸੰਯੁਕਤ ਰੂਪ ਵਿੱਚ ਅੱਜ ਝੰਡੀ ਦਿਖਾ ਕੇ ਇਹ ਰਾਸ਼ਨ ਦਾ ਟਰੱਕ ਰਵਾਨਾ ਕੀਤਾ ਗਿਆ।

ਇਸ ਮੌਕੇ ਪ੍ਰਧਾਨ ਨੰਦ ਕਿਸ਼ੋਰ ਨੇ ਦੱਸਿਆ ਕਿ ਇਲਾਕਾ ਨਿਵਾਸੀਆਂ ਦੇ ਸਹਿਯੋਗ ਨਾਲ ਨਵਰਾਤਰਿਆਂ ਮੌਕੇ ਨੈਣਾ ਦੇਵੀ ਦੇ ਦਰਸ਼ਨਾਂ ਲਈ ਜਾਂਦੇ ਸ਼ਰਧਾਲੂਆਂ ਲਈ ਆਨੰਦਪੁਰ ਸਾਹਿਬ ਤੋਂ ਕੌਲਾਂ ਵਾਲਾ ਟੋਭਾ (ਨੇੜੇ ਨੈਣਾ ਦੇਵੀ) ਨੂੰ ਜਾਂਦੀ ਸੜਕ ਉੱਪਰ ਸਥਿਤ ਧਰਮਸ਼ਾਲਾ ਭੂਰੀ ਵਾਲੇ ਵਿਖੇ 29 ਮਾਰਚ ਤੱਕ ਲੰਗਰ ਲਗਾਇਆ ਜਾਵੇਗਾ ਤੇ ਸ਼ਰਧਾਲੂਆਂ ਲਈ ਰਹਿਣ ਦਾ ਪ੍ਰਬੰਧ ਵੀ ਕੀਤਾ ਜਾਂਦਾ ਹੈ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਪ੍ਰਮੋਦ ਜੈਨ, ਰਜਿੰਦਰ ਵਰਮਾ, ਜਨਕਰਾਜ ਨਾਗਪਾਲ, ਸੁਰਿੰਦਰ ਵਰਮਾ, ਰਾਕੇਸ਼ ਵਰਮਾ, ਮਹਿੰਦਰਪਾਲ ਜੈਨ, ਪੰਡਿਤ ਦੀਪਕ ਸ਼ਰਮਾ, ਡਿਪਟੀ ਸਗੀਨ, ਅੰਕਿਤ ਸੇਠੀ, ਵਿੱਕੀ ਗੁਪਤਾ, ਦੁਸ਼ਅੰਤ ਕੌਸ਼ਲ, ਰਾਜੇਸ਼ ਸ਼ਰਮਾ, ਬਾਵਾ ਸ਼ਰਮਾ, ਸੰਨੀ ਓਹਰੀ,


**ਉੱਤਰ ਰੇਲਵੇ**

**ਈ-ਨਿਵਿਦਾ ਸੂਚਨਾ**

G20 ਆਜ਼ਾਦੀ ਕਾ ਅੰਮ੍ਰਿਤ ਮਹੋਤਸਵ

ਮੰਡਲ ਇੰਜੀਨੀਅਰ-ਤੀਜਾ, ਫਿਰੋਜ਼ਪੁਰ ਦੁਆਰਾ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਹੇਠਾਂ ਲਿਖਤ ਈ-ਟੈਂਡਰ ਬੋਲੀ ਅੰਤਮ ਮਿਤੀ 13.04.2023 ਸਮਾਂ 15:00 ਵਜੇ ਤਕ www.ireps.gov.in ਤੇ ਮੰਗ ਕੀਤੀ ਜਾਂਦੀ ਹੈ। ਨਿਵਿਦਾਕਰਤਾ ਆਪਣੇ ਮੂਲ/ਸੰਸ਼ੋਧਿਤ ਟੈਂਡਰ ਬੰਦ ਹੋਣ ਦੀ ਮਿਤੀ ਅਤੇ ਸਮੇਂ ਤਕ ਪੇਸ਼ ਕਰ ਸਕਦੇ ਹਨ। ਮੈਨੂਅਲ ਪ੍ਰਸਤਾਵ ਇਸ ਟੈਂਡਰ ਦੇ ਲਈ ਮਾਨਯ ਨਹੀਂ ਹਨ ਅਤੇ ਐਸੇ ਕਿਸੇ ਵੀ ਪ੍ਰਸਤਾਵ ਨੂੰ ਸਵੀਕਾਰ ਨਹੀਂ ਕੀਤਾ ਜਾਵੇਗਾ। ਠੇਕੇਦਾਰ ਟੈਂਡਰ ਫਾਰਮ ਦੀ ਬਿਆਨਾ ਰਾਸ਼ੀ ਦੀ ਜਗ੍ਹਾ ਦਾ ਭੁਗਤਾਨ www.ireps.gov.in ਪੋਰਟਲ 'ਤੇ ਉਪਲਬਧ ਆਨ ਲਾਈਨ ਸਾਧਨਾਂ ਦੇ ਮਾਧਿਅਮ ਨਾਲ ਜਿਵੇਂ ਨੈਟ ਬੈਂਕਿੰਗ, ਡੇਬਿਟ ਕਾਰਡ ਕਰੈਡਿਟ ਕਾਰਡ ਆਦਿ ਦੇ ਭੁਗਤਾਨ ਨਾਲ ਕਰ ਸਕਦੇ ਹਨ। ਡਿਮਾਂਡ ਡ੍ਰਾਫਟ, ਬੈਂਕਰਸ ਚੈਕ, ਐਫ.ਡੀ.ਆਰ. ਤੇ ਰਸੀਦਾਂ ਆਦਿ ਦੇ ਮਾਧਿਅਮ ਨਾਲ ਭੁਗਤਾਨ ਦੀ ਇਜਾਜ਼ਤ ਨਹੀਂ ਹੈ।

| ਨਿਵਿਦਾ ਪ੍ਰਕਾਰ | ਖੁਲ੍ਹਾ | ਨਿਵਿਦਾ ਅਨੁਭਾਗ | ਕੰਮ | ਬੋਲੀ ਪ੍ਰਣਾਲੀ | ਏਕਲ ਬੋਲੀ ਪ੍ਰਣਾਲੀ |
|---|---|---|---|---|---|
| ਟੈਂਡਰ ਅਪਲੋਡ ਕਰਨ ਦੀ ਮਿਤੀ | 22.03.2023 | ਬੋਲੀ ਸ਼ੁਰੂ ਦੀ ਮਿਤੀ | 30.03.2023 | ਬੋਲੀ ਸਮਾਪਨ ਦੀ ਮਿਤੀ ਅਤੇ ਸਮਾਂ | 13.04.2023 15:00 ਵਜੇ |

| ਲ.ਨ. | ਨਿਵਿਦਾ ਨੰ. | ਨਿਵਿਦਾ ਦਾ ਵੇਰਵਾ |
|---|---|---|
| 1. | 490-2022-23-ADEN-1-ASR | ਸਹਾਇਕ ਮੰਡਲ ਇੰਜੀਨੀਅਰ-ਫਸਟ/ਅੰਮ੍ਰਿਤਸਰ ਦੇ ਤਹਿਤ ਅੰਮ੍ਰਿਤਸਰ ਦੇ ਕਾਰਜਸ਼ਾਲਾ ਵਿਚ ਉਪਚਾਰ ਦੇ ਲਈ ਐਸਟੀਪੀ ਤੋਂ ਪਾਸ ਦੇ ਸ਼ੌਚਾਲਯਾਂ ਤਕ ਪਾਈਪਲਾਈਨ ਅਤੇ ਮੌਜੂਦਾ ਪਾਸ ਦੇ ਸ਼ੌਚਾਲਯਾਂ ਤੋਂ ਐਸਟੀਪੀ ਤਕ ਸੀਵਰੇਜ ਪਾਈਪ ਦਾ ਪ੍ਰਾਵਧਾਨ। |

| ਵਿਗਿਆਪਨ ਮੁੱਲ | ਬਿਆਨਾ ਰਾਸ਼ੀ | ਆਫਰ ਦੀ ਵੈਲੋਡਿਟੀ | ਸਮਾਪਤੀ ਦਾ ਸਮਾਂ |
|---|---|---|---|
| ₹66,22,981.73 | ₹1,32,500/- | 60 ਦਿਨ | 04 ਮਹੀਨੇ |

ਸਮਾਨ ਨੇਚਰ ਦਾ ਕੰਮ : - ਟ੍ਰੈਕ ਕੰਮ ਦੇ ਇਲਾਵਾ ਕੋਈ ਵੀ ਸਿਵਿਲ ਕੰਮ।

| ਲ.ਨ. | ਨਿਵਿਦਾ ਨੰ. | ਨਿਵਿਦਾ ਦਾ ਵੇਰਵਾ |
|---|---|---|
| 2. | 491-2022-23-ADEN-1-ASR | ਸਹਾਇਕ ਮੰਡਲ ਇੰਜੀਨੀਅਰ-ਫਸਟ/ਅੰਮ੍ਰਿਤਸਰ ਦੇ ਤਹਿਤ ਅੰਮ੍ਰਿਤਸਰ ਵਿਚ (ਚਾਲਕ ਅਤੇ ਗਾਰਡ) ਦੇ ਲਈ 100 ਬੇਡ ਸਮਰਥਾ ਦਾ ਮਾਡਲ ਰਨਿੰਗ ਰੂਮ ਉਪਲਬਧ ਕਰਾਉਣਾ। |

| ਵਿਗਿਆਪਨ ਮੁੱਲ | ਬਿਆਨਾ ਰਾਸ਼ੀ | ਆਫਰ ਦੀ ਵੈਲੋਡਿਟੀ | ਸਮਾਪਤੀ ਦਾ ਸਮਾਂ |
|---|---|---|---|
| ₹2,44,91,319.19 | ₹2,72,500/- | 60 ਦਿਨ | 12 ਮਹੀਨੇ |

ਸਮਾਨ ਨੇਚਰ ਦਾ ਕੰਮ : - ਭਵਨ/ਕਵਾਟਰਾਂ ਦਾ ਨਿਰਮਾਣ

ਨੋਟ 1. ਨਿਵਿਦਾ ਪਾਉਣ ਤੋਂ ਪਹਿਲਾਂ, ਨਿਵਿਦਾਕਰਤਾ ਨਿਵਿਦਾ ਦੇ ਸਬੰਧ ਵਿਚ ਜਾਰੀ ਕੀਤੇ ਗਏ ਕਿਸੇ ਵੀ ਸ਼ੁਧੀਪੱਤਰ ਦੀ ਜਾਂਚ ਕਰਨਗੇ। ਨਿਵਿਦਾ ਸੂਚਨਾ ਪੱਤਰ ਨੰ.: 770-W/169/WA-1/FZR/490 & 491-2022-23-ADEN-1-ASR ਤਾਰੀਕ : 22.03.2023

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ 893/2023


# ਦਿਲਾਬਰਦੀਪ ਸਿੰਘ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ 'ਵਰਸਿਟੀ ਦਾ ਨਾਂਅ ਰੁਸ਼ਨਾਇਆ



**ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**

ਦਿਲਾਬਰਦੀਪ ਸਿੰਘ ਨੇ 15 ਮਾਰਚ 2023 ਤੋਂ 18 ਮਾਰਚ 2023 ਤੱਕ ਹੋਈ ਆਲ ਇੰਡੀਆ ਇੰਟਰ-ਵਰਸਿਟੀ ਵੇਟ ਲਿਫਟਿੰਗ ਚੈਂਪੀਅਨਸ਼ਿਪ ਵਿੱਚ 109 ਪਲੱਸ ਦੀ ਸ਼੍ਰੇਣੀ ਵਿੱਚ ਸੋਨ ਤਮਗਾ ਜਿੱਤ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਸ਼ਵ ਯੂਨੀਵਰਸਿਟੀ ਫਤਹਿਗੜ੍ਹ ਸਾਹਿਬ ਦਾ ਨਾਮ ਰੌਸ਼ਨ ਕੀਤਾ। ਇਸ ਚੈਂਪੀਅਨਸ਼ਿਪ ਵਿੱਚ 120 ਤੋਂ ਵੱਧ ਯੂਨੀਵਰਸਿਟੀਆਂ ਦੇ 1000 ਤੋਂ ਵੱਧ ਵਿਦਿਆਰਥੀਆਂ ਨੇ ਭਾਗ ਲਿਆ। ਦਿਲਾਬਰਦੀਪ ਸਿੰਘ ਨੇ ਇਸ ਸਾਲ ਪੰਜਾਬ ਦੀ ਨੁਮਾਇੰਦਗੀ ਕਰਦਿਆਂ ਤਾਮਿਲਨਾਡੂ ਵਿਖੇ ਹੋਈ ਸੀਨੀਅਰ ਨੈਸ਼ਨਲ ਚੈਂਪੀਅਨਸ਼ਿਪ ਵਿੱਚ ਵੀ ਸੋਨ ਤਮਗਾ ਜਿੱਤਿਆ ਸੀ। ਦਿਲਾਬਰਦੀਪ ਨੇ ਆਪਣੇ ਤਜਰਬੇ ਸਾਂਝੇ ਕਰਦਿਆਂ ਕਿਹਾ ਕਿ ਉਸ ਦੀ ਪਿਛਲੇ ਸੱਤ ਸਾਲਾਂ ਦੀ ਸਖਤ ਮਿਹਨਤ ਤੇ ਸਿਖਲਾਈ ਨੇ ਉਸ ਨੂੰ 318 ਕਿੱਲੋ ਭਾਰ ਚੁੱਕ ਕੇ ਸ਼ਾਨਦਾਰ ਪ੍ਰਦਰਸ਼ਨ ਕਰਨ ਵਿੱਚ ਮਦਦ ਕੀਤੀ ਹੈ।

ਪ੍ਰੋ: ਭੁਪਿੰਦਰ ਸਿੰਘ ਮੁਖੀ ਸਰੀਰਕ ਸਿੱਖਿਆ ਤੇ ਖੇਡ ਵਿਗਿਆਨ ਵਿਭਾਗ ਨੇ ਦਿਲਾਬਰਦੀਪ ਸਿੰਘ ਨੂੰ ਵਧਾਈ ਦਿੱਤੀ ਤੇ ਉਸ ਦੀ ਕਾਰਗੁਜ਼ਾਰੀ 'ਤੇ ਖੁਸ਼ੀ ਦਾ ਪ੍ਰਗਟਾਵਾ ਕੀਤਾ। ਯੂਨੀਵਰਸਿਟੀ ਦੇ ਵਾਈਸ ਚਾਂਸਲਰ ਪ੍ਰੋ: ਪ੍ਰਿਤਪਾਲ ਸਿੰਘ ਨੇ ਦਿਲਾਬਰਦੀਪ ਤੇ ਵਿਭਾਗ ਨੂੰ ਇਸ ਸ਼ਾਨਦਾਰ ਪ੍ਰਾਪਤੀ 'ਤੇ ਵਧਾਈ ਦਿੱਤੀ ਤੇ ਵਿਦਿਆਰਥੀਆਂ ਨੂੰ ਦਿਲਾਬਰਦੀਪ ਤੋਂ ਪ੍ਰੇਰਨਾ ਲੈਣ ਤੇ ਆਪਣੇ ਟੀਚਿਆਂ ਦੀ ਪ੍ਰਾਪਤੀ ਲਈ ਲਗਾਤਾਰ ਯਤਨ ਕਰਦੇ ਰਹਿਣ ਦੀ ਅਪੀਲ ਕੀਤੀ। ਯੂਨੀਵਰਸਿਟੀ ਦੇ ਪ੍ਰੋ-ਚਾਂਸਲਰ ਪ੍ਰੋ: ਅਜਾਇਬ ਸਿੰਘ ਬਰਾੜ ਨੇ ਵੀ ਦਿਲਾਬਰਦੀਪ ਨੂੰ ਵਧਾਈ ਦਿੱਤੀ ਤੇ ਵਿਦਿਆਰਥੀਆਂ ਨੂੰ ਖੇਡਾਂ ਵਿੱਚ ਭਾਗ ਲੈਣ ਲਈ ਪ੍ਰੇਰਿਤ ਕੀਤਾ, ਤਾਂ ਜੋ ਉਹ ਫਿੱਟ ਰਹਿ ਸਕਣ ਤੇ ਆਪਣੀ ਜ਼ਿੰਦਗੀ ਦੇ ਟੀਚੇ ਵੱਲ ਧਿਆਨ ਦੇ ਸਕਣ।

# ਯਾਦਗਾਰੀ ਹੋ ਨਿੱਬੜਿਆ ਛੀਟਾਂਵਾਲਾ ਦਾ ਪਲੇਠਾ ਕਬੱਡੀ ਕੱਪ

**■ ਜੇਤੂ ਟੀਮਾਂ ਨੂੰ ਟਰਾਫੀਆਂ ਤੇ ਨਕਦ ਇਨਾਮ ਵੰਡੇ**



**ਨਾਭਾ (ਵਰਿੰਦਰ ਵਰਮਾ)**-ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਤੇ ਸ਼ਹੀਦ ਭਗਤ ਸਿੰਘ ਜੀ ਨੂੰ ਸਮਰਪਤ ਸਹਿਯੋਗ ਫਾਊਂਡੇਸ਼ਨ ਨਾਭਾ ਵੱਲੋਂ ਪਿੰਡ ਛੀਟਾਂਵਾਲਾ ਪੰਚਾਇਤ ਦੇ ਸਹਿਯੋਗ ਨਾਲ ਪ੍ਰਧਾਨ ਬੰਨੀ ਖਹਿਰਾ ਦੀ ਅਗਵਾਈ 'ਚ ਪਿੰਡ ਵਿਖੇ ਕਰਵਾਇਆ ਪਹਿਲਾ ਕਬੱਡੀ ਕੱਪ ਯਾਦਗਾਰੀ ਹੋ ਨਿਬੜਿਆ। ਇਸ ਮੌਕੇ ਵਿਸ਼ੇਸ਼ ਮਹਿਮਾਨ ਵਜੋਂ ਹਲਕਾ ਵਿਧਾਇਕ ਆਮ ਆਦਮੀ ਪਾਰਟੀ ਗੁਰਦੇਵ ਸਿੰਘ ਦੇਵ ਮਾਨ, ਜ਼ਿਲ੍ਹਾ ਪਟਿਆਲਾ ਦਿਹਾਤੀ ਕਾਂਗਰਸ ਪ੍ਰਧਾਨ ਮਹੰਤ ਹਰਵਿੰਦਰ ਖਨੌੜਾ, ਚੇਅਰਮੈਨ ਰਾਜਵੰਤ ਘੁੱਲੀ, ਚੇਅਰਮੈਨ ਸੁਰਿੰਦਰਪਾਲ ਸ਼ਰਮਾ, ਹਰੀਕ੍ਰਿਸ਼ਨ ਸੇਠ ਪ੍ਰਧਾਨ ਸਵਰਨਕਾਰ ਸੰਘ ਨਾਭਾ ਆਦਿ ਹਾਜ਼ਰ ਰਹੇ। ਉਨ੍ਹਾਂ ਸਾਂਝੇ ਤੌਰ 'ਤੇ ਕਿਹਾ ਕਿ ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਦਾ ਸੇਵਨ ਛੱਡ ਕੇ ਖੇਡਾਂ ਵੱਲ ਧਿਆਨ ਦੇਣਾ ਚਾਹੀਦਾ ਹੈ, ਕਿਉਂਕਿ ਇਹ ਨੌਜਵਾਨ ਪੀੜ੍ਹੀ ਸਾਡੇ ਦੇਸ਼ ਦੀ ਰੀੜ੍ਹ ਦੀ ਹੱਡੀ ਹਨ। 75 ਕਿੱਲੋ ਤੇ ਇੱਕ ਪਿੰਡ ਓਪਨ ਨਾਮੀ ਦੋ ਵਰਗਾਂ ਲਈ ਪਹਿਲਾਂ ਆਈਆਂ 16 ਟੀਮਾਂ ਮੁਕਾਬਲਿਆਂ 'ਚ ਉੱਤਰੀਆਂ। ਸੁਖਵਿੰਦਰ ਪ੍ਰਧਾਨ ਪਿੰਡ ਛੀਟਾਂਵਾਲਾ, ਗਗਨ ਛੀਟਾਂਵਾਲਾ ਤੇ ਹੈਪੀ ਹਿੰਮਤਪੁਰਾ ਨੇ ਸਾਂਝੇ ਤੌਰ 'ਤੇ ਦੱਸਿਆ ਕਿ 75 ਕਿੱਲੋ ਮੁਕਾਬਲਿਆਂ 'ਚ ਜੇਤੂ ਜਾਫੀਆਂ ਨੂੰ 3100 ਰੁਪਏ ਨਕਦ ਇਨਾਮ ਵਜੋਂ ਦਿੱਤੇ ਗਏ। ਸੰਘੈਣ ਪਿੰਡ ਦੀ ਜੇਤੂ ਟੀਮ ਨੂੰ 21 ਹਜ਼ਾਰ ਤੇ ਦੂਜੇ ਥਾਂ ਆਈ ਪਿੰਡ ਅੱਚਲ ਨਾਭਾ ਦੀ ਟੀਮ ਨੂੰ 15 ਹਜ਼ਾਰ ਦੇ ਇਨਾਮ ਤਕਸੀਮ ਕੀਤੇ ਗਏ। ਇੱਕ ਪਿੰਡ ਓਪਨ ਪਲੱਸ ਤਿੰਨ ਖਿਡਾਰੀ ਬਾਹਰੋਂ ਮੁਕਾਬਲਿਆਂ 'ਚ ਦਿੜ੍ਹਬਾ (ਸੰਗਰੂਰ) ਦੀ ਜੇਤੂ ਟੀਮ ਨੂੰ ਇੱਕ ਲੱਖ ਤੇ ਦੂਜੇ ਥਾਂ 'ਤੇ ਆਈ ਪਿੰਡ ਛੀਟਾਂਵਾਲਾ ਟੀਮ ਨੂੰ 51 ਹਜ਼ਾਰ ਰੁਪਏ ਇਨਾਮਾਂ ਨਾਲ ਜੇਤੂ ਟਰਾਫੀਆਂ ਤੇ ਸਨਮਾਨ ਚਿੰਨ੍ਹ ਸਨਮਾਨਤ ਕੀਤਾ ਗਿਆ। ਇਸ ਮੌਕੇ ਕੋਤਵਾਲੀ ਥਾਣਾ ਮੁਖੀ ਹੈਰੀ ਬੋਪਾਰਾਏ, ਅਸ਼ੋਕ ਬਾਂਸਲ, ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਕਪਿਲ ਮਾਨ, ਸੁਖਦੇਵ ਸਿੰਘ ਮਾਨ, ਕੌਂਸਲਰ ਬਬਲੂ ਖੋਰਾ, ਬਾਬਾ ਪਾਲ ਖਰੌੜ, ਸੁਭਾਸ਼ ਸਾਹੀ, ਤਜਿੰਦਰ ਖਹਿਰਾ, ਅਸ਼ਵਨੀ ਸਹੋਤਾ, ਮੋਨੂੰ ਡੱਲਾ, ਦੀਪਾ ਰਾਮਗੜ੍ਹ, ਭੁਪਿੰਦਰ ਸਿੰਘ ਕੱਲਰਮਾਜਰੀ, ਅਮਨਦੀਪ ਸਿੰਘ ਰਹਿਲ, ਜਸਵੀਰ ਸਿੰਘ ਛਿੰਦਾ ਆਦਿ ਹਾਜ਼ਰ ਸਨ। ਅੰਤ ਵਿੱਚ ਪ੍ਰਧਾਨ ਬੰਨੀ ਖਹਿਰਾ ਨੇ ਜੇਤੂ ਟੀਮਾਂ ਨੂੰ ਵਧਾਈ ਦਿੱਤੀ ਤੇ ਆਈਆਂ ਸ਼ਖ਼ਸੀਅਤਾਂ ਦਾ ਧੰਨਵਾਦ ਕੀਤਾ।

24-March-PAGE-8.qxd 3/23/2023 11:14 PM Page 1



# ਮਾਈਨਿੰਗ ਵਾਲੀ ਜ਼ਮੀਨ 'ਤੇ ਝਗੜੇ ਦੌਰਾਨ ਨੌਜਵਾਨ ਦੀ ਮੌਤ

**ਨੰਗਲ, (ਸੁਰਜੀਤ ਢੇਰ)**

ਤਹਿਸੀਲ ਨੰਗਲ ਅਧੀਂਨ ਪੈਂਦੇ ਪਿੰਡ ਤਰਫ ਮਜਾਰਾ ਵਿੱਚ ਬੀਤੀ ਰਾਤ ਦੋ ਧੜਿਆਂ ਦੇ ਝਗੜੇ ਵਿੱਚ ਇੱਕ ਨੌਜਵਾਨ ਦੀ ਮੌਤ ਹੋ ਗਈ। ਮ੍ਰਿਤਕ ਦਾ ਨਾਂਅ ਅਨਿਲ ਕੁਮਾਰ ਹੈ, ਜੋ ਕਿ ਹਰਿਆਣਾ ਦਾ ਰਹਿਣ ਵਾਲਾ ਸੀ ਅਤੇ ਉਹ ਕ੍ਰੈਸ਼ਰ ਮਾਲਿਕ ਬਲਜਿੰਦਰ ਸਿੰਘ ਉਰਫ ਅਮਨ ਪੁੱਤਰ ਸੁਰਿੰਦਰ ਸਿੰਘ, ਵਾਸੀ ਮਾਛੀਵਾੜਾ ਤਹਿਸੀਲ ਸਮਰਾਲਾ ਕੋਲ ਬਤੌਰ ਡਰਾਇਵਰ ਨੌਕਰੀ ਕਰਦਾ ਸੀ। ਪੁਲਸ ਨੇ ਕਥਿਤ ਹਮਲਾਵਰਾਂ 'ਤੇ ਕਤਲ ਕੇਸ ਦੇ ਨਾਲ ਨਾਲ ਹੋਰ ਵੱਖ ਵੱਖ ਧਾਰਾਵਾਂ ਅਧੀਂਨ ਪਰਚਾ ਦਰਜ ਕਰਕੇ ਦੋ ਵਿਅਕਤੀਆਂ ਨੂੰ ਗ੍ਰਿਫਤਾਰ ਕਰ ਲਿਆ ਹੈ ਅਤੇ ਬਾਕੀ ਅਣਪਛਾਤਿਆਂ ਦੀ ਭਾਲ ਜਾਰੀ ਹੈ। ਮ੍ਰਿਤਕ ਅਮਨ ਕੁਮਾਰ ਦੇ ਮਾਲਿਕ ਬਲਜਿੰਦਰ ਸਿੰਘ ਨੇ ਕਿਹਾ ਕਿ ਉਹ ਹਰੀਪੁਰ ਵਿਖੇ ਸੱਤ ਸਾਹਿਬ ਨਾਂਅ 'ਤੇ ਕਰੈਸ਼ਰ ਚਲਾਉਂਦਾ ਹੈ ਅਤੇ ਪਿਛਲੇ ਹਫਤੇ 65 ਏਕੜ ਜ਼ਮੀਨ ਦੀ ਰਜਿਸਟਰੀ ਪਿੰਡ ਤਰਫ ਮਜਾਰੀ ਤਹਿਸੀਲ ਨੰਗਲ 'ਚ ਕਰਵਾਈ ਸੀ। ਇਸ ਜ਼ਮੀਨ ਦੇ ਨਾਲ ਹੀ ਮਨਦੀਪ ਸਿੰਘ ਭੋਡਾ ਪੁੱਤਰ ਜੀਤ ਸਿੰਘ ਵਾਸੀ, ਨੂਰਪੁਰਬੇਦੀ ਦੀ ਜ਼ਮੀਨ ਪੈਂਦੀ ਹੈ। ਬੀਤੀ ਰਾਤ ਮਨਦੀਪ ਸਿੰਘ ਤੇ ਹੋਰ 7-8 ਵਿਅਕਤੀ ਮੇਰੀ ਮਾਕਲੀ ਜ਼ਮੀਨ 'ਚ ਤਾਰ ਖੋਲ ਕੇ ਮੈਨੂੰ ਗਾਲੀ ਗਲੋਚ ਕਰ ਰਹੇ ਸੀ। ਮੈਨੂੰ ਫੋਨ ਆਇਆ ਤੇ ਮੈਂ ਆਪਣੇ ਡਰਾਇਵਰ ਅਨਿਲ ਪੁੱਤਰ ਜੁਗਮੰਦਰ ਵਾਸੀ ਬਾਪਰਾ ਪਾਣੀਪਤ ਤੇ ਉਸਦੇ ਪਿੰਡ ਦੇ ਦੀਪਕ ਤੇ ਪਿੰਡ ਦੇ ਚੌਕੀਦਾਰ ਬਹਾਦਰ ਸਿੰਘ ਨਾਲ ਆਪਣੀ ਲੈਂਡ ਕਰੂਜ਼ਰ ਗੱਡੀ ਲੈ ਕੇ ਰਜਿਸਟਰੀ ਵਾਲੀ ਜਗ੍ਹਾ 'ਤੇ ਆ ਗਿਆ। ਮਨਦੀਪ ਸਿੰਘ, ਨਰਿੰਦਰ ਸਿੰਘ ਤੇ ਹੋਰ ਅੱਧਾ ਦਰਜਨ ਵਿਅਕਤੀ ਆਪਣੀ ਫਾਰਚੂਨਰ ਗੱਡੀ 'ਚ ਸਵਾਰ ਸੀ। ਸਾਨੂੰ ਵੇਖਦਿਆਂ ਹੀ ਉਸਨੇ ਆਪਣੀ ਗੱਡੀ ਸਾਡੀ ਗੱਡੀ 'ਚ ਮਾਰੀ। ਹਮਲਾਵਰਾਂ ਨੇ ਡਰਾਇਵਰ ਅਨਿਲ ਨੂੰ ਹੇਠਾਂ ਸੁੱਟ ਲਿਆ ਤੇ ਉਸਦੇ ਰਾਡਾਂ ਮਾਰਨੀਆਂ ਸ਼ੁਰੂ ਕਰ ਦਿੱਤੀਆਂ। ਆਪਣਾ ਬਚਾਅ ਵੇਖਦਿਆਂ ਉਹ ਮੇਰੇ ਡਰਾਇਵਰ ਨੂੰ ਗੱਡੀ 'ਚ ਲੈ ਕੇ ਸਿੰਗਪੁਰ ਦੇ ਹਸਪਤਾਲ ਚਲੇ ਗਏ। ਮੈਨੂੰ ਬਾਅਦ 'ਚ ਪਤਾ ਲੱਗਿਆ ਕਿ ਮੇਰੇ ਡਰਾਇਵਰ ਦੀ ਮੌਤ ਹੋ ਚੁੱਕੀ ਹੈ। ਦੂਜੇ ਪਾਸੇ ਆਪਣੇ 'ਤੇ ਲੱਗੇ ਦੋਸ਼ਾਂ ਨੂੰ ਸਿਰੇ ਤੋਂ ਨਕਾਰਦਿਆਂ ਪੁਲਸ ਦੀ ਗ੍ਰਿਫਤ 'ਚ ਵਿਅਕਤੀਆਂ ਦੇ ਪਰਵਾਰਕ ਮੈਂਬਰਾਂ ਨੇ ਕਿਹਾ ਕਿ ਸਾਨੂੰ ਫਸਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਸਰਵਜੀਤ ਕੌਰ ਨੇ ਕਿਹਾ ਕਿ ਬੀਤੀ ਰਾਤ ਪਿੰਡ 'ਚ ਮਾਈਨਿੰਗ ਚੱਲ ਰਹੀ ਸੀ ਮੇਰੇ ਭਰਾ ਦਾ ਕਹਿਣਾ ਹੈ ਕਿ ਉਸਨੇ ਪਹਿਲਾਂ ਐਸਡੀਓ ਨੂੰ ਫੋਨ ਕੀਤਾ ਤੇ ਅਮਨ ਨਾਂਅ ਦੇ ਵਿਅਕਤੀ ਨੂੰ ਰੋਕਣ ਦੀ ਗੱਲ ਕੀਤੀ। ਆਉਂਦਿਆਂ ਹੀ ਪਹਿਲਾਂ ਅਮਨ ਕੁਮਾਰ ਨੇ ਆਪਣੇ ਰਿਵਾਲਵਰ 'ਚੋਂ 2 ਫਾਇਰ ਕੀਤੇ। ਹਨੇਰਾ ਹੋਣ ਕਾਰਨ ਕਿਸੇ ਦੇ ਗੋਲੀ ਨਹੀਂ ਲੱਗੀ। ਜਿਸ ਵਿਅਕਤੀ ਦੀ ਮੌਤ ਹੋਈ ਹੈ, ਉਹ ਅਮਨ ਦੀ ਗੱਡੀ ਹੇਠਾਂ ਦਰੜਿਆ ਗਿਆ। ਅਸੀਂ ਉਸਨੂੰ ਖ਼ੁਦ ਹਸਪਤਾਲ ਲੈ ਕੇ ਗਏ ਸੀ। ਸਾਡੀ ਪੁਲਸ ਪ੍ਰਸ਼ਾਸਨ ਤੋਂ ਮੰਗ ਹੈ ਕਿ ਮਾਮਲੇ ਦੀ ਗੰਭੀਰਤਾ ਨਾਲ ਜਾਂਚ ਕਰਕੇ ਦੁੱਧ ਦਾ ਦੁੱਧ, ਪਾਣੀ ਦਾ ਪਾਣੀ ਕੀਤਾ ਜਾਵੇ।


ਮ੍ਰਿਤਕ ਨੌਜਵਾਨ ਅਨਿਲ ਕੁਮਾਰ ਦੀ ਪੁਰਾਣੀ ਤਸਵੀਰ।

ਡੀਐਸਪੀ ਸਤੀਸ਼ ਕੁਮਾਰ ਅਤੇ ਨੰਗਲ ਥਾਣਾ ਮੁਖੀ ਦਾਨਿਸ਼ਵੀਰ ਸਿੰਘ ਨੇ ਕਿਹਾ ਕਿ ਪਿੰਡ ਤਰਫ ਮਜਾਰਾ ਦੀ ਰਾਤ ਕਰੀਬ ਸਾਡੇ ਗਿਆਰਾਂ ਵਜੇ ਦੀ ਘਟਨਾ ਹੈ। ਜ਼ਮੀਨ ਵਿਵਾਦ ਕਾਰਨ ਝਗੜਾ ਹੋਇਆ ਸੀ। ਉਨ੍ਹਾਂ ਕਿਹਾ ਕਿ ਬਲਜਿੰਦਰ ਸਿੰਘ ਵਾਸੀ ਮਾਛੀਵਾੜਾ ਦੀ ਸ਼ਿਕਾਇਤ 'ਤੇ 7 ਵਿਅਕਤੀਆਂ ਖਿਲਾਫ ਐਫਆਈਆਰ ਨੰਬਰ 30, ਧਾਰਾ 302, 323, 148,149 ਤਹਿਤ ਮਾਮਲਾ ਦਰਜ ਕਰ ਲਿਆ ਗਿਆ ਹੈ। ਕਥਿਤ ਦੋਸ਼ੀ ਮਨਦੀਪ ਸਿੰਘ ਭੋਡਾ ਅਤੇ ਨਰਿੰਦਰ ਕੁਮਾਰ ਨਿੰਦੀ ਨੂੰ ਗ੍ਰਿਫਤਾਰ ਕਰਕੇ ਬਾਕੀ 5 ਅਣਪਛਾਤਿਆਂ ਦੀ ਭਾਲ ਕੀਤੀ ਜਾ ਰਹੀ ਹੈ।

# ਸੁਪਰਡੈਂਟ ਨੂੰ ਗੋਲੀ ਮਾਰਨ ਦੀ ਧਮਕੀ ਦੇਣ ਵਾਲੇ ਦਾ ਅਸਲਾ ਲਾਇਸੈਂਸ ਮੁਅੱਤਲ

**ਕਪੂਰਥਲਾ, (ਬਲਵਿੰਦਰ ਸਿੰਘ ਧਾਲੀਵਾਲ, ਰਾਜਵੀਰ ਸਿੰਘ)**-ਡਿਪਟੀ ਕਮਿਸ਼ਨਰ ਕਮ ਜ਼ਿਲ੍ਹਾ ਮੈਜਿਸਟ੍ਰੇਟ ਕਪੂਰਥਲਾ ਵਿਸ਼ੇਸ਼ ਸਾਰੰਗਲ ਵਲੋਂ ਸਖ਼ਤ ਕਾਰਵਾਈ ਤਹਿਤ ਸੁਪਰਡੈਂਟ (ਮਾਲ) ਨੂੰ ਗੋਲੀ ਮਾਰਨ ਦੀ ਧਮਕੀ ਦੇਣ ਵਾਲੇ ਹਰਵਿੰਦਰ ਸਿੰਘ ਪੁੱਤਰ ਸੁਰਜੀਤ ਸਿੰਘ ਦਾ ਅਸਲਾ ਲਾਇਸੈਂਸ ਤੁਰੰਤ ਪ੍ਰਭਾਵ ਨਾਲ ਮੁਅੱਤਲ ਕਰ ਦਿੱਤਾ ਗਿਆ ਹੈ। ਇਹ ਕਾਰਵਾਈ ਸੁਪਰਡੈਂਟ (ਮਾਲ) ਸਤਬੀਰ ਸਿੰਘ ਵਲੋਂ ਇਸ ਸਬੰਧੀ ਲਿਖਤੀ ਤੌਰ 'ਤੇ ਇਹ ਮਾਮਲਾ ਧਿਆਨ ਵਿਚ ਲਿਆਉਣ 'ਤੇ ਕੀਤੀ ਗਈ ਹੈ। ਨਰਿੰਦਰ ਸਿੰਘ ਸੀਨੀਅਰ ਸਹਾਇਕ , ਦਫਤਰ ਡਿਪਟੀ ਕਮਿਸ਼ਨਰ ਨੂੰ ਬੀਤੀ 21 ਮਾਰਚ ਨੂੰ ਜ਼ਿਲ੍ਹਾ ਮਾਲ ਅਫਸਰ ਕਪੂਰਥਲਾ ਦੀ ਲਿਖਤੀ ਸ਼ਿਕਾਇਤ ਦੇ ਅਧਾਰ 'ਤੇ ਸਰਕਾਰੀ ਨੌਕਰੀ ਤੋਂ ਮੁਅੱਤਲ ਕਰ ਦਿੱਤਾ ਗਿਆ ਸੀ। ਸ਼ਿਕਾਇਤ ਅਨੁਸਾਰ ਨਰਿੰਦਰ ਸਿੰਘ ਵਲੋਂ ਆਪਣੇ 2 ਸਾਥੀਆਂ ਸਮੇਤ ਜ਼ਿਲ੍ਹਾ ਮਾਲ ਅਫਸਰ ਦੇ ਦਫਤਰ ਵਿਖੇ ਜਾ ਕੇ ਇਕ ਪੜਤਾਲ ਦੇ ਮਾਮਲੇ ਵਿਚ ਗਲਤ ਵਿਵਹਾਰ ਕੀਤਾ ਤੇ ਧਮਕਾਇਆ, ਜਿਸ ਕਰਕੇ ਡਿਪਟੀ ਕਮਿਸ਼ਨਰ ਵਲੋਂ ਸਬੰਧਿਤ ਕਰਮਚਾਰੀ ਨੂੰ ਮੁਅੱਤਲ ਕੀਤਾ ਗਿਆ ਤੇ ਉਸ ਦੇ 2 ਸਾਥੀਆਂ ਨੂੰ ਕਾਰਨ ਦੱਸੋ ਨੋਟਿਸ ਜਾਰੀ ਕੀਤੇ ਗਏ। ਸਤਬੀਰ ਸਿੰਘ ਵਲੋਂ ਡਿਪਟੀ ਕਮਿਸ਼ਨਰ ਨੂੰ ਦਿੱਤੇ ਬਿਨੈਪੱਤਰ ਅਨੁਸਾਰ ਮੁਅੱਤਲ ਕੀਤੇ ਨਰਿੰਦਰ ਸਿੰਘ ਦਾ ਭਰਾ ਹਰਵਿੰਦਰ ਸਿੰਘ ਚੀਮਾ ਜੋ ਕਿ ਮੁਅੱਤਲੀ ਲਈ ਉਸਨੂੰ ਜਿੰਮੇਵਾਰ ਮੰਨਦਾ ਹੈ, ਤੇ ਉਸਨੇ ਧਮਕੀ ਦਿੱਤੀ ਕਿ ਉਸਦੇ ਰਿਵਾਲਵਰ ਵਿਚ 6 ਗੋਲੀਆਂ ਹਨ , ਜੋ ਕਿ ਉਸਦੇ ਸੀਨੇ 'ਤੇ ਚਲਾ ਸਕਦਾ ਹੈ। ਡੀ ਸੀ ਨੇ ਆਰਮਜ਼ ਐਕਟ1959 ਦੀ ਧਾਰਾ 17 (3) ਏ ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਅਸਲਾ ਲਾਇਸੰਸੀ ਹਰਵਿੰਦਰ ਸਿੰਘ ਪੁੱਤਰ ਸੁਰਜੀਤ ਸਿੰਘ ਦਾ ਲਾਇਸੈਂਸ ਮੁਅੱਤਲ ਕੀਤਾ ਹੈ।

# ਪੁਰਾਣੀ ਪੈਨਸ਼ਨ ਪ੍ਰਾਪਤੀ ਫ਼ਰੰਟ ਨੇ ਡਾ. ਰਵਜੋਤ ਸਿੰਘ ਨੂੰ ਦਿੱਤਾ ਮੰਗ ਪੱਤਰ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**

ਪੁਰਾਣੀ ਪੈਨਸ਼ਨ ਪ੍ਰਾਪਤੀ ਫ਼ਰੰਟ ਪੰਜਾਬ ਦੇ ਦੋਆਬਾ ਜ਼ੋਨ ਦੇ ਕਨਵੀਨਰ ਇੰਦਰ ਸੁਖਦੀਪ ਸਿੰਘ ਓਢਰਾ, ਡੈਮੋਕਰੈਟਿਕ ਮੁਲਾਜ਼ਮ ਫੈਡਰੇਸ਼ਨ (ਡੀ.ਐੱਮ.ਐੱਫ) ਦੇ ਜ਼ਿਲ੍ਹਾ ਜਨਰਲ ਸਕੱਤਰ ਮਨਜੀਤ ਸਿੰਘ ਦਸੂਹਾ, ਬਲਜੀਤ ਸਿੰਘ ਮਹਿਮੋਵਾਲ, ਨੰਦ ਰਾਮ ਅਤੇ ਪ੍ਰਵੀਨ ਸ਼ੇਰਪੁਰ ਆਦਿ ਆਗੂਆਂ ਦੀ ਅਗਵਾਈ ਹੇਠ ਪੁਰਾਣੀ ਪੈਨਸ਼ਨ ਪ੍ਰਾਪਤੀ ਫ਼ਰੰਟ ਦਾ ਇੱਕ ਵਫ਼ਦ ਵਿਧਾਨ ਸਭਾ ਹਲਕਾ ਸ਼ਾਮਚੁਰਾਸੀ ਦੇ ਵਿਧਾਇਕ ਡਾ. ਰਵਜੋਤ ਸਿੰਘ ਨੂੰ ਮਿਲਿਆ ਅਤੇ ਉਨ੍ਹਾਂ ਨੂੰ ਮੰਗ-ਪੱਤਰ ਦਿੱਤਾ। ਇਸ ਮੰਗ-ਪੱਤਰ ਰਾਹੀਂ ਵਫ਼ਦ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਪੁਰਾਣੀ ਪੈਨਸ਼ਨ ਸਕੀਮ ਨੂੰ ਹਕੀਕੀ ਰੂਪ ਵਿੱਚ ਲਾਗੂ ਕਰਨ ਦਾ ਬਿੱਲ ਵਿਧਾਨ ਸਭਾ ਦੇ ਚੱਲ ਰਹੇ ਸੈਸ਼ਨ ਵਿੱਚ ਪਾਸ ਕਰਕੇ ਨਵੇਂ ਵਿੱਤੀ ਵਰ੍ਹੇ 1 ਅਪ੍ਰੈਲ 2023 ਤੋਂ ਸੂਬੇ ਦੇ ਸਮੂਹ ਮੁਲਾਜ਼ਮਾਂ ਦੇ ਜਨਰਲ ਪ੍ਰਾਵੀਡੈਂਟ ਫ਼ੰਡ (ਜੀ.ਪੀ.ਐੱਫ.) ਦੇ ਖ਼ਾਤੇ ਖੋਲ੍ਹ ਕੇ ਉਨ੍ਹਾਂ ਨੂੰ ਪੁਰਾਣੀ ਪੈਨਸ਼ਨ ਸਕੀਮ ਅਧੀਨ ਤਨਖਾਹਾਂ ਦਿੱਤੀਆਂ ਜਾਣ। ਵਫ਼ਦ ਨੇ ਇਹ ਵੀ ਮੰਗ ਕੀਤੀ ਕਿ ਕੰਟਰੈਕਟ ਅਤੇ ਜ਼ਿਲ੍ਹਾ-ਪ੍ਰੀਸ਼ਦਾਂ ਅਧੀਨ ਸੇਵਾਵਾਂ ਨਿਭਾਅ ਚੁੱਕੇ ਈ.ਟੀ.ਟੀ. ਅਧਿਆਪਕਾਂ, ਟੀਚਿੰਗ ਫੈਲੋਜ਼, ਸਰਵਿਸ ਪ੍ਰੋਵਿਡਰਾਂ ਅਤੇ ਐੱਸ.ਐੱਸ.ਏ./ਰਮਸਾ ਅਧਿਆਪਕਾਂ ਦੀਆਂ ਠੇਕਾ ਸਮੇਂ ਦੌਰਾਨ ਕੀਤੀਆਂ ਸੇਵਾਵਾਂ ਦੇ ਸਮੇਂ ਨੂੰ ਵੀ ਪੈਨਸ਼ਨ ਗਣਨਾ ਦੌਰਾਨ ਡਿਊਟੀ ਸਮਾਂ ਮੰਨਿਆ ਜਾਵੇ ਅਤੇ ਕੇਂਦਰੀ ਪੈਨਸ਼ਨ ਏਜੰਸੀ ਕੋਲ਼ ਜਮ੍ਹਾਂ ਪੰਜਾਬ ਦੇ ਮੁਲਾਜ਼ਮਾਂ ਦਾ ਲੱਗਭੱਗ 17000 ਕਰੋੜ ਰੁਪਇਆ ਕੇਂਦਰ ਤੋਂ ਵਾਪਿਸ ਲਿਆ ਕੇ ਮੁਲਾਜ਼ਮਾਂ ਦੇ ਪੁਰਾਣੀ ਪੈਨਸ਼ਨ ਦੇ ਖਾਤਿਆਂ ਵਿੱਚ ਜਮ੍ਹਾਂ ਕੀਤਾ ਜਾਵੇ। ਵਿਧਾਇਕ ਡਾ. ਰਵਜੋਤ ਸਿੰਘ ਨੇ ਵਫ਼ਦ ਨੂੰ ਇਸ ਮੰਗ ਨੂੰ ਸਰਕਾਰ ਤੱਕ ਪਹੁੰਚਾਉਣ ਦਾ ਭਰੋਸਾ ਦਿੱਤਾ। ਇਸ ਵਫ਼ਦ ਵਿੱਚ ਵਰਿੰਦਰ ਸੈਣੀ, ਰਾਕੇਸ਼ ਕੁਮਾਰ, ਮਨਜੀਤ ਸਿੰਘ ਬਾਬਾ, ਹਰਵਿੰਦਰ ਕਲਸੀ, ਸੋਨੂੰ ਕੁਮਾਰ, ਬਲਵੀਰ ਸਿੰਘ ਧਾਮੀ, ਬਲਜਿੰਦਰ ਸਹੋਤਾ, ਨਰੇਸ਼ ਕੁਮਾਰ ਅਤੇ ਸੋਮ ਪਾਲ ਆਦਿ ਆਗੂ ਵੀ ਸ਼ਾਮਿਲ ਸਨ।



# ਪਿਪਸ ਵਿਖੇ ਸ਼ਹੀਦਾਂ ਨੂੰ ਯਾਦ ਕਰਦਿਆਂ ਸ਼ਰਧਾ ਦੇ ਫੁੱਲ ਭੇਟ



**ਸ੍ਰੀ ਚਮਕੌਰ ਸਾਹਿਬ (ਗੁਰਵਿੰਦਰਪਾਲ ਸਿੰਘ ਬੌਬੀ)**

ਪੰਜਾਬ ਇੰਟਰਨੈਸ਼ਨਲ ਪਬਲਿਕ ਸਕੂਲ ਪਿੱਪਲ ਮਾਜਰਾ ਸ੍ਰੀ ਚਮਕੌਰ ਸਾਹਿਬ ਵਿਖੇ ਸ਼ਹੀਦ-ਏ-ਆਜਮ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੀ ਸ਼ਹਾਦਤ ਨੂੰ ਯਾਦ ਕਰਦਿਆਂ ਸ਼ਰਧਾਂਜਲੀ ਸਮਾਰੋਹ ਕਰਵਾਇਆ ਗਿਆ। ਇਸ ਸਮਾਰੋਹ ਵਿੱਚ ਸਕੂਲ ਦੇ ਮੈਨੇਜਿੰਗ ਡਾਇਰੈਕਟਰ ਮੈਡਮ ਸੁਰਿੰਦਰਪਾਲ ਕੌਰ ਅਟਵਾਲ, ਪ੍ਰਬੰਧਕ ਸੁਰਜੀਤ ਸਿੰਘ, ਪ੍ਰਿੰਸੀਪਲ ਮੈਡਮ ਅਨੁਰਾਧਾ ਧੀਮਾਨ , ਸਮੁੱਚੇ ਸਟਾਫ ਅਤੇ ਵਿਦਿਆਰਥੀਆਂ ਵੱਲੋਂ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਭੇਂਟ ਕੀਤੇ ਗਏ। ਡਾਇਰੈਕਟਰ ਮੈਡਮ ਸੁਰਿੰਦਰਪਾਲ ਕੌਰ ਅਟਵਾਲ ਨੇ ਕਿਹਾ ਕਿ ਸਾਨੂੰ ਸ਼ਹੀਦ ਭਗਤ ਸਿੰਘ ,ਰਾਜਗੁਰੂ ਅਤੇ ਸੁਖਦੇਵ ਦੀ ਸ਼ਹਾਦਤ ਨੂੰ ਹਮੇਸ਼ਾ ਯਾਦ ਰੱਖਣਾ ਚਾਹੀਦਾ ਹੈ ਅਤੇ ਉਹਨਾਂ ਵਾਂਗ ਆਪਣੇ ਦੇਸ਼ ਕੌਮ ਲਈ ਸਦਾ ਕੁਰਬਾਨ ਹੋਣ ਦੇ ਜਜਬੇ ਨੂੰ ਧਾਰਨ ਕਰਕੇ ਉਨ੍ਹਾਂ ਦੀ ਸੋਚ ਦੇ ਧਾਰਨੀ ਬਣਨਾ ਚਾਹੀਦਾ ਹੈ । ਇਸ ਮੌਕੇ ਸਕੂਲ ਦੇ ਪ੍ਰਧਾਨ ਗੁਰਦੇਵ ਸਿੰਘ ਅਟਵਾਲ, ਮੈਨੇਜਰ ਮੈਡਮ ਪ੍ਰੀਤਪਾਲ ਕੌਰ ਅਟਵਾਲ ਵੱਲੋਂ ਸ਼ਰਧਾਂਜਲੀ ਸੰਦੇਸ ਭੇਜਿਆ ਗਿਆ ਤੇ ਉਨ੍ਹਾਂ ਸਮੁੱਚੇ ਸਟਾਫ ਨੂੰ ਸ਼ਹੀਦਾਂ ਦੀਆਂ ਕੁਰਬਾਨੀਆਂ ਨੂੰ ਹਮੇਸ਼ਾ ਯਾਦ ਰੱਖਣ ਅਤੇ ਉਨ੍ਹਾਂ ਦੇ ਪਾਏ ਪੂਰਨਿਆਂ 'ਤੇ ਤੁਰਨ ਦੀ ਪ੍ਰੇਰਨਾ ਦਿੱਤੀ । ਇਸ ਮੌਕੇ ਸਕੂਲ ਦਾ ਸਮੂਹ ਸਟਾਫ ਹਾਜਰ ਸੀ।

# ਜ਼ਿਮਨੀ ਚੋਣ ਦੇ ਮੱਦੇਨਜ਼ਰ ਲਾਇਸੈਂਸੀ ਹਥਿਆਰ ਜਮ੍ਹਾਂ ਕਰਵਾਉਣ ਲਈ ਜ਼ਿਲ੍ਹਾ ਪੱਧਰੀ ਸਕਰੀਨਿੰਗ ਕਮੇਟੀ ਗਠਿਤ

**ਜਲੰਧਰ (ਸ਼ੈਲੀ ਐਲਬਰਟ)**

ਆਉਣ ਵਾਲੀ ਜਲੰਧਰ ਲੋਕ ਸਭਾ ਹਲਕੇ ਦੀ ਜਿਮਨੀ ਚੋਣ ਦੇ ਮੱਦੇਨਜ਼ਰ ਜ਼ਿਲ੍ਹੇ ਵਿੱਚ ਲਾਇਸੈਂਸੀ ਹਥਿਆਰ ਜਮ੍ਹਾਂ ਕਰਵਾਉਣ ਲਈ ਜ਼ਿਲ੍ਹਾ ਪੱਧਰੀ ਸਕਰੀਨਿੰਗ ਕਮੇਟੀ ਦਾ ਗਠਨ ਕੀਤਾ ਗਿਆ ਹੈ । ਇਸ ਕਮੇਟੀ ਦੇ ਚੇਅਰਮੈਨ ਡਿਪਟੀ ਕਮਿਸ਼ਨਰ ਜਸਪ੍ਰੀਤ ਸਿੰਘ ਹੋਣਗੇ ਅਤੇ ਪੁਲਸ ਕਮਿਸ਼ਨਰ ਕੁਲਦੀਪ ਸਿੰਘ ਚਾਹਲ, ਐਸ.ਐਸ.ਪੀ. ਜਲੰਧਰ (ਦਿਹਾਤੀ) ਸਵਰਨਦੀਪ ਸਿੰਘ, ਵਧੀਕ ਡਿਪਟੀ ਕਮਿਸ਼ਨਰ ਮੇਜਰ ਡਾ. ਅਮਿਤ ਮਹਾਜਨ ਅਤੇ ਐਸ.ਪੀ. (ਇਨਵੈਸਟੀਗੇਸ਼ਨ) ਸਰਬਜੀਤ ਸਿੰਘ ਮੈਂਬਰ ਹੋਣਗੇ । ਡਿਪਟੀ ਕਮਿਸ਼ਨਰ ਜਸਪ੍ਰੀਤ ਸਿੰਘ ਨੇ ਦੱਸਿਆ ਕਿ ਇਹ ਕਮੇਟੀ ਭਾਰਤ ਚੋਣ ਕਮਿਸ਼ਨਰ ਵੱਲੋਂ ਜਲੰਧਰ ਲੋਕ ਸਭਾ ਹਲਕੇ ਦੀ ਜਿਮਨੀ ਚੋਣ ਦੀ ਤਰੀਕ ਦੇ ਐਲਾਨ ਵਾਲੇ ਦਿਨ ਤੋਂ ਪੜਤਾਲ ਦਾ ਕੰਮ ਸ਼ੁਰੂ ਕਰੇਗੀ । ਉਨ੍ਹਾਂ ਦੱਸਿਆ ਕਿ ਕਮੇਟੀ ਵੱਲੋਂ ਸਾਰੇ ਲਾਇਸੈਂਸਧਾਰਕਾਂ ਦੇ ਕੇਸਾਂ ਦੀ ਪੜਤਾਲ ਕੀਤੀ ਜਾਵੇਗੀ, ਜਿਨ੍ਹਾਂ ਵਿੱਚ ਜਮਾਨਤ 'ਤੇ ਰਿਹਾਅ ਹੋਏ ਵਿਅਕਤੀਆਂ ਦੇ ਲਾਇਸੈਂਸ, ਅਪਰਾਧਿਕ ਪਿਛੋਕੜ ਰੱਖਣ ਵਾਲੇ ਵਿਅਕਤੀਆਂ ਦੇ ਅਸਲਾ ਲਾਇਸੈਂਸ ਅਤੇ ਪਹਿਲਾਂ ਕਿਸੇ ਵੀ ਸਮੇਂ, ਖਾਸ ਕਰ ਚੋਣਾਂ ਦੌਰਾਨ ਦੰਗਿਆਂ ਵਿੱਚ ਸ਼ਾਮਲ ਵਿਅਕਤੀਆਂ ਦੇ ਅਸਲਾ ਲਾਇਸੈਂਸ ਸ਼ਾਮਲ ਹਨ । ਉਨ੍ਹਾਂ ਅੱਗੇ ਦੱਸਿਆ ਕਿ ਸਕਰੀਨਿੰਗ ਕਮੇਟੀ ਤੋਂ ਰਿਪੋਰਟ ਮਿਲਣ ਉਪਰੰਤ ਲਾਇਸੈਂਸਿੰਗ ਅਥਾਰਟੀ ਵਿਅਕਤੀਗਤ ਲਾਇਸੰਸਧਾਰਕ ਨੂੰ ਆਪਣੇ ਹਥਿਆਰ ਜਮ੍ਹਾ ਕਰਵਾਉਣ ਲਈ ਉਮੀਦਵਾਰੀ ਵਾਪਸ ਲੈਣ ਦੀ ਤੈਅ ਆਖਰੀ ਮਿਤੀ ਤੋਂ ਪਹਿਲਾਂ ਨੋਟਿਸ ਜਾਰੀ ਕਰੇਗੀ ਅਤੇ ਲਾਇਸੰਸਧਾਰਕ ਨੂੰ ਸੂਚਿਤ ਕਰੇਗੀ ਕਿ ਅਸਲਾ ਜਮ੍ਹਾ ਨਾ ਕਰਵਾਉਣ 'ਤੇ ਆਈ.ਪੀ.ਸੀ. ਦੀ ਧਾਰਾ 188 ਤਹਿਤ ਕਾਰਵਾਈ ਕੀਤੀ ਜਾਵੇਗੀ। ਲਾਇਸੈਂਸ ਧਾਰਕ ਨੂੰ ਨੋਟਿਸ ਦੀ ਪ੍ਰਾਪਤੀ/ਪ੍ਰਕਾਸ਼ਨ ਤੋਂ ਸੱਤ ਦਿਨਾਂ ਦੇ ਅੰਦਰ ਆਪਣੇ ਹਥਿਆਰ ਜਮ੍ਹਾ ਕਰਵਾਉਣੇ ਹੋਣਗੇ ਅਤੇ ਅਸਲਾ ਜਮ੍ਹਾ ਕਰਵਾਉਣ 'ਤੇ ਲਾਇਸੈਂਸਿੰਗ ਅਥਾਰਟੀ ਵੱਲੋਂ ਲਾਇਸੰਸਧਾਰਕ ਨੂੰ ਢੁੱਕਵੀਂ ਰਸੀਦ ਦਿੱਤੀ ਜਾਵੇਗੀ। ਜਿਹੜੇ ਖਿਡਾਰੀ ਵੱਖ-ਵੱਖ ਪੱਧਰਾਂ 'ਤੇ ਰਾਸ਼ਟਰੀ ਰਾਈਫਲ ਐਸੋਸੀਏਸ਼ਨ ਦੇ ਮੈਂਬਰ ਹਨ ਅਤੇ ਉਨ੍ਹਾਂ ਵੱਖ-ਵੱਖ ਖੇਡ ਮੁਕਾਬਲਿਆਂ ਵਿਚ ਹਿੱਸਾ ਲੈਣਾ ਹੁੰਦਾ ਹੈ, ਜਿਸ ਵਿਚ ਉਹ ਆਪਣੀ ਰਾਈਫਲ ਦੀ ਵਰਤੋਂ ਕਰਦੇ ਹਨ, ਨੂੰ ਪਾਬੰਦੀਆਂ ਤੋਂ ਛੋਟ ਦਿੱਤੀ ਜਾਵੇਗੀ।ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪੱਧਰੀ ਸਕਰੀਨਿੰਗ ਕਮੇਟੀ ਵੱਲੋਂ ਲਿਆ ਗਿਆ ਫੈਸਲਾ ਅੰਤਿਮ ਹੋਵੇਗਾ । ਪੋਲ ਡੇ ਮੋਨੀਟਰਿੰਗ ਸਿਸਟਮ ਨੂੰ ਲਾਗੂ ਕਰਨ ਲਈ ਨੋਡਲ ਅਫ਼ਸਰ/ਸਹਾਇਕ ਨੋਡਲ ਅਫ਼ਸਰ ਤਾਇਨਾਤ : ਆਉਣ ਵਾਲੀ ਜਲੰਧਰ ਲੋਕ ਸਭਾ ਹਲਕੇ ਦੀ ਜਿਮਨੀ ਚੋਣ ਦੌਰਾਨ ਜ਼ਿਲ੍ਹੇ ਵਿੱਚ ਪੋਲ ਡੇ ਮੋਨੀਟਰਿੰਗ ਸਿਸਟਮ (ਪੀ.ਡੀ.ਐਮ.ਐਸ) ਨੂੰ ਲਾਗੂ ਕਰਨ ਲਈ ਚੋਣ ਡਿਊਟੀ 'ਤੇ ਨੋਡਲ ਅਫ਼ਸਰ/ਸਹਾਇਕ ਨੋਡਲ ਅਫ਼ਸਰ ਤਾਇਨਾਤ ਕੀਤੇ ਗਏ ਹਨ। ਇਸ ਸਬੰਧੀ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਜਸਪ੍ਰੀਤ ਸਿੰਘ ਨੇ ਦੱਸਿਆ ਕਿ ਸੈਕਟਰ ਅਫ਼ਸਰਾਂ ਤੋਂ ਸਿੱਧੇ ਤੌਰ 'ਤੇ ਮੋਬਾਇਲ ਐਪ ਰਾਹੀਂ ਪੋਲ ਡੇ ਗਤੀਵਿਧੀਆਂ ਬਾਰੇ ਜਾਣਕਾਰੀ ਹਾਸਲ ਕਰਨ ਲਈ ਰੁਪਿੰਦਰ ਕੌਰ ਏ.ਡੀ.ਆਈ.ਓ. (ਐਨ.ਆਈ.ਸੀ. ਜਲੰਧਰ) ਨੂੰ ਨੋਡਲ ਅਫ਼ਸਰ ਅਤੇ ਹਤਿੰਦਰ ਮਲਹੋਤਰਾ ਡੀ.ਟੀ.ਸੀ., ਨਵਪ੍ਰੀਤ ਸਿੰਘ ਡੀ.ਈ.ਜੀ.ਸੀ. ਅਤੇ ਪ੍ਰਿਆ ਪ੍ਰੋਗਰਾਮਰ ਨੂੰ ਸਹਾਇਕ ਨੋਡਲ ਅਫ਼ਸਰ ਵਜੋਂ ਤਾਇਨਾਤ ਕੀਤਾ ਗਿਆ ਹੈ । ਇਹ ਅਧਿਕਾਰੀ/ਕਰਮਚਾਰੀ ਐਨ.ਆਈ.ਸੀ., ਪੰਜਾਬ ਤੋਂ ਪ੍ਰਾਪਤ ਹੋਣ ਵਾਲੇ ਪ੍ਰੋਗਰਾਮ ਅਨੁਸਾਰ ਪੀ.ਡੀ.ਐਮ.ਐਸ. ਨਾਲ ਸਬੰਧਤ ਸਾਰੀਆਂ ਗਤੀਵਿਧੀਆਂ ਅਤੇ ਸਮੂਹ ਏ.ਆਰ.ਓਜ਼ ਤੋਂ ਪੋਲਿੰਗ ਸਟੇਸ਼ਨਾਂ ਅਨੁਸਾਰ ਸੰਚਾਰ ਡਾਟਾ ਤਿਆਰ ਕਰਨ ਲਈ ਜ਼ਿੰਮੇਵਾਰ ਹੋਣਗੇ।

# ਹਲਕਾ ਵਿਧਾਇਕ ਕੋਟਲੀ ਨੇ ਜੋੜੀ ਨੂੰ ਦਿੱਤਾ ਅਸ਼ੀਰਵਾਦ

**ਆਦਮਪੁਰ ( ਪਰਮਜੀਤ ਸਿੰਘ )**— ਬਲਾਕ ਕਾਂਗਰਸ ਆਦਮਪੁਰ ਦੇ ਮੀਤ ਪ੍ਰਧਾਨ ਅਤੇ ਪੰਚ ਪੰਡੋਰੀ ਨਿੱਝਰਾਂ ਅੰਮ੍ਰਿਤਪਾਲ ਸਿੰਘ ਜੌਲੀ ਦੇ ਰਿਸ਼ਤੇਦਾਰ ਦੇ ਵਿਆਹ ਸਮਾਗਮ ਵਿੱਚ ਨਵ-ਵਿਆਹੇ ਜੋੜੇ ਸਰਕਮਲਜੋਤ ਸਿੰਘ ਲੇਸੜੀਵਾਲ ਅਤੇ ਨਵਦੀਪ ਕੌਰ ਫੱਤੋਵਾਲ ਹੁਸ਼ਿਆਰਪੁਰ ਨੂੰ ਅਸ਼ੀਰਵਾਦ ਦੇਣ ਲਈ ਹਲਕਾ ਵਿਧਾਇਕ ਸੁਖਵਿੰਦਰ ਸਿੰਘ ਕੋਟਲੀ ਆਪਣੇ ਪਾਰਟੀ ਵਰਕਰਾਂ ਨਾਲ ਪੁੱਜੇ। ਪਰਵਾਰਕ ਮੈਂਬਰਾਂ ਨੂੰ ਵਧਾਈ ਦਿੰਦਿਆਂ ਉਨ੍ਹਾਂ ਕਿਹਾ ਕਿ ਪ੍ਰਮਾਤਮਾ ਇਸ ਜੋੜੀ ਤੇ ਉਨ੍ਹਾਂ ਦੇ ਸਮੂਹ ਪਰਵਾਰ ਨੂੰ ਹਰ ਤਰ੍ਹਾਂ ਦੀਆਂ ਖੁਸ਼ੀਆਂ ਬਖਸ਼ੇ। ਉਨ੍ਹਾਂ ਕਿਹਾ ਕਿ ਅੰਮ੍ਰਿਤਪਾਲ ਸਿੰਘ ਜੌਲੀ ਕਾਂਗਰਸ ਪਾਰਟੀ ਦਾ ਵਫਾਦਾਰ ਸਿਪਾਹੀ ਹੈ ਉਹ ਹਰ ਸਮੇਂ ਉਨ੍ਹਾਂ ਦੇ ਪਰਵਾਰ ਨਾਲ ਖੜ੍ਹੇ ਹਨ। ਇਸ ਮੌਕੇ ਰਣਦੀਪ ਸਿੰਘ ਰਾਣਾ ਬਲਾਕ ਪ੍ਰਧਾਨ ਆਦਮਪੁਰ ਕਾਂਗਰਸ, ਪਰਮਿੰਦਰ ਸਿੰਘ ਸੋਢੀ, ਸੁਰਿੰਦਰ ਸਿੰਘ ਸੋਢੀ ਮੈਂਬਰ ਬਲਾਕ ਸੰਮਤੀ, ਗੁਰਪ੍ਰੀਤ ਸਿੰਘ, ਸਤਨਾਮ ਸਿੰਘ ਲਸੇੜੀਵਾਲ, ਐਸ.ਆਈ ਭੁਪਿੰਦਰਪਾਲ ਸਿੰਘ ਤੇ ਹੋਰ ਹਾਜਰ ਸਨ।



# ਉਪਕਾਰ ਐਜੂਕੇਸ਼ਨ ਐਂਡ ਚੈਰੀਟੇਬਲ ਟਰੱਸਟ ਨੇ ਲਗਾਇਆ ਖੂਨਦਾਨ ਕੈਂਪ

**ਆਦਮਪੁਰ (ਪਰਮਜੀਤ ਸਿੰਘ)**— ਉਪਕਾਰ ਐਜੂਕੇਸ਼ਨ ਐਂਡ ਚੈਰੀਟੇਬਲ ਟਰੱਸਟ ਰਜਿ ਗੜਸ਼ੰਕਰ ਵੱਲੋਂ ਸ਼ਹੀਦੇ ਆਜਮ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦੀ ਸ਼ਹਾਦਤ ਨੂੰ ਸਮਰਪਤ ਵੀਹਵਾਂ ਖੂਨਦਾਨ ਕੈਂਪ ਹੋਟਲ ਗੜ੍ਹਸ਼ੰਕਰ ਵਿੱਖੇ ਲਗਾਇਆ ਗਿਆ। ਕੈਂਪ ਦੇ ਸਰਪ੍ਰਸਤ ਭੁਪਿੰਦਰ ਸਿੰਘ ਅਤੇ ਉਨ੍ਹਾਂ ਦੀ ਸਮੁੱਚੀ ਟੀਮ ਵਲੋਂ ਸ਼ਹੀਦ ਬਾਬਾ ਮੱਤੀਂ ਸਾਹਿਬ ਜੀ ਸੇਵਾ ਸੁਸਾਇਟੀ ਡਰੋਲੀ ਕਲਾਂ ਦੀਆਂ ਸ਼ਲਾਘਾਯੋਗ ਕਾਰਗੁਜਾਰੀਆਂ ਨੂੰ ਦੇਖਦਿਆਂ ਹੋਇਆਂ ਸਨਮਾਨਿਤ ਕੀਤਾ ਗਿਆ। ਇਸ ਮੌਕੇ ਭਾਈ ਸੁਖਜੀਤ ਸਿੰਘ ਡਰੋਲੀ ਕਲਾਂ, ਵੀਡੀਓ ਡਾਇਰੈਕਟਰ ਸੁੱਖੀ ਦਾਊਦਪੁਰੀਆ, ਸ਼ਹੀਦ ਭਗਤ ਸਿੰਘ ਚੈਰੀਟੇਬਲ ਸੁਸਾਇਟੀ ਗੜਸ਼ਸ਼ਕਰ,ਗਰੀਨ ਵਿਲੇਜ ਵੈਲਫੇਅਰ ਸੁਸਾਇਟੀ ਬੀਨੇਵਾਲ, ਜੀਵਨ ਜਾਗ੍ਰਿਤੀ ਮੰਚ ਗੜਸ਼ੰਕਰ, ਨਵਾਂਸ਼ਹਿਰ ਬਲੱਡ ਸੇਵਾ ਸੁਸਾਇਟੀ,ਡ੍ਰੀਮ ਵਰਲਡ ਐਨ ਜੀ ਓ ਨਵਾਂਸ਼ਹਿਰ ਦੇ ਨਾਲ ਨਾਲ ਬੀ ਡੀ ਸੀ ਬਲੱਡ ਸੈਂਟਰ ਨਵਾਂਸ਼ਹਿਰ ਅਤੇ ਹੋਰ ਵੀ ਬਹੁਤ ਸਾਰੀਆਂ ਹਸਤੀਆਂ ਜਿਵੇਂ ਲੋਕ ਪੰਜਾਬੀ ਗਾਇਕ ਬੱਲ ਸਾਊਪੁਰੀਆ ਅਤੇ ਹਰਪਾਲ ਸਿੰਘ ਾਲੀ ਅੱਡਾ ਕਾਨਪੁਰ ਖੂਹੀ ਨਿਸ਼ਕਾਮ ਸੇਵਾ ਜੰਗਲੀ ਜੀਵ ਜੰਤੂ ਵੀ ਵੱਲੋਂ ਹਾਜਰੀ ਭਰੀ ਗਈ।



# 21ਵਾਂ ਮੰਗ ਪੱਤਰ ਦੇਣ ਦੇ ਬਾਵਜੂਦ ਮਨਰੇਗਾ ਮੇਟਾਂ ਨੂੰ ਨਹੀਂ ਮਿਲ ਰਿਹਾ ਇਨਸਾਫ : ਧੀਮਾਨ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**

ਲਗਾਤਾਰ ਵਾਰ ਵਾਰ ਪੰਜਾਬ ਸਰਕਾਰ ਵਲੋਂ 2019 ਅਤੇ 2020 ਵਿਚ ਜਾਰੀ ਕੀਤੀਆਂ ਅਡਵਾਇਜਰੀਆਂ ਨੂੰ ਜ਼ਿਲ੍ਹਾ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਕਮ ਜ਼ਿਲ੍ਹਾ ਵਧੀਕ ਪ੍ਰੋਗਰਾਮ ਕੋਆਰਡੀਨੇਟਰ ਮਗਨਰੇਗਾ ਵਲੋਂ ਨਾ ਲਾਗੂ ਕਰਨ ਅਤੇ ਮਨਰੇਗਾ ਦੇ ਕੰਮਾਂ ਵਿਚ ਫੈਲੇ ਭ੍ਰਿਸ਼ਟਾਚਾਰ ਅਤੇ ਅੰਮ੍ਰਿਤ ਸਰੋਵਰਾਂ ਵਿਚ ਚਲ ਰਹੀਆਂ ਬੇਨਿਯਮੀਆਂ ਪ੍ਰਤੀ ਅਵੇਸਲਾਪਨ ਵਰਤਨ ਉਤੇ ਫਿਰ ਜ਼ਿਲ੍ਹਾ ਵਧੀਕ ਡਿਪਟੀ ਕਮਿਸ਼ਨਰ ਜਨਰਲ ਨੂੰ ਲਗਭਗ 21ਵਾਂ ਮੰਗ ਪੱਤਰ ਜੈ ਗੋਪਾਲ ਧੀਮਾਨ, ਪਰਵਿੰਦਰ ਸਿੰਘ ਅਤੇ ਗੁਰਬਖਸ਼ ਕੁਮਾਰ ਦੀ ਅਗਵਾਈ ਵਿੱਚ ਦਿੱਤਾ ਤੇ ਮੰਗ ਕੀਤੀ ਕਿ ਬਲਾਕ ਵਿਕਾਸ ਅਤੇ ਪੰਚਾਇਤ ਅਫਸਰ ਬਲਾਕ-1 ਵਲੋਂ ਜਾਣਬੁੱਝ ਕੇ ਸਾਰੇ ਮਸਲੇ ਨੂੰ ਉੱਲਝਾਇਆ ਜਾ ਰਿਹਾ ਹੈ। ਉਨ੍ਹਾਂ ਦਸਿਆ ਕਿ ਹੇਠਲੇ ਪਧੱਰ ਉਤੇ ਅਧਿਕਾਰੀਆਂ ਵਲੋਂ ਇਕ ਦੂਸਰੇ ਨੂੰ ਪੱਤਰ ਲਿਖਣ ਨੂੰ ਲੈ ਕੇ ਸਾਰੇ ਮਸਲੇ ਨੂੰ ਉਲਝਾਇਆ ਜਾ ਰਿਹਾ ਹੈ ਤੇ ਭ੍ਰਿਸ਼ਟਾਚਾਰੀਆਂ ਨੂੰ ਸਬੂਤ ਮਿਟਾਉਣ ਦੇ ਮੌਕੇ ਪ੍ਰਦਾਨ ਕਰਵਾਏ ਜਾ ਰਹੇ ਹਨ। ਧੀਮਾਨ ਨੇ ਦਸਿਆ ਕਿ ਅਸਲ ਵਿਚ ਲੋਕਾਂ ਦੇ ਮਸਲੇ ਹੱਲ ਕਰਨ ਲਈ ਪੰਜਾਬ ਸਰਕਾਰ ਜਾਣਬੁੱਝ ਕੇ ਪ੍ਰਸ਼ਾਸਨਕ ਅਧਿਕਾਰੀਆਂ ਦੀਆਂ ਸ਼ਕਤੀਆਂ ਨੂੰ ਤਾਲਾ ਲਗਾ ਕੇ ਸਾਰੇ ਹੱਕ ਗੈਰ ਕਾਨੂੰਨੀ ਤੌਰ 'ਤੇ ਵਧਾਇਕਾਂ ਨੂੰ ਦੇ ਰਹੀ ਹੈ। ਪਰ ਜਦੋਂ ਲੋਕ ਫਿਰ ਜਾਬ ਐਂਡ ਹਾਈ ਕੋਰਟ ਵੱਲ ਅਪਣਾ ਰੁਖ ਕਰਦੇ ਹਨ ਤਾਂ ਉਥੇ ਕੋਈ ਵਧਾਇਕ ਨਹੀਂ ਪਹੁੰਚਦਾ ਤੇ ਗਾਜ ਫਿਰ ਅਧਿਕਾਰੀਆਂ ਉਤੇ ਹੀ ਗਿਰਦੀ ਹੈ। ਪ੍ਰਸ਼ਾਸਨ ਨੂੰ ਨਿਯਮਾਂ ਅਨੁਸਾਰ ਕੰਮ ਨਾ ਕਰਨ ਦੇਣ ਕਰਕੇ ਹੀ ਲੋਕਾਂ ਵਿਚ ਅਨੁਸਾਸ਼ਨਹੀਨਤਾ ਫੈਲਦੀ ਹੈ ਜਿਸ ਕਾਰਨ ਇਨਸਾਫ ਬੇਇਨਸਾਫੀ ਵੱਲ ਵਧਦਾ ਨਜਰ ਆ ਰਿਹਾ ਹੈ। ਮੇਟਾਂ ਨੂੰ ਇਨਸਾਫ ਨਾ ਮਿਲਣ ਦਾ ਅਸਲ ਕਾਰਨ ਵੀ ਏਹੀ ਹੀ ਹੈ। ਧੀਮਾਨ ਨੇ ਕਿਹਾ ਕਿ ਅਡਵਾਇਜਰੀਆਂ ਲਾਗੂ ਕਰਕੇ ਸਿਰਫ 1 ਦਿਨ ਦਾ ਹੀ ਕੰਮ ਹੈ ਇਨਸਾਫ ਦੇਣਾ। ਕਿੰਨੀ ਹੈਰਾਨੀ ਦੀ ਗੱਲ ਹੈ ਕਿ ਜਿਲਾ ਵਧੀਕ ਡਿਪਟੀ ਕਮਿਸ਼ਨਰ ਵਿਕਾਸ ਦੇ ਦਫਤਰ ਵਲੋਂ ਬਲਾਕ ਵਿਕਾਸ ਅਤੇ ਪੰਚਾਇਤ ਅਫਸਰ ਨੂੰ ਪੱਤਰ ਲਿਖ ਕੇ ਅਡਵਾਜਿਰੀਆਂ ਲਾਗੂ ਕਰਨ ਲਈ ਕਿਹਾ ਜਾਂਦਾ ਹੈ ਤੇ ਅਗੋਂ ਬੀਡੀਪੀਓ ਵਲੋਂ ਮੇਟਾਂ ਨੂੰ ਬਿਨਾਂ ਕਿਸੇ ਅਧਾਰ 'ਤੇ ਪੱਤਰ ਲਿਖ ਕੇ ਬਿਆਨ ਦਰਜ ਕਰਨ ਲਈ ਕਿਹਾ ਜਾਂਦਾ ਹੈ। ਜਦੋਂ ਕਿ ਲਾਗੂ ਤਾਂ ਅਡਵਾਇਜਰੀਆਂ ਕਰਨੀਆ ਹਨ। ਜਦੋਂ ਕਿ ਅਡਵਾਜਿਰੀਆਂ ਬਹੁਤ ਵਧੀਆ ਹਨ ਤੇ ਮਨਰੇਗਾ ਦੇ ਕੰਮਾਂ ਵਿਚ ਪਾਰਦਰਸ਼ਤਾ ਪੈਦਾ ਕਰਦੀਆਂ ਹਨ। ਪੰਜਾਬ ਵਿਚ ਹੇਠਲੇ ਪੱਧਰ 'ਤੇ ਮਨਰੇਗਾ ਦੇ ਕੰਮਾਂ ਵਿਚ ਭ੍ਰਿਸ਼ਟਾਚਾਰ ਫੈਲਣ ਦਾ ਅਸਲ ਕਾਰਨ ਪ੍ਰਸ਼ਾਸਨ ਨੂੰ ਰਾਜਨੀਤਕ ਪ੍ਰਭਾਵ ਦੇ ਥੱਲੇ ਰੱਖ ਕੇ ਸਰਕਾਰੀ ਮਨਮਰਜੀਆਂ ਕਰਨਾ ਰਹਿ ਗਿਆ ਹੈ। ਇਸ ਮੌਕੇ ਬਲਵਿੰਦਰ ਕੁਮਾਰ, ਬਲਰਾਜ ਕੁਮਾਰ, ਰਾਕੇਸ ਬਾਲਾ, ਸੁਰਿੰਦਰ ਕੁਮਾਰ, ਵਾਸਦੇਵ, ਗੁਰਬਚਨ ਸਿੰਘ ਆਦਿ ਹਾਜਰ ਸਨ।

# ਭਗਤ ਸਿੰਘ ਤੇ ਹੋਰਨਾਂ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਭੇਟ

**ਕਪੂਰਥਲਾ, (ਪ੍ਰੀਤ ਸੰਗੋਜਲਾ)**

ਡਿਪਟੀ ਕਮਿਸ਼ਨਰ,ਕਪੂਰਥਲਾ ਵਿਸ਼ੇਸ਼ ਸਾਰੰਗਲ ਦੀ ਅਗਵਾਈ ਵਿੱਚ ਸਥਾਨਕ ਸ਼ਹੀਦ ਭਗਤ ਸਿੰਘ ਚੌਕ ਵਿਖੇ ਜ਼ਿਲ੍ਹਾ ਪ੍ਰਸ਼ਾਸਨ ਵਲੋਂ ਸ਼ਹੀਦ ਭਗਤ ਸਿੰਘ ਤੇ ਹੋਰਨਾਂ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਟ ਭੇਟ ਕੀਤੇ ਗਏ। ਇਸ ਮੌਕੇ ਸ਼ਹੀਦ ਭਗਤ ਸਿੰਘ ਤੇ ਹੋਰਨਾਂ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਡਿਪਟੀ ਕਮਿਸ਼ਨਰ ਵਿਸ਼ੇਸ਼ ਸਾਰੰਗਲ ਵਲੋਂ ਸ਼ਹੀਦਾਂ ਤੇ ਦੇਸ਼ ਭਗਤਾਂ ਦੇ ਸੁਪਨਿਆਂ ਵਾਲਾ ਸਮਾਜ ਸਿਰਜਣ ਲਈ ਆਜ਼ਾਦੀ ਸੰਗਰਾਮ ਦੇ ਮਹਾਨ ਯੋਧਿਆਂ ਅਤੇ ਸ਼ਹੀਦਾਂ ਵਲੋਂ ਦਰਸਾਏ ਮਾਰਗ 'ਤੇ ਚੱਲਣ ਲਈ ਨੌਜਵਾਨਾਂ ਨੂੰ ਪ੍ਰੇਰਿਆ ਗਿਆ। ਉਨ੍ਹਾਂ ਕਿਹਾ ਕਿ ਆਜ਼ਾਦੀ ਸੰਗਰਾਮ ਵਿੱਚ 80 ਫੀਸਦੀ ਤੋਂ ਵੱਧ ਪੰਜਾਬੀਆ ਵਲੋਂ ਯੋਗਦਾਨ ਪਾਇਆ ਗਿਆ ਹੈ। ਉਨ੍ਹਾਂ ਕਿਹਾ ਕਿ ਆਜ਼ਾਦੀ ਦੇ ਪਰਵਾਨਿਆਂ ਨੇ ਇਕ ਰੋਸ਼ਨ ਭਵਿੱਖ ਲਈ ਜੋ ਸੁਪਨਾ ਵੇਖਿਆ ਸੀ ਸਾਨੂੰ ਸਾਰਿਆਂ ਨੂੰ ਉਸ ਦੀ ਪ੍ਰਾਪਤੀ ਲਈ ਸਾਰਥਕ ਹੰਭਲੇ ਮਾਰਨੇ ਚਾਹੀਦੇ ਹਨ। ਉਨ੍ਹਾਂ ਇਹ ਵੀ ਕਿਹਾ ਕਿ ਨੌਜਵਾਨਾਂ ਨੂੰ ਸਮਾਜ ਵਿਚੋਂ ਨਸ਼ਿਆਂ ਅਤੇ ਹੋਰ ਸਮਾਜਿਕ ਕੁਰੀਤੀਆਂ ਨੂੰ ਜੜ੍ਹੋਂ ਖ਼ਤਮ ਕਰਨ ਲਈ ਅੱਗੇ ਆਉਣਾ ਚਾਹੀਦਾ ਹੈ।




ਡਿਪਟੀ ਕਮਿਸ਼ਨਰ ਨੇ ਅੱਗੇ ਕਿਹਾ ਕਿ ਨੌਜਵਾਨ ਦੇਸ਼ ਦਾ ਭਵਿੱਖ ਹੁੰਦੇ ਹਨ ਇਸ ਦੇਸ਼ ਨੂੰ ਕਾਮਯਾਬੀ ਦੀਆਂ ਬੁਲੰਦੀਆਂ 'ਤੇ ਪਹੁੰਚਾਉਣ ਲਈ ਨੌਜਵਾਨਾਂ ਨੂੰ ਆਪਣੀ ਅਥਾਹ ਊਰਜਾ ਨੂੰ ਉਸਾਰੂ ਪਾਸੇ ਲਗਾਉਣਾ ਚਾਹੀਦਾ ਹੈ। ਉਨ੍ਹਾਂ ਇਹ ਵੀ ਕਿਹਾ ਕਿ ਮੁੱਖ ਮੰਤਰੀ, ਪੰਜਾਬ ਭਗਵੰਤ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਵਲੋਂ ਹਰ ਵਰਗ ਦੀ ਭਲਾਈ ਲਈ ਅਨੇਕਾਂ ਭਲਾਈ ਸਕੀਮਾਂ ਸ਼ੁਰੂ ਕੀਤੀਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਨੌਜਵਾਨਾਂ ਨੂੰ ਜਿਥੇ ਖੁਦ ਇਨ੍ਹਾਂ ਸਕੀਮਾਂ ਦਾ ਲਾਭ ਉਠਾਉਣਾ ਚਾਹੀਦਾ ਹੈ ਉਥੇ ਹੋਰਨਾਂ ਨੂੰ ਵੀ ਭਲਾਈ ਸਕੀਮਾਂ ਬਾਰੇ ਵੱਧ ਤੋਂ ਵੱਧ ਜਾਗਰੂਕ ਕਰਨਾ ਚਾਹੀਦਾ ਹੈ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ(ਜਨਰਲ) ਸਾਗਰ ਸੇਤੀਆ ਅਤੇ ਉਪ ਮੰਡਲ ਮੈਜਿਸਟਰੇਟ ਲਾਲ ਵਿਸ਼ਵਾਸ ਬੈਂਸ ਤੋਂ ਇਲਾਵਾ ਹੋਰਨਾਂ ਅਧਿਕਾਰੀਆਂ ਵਲੋਂ ਵੀ ਦੇਸ਼ ਲਈ ਜਾਨਾਂ ਕੁਰਬਾਨ ਕਰਨ ਵਾਲੇ ਮਹਾਨ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ।

# ਕੁੱਟਮਾਰ ਕਰਨ ਵਾਲਿਆਂ ਖਿਲਾਫ਼ ਮਾਮਲਾ ਦਰਜ

**ਗੁਰਦਾਸਪੁਰ, (ਜਨਕ ਮਹਾਜਨ)**-ਥਾਣਾ ਪੁਰਾਣਾ ਸ਼ਾਲਾ ਅਧੀਨ ਪੈਂਦੇ ਪਿੰਡ ਤਾਲਿਬਪੁਰ ਦੇ ਵਸਨੀਕ ਨਿਪਨ ਦੱਤਾ ਪੁੱਤਰ ਚਮਨ ਲਾਲ ਵਾਸੀ ਤਾਲਿਬਪੁਰ ਨੇ ਪੁਲਸ ਨੂੰ ਲਿਖਤੀ ਸ਼ਿਕਾਇਤ ਕੀਤੀ ਕਿ ਉਹ ਐਕਸਾਈਜ਼ ਵਿਭਾਗ ਦੇ ਠੇਕੇਦਾਰ ਨਾਲ ਬਤੌਰ ਡਰਾਈਵਰ ਕੰਮ ਕਰਦਾ ਹੈ ਅਤੇ ਉਨ੍ਹਾਂ ਨਾਲ ਕੈਸ਼ ਵਗੈਰਾ ਇੱਕਠਾ ਕਰਨ ਦਾ ਕੰਮ ਕਰਦਾ ਹੈ। ਉਨ੍ਹਾਂ ਦੱਸਿਆ ਕਿ ਮਿਤੀ 13-2-23 ਰਾਤ 9.30 ਵਜੇ ਦੇ ਕਰੀਬ ਜਦ ਉਹ ਕਲੀਚਪੁਰ ਠੇਕੇ 'ਤੇ ਪੁੱਜੇ ਤਾਂ ਉਥੇ ਅਹਾਤੇ 'ਤੇ ਸ਼ਰਾਬ ਪੀ ਰਹੇ ਸੁਨੀਲ ਕੁਮਾਰ ਪੁੱਤਰ ਪਵਨ ਕੁਮਾਰ ਤੇ ਜੱਗੀ ਪੁੱਤਰ ਉਂਕਾਰ ਸਿੰਘ ਵਾਸੀ ਤਾਲਿਬਪੁਰ ਉਸ ਨੂੰ ਕਹਿਣ ਲੱਗੇ ਕਿ ਸਾਨੂੰ ਸਸਤੀ ਸ਼ਰਾਬ ਲੈ ਕੇ ਦੇ ਜਿਸ 'ਤੇ ਇਨ੍ਹਾਂ ਦੀ ਆਪਸੀ ਬਹਿਸਬਾਜ਼ੀ ਸ਼ੁਰੂ ਹੋ ਗਈ ਤੇ ਉਕਤ ਦੋਸ਼ੀਆਂ ਨੇ ਉਸ ਨੂੰ ਦਸਤੀ ਹਥਿਆਰਾਂ ਨਾਲ ਸੱਟਾਂ ਮਾਰ ਕੇ ਜ਼ਖ਼ਮੀ ਕਰ ਦਿੱਤਾ। ਸ਼ਾਲਾ ਪੁਲਿਸ ਨੇ ਪੀੜਤ ਦੇ ਬਿਆਨਾਂ 'ਤੇ ਦੋਸ਼ੀਆਂ ਖ਼ਿਲਾਫ਼ ਧਾਰਾ 326, 324 ਅਧੀਨ ਮਾਮਲਾ ਦਰਜ ਕਰ ਲਿਆ ਗਿਆ ਹੈ, ਜਦੋਂ ਕਿ ਅਜੇ ਤੀਕ ਕੋਈ ਕਾਰਵਾਈ ਨਹੀਂ ਹੋਈ।

# ਇਨੋਵੇਟਿਵ ਜੂਨੀਅਰ ਸਕੂਲ ਦੇ ਬੱਚਿਆਂ ਨੇ ਭਗਤ ਸਿੰਘ ਨੂੰ ਕੀਤਾ ਯਾਦ



**ਟਾਂਡਾ ਉੜਮੁੜ (ਓਂਕਾਰ ਸਿੰਘ, ਜਸਵਿੰਦਰ ਸੰਧੂ)**

ਸਥਾਨਕ ਇਨੋਵੇਟਿਵ ਜੂਨੀਅਰ ਸਕੂਲ ਉੜਮੁੜ ਵਿਖੇ ਛੋਟੇ ਬੱਚਿਆਂ ਲਈ ਇਕ ਵਿਸ਼ੇਸ਼ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ। ਜਿਸ ਵਿੱਚ ਸਕੂਲ ਪ੍ਰਿੰਸੀਪਲ ਜਤਿੰਦਰ ਕੌਰ ਅਰੋੜਾ ਦੇ ਦਿਸ਼ਾ ਨਿਰਦੇਸ਼ਾਂ 'ਤੇ ਸਕੂਲ ਕੋ-ਆਰਡੀਨੇਟਰ ਦਿਕਸ਼ਾ ਅਰੋੜਾ ਨੇ ਬੱਚਿਆਂ ਨੂੰ ਸ਼ਹੀਦ ਭਗਤ ਸਿੰਘ ਰਾਜ ਗੁਰੂ ਅਤੇ ਸੁਖਦੇਵ ਦੇ ਜੀਵਨ ਵੇਰਵਿਆਂ ਤੋਂ ਜਾਣੂ ਕਰਾਇਆ ਅਤੇ ਭਾਰਤ ਦੇ ਆਜ਼ਾਦੀ ਸੰਗਰਾਮ ਵਿਚ ਉਨ੍ਹਾਂ ਦੇ ਯੋਗਦਾਨ ਦੀ ਜਾਣਕਾਰੀ ਦਿੱਤੀ। ਬੱਚਿਆਂ ਵੱਲੋਂ ਇਸ ਵੇਲੇ ਭਗਤ ਸਿੰਘ ਦਾ ਪਹਿਰਾਵਾ ਪਾ ਕੇ ਦੇਸ਼ ਭਗਤੀ ਦੇ ਗੀਤਾਂ 'ਤੇ ਕੋਰਿਓਗ੍ਰਾਫੀ ਵੀ ਕੀਤੀ ਗਈ ਜਿਸ ਨੂੰ ਹਾਜਰ ਦਰਸ਼ਕਾਂ ਨੇ ਬਹੁਤ ਪਸੰਦ ਕੀਤਾ। ਬੱਚਿਆਂ ਵੱਲੋਂ ਲਾਏ ਗਏ ਇਨਕਲਾਬ ਜ਼ਿੰਦਾਬਾਦ ਦੇ ਨਾਅਰਿਆਂ ਦੀ ਗੂੰਜ ਨਾਲ ਇਸ ਪ੍ਰੋਗਰਾਮ ਦਾ ਸਮਾਪਨ ਹੋਇਆ। ਵਧੀਆ ਪ੍ਰਦਰਸ਼ਨ ਕਰਨ ਵਾਲਿਆਂ ਨੂੰ ਸਨਮਾਨਤ ਵੀ ਕੀਤਾ ਗਿਆ। ਇਸ ਮੌਕੇ ਸਕੂਲ ਸਟਾਫ ਵਿਚ ਹਰਪ੍ਰੀਤ ਕੌਰ, ਭੁਪਿੰਦਰ ਕੌਰ, ਮੀਨਾ ਕੁਮਾਰੀ, ਆਸ਼ਾ ਰਾਣੀ, ਨੇਹਾ ਕੁਮਾਰੀ, ਅਨੀਤਾ ਰਾਣੀ ਅਤੇ ਹੋਰ ਹਾਜਰ ਸਨ।

# ਸਰਬ ਨੌਜਵਾਨ ਸਭਾ ਨੇ ਕਰਵਾਇਆ ਬਲਿਦਾਨ ਦਿਵਸ ਨੂੰ ਸਮਰਪਿਤ ਸਮਾਗਮ

**ਫਗਵਾੜਾ (ਡਾ. ਰਮਨ, ਜਸਵਿੰਦਰ ਢੱਡਾ)**

ਸਰਬ ਨੌਜਵਾਨ ਸਭਾ (ਰਜਿ:) ਫਗਵਾੜਾ ਅਤੇ ਸ਼ਹੀਦ ਭਗਤ ਸਿੰਘ ਯਾਦਗਾਰੀ ਸੁਸਾਇਟੀ (ਰਜਿ:) ਫਗਵਾੜਾ ਵਲੋਂ ਸਾਂਝਾ ਉਪਰਾਲਾ ਕਰਦੇ ਹੋਏ ਸ਼ਹੀਦ-ਏ-ਆਜਮ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਇਕ ਸ਼ਰਧਾਂਜਲੀ ਸਮਾਗਮ ਸਭਾ ਦੇ ਪ੍ਰਧਾਨ ਸੁਖਵਿੰਦਰ ਸਿੰਘ ਦੀ ਅਗਵਾਈ ਹੇਠ ਗੁਰੂ ਹਰਿਗੋਬਿੰਦ ਨਗਰ ਫਗਵਾੜਾ ਵਿਖੇ ਸਥਿਤ ਨਗਰ ਸੁਧਾਰ ਟਰੱਸਟ ਦੀ ਇਮਾਰਤ ਵਿਖੇ ਕੀਤਾ ਗਿਆ। ਇਸ ਮੌਕੇ ਮੁੱਖ ਮਹਿਮਾਨ ਵਜੋਂ ਕਰਨਲ ਜਗਮੀਤ ਸਿੰਘ ਐਡਮਿਨ ਅਫਸਰ 8- ਪੰਜਾਬ ਬਟਾਲੀਅਨ ਐਨ.ਸੀ.ਸੀ. ਫਗਵਾੜਾ ਸ਼ਾਮਲ ਹੋਏ ਜਦਕਿ ਵਿਸ਼ੇਸ਼ ਮਹਿਮਾਨਾਂ ਵਜੋਂ ਕਸ਼ਮੀਰ ਸਿੰਘ ਮੱਲੀ ਚੇਅਰਮੈਨ ਨਗਰ ਸੁਧਾਰ ਟਰੱਸਟ ਫਗਵਾੜਾ, ਸੰਤੋਸ਼ ਕੁਮਾਰ ਗੋਗੀ ਜ਼ਿਲਾ ਪ੍ਰਧਾਨ ਐਸ.ਸੀ. ਵਿੰਗ ਆਪ, ਅਸ਼ਵਨੀ ਕੋਹਲੀ ਸੀਨੀਅਰ ਵਾਇਸ ਪ੍ਰਧਾਨ ਪੰਜਾਬ ਚੈਂਬਰ ਆਫ ਸਮਾਲ ਐਕਸਪੋਰਟਰਜ, ਹੁਸਨ ਲਾਲ ਜਨਰਲ ਮੈਨੇਜਰ ਜੇਸੀਟੀ ਮਿੱਲ, ਜਤਿੰਦਰ ਸਿੰਘ ਕੁੰਦੀ ਇੰਟਰਨੈਸ਼ਨਲ ਡਾਇਰੈਕਟਰ ਅਲਾਇੰਸ, ਪ੍ਰਿੰਸੀਪਲ ਗੁਰਮੀਤ ਸਿੰਘ ਪਲਾਹੀ ਮੌਜੂਦ ਰਹੇ। ਗੈਸਟ ਆਫ ਆਨਰ ਵਜੋਂ ਮਾਊਂਟ ਐਵਰੈਸਟ ਦੇ ਸਿਖਰ ਨੂੰ ਦੋ ਵਾਰ ਫਤਿਹ ਕਰਨ ਵਾਲੇ ਸੂਬੇਦਾਰ ਮੇਜਰ ਸੋਨਮ ਟਾਰਗਸ ਹਾਜਰ ਹੋਏ ਜਿਹਨਾਂ ਨੂੰ ਉਹਨਾਂ ਦੀ ਪ੍ਰਾਪਤੀ ਲਈ ਸ਼ਹੀਦ ਭਗਤ ਸਿੰਘ ਯਾਦਗਾਰੀ ਅਵਾਰਡ ਨਾਲ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸਮੂਹ ਪਤਵੰਤਿਆਂ ਵਲੋਂ ਸ਼ਹੀਦਾਂ ਦੀਆਂ ਤਸਵੀਰਾਂ ਤੇ ਫੁੱਲ ਭੇਂਟ ਕਰਕੇ ਨਿੱਘੀ ਸ਼ਰਧਾਂਜਲੀ ਦਿੱਤੀ ਗਈ। ਸਮਾਗਮ ਦੌਰਾਨ ਸੁਖਵੰਤ ਰਾਏ, ਨੀਤੂ ਗੁਡਿੰਗ ਅਤੇ ਸਤਪ੍ਰਕਾਸ਼ ਸੱਗੂ ਵਲੋਂ ਨਿਰਦੇਸ਼ਿਤ ਕੀਤੀ ਕੋਰੀਓਗਰਾਫੀ ਨੂੰ ਵੋਕੇਸ਼ਨਲ ਸੈਂਟਰ ਦੀਆਂ ਲੜਕੀਆਂ ਵਲੋਂ ਬਹੁਤ ਹੀ ਖੂਬਸੂਰਤੀ ਨਾਲ ਪੇਸ਼ ਕੀਤਾ ਗਿਆ। ਸਟੇਜ ਦੀ ਸੇਵਾ ਸਭਾ ਦੇ ਮੀਤ ਪ੍ਰਧਾਨ ਰਵਿੰਦਰ ਸਿੰਘ ਰਾਏ ਨੇ ਬਖ਼ੂਬੀ ਨਿਭਾਈ ਅਤੇ ਨਾਲ ਹੀ ਸ਼ਹੀਦਾਂ ਬਾਰੇ ਆਪਣੀਆਂ ਕਵਿਤਾਵਾਂ ਵੀ ਪੇਸ਼ ਕੀਤੀਆਂ। ਇਸ ਮੌਕੇ ਡਾ: ਵਿਜੇ ਕੁਮਾਰ ਜਨਰਲ ਸਕੱਤਰ, ਜਗਜੀਤ ਸੇਠ, ਰਕੇਸ਼ ਕੋਛੜ, ਜਤਿੰਦਰ ਕੁਮਾਰ ਬਾਲੀ, ਮੈਡਮ ਪੂਜਾ ਸੈਣੀ, ਮੈਡਮ ਤਨੂੰ, ਮੈਡਮ ਸੁਖਜੀਤ ਕੌਰ, ਮੈਡਮ ਦੀਪਿਕਾ ਚਾਵਲਾ, ਰਾਜ ਕੁਮਾਰ ਕਨੌਜੀਆ, ਆਰ.ਪੀ. ਸ਼ਰਮਾ, ਸਾਹਿਬਜੀਤ ਸਾਬੀ, ਮਨਦੀਪ ਸਿੰਘ, ਜਸ਼ਨ ਮਹਿਰਾ, ਵਿਕਰਮਜੀਤ ਵਿੱਕੀ, ਕਵੀ ਮਨੋਜ ਫਗਵਾੜਵੀ, ਕਵੀ ਸੁਖਦੇਵ ਗੰਢਮਾ, ਕਵੀ ਹਰਚਰਨ ਭਾਰਤੀ, ਸ਼ਮਾ ਰਾਣੀ, ਨਰਿੰਦਰ ਸੈਣੀ, ਰਮਨ ਨਹਿਰਾ, ਹਰਵਿੰਦਰ ਸਿੰਘ, ਵਿਜੇ ਬੰਗਾ, ਅਨੂਪ ਦੁੱਗਲ, ਘਣਸ਼ਿਆਮ, ਰਣਜੀਤ, ਸੌਰਵ, ਧਨੰਜੇ, ਵਿਕਾਸ, ਰਿਟਾ. ਹੈੱਡ ਮਾਸਟਰ ਨਰੇਸ਼ ਕੋਹਲੀ, ਸੁਰਿੰਦਰ ਬੱਧਣ, ਵਿੱਕੀ ਸਿੰਘ, ਮੋਨਿਕਾ, ਕੁਲਦੀਪ ਦੁੱਗਲ, ਮੈਡਮ ਸੁਧਾ ਬੇਦੀ, ਅਮਨਜੋਤ, ਕਸ਼ਿਸ਼, ਸੁਧਾ, ਕਾਜਲ, ਪੂਜਾ, ਹਰਪ੍ਰੀਤ, ਪੂਨਮ, ਗੁਰਵਿੰਦਰ ਕੌਰ, ਜਸਮੀਨ, ਯਸਮੀਨ ਕੌਰ, ਅਮਨਪ੍ਰੀਤ, ਖੁਸ਼ਪ੍ਰੀਤ, ਪ੍ਰਿਆ, ਪਰਮਜੀਤ ਕੌਰ, ਮਾਨਸੀ, ਗਗਨਦੀਪ ਕੌਰ, ਰਾਜਬੀਰ ਕੌਰ, ਰੁਚਿਕਾ, ਮੀਨਾ ਰਾਣੀ, ਸੁਮਨ, ਅੰਜਲੀ, ਆਫਰੀਨ, ਜਸਮੀਤ, ਮਨਪ੍ਰੀਤ ਆਦਿ ਹਾਜ਼ਰ ਸਨ।



# ਮਹਿੰਦਰਾ ਪਬਲਿਕ ਸਕੂਲ ਵਿਖੇ 10ਵੀਂ ਤੇ 11ਵੀਂ ਦੇ ਵਿਦਿਆਰਥੀਆ ਤੇ ਸੀ ਏ ਵਿਚਾਲੇ ਪਰਸਪਰ ਮੀਟਿੰਗ

**ਕਰਤਾਰਪੁਰ (ਹਰਮੇਸ ਦੱਤ)**- ਮਹਿੰਦਰਾ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਦਿਆਲਪੁਰ ਜ਼ਿਲ੍ਹਾ ਕਪੂਰਥਲਾ ਵਿਖੇ ਦਸਵੀਂ ਤੇ ਗਿਆਰਵੀਂ ਕਲਾਸ ਦੇ ਵਿਦਿਆਰਥੀਆਂ ਨਾਲ ਸਕੂਲ ਕੈਂਪਸ ਵਿੱਚ ਇੱਕ ਪਰਸਪਰ ਮੀਟਿੰਗ ਰੱਖੀ ਗਈ, ਜਿਸ ਵਿੱਚ ਸੀ.ਏ.ਅਨਿਰੂਪ ਸਰੀਨ ਮੁੱਖ ਮਹਿਮਾਨ ਤੇ ਬੁਲਾਰੇ ਵਜੋਂ ਸ਼ਾਮਿਲ ਹੋਏ। ਉਨਾਂ ਨੇ ਕਮਾਰਸ ਦੇ ਵਿਦਿਆਰਥੀਆ ਲਈ ਉਪਲੱਬਧ ਕੇਰੀਅਰ ਬਾਰੇ ਵਿਦਿਆਰਥੀਆਂ ਨਾਲ ਗੱਲਬਾਤ ਕੀਤੀ ਅਤੇ ਸੀਨੀਅਰ ਸੈਕੰਡਰੀ ਦੀ ਪੜ੍ਹਾਈ ਪੂਰੀ ਕਰਨ ਤੋਂ ਬਾਅਦ ਇਸ ਦੀ ਪ੍ਰਭਾਸ਼ੀਲਤਾ ਬਾਰੇ ਜਾਣੂ ਕਰਵਾਇਆ। ਵਿਦਿਆਰਥੀਆਂ ਨੇ ਵੀ ਕਾਮਰਸ ਵਿਸ਼ੇ ਨਾਲ ਸਬੰਧਿਤ ਪ੍ਰਸ਼ਨ ਪੁੱਛੇ। ਕਾਮਰਸ ਅਧਿਆਪਕਾ ਮਿਸ ਲੀਨਾ ਨੇ ਵੀ ਵਿਦਿਆਰਥੀਆਂ ਨੂੰ ਕਾਮਰਸ ਵਿਸ਼ੇ ਬਾਰੇ ਜਾਣਕਾਰੀ ਦਿੱਤੀ। ਸਕੂਲ ਚੇਅਰਪਰਸਨ ਹਰਮਨ ਸਿੰਘ ਪੱਡਾ ਨੇ ਕਿਹਾ ਕਿ ਵਿਦਿਆਰਥੀਆਂ ਨੂੰ ਹਮੇਸ਼ਾ ਸਕੂਲ ਅਤੇ ਆਪਣੇ ਮਾਤਾ ਪਿਤਾ ਦਾ ਨਾਂਅ ਰੋਸ਼ਨ ਕਰਨਾ ਚਹੀਦਾ ਹੈ। ਇਸ ਮੌਕੇ 'ਤੇ ਸਕੂਲ ਸੰਚਾਲਕ ਮੈਡਮ ਮਹਿੰਦਰ ਕੌਰ, ਮੈਡਮ ਪਰਮਜੀਤ ਕੌਰ,ਦਲਵਿੰਦਰ ਕੌਰ,ਰਾਣੀ ਭਾਟੀਆ,ਕੰਚਨ ਸ਼ਰਮਾ,ਰੇਣੂ ਸ਼ਰਮਾ,ਰਮਨਦੀਪ,ਕਰਨਜੋਤ ਕੌਰ,ਲੀਨਾ,ਸੰਗੀਤਾ ਸ਼ਰਮਾ,ਰਜਨੀ ਜੋਸ਼ੀ, ਅਨੂੰ, ਮੀਨਾਕਸ਼ੀ, ਰੇਨੂੰ ਬਾਲਾ, ਰਾਜ ਕੁਮਾਰ ਅਤੇ ਵਿਦਿਆਰਥੀ ਹਾਜਰ ਸਨ।



# ਇਨਵਾਇਰਨਮੈਂਟ ਐਸੋਸੀਏਸ਼ਨ ਨੇ ਮਨਾਇਆ ਵਿਸ਼ਵ ਜਲ ਤੇ ਜੰਗਲਾਤ ਦਿਵਸ

**ਫਗਵਾੜਾ (ਡਾ. ਰਮਨ)**

ਫਗਵਾੜਾ ਇੰਨਵਾਇਰਨਮੈਂਟ ਐਸੋਸੀਏਸ਼ਨ ਵਲੋਂ ਹੇਅਰ ਪੈਲੇਸ ਫਗਵਾੜਾ ਦੇ ਸਹਿਯੋਗ ਨਾਲ ਵਿਸ਼ਵ ਜਲ ਅਤੇ ਜੰਗਲਾਤ ਦਿਵਸ ਮਨਾਇਆ ਗਿਆ। ਐਸੋਸੀਏਸ਼ਨ ਦੇ ਜਨਰਲ ਸਕੱਤਰ ਮਲਕੀਅਤ ਸਿੰਘ ਰਘਬੋਤਰਾ ਦੇ ਯਤਨਾ ਸਦਕਾ ਸੁਸ਼ੀਲ ਮੈਨੀ ਦੀ ਪ੍ਰਧਾਨਗੀ ਹੇਠ ਆਯੋਜਿਤ ਸਮਾਗਮ ਦੌਰਾਨ ਬਤੌਰ ਮੁੱਖ ਮਹਿਮਾਨ ਓਮ ਉੱਪਲ ਅਤੇ ਵਿਸ਼ੇਸ਼ ਮਹਿਮਾਨ ਵਜੋਂ ਸੁਖਵਿੰਦਰ ਸਿੰਘ ਹੇਅਰ ਸ਼ਾਮਲ ਹੋਏ। ਉਹਨਾਂ ਆਪਣੇ ਸੰਬੋਧਨ ਵਿਚ ਹਾਜਰੀਨ ਨੂੰ ਵੱਧ ਤੋਂ ਵੱਧ ਬੂਟੇ ਲਗਾ ਕੇ ਉਹਨਾਂ ਦੀ ਸੰਭਾਲ ਕਰਨ ਦੀ ਅਪੀਲ ਕੀਤੀ। ਹੇਅਰ ਨੇ ਆਪਣੇ ਦੱਸਿਆ ਕਿ ਉਹਨਾਂ ਦੇ ਪਿਤਾ ਸਵ. ਹਰਚਰਨ ਸਿੰਘ ਹੇਅਰ ਹਰ ਸਾਲ ਇਸ ਦਿਨ ਨੂੰ ਮਨਾਉਂਦੇ ਸਨ ਅਤੇ ਪਿਤਾ ਦੀ ਰੀਤ ਨੂੰ ਹੁਣ ਉਹ ਕਾਇਮ ਰੱਖਦੇ ਹੋਏ ਐਸੋਸੀਏਸ਼ਨ ਦੇ ਸਹਿਯੋਗ ਨਾਲ ਹਰ ਸਾਲ ਵਿਸ਼ਵ ਜਲ ਅਤੇ ਜੰਗਲਾਤ ਦਿਵਸ ਮਨਾਉਣਗੇ। ਇਸ ਦੌਰਾਨ ਨੈਸ਼ਨਲ ਅਵਾਰਡੀ ਮਾਸਟਰ ਗੁਰਮੀਤ ਸਿੰਘ ਨੇ ਇਨਸਾਨੀ ਜੀਵਨ ਵਿਚ ਜੰਗਲਾਂ ਦੇ ਮਹੱਤਵ ਨੂੰ ਵਿਸਥਾਰ ਨਾਲ ਦੱਸਿਆ। ਫਰੈਂਡਸ ਇਨਵਾਇਰਨਮੈਂਟ ਅਤੇ ਸੋਸ਼ਲ ਵੈਲਫੇਅਰ ਐਸੋਸੀਏਸ਼ਨ ਦੇ ਪ੍ਰਧਾਨ ਸ਼ਾਮ ਲਾਲ ਰਿਟਾ. ਡੀ.ਈ.ਓ. ਨੇ ਵੀ ਵਡਮੁੱਲੇ ਵਿਚਾਰ ਪੇਸ਼ ਕਰਦੇ ਹੋਏ ਪਾਣੀ ਨੂੰ ਸੰਜਮ ਨਾਲ ਵਰਤਣ ਅਤੇ ਵਾਤਾਵਰਣ ਸੁਰੱਖਿਆ ਵਿਚ ਸਹਿਯੋਗ ਦੇਣ ਲਈ ਕਿਹਾ। ਐਸੋਸੀਏਸ਼ਨ ਦੇ ਮੈਂਬਰ ਲਸ਼ਕਰ ਸਿੰਘ ਨੇ ਜਾਗੋ ਰਾਹੀਂ ਦਰਖ਼ਤ ਲਗਾਉਣ ਅਤੇ ਜਸਵਿੰਦਰ ਕੌਰ ਨੇ ਕਵਿਤਾ ਰਾਹੀਂ ਪਾਣੀ ਦੀ ਸੰਭਾਲ ਬਾਰੇ ਸੁਨੇਹਾ ਦਿੱਤਾ। ਸੈਂਟਰਲ ਗੌਰਮਿੰਟ ਵੈਲਫੇਅਰ ਐਸੋਸੀਏਸ਼ਨ ਦੇ ਪ੍ਰਧਾਨ ਅਸ਼ੋਕ ਕੁਮਾਰ ਨੇ ਪਾਣੀ ਦੇ ਬਚਾਅ ਲਈ ਵਾਟਰ ਗਰਵੈਸਟਿੰਗ ਸਿਸਟਮ ਲਗਾਉਣ ਲਈ ਸਰਕਾਰ ਅਤੇ ਆਮ ਲੋਕਾਂ ਨੂੰ ਅਪੀਲ ਕੀਤੀ। ਸਮਾਜ ਸੇਵਿਕਾ ਪ੍ਰਿਤਪਾਲ ਕੌਰ ਤੁਲੀ ਨੇ ਘਰਾਂ ਵਿਚ ਬੂਟੇ ਲਗਾਉਣ ਅਤੇ ਪਾਣੀ ਦੀ ਸੰਭਾਲ ਕਰਨ ਦਾ ਸੁਝਾਅ ਪੇਸ਼ ਕੀਤਾ। ਏਕ ਕੋਸ਼ਿਸ਼ ਦੇ ਪ੍ਰਧਾਨ ਕ੍ਰਿਸ਼ਨ ਕੁਮਾਰ ਨੇ ਪੰਛੀਆਂ ਨੂੰ ਪਾਣੀ ਪਿਆਉਣ ਲਈ ਮਿੱਟੀ ਦੇ ਬਰਤਨ ਅਤੇ ਖਾਣ ਲਈ ਬਾਜਰੇ ਦੇ ਬੀਜ ਵੰਡੇ। ਵਣ ਵਿਭਾਗ ਫਗਵਾੜਾ ਵਲੋਂ ਸ੍ਰੀਮਾਨ ਬਹਾਦੁਰ ਨੇ ਹਾਜਰੀਨ ਨੂੰ ਬੂਟਿਆਂ ਦੀ ਵੰਡ ਕੀਤੀ। ਮਲਕੀਅਤ ਸਿੰਘ ਰਘਬੋਤਰਾ ਨੇ ਦੱਸਿਆ ਕਿ ਜਲ ਅਤੇ ਜੰਗਲਾਤ ਦਿਵਸ ਮਨਾਉਣ ਦਾ ਮਨੋਰਥ ਜੰਗਲਾਂ ਦੀ ਮਹਤੱਤਾ ਅਤੇ ਇਹਨਾਂ ਦੀ ਕਟਾਈ ਨਾਲ ਹੋ ਰਹੇ ਨੁਕਸਾਨ ਬਾਰੇ ਸੁਚੇਤ ਕਰਨਾ ਹੈ ਤਾਂ ਜੋ ਲੋਕ ਵੱਧ ਤੋਂ ਵੱਧ ਬੂਟੇ ਲਗਾਉਣ ਅਤੇ ਉਹਨਾਂ ਦੀ ਸੰਭਾਲ ਵੀ ਕਰਨ। ਇਸ ਤੋਂ ਇਲਾਵਾ ਪਾਣੀ ਦਾ ਮਹੱਤਵ ਦੱਸਣਾ ਤੇ ਪਾਣੀ ਦੀ ਘਾਟ ਨਾਲ ਹੋਣ ਵਾਲੀਆਂ ਸਮੱਸਿਆਵਾਂ ਬਾਰੇ ਜਾਗਰੁਕ ਕਰਨਾ ਵੀ ਹੈ। ਸਮਾਗਮ ਦੌਰਾਨ ਹਿੰਮਤ ਸਿੰਘ ਵਲੋਂ ਪ੍ਰੋਜੈਕਟਰ ਰਾਹੀਂ ਪਾਣੀ ਦੀ ਸੰਭਾਲ ਅਤੇ ਜੰਗਲਾਂ ਦਾ ਮਹੱਤਵ ਦੱਸਿਆ। ਇਸ ਮੌਕੇ ਮੋਹਨ ਲਾਲ ਤਨੇਜਾ, ਸੁਧਾ ਬੇਦੀ, ਗੁਰਦੀਪ ਸਿੰਘ ਤੁਲੀ, ਦਰਸ਼ਨ ਕੁਮਾਰ, ਗਿਆਨ ਚੰਦ, ਐਸ.ਸੀ. ਚਾਵਲਾ, ਸਰਵਣ ਸਿੰਘ, ਤਰਸੇਮ ਲਾਲ, ਰੇਸ਼ਮ ਲਾਲ, ਬਲਬੀਰ ਸਿੰਘ, ਕਸਤੂਰੀ ਲਾਲ, ਪਿਆਰਾ ਸਿੰਘ, ਹਰਜੀਤ, ਗੁਰਮੀਤ ਬੇਦੀ, ਗੁਰਮਿੰਦਰ ਸਿੰਘ, ਵਿਸ਼ਵਾ ਮਿੱਤਰ ਸ਼ਰਮਾ, ਰਾਮ ਲੁਭਾਇਆ, ਰਾਮ ਰਤਨ ਵਾਲੀਆ, ਬ੍ਰਿਜ ਭੂਸ਼ਣ, ਰਾਜਕੁਮਾਰ ਗਰਗ, ਮਾਸਟਰ ਨਰੇਸ਼ ਕੋਹਲੀ ਆਦਿ ਹਾਜਰ ਸਨ।




# ਕਾਂਸ਼ੀ ਰਾਮ ਦੇ 89ਵੇਂ ਜਨਮ ਦਿਨ 'ਤੇ ਵਰਕਰ ਕਲੱਬ ਵਿਖੇ ਵਿਚਾਰ-ਗੋਸ਼ਟੀ

**ਫਗਵਾੜਾ (ਡਾ. ਰਮਨ, ਜਸਵਿੰਦਰ ਢੱਡਾ)**

ਸਾਹਿਬ ਡਾ. ਬੀ. ਆਰ. ਅੰਬੇਡਕਰ ਸੁਸਾਇਟੀ ਰਜਿ., ਰੇਲ ਕੋਚ ਫੈਕਟਰੀ, ਕਪੂਰਥਲਾ ਵੱਲੋਂ ਸਮਾਜਿਕ/ਆਰਥਿਕ ਪਰਿਵਰਤਨ ਦੇ ਹਮਾਇਤੀ, ਬਾਮਸੇਫ ਅਤੇ ਬਹੁਜਨ ਸਮਾਜ ਪਾਰਟੀ ਦੇ ਸੰਸਥਾਪਕ, ਬਹੁਜਨ ਨਾਇਕ ਕਾਂਸ਼ੀ ਰਾਮ ਦੇ 89ਵੇਂ ਜਨਮ ਦਿਨ 'ਤੇ ਵਰਕਰ ਕਲੱਬ ਵਿਖੇ ਵਿਚਾਰ ਗੋਸ਼ਟੀ ਕਾਰਵਾਈ ਗਈ, ਜਿਸ ਦੀ ਪ੍ਰਧਾਨਗੀ ਸਮਾਗਮ ਦੇ ਮੁੱਖ ਬੁਲਾਰੇ ਸਾਹਿਤਕਾਰ ਅਤੇ ਸਮਾਜ ਦੇ ਉੱਘੇ ਬੁਲਾਰੇ ਚਮਨ ਲਾਲ ਚਣਕੋਆ, ਆਡੀਟਰ ਅਫਸਰ ਰਾਜੇਸ਼ ਕੁਮਾਰ ਅਤੇ ਸੁਸਾਇਟੀ ਦੇ ਪ੍ਰਧਾਨ ਕ੍ਰਿਸ਼ਨ ਲਾਲ ਜੱਸਲ ਨੇ ਸਾਂਝੇ ਤੌਰ 'ਤੇ ਕੀਤੀ। ਮੰਚ ਸੰਚਾਲਨ ਦੀ ਭੂਮਿਕਾ ਸੁਸਾਇਟੀ ਦੇ ਜਨਰਲ ਸਕੱਤਰ ਧਰਮ ਪਾਲ ਪੈਂਥਰ ਨੇ ਨਿਭਾਉਂਦੇ ਹੋਏ ਕਿਹਾ ਕਿ ਜਿਨ੍ਹਾਂ ਮਹਾਂਪੁਰਸ਼ਾਂ ਨੇ ਸਮਾਜ ਦੇ ਉਥਾਨ ਲਈ ਆਪਣੀ ਸਾਰੀ ਜ਼ਿੰਦਗੀ ਕੁਰਬਾਨ ਕਰ ਦਿੱਤੀ ਉਨ੍ਹਾਂ ਮਹਾਪੁਰਖਾਂ ਨੂੰ ਯਾਦ ਕਰਨਾ ਸੁਸਾਇਟੀ ਆਪਣਾ ਫਰਜ ਸਮਝਦੀ ਹੈ। ਪ੍ਰਧਾਨਾਗੀ ਮੰਡਲ ਨੇ ਸਾਹਿਬ ਕਾਂਸ਼ੀ ਰਾਮ ਦੀ ਤਸਵੀਰ ਅੱਗੇ ਫੁੱਲ ਅਰਪਣ ਕੀਤੇ। ਲਾਰਡ ਬੁੱਧਾ ਐਜੂਕੇਸ਼ਨ ਟਰੱਸਟ ਦੇ ਚੇਅਰਮੈਨ ਪੂਰਨ ਸਿੰਘ ਨੇ ਸਾਰਿਆਂ ਨੂੰ ਸੰਵਿਧਾਨ ਦੀ ਸਹੁੰ ਚੁਕਾਈ । ਵਿਚਾਰ ਗੋਸ਼ਟੀ ਦੇ ਮੁੱਖ ਬੁਲਾਰੇ ਚਮਨ ਲਾਲ ਚਣਕੋਆ ਨੇ ਕਾਂਸ਼ੀ ਰਾਮ ਦੇ ਜਨਮ ਦਿਨ ਦੀ ਵਧਾਈ ਦਿੰਦਿਆਂ ਕਿਹਾ ਕਿ ਜਿਸ ਮਹਾਨ ਵਿਅਕਤੀ ਨੂੰ ਅੱਜ ਯਾਦ ਕੀਤਾ ਜਾ ਰਿਹਾ ਹੈ, ਉਸ ਨੇ ਆਪਣੀ ਕਲਾਸ ਵਨ ਦੀ ਨੌਕਰੀ ਛੱਡ ਕੇ ਲੋਕਾਂ ਨੂੰ ਇਕੱਠੇ ਕਰਕੇ ਬਾਮਸੇਫ ਨਾਂਅ ਦੀ ਜਥੇਬੰਦੀ, ਡੀ ਐਸ ਫੋਰ ਬਣਾਈ। ਉਸ ਤੋਂ ਬਾਅਦ ਦੱਬੇ-ਕੁਚਲੇ ਸਮਾਜ ਨੂੰ ਸੱਤਾਧਾਰੀ ਸਮਾਜ ਬਣਾਉਣ ਲਈ ਬਹੁਜਨ ਸਮਾਜ ਪਾਰਟੀ ਦੀ ਨੀਂਹ ਰੱਖੀ ਗਈ। ਬਹੁਜਨ ਸਮਾਜ ਪਾਰਟੀ ਅੱਜ ਦੇਸ਼ ਦੀ ਤੀਜੇ ਨੰਬਰ ਦੀ ਪਾਰਟੀ ਹੈ। ਚਣਕੋਆ ਨੇ ਦੱਸਿਆ ਕਿ ਬਹੁਜਨ ਸਮਾਜ ਵਿੱਚ ਜਾਗਰੂਕਤਾ ਫੈਲਾਉਣ ਦੇ ਮਕਸਦ ਨਾਲ ਉਨ੍ਹਾਂ ਨੇ ਕਸ਼ਮੀਰ ਤੋਂ ਲੈ ਕੇ ਕੰਨਿਆਕੁਮਾਰੀ ਤੱਕ 42,000 ਕਿਲੋਮੀਟਰ ਸਾਈਕਲ ਯਾਤਰਾ ਕੀਤੀ। ਭਾਰਤੀ ਸੰਵਿਧਾਨ ਨੂੰ ਬਚਾਉਣ ਲਈ ਉਨ੍ਹਾਂ ਨੇ ਮੁੰਬਈ ਵੋਟ ਕਲੱਬ ਦੇ ਸਾਹਮਣੇ 40 ਦਿਨਾਂ ਤੱਕ ਧਰਨਾ ਦਿੱਤਾ। ਅੱਜ ਕਾਂਸ਼ੀ ਰਾਮ ਦੀ ਬਦੌਲਤ ਦਲਿਤ ਸਮਾਜ ਦੇ ਲੋਕ ਸੱਤਾ ਵਿੱਚ ਹਿੱਸੇਦਾਰੀ ਦੀ ਮੰਗ ਕਰਨ ਲੱਗ ਪਏ ਹਨ । ਆਡੀਟਰ ਅਫਸਰ ਰਾਜੇਸ਼ ਕੁਮਾਰ ਨੇ ਕਿਹਾ ਕਿ ਬਾਬਾ ਸਾਹਿਬ ਅੰਬੇਡਕਰ ਅਤੇ ਕਾਂਸ਼ੀ ਰਾਮ ਜੀ ਵੱਲੋਂ ਸ਼ੁਰੂ ਕੀਤੇ ਗਏ ਕਾਫਲੇ ਨੂੰ ਅੱਗੇ ਲਿਜਾਣਾ ਸਾਡਾ ਫਰਜ ਹੈ। ਜੇਕਰ ਇਹ ਮਹਾਂਪੁਰਸ਼ ਸੰਘਰਸ਼ ਨਾ ਕਰਦੇ ਤਾਂ ਅੱਜ ਸਾਡੇ ਸਮਾਜ ਦੀ ਦਸ਼ਾ ਅਤੇ ਦਿਸ਼ਾ ਬਹੁਤ ਹੀ ਤਰਸਯੋਗ ਹੋਣੀ ਸੀ। ਇਸ ਮੌਕੇ 'ਤੇ ਐਸ.ਸੀ./ਐਸ.ਟੀ ਦੇ ਜੋਨਲ ਪ੍ਰਧਾਨ ਜੀਤ ਸਿੰਘ, ਜੋਨਲ ਸਕੱਤਰ ਸੋਹਣ ਬੈਠਾ, ਓ.ਬੀ.ਸੀ ਐਸੋਸੀਏਸ਼ਨ ਦੇ ਸੀਨੀਅਰ ਮੀਤ ਪ੍ਰਧਾਨ ਅਰਵਿੰਦ ਕੁਮਾਰ, ਲੇਖਕ ਆਰ. ਕੇ. ਪਾਲ ਅਤੇ ਚਿੰਤਕ ਨਿਰਵੈਰ ਸਿੰਘ ਨੇ ਜਨਮ ਦਿਨ ਦੀ ਵਧਾਈ ਦਿੰਦੇ ਹੋਏ ਕਿਹਾ ਕਿ ਸਮਾਜ ਨੂੰ ਦਿਨੋਂ-ਦਿਨ ਨਵੀਆਂ ਚੁਣੌਤੀਆਂ ਪੈਦਾ ਹੋ ਰਹੀਆਂ ਹਨ, ਸਾਨੂੰ ਇਨ੍ਹਾਂ ਚੁਣੌਤੀਆਂ ਦਾ ਸਾਹਮਣਾ ਕਰਨ ਲਈ ਮਹਾਤਮਾ ਜੋਤੀ ਬਾ ਫੂਲੇ, ਡਾ. ਅੰਬੇਡਕਰ ਅਤੇ ਕਾਂਸ਼ੀ ਰਾਮ ਜੀ ਦੇ ਸੰਘਰਸ਼ਮਈ ਜੀਵਨ ਤੋਂ ਪ੍ਰੇਰਣਾ ਲੈਣ ਦੀ ਜਰੂਰਤ ਹੈ ਸੁਸਾਇਟੀ ਵੱਲੋਂ ਲੰਮੇ ਸਮੇਂ ਤੋਂ ਸਮਾਜ ਦੀ ਸੇਵਾ ਕਰਨ ਵਾਲੇ ਦਾਨੀ ਸੱਜਣ ਨਰਿੰਦਰ ਸਿੰਘ, ਅਮਰਜੀਤ ਕੌਰ, ਰਾਮ ਮੂਰਤੀ, ਊਸਾ ਰਾਣੀ, ਕੁਲਵਿੰਦਰ ਸਿੰਘ, ਰਾਜ ਕੁਮਾਰ ਸਿੰਘ ਅਤੇ ਅਮਰਜੀਤ ਸਿੰਘ ਮੱਲ ਆਦਿ ਤੋਂ ਇਲਾਵਾ ਚਮਨ ਲਾਲ ਚਣਕੋਆ ਨੂੰ ਯਾਦਗਾਰੀ ਚਿੰਨ੍ਹ ਅਤੇ ਮਹਾਤਮਾ ਜਯੋਤੀ ਬਾ ਫੂਲੇ ਦੀ ਲਿਖੀ ਪੁਸਤਕ ਗੁਲਾਮਗਿਰੀ ਦੇ ਕੇ ਸਨਮਾਨਿਤ ਕੀਤਾ ਗਿਆ। ਭੋਜਨ ਦਾ ਪ੍ਰਬੰਧ ਗੁਰਦੁਆਰਾ ਸ੍ਰੀ ਗੁਰੂ ਰਵਿਦਾਸ ਸੇਵਕ ਸਭਾ ਵੱਲੋਂ ਕੀਤਾ ਗਿਆ। ਸਮਾਗਮ ਵਿੱਚ ਭਾਰਤੀ ਬੋਧ ਮਹਾਸਭਾ, ਸੰਘਰਸ਼, ਨਾਰੀ ਸਕਤੀ ਸੰਗਠਨ, ਬਾਮਸੇਫ, ਸ੍ਰੀ ਗੁਰੂ ਰਵਿਦਾਸ ਸਭਾ ਸੁਖਮਣੀ ਸੇਵਾ ਸੋਸਾਇਟੀ, ਓਬੀਸੀ ਐਸੋਸੀਏਸ਼ਨ, ਐਸ ਸੀ/ ਐਸ ਟੀ ਐਸੋਸੀਏਸ਼ਨ ਦੇ ਅਹੁਦੇਦਾਰਾਂ ਨੇ ਸ਼ਿਰਕਤ ਕੀਤੀ। ।



24-March-PAGE-9.qxd 3/23/2023 11:13 PM Page 1



# ਸਾਂਝਾ ਅਧਿਆਪਕ ਮੋਰਚਾ ਨੇ ਡਾਕਟਰ ਰਵਜੋਤ ਨੂੰ ਦਿੱਤਾ ਮੰਗ ਪੱਤਰ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**

ਸਾਂਝਾ ਅਧਿਆਪਕ ਮੋਰਚਾ ਜ਼ਿਲ੍ਹਾ ਹੁਸ਼ਿਆਰਪੁਰ ਦੇ ਕਨਵੀਨਰਜ਼ ਪ੍ਰਿੰਸੀਪਲ ਅਮਨਦੀਪ ਸ਼ਰਮਾ, ਜਤਿੰਦਰ ਸਿੰਘ, ਸੁਰਜੀਤ ਰਾਜਾ ਅਤੇ ਜਸਵੀਰ ਸਿੰਘ ਦੀ ਅਗਵਾਈ ਵਿੱਚ ਵਿਧਾਨ ਸਭਾ ਹਲਕਾ ਸ਼ਾਮਚੁਰਾਸੀ ਦੇ ਵਿਧਾਇਕ ਡਾਕਟਰ ਰਵਜੋਤ ਨੂੰ ਮੰਗ-ਪੱਤਰ ਦਿੱਤਾ ਗਿਆ। ਮੋਰਚੇ ਦੇ ਆਗੂਆਂ ਵੱਲੋਂ ਐਮ.ਐਲ.ਏ ਨੂੰ ਜਾਣੂੰ ਕਰਵਾਇਆ ਕਿ ਆਪ ਸਰਕਾਰ ਸਿੱਖਿਆ ਖੇਤਰ ਨੂੰ ਬਹੁਤ ਤਰਜੀਹ ਦੇ ਕੇ ਸੱਤਾ ਵਿਚ ਆਈ ਹੈ। ਪਰ ਸਰਕਾਰ ਦੇ ਇੱਕ ਸਾਲ ਦੀ ਕਾਰਗੁਜ਼ਾਰੀ ਮਗਰੋਂ ਵੀ ਹਾਲਾਤ ਚੰਗੇ ਹੋਣ ਦੀ ਬਜਾਏ ਮਾੜੇ ਪਾਸੇ ਨੂੰ ਜਾ ਰਹੇ ਹਨ। ਆਗੂਆਂ ਨੇ ਸਰਕਾਰ ਤੋਂ ਮੰਗ ਕੀਤੀ ਗਈ ਕਿ ਕੇਂਦਰ ਸਰਕਾਰ ਵੱਲੋਂ ਲਾਗੂ ਕੀਤੀ ਜਾ ਰਹੀ ਨਵੀਂ ਸਿੱਖਿਆ ਨੀਤੀ ਨੂੰ ਮੁੱਢੋਂ ਰੱਦ ਕੀਤਾ ਜਾਵੇ ਅਤੇ ਪੰਜਾਬ ਦੇ ਅਮੀਰ ਸੱਭਿਆਚਾਰ, ਵਿਰਸੇ ਅਤੇ ਭੂਗੋਲਿਕ ਹਾਲਾਤਾਂ ਨੂੰ ਮੁੱਖ ਰੱਖਦੇ ਹੋਏ ਨਵੀਂ ਸਿੱਖਿਆ ਨੀਤੀ ਦਾ ਐਲਾਨ ਕੀਤਾ ਜਾਵੇ। ਇਹ ਵੀ ਮੰਗ ਕੀਤੀ ਗਈ ਕਿ ਪੰਜਾਬ ਭਰ ਵਿੱਚ ਚੱਲ ਰਹੇ ਕੁਝ ਚੋਣਵੇਂ ਸਰਕਾਰੀ ਸਕੂਲਾਂ ਨੂੰ ਸਕੂਲ ਆਫ ਐਮੀਨੈਂਸ ਵਜੋਂ ਨਾਂਅ ਦਿੱਤਾ ਜਾ ਰਿਹਾ ਹੈ ਉਸ ਦਾ ਫਾਇਦਾ ਘੱਟ ਅਤੇ ਨੁਕਸਾਨ ਵੱਧ ਹੋ ਸਕਦਾ ਹੈ। ਇਨ੍ਹਾਂ ਆਗੂਆਂ ਨੇ ਦੱਸਿਆ ਕਿ ਪਹਿਲੀਆਂ ਸਰਕਾਰਾਂ ਵੱਲੋਂ ਵੀ ਆਦਰਸ਼ ਸਕੂਲ ਜਾਂ ਮੈਰੀਟੋਰੀਅਸ ਸਕੂਲਾਂ ਦੇ ਨਾਂਅ 'ਤੇ ਤਜ਼ਰਬੇ ਕੀਤੇ ਸਨ ਜੋ ਕਿ ਪੂਰੀ ਤਰ੍ਹਾਂ ਫੇਲ੍ਹ ਹੋਏ ਹਨ। ਆਗੂਆਂ ਮੰਗ ਕੀਤੀ ਹੈ ਪੰਜਾਬ ਦੇ ਸਮੂਹ ਸਕੂਲਾਂ ਨੂੰ ਸਕੂਲ ਮੁੱਖੀਆਂ , ਅਧਿਆਪਕਾਂ, ਨਾਨ-ਟੀਚਿੰਗ ਸਟਾਫ ਅਤੇ ਖਾਸ ਕਰਕੇ ਦਰਜਾ ਚਾਰ ਮੁਲਾਜ਼ਮਾਂ ਦੀਆਂ ਖਾਲੀ ਪਈਆਂ ਅਸਾਮੀਆਂ ਨੂੰ ਭਰ ਕੇ ਮਜ਼ਬੂਤ ਕੀਤਾ ਜਾਵੇ। ਸਰਕਾਰ ਵੱਲੋਂ ਮੰਨੀ ਹੋਈ ਮੰਗ ਪੁਰਾਣੀ ਪੈਨਸ਼ਨ ਬਹਾਲ ਕਰਨਾ, ਪਿਛਲੀ ਸਰਕਾਰ ਦੌਰਾਨ ਕੱਟੇ ਹੋਏ ਮੁਲਾਜ਼ਮਾਂ ਦੇ ਅਨੇਕਾਂ ਭੱਤਿਆਂ ਜਿਵੇਂ ਪੇਂਡੂ ਭੱਤਾ,ਬਾਰਡਰ ਏਰੀਆ ਭੱਤਾ ਆਦਿ ਨੂੰ ਮੁੜ ਬਹਾਲ ਕੀਤਾ ਜਾਵੇ ਅਤੇ ਕੱਚੇ ਅਧਿਆਪਕਾਂ ਨੂੰ ਜਲਦ ਪੱਕਾ ਕੀਤਾ ਜਾਵੇ। ਹਲਕਾ ਵਿਧਾਇਕ ਨੇ ਆਗੂਆਂ ਨੂੰ ਵਿਸ਼ਵਾਸ਼ ਦਿਵਾਇਆ ਕਿ ਉਹ ਨਿੱਜੀ ਤੌਰ ਤੇ ਮੁੱਖ-ਮੰਤਰੀ ਪੰਜਾਬ ਨਾਲ ਇਨ੍ਹਾਂ ਮਸਲਿਆਂ ਦਾ ਹੱਲ ਕੱਢਣ ਦੀ ਕੋਸ਼ਿਸ਼ ਕਰਨਗੇ। ਇਸ ਮੌਕੇ ਲੈਕਚਰਾਰ ਕਮਲ ਕਿਸ਼ੋਰ, ਲੈਕਚਰਾਰ ਉਪਿੰਦਰ ਸਿੰਘ,ਮਦਨ ਲਾਲ ਸੈਣੀ, ਰਾਜ ਕੁਮਾਰ, ਜਰਨੈਲ ਸਿੰਘ, ਅਨੁਪਮ ਰਤਨ, ਗੁਰਵਿੰਦਰ ਸਿੰਘ, ਸੰਦੀਪ ਕੁਮਾਰ, ਤੇਜਪਾਲ, ਪਰਮਜੀਤ ਸਿੰਘ, ਜਸਵਿੰਦਰ ਸਿੰਘ,ਪਿਰਥੀ ਸਿੰਘ ,ਦਵਿੰਦਰ ਸਿੰਘ ਸਮੇਤ ਅਨੇਕਾਂ ਅਧਿਆਪਕ ਆਗੂ ਹਾਜ਼ਰ ਸਨ।



# ਨਜਾਇਜ਼ ਸ਼ਰਾਬ ਤੇ ਨਸ਼ਾ ਸਪਲਾਈ ਕਰਨ ਵਾਲੇ 2 ਕਾਬੂ



**ਟਾਂਡਾ ਉੜਮੁੜ, (ਜਸਵਿੰਦਰ ਸੰਧੂ, ਉਂਕਾਰ ਸਿੰਘ)**

ਟਾਂਡਾ ਪੁਲਸ ਨੇ ਇਕ ਵਿਅਕਤੀ ਨੂੰ ਨਸ਼ੀਲੇ ਪਦਾਰਥ ਅਤੇ ਦੂਜੇ ਵਿਅਕਤੀ ਨੂੰ ਨਜਾਇਜ ਸ਼ਰਾਬ ਸਮੇਤ ਗ੍ਰਿਫਤਾਰ ਕੀਤਾ ਹੈ। ਇਸ ਸਬੰਧੀ ਥਾਣਾ ਮੁਖੀ ਟਾਂਡਾ ਐਸ.ਆਈ ਮਲਕੀਅਤ ਸਿੰਘ ਨੇ ਦੱਸਿਆ ਕਿ ਡੀ.ਐਸ ਪੀ ਟਾਂਡਾ ਕੁਲਵੰਤ ਸਿੰਘ ਦੀ ਅਗਵਾਈ ਹੇਠ ਟਾਂਡਾ ਪੁਲਸ ਨੇ ਐੱਸ.ਆਈ ਦਲਜੀਤ ਸਿੰਘ ਸਮੇਤ ਗਸ਼ਤ ਦੌਰਾਨ ਨਸ਼ਾ ਵੇਚਣ ਵਾਲੇ ਸੁਰਜੀਤ ਸਿੰਘ ਪੁੱਤਰ ਸੁਰਿੰਦਰ ਸਿੰਘ ਵਾਸੀ ਫੁਲੜਾ,ਥਾਣਾ ਭੈਣੀ ਮੀਆਂ ਖਾਂ ਜ਼ਿਲ੍ਹਾ ਗੁਰਦਾਸਪੁਰ ਨੂੰ ਕਾਬੂ ਕਰਕੇ ਉਸ ਪਾਸੋਂ 306 ਗ੍ਰਾਮ ਨਸ਼ੀਲਾ ਪਦਾਰਥ ,5000 ਰੁਪਏ ਦੀ ਭਾਰਤੀ ਕਰੰਸੀ ਡਰੱਗ ਮਨੀ ਅਤੇ ਬਿਨਾਂ ਨੰਬਰੀ ਮੋਟਰਸਾਈਕਲ ਬਜਾਜ ਪਲਸਰ ਬ੍ਰਾਮਦ ਕੀਤਾ ਹੈ। ਇਸੇ ਤਰ੍ਹਾਂ ਏ.ਐਸ.ਆਈ ਅਮਰਜੀਤ ਸਿੰਘ ਥਾਣਾ ਟਾਂਡਾ ਨੇ ਪੁਲਸ ਪਾਰਟੀ ਸਮੇਤ ਬਲਵੀਰ ਪੁੱਤਰ ਅਨੈਤ ਵਾਸੀ ਸਲੇਮਪੁਰ ਥਾਣਾ ਟਾਂਡਾ ਜ਼ਿਲ੍ਹਾ ਹੁਸ਼ਿਆਰਪੁਰ ਨੂੰ ਕਾਬੂ ਕਰਕੇ ਉਸ ਪਾਸੋਂ 13 ਬੋਤਲਾਂ ਨਜਾਇਜ਼ ਸ਼ਰਾਬ ਅਤੇ ਮੋਟਰਸਾਈਕਲ ਨੰਬਰ 09—6495 ਬ੍ਰਾਮਦ ਕੀਤਾ ਹੈ । ਟਾਂਡਾ ਪੁਲਸ ਨੇ ਦੋਸ਼ੀਆ ਨੂੰ ਗ੍ਰਿਫਤਾਰ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

# ਮਨਸੂਰਪੁਰ ਦੇ ਗੁਰੂ ਘਰ 'ਚ ਨੌਜਵਾਨ ਕਰ ਰਿਹਾ ਅਨੋਖੀ ਸੇਵਾ



**ਫਿਲੌਰ, (ਨਿਰਮਲ)**- ਨਜਦੀਕੀ ਪਿੰਡ ਮਨਸੂਰਪੁਰ ਵਿੱਖੇ ਗੁਰਦੁਆਰਾ ਸਾਹਿਬ ਵਿਖੇ ਇੱਕ ਅੰਮ੍ਰਿਤਧਾਰੀ ਨੌਜਵਾਨ ਸੰਗਤਾਂ ਨੂੰ ਗੁਰੂ ਘਰ ਅੰਦਰ ਜਾਣ ਤੋਂ ਪਹਿਲਾਂ ਇੱਕ ਹੋਕਾ ਦੇ ਰਿਹਾ ਹੈ, ਜਿਸ ਦੀ ਹਰ ਪਾਸੇ ਚਰਚਾ ਹੋ ਰਹੀ ਹੈ। ਮਨਸੂਰਪੁਰ ਨਿਵਾਸੀ ਪਰਵਿੰਦਰ ਸਿੰਘ ਵੱਲੋਂ ਕੁੱਝ ਸਮਾਂ ਪਹਿਲਾਂ ਅੰਮ੍ਰਿਤਪਾਨ ਕੀਤਾ ਗਿਆ ਸੀ ਤੇ ਹੁਣ ਉਹ ਸੰਗਤਾਂ ਨੂੰ ਗੁਰੂ ਘਰ ਜਾਣ ਤੋਂ ਪਹਿਲਾਂ ਆਪਣਾ ਮੋਬਾਇਲ ਫੋਨ ਬੰਦ ਕਰਨ ਅਤੇ ਜੁਰਾਬਾਂ ਲਾਹ ਕੇ ਜਾਣ ਦੀ ਬੇਨਤੀ ਕਰ ਰਿਹਾ ਹੈ, ਜਿਸ ਦੀ ਸ਼ਲਾਘਾ ਕੀਤੀ ਜਾ ਰਹੀ ਹੈ।



ਝਾਂਡੀਆ ਧਾਮ ਸਮੂੰਹ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਧਾਰਮਿਕ ਸਮਾਗਮ ਦਹਾਜਾ ਕਰਵਾਇਆ ਗਿਆ ਜਿਸ ਵਿੱਚ ਸੁਰੇਸ਼ ਭਾਟੀਆ ਨੂੰ ਭਾਜਪਾ ਜ਼ਿਲ੍ਹਾ ਪ੍ਰਧਾਨ ਓ ਬੀ ਸੀ ਮੋਰਚਾ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ।
**(ਫੋਟੋ ਤੇ ਵੇਰਵਾ : ਸੁਰਜੀਤ ਸਿੰਘ ਕਾਹਲੋਂ ਨੂਰਪੁਰਬੇਦੀ)**

# ਸੀਚੇਵਾਲ ਵੱਲੋਂ ਵਿਦੇਸ਼ ਮੰਤਰੀ ਨੂੰ ਕੈਨੇਡਾ 'ਚ 700 ਵਿਦਿਆਰਥੀਆਂ ਨੂੰ ਡਿਪੋਰਟ ਨਾ ਕਰਨ ਦੀ ਅਪੀਲ

**ਸੁਲਤਾਨਪੁਰ ਲੋਧੀ, (ਬਲਵਿੰਦਰ ਸਿੰਘ ਧਾਲੀਵਾਲ ਰਾਜਵੀਰ ਸਿੰਘ)**-ਵਾਤਾਵਰਣ ਪ੍ਰੇਮੀ ਤੇ ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਕੈਨੇਡਾ ਸਰਕਾਰ ਵੱਲੋ 700 ਪੰਜਾਬੀ ਵਿਦਿਆਰਥੀਆਂ ਨੂੰ ਡਿਪੋਰਟ ਕੀਤੇ ਜਾਣ ਤੋਂ ਰੋਕਣ ਲਈ ਭਾਰਤ ਸਰਕਾਰ ਨੂੰ ਦਖਲ ਦੇਣ ਦੀ ਮੰਗ ਕੀਤੀ। ਸੰਤ ਸੀਚੇਵਾਲ ਵੱਲੋਂ ਵਿਦੇਸ਼ ਮੰਤਰੀ ਨੂੰ ਲਿਖੇ ਮੰਗ ਪੱਤਰ ਵਿਚ ਉਹਨਾਂ ਕਿਹਾ ਕਿ ਇਹਨਾਂ 700 ਪੰਜਾਬੀ ਵਿਦਿਆਰਥੀਆਂ ਨੇ ਲੱਖਾਂ ਰੁਪਏ ਫੀਸ ਦੇ ਰੂਪ ਵਿਚ ਕੈਨੇਡਾ ਸਰਕਾਰ ਨੂੰ ਦਿੱਤੇ ਹਨ ਉਹਨਾਂ ਦਾ ਕੋਈ ਕਸੂਰ ਨਹੀਂ ਹੈ। ਉਹਨਾਂ ਨਾਲ ਤਾਂ ਧੋਖਾ ਟਰੈਵਲ ਏਜੰਟਾਂ ਵੱਲੋਂ ਕੀਤਾ ਗਿਆ ਹੈ ਇਸ ਲਈ ਕਾਰਵਾਈ ਵੀ ਟਰੈਵਲ ਏਜੰਟਾਂ ਵਿਰੁੱਧ ਕੀਤੀ ਜਾਣੀ ਚਾਹੀਦੀ ਹੈ ਨਾ ਕਿ ਉਹਨਾਂ 700 ਬੇਕਸੂਰ ਵਿਦਿਆਰਥੀਆਂ ਵਿਰੁੱਧ, ਜਿਹੜੇ ਆਪਣਾ ਭੱਵਿਖ ਬਣਾਉਣ ਲਈ ਉੱਥੇ ਗਏ ਹਨ। ਸੰਤ ਸੀਚੇਵਾਲ ਨੇ ਕਿਹਾ ਕਿ ਇੰਨ੍ਹਾਂ ਵਿਦਿਆਰਥੀਆਂ ਦੇ ਮਾਪਿਆਂ ਨੇ ਕਰਜ਼ੇ ਚੁੱਕ ਕੇ ਫੀਸਾਂ ਭਰੀਆਂ ਹਨ ਤੇ ਅਜਿਹੇ ਹਲਾਤਾਂ ਵਿੱਚ ਅਜਿਹੀ ਖਬਰ ਉਹਨਾਂ ਲਈ ਬਹੁਤ ਹੀ ਦੁੱਖਦਾਇਕ ਹੈ। ਉਹਨਾਂ ਵਿਦੇਸ਼ੀ ਮੰਤਰੀ ਨੂੰ ਇਸ ਮਾਮਲੇ ਨੂੰ ਗੰਭੀਰਤਾ ਨਾਲ ਲੈਣ ਦੀ ਮੰਗ ਕਰਦਿਆਂ ਕੈਨੇਡਾ ਸਰਕਾਰ ਨਾਲ ਸੰਪਰਕ ਕਰਨ ਦੀ ਅਪੀਲ ਕੀਤੀ ਤਾਂ ਜੋ ਇੰਨ੍ਹਾਂ ਵਿਦਿਆਰਥੀਆਂ ਦਾ ਭਵਿੱਖ ਸੁਰੱਖਿਅਤ ਹੋ ਸਕੇ। ਉਹਨਾਂ ਕਿਹਾ ਕਿ ਉਹ ਇਸ ਮਾਮਲੇ ਨੂੰ ਸੰਸਦ ਵਿਚ ਵੀ ਚੁੱਕਣਗੇ। ਵਿਦੇਸ਼ ਮੰਤਰੀ ਨੂੰ ਲਿਖੇ ਇਕ ਹੋਰ ਪੱਤਰ ਵਿਚ ਸੰਤ ਸੀਚੇਵਾਲ ਵੱਲੋਂ ਮਸਕਟ ਵਿਚ ਫਸੀ ਇੱਕ ਪੀੜਤ ਔਰਤ ਨੂੰ ਵਾਪਿਸ ਪੰਜਾਬ ਨਾ ਭੇਜਣ ਦਾ ਮਾਮਲਾ ਉਠਾਇਆ। ਉਨ੍ਹਾਂ ਦੱਸਿਆ ਕਿ ਇਸ ਸੰਬੰਧੀ ਪੀੜਤ ਪਰਵਾਰ ਵੱਲੋਂ ਉਹਨਾਂ ਨਾਲ ਸੰਪਰਕ ਕੀਤਾ ਗਿਆ ਸੀ। ਉਹਨਾਂ ਪੱਤਰ ਵਿਚ ਕਿਹਾ ਕਿ ਮਸਕਟ ਵਿਖੇ ਭਾਰਤੀ ਦੂਤਾਵਾਸ ਦੇ ਕਹਿਣ 'ਤੇ ਹੀ ਉਹਨਾਂ ਵੱਲੋਂ ਸਵਰਨਜੀਤ ਕੌਰ ਨਾਂਅ ਦੀ ਔਰਤ ਦੀ ਟਿਕਟ ਬਣਾ ਕੇ ਭੇਜੀ ਗਈ ਸੀ ਤਾਂ ਕਿ ਉਹ ਜਲਦ ਤੋਂ ਜਲਦ ਵਾਪਿਸ ਆਪਣੇ ਪਰਵਾਰ ਕੋਲ ਪਹੁੰਚ ਸਕੇ। ਪਰ ਭਾਰਤੀ ਦੂਤਾਵਾਸ ਦੀ ਲਾਪਰਵਾਹੀ ਕਾਰਨ ਪੀੜਤ ਔਰਤ ਪੰਜਾਬ ਨਾ ਆ ਸਕੀ ਤੇ ਟਿਕਟ ਵੀ ਅਜਾਈ ਹੀ ਗਈ। ਸੰਤ ਸੀਚੇਵਾਲ ਨੇ ਮੰਗ ਕੀਤੀ ਕਿ ਉਹ ਪੀੜਤ ਔਰਤ ਨੂੰ ਵਾਪਸ ਨਾ ਭੇਜਣ ਦੇ ਮਾਮਲੇ ਦੀ ਪੜਤਾਲ ਕਰਨ ਅਤੇ ਜਿੰਮੇਵਾਰ ਅਧਿਕਾਰੀ ਵਿਰੁੱਧ ਕਾਰਵਾਈ ਕੀਤੀ ਜਾਵੇ ਤੇ ਪੀੜਤ ਔਰਤ ਨੂੰ ਜਲਦ ਤੋਂ ਜਲਦ ਵਾਪਿਸ ਭਾਰਤ ਲਿਆਂਦਾ ਜਾਵੇ।



# ਨਡਾਲੋਂ 'ਚ ਸੰਤ ਬਾਬਾ ਨਿਧਾਨ ਸਿੰਘ ਦੇ ਜਨਮ ਦਿਹਾੜੇ 'ਤੇ ਨਗਰ ਕੀਰਤਨ ਸਜਾਏ



**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**

ਪਿੰਡ ਨਡਾਲੋਂ ਵਿਖੇ ਗੁਰਦੁਆਰਾ ਸੰਤ ਬਾਬਾ ਦੀਵਾਨ ਸਿੰਘ, ਸੰਤ ਬਾਬਾ ਨਿਧਾਨ ਸਿੰਘ ਦੇ ਅਸਥਾਨ 'ਤੇ ਸਮੂਹ ਨਗਰ ਨਿਵਾਸੀਆਂ, ਗ੍ਰਾਮ ਪੰਚਾਇਤ, ਪ੍ਰਵਾਸੀ ਭਾਰਤੀਆਂ ਅਤੇ ਇਲਾਕੇ ਦੇ ਸਹਿਯੋਗ ਨਾਲ ਸੰਤ ਬਾਬਾ ਨਿਧਾਨ ਸਿੰਘ ਹਜ਼ੂਰ ਸਾਹਿਬ ਵਾਲਿਆਂ ਦੇ ਜਨਮ ਦਿਹਾੜੇ ਮੌਕੇ ਮਹਾਨ ਗੁਰਮਤਿ ਸਮਾਗਮ 25 ਮਾਰਚ ਨੂੰ ਸ਼ਰਧਾ ਭਾਵਨਾ ਨਾਲ ਕਰਵਾਏ ਜਾ ਰਹੇ ਹਨ। ਇਸ ਮੌਕੇ ਪ੍ਰਧਾਨ ਨੰਬਰਦਾਰ ਜਥੇਦਾਰ ਸੁਖਵਿੰਦਰ ਸਿੰਘ ਬਿੱਲਾ ਨੇ ਦੱਸਿਆ ਕਿ ਸੰਤ ਬਾਬਾ ਨਿਧਾਨ ਸਿੰਘ ਦੇ ਜਨਮ ਦਿਹਾੜੇ ਮੌਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਪੰਜ ਪਿਆਰਿਆਂ ਦੀ ਅਗਵਾਈ ਹੇਠ ਵਿਸ਼ਾਲ ਨਗਰ ਕੀਰਤਨ ਸਜਾਏ ਗਏ। ਉਨ੍ਹਾ ਦੱਸਿਆ ਕਿ ਇਹ ਵਿਸ਼ਾਲ ਨਗਰ ਕੀਰਤਨ ਪਿੰਡ ਨਡਾਲੋਂ, ਅਜਨੋਹਾ, ਬੱਡੋ, ਡਾਡੀਆ, ਮਾਹਲਾ, ਲਕਸੀਹਾ, ਖੈਰੜ, ਅੱਛਰਵਾਲ, ਭਗਤੂਪੁਰ, ਖੁਸ਼ਹਾਲਪੁਰ, ਨਗਦੀਪੁਰ, ਅੱਡਾ ਈਸਪੁਰ, ਈਸਪੁਰ, ਮਖਸੂਸਪੁਰ, ਪੰਡੋਰੀ ਗੰਗਾ ਸਿੰਘ, ਪੰਜੋੜਾ ਤੋਂ ਹੁੰਦਾ ਹੋਇਆ ਸ਼ਾਮ ਨੂੰ ਸਮਾਪਤ ਹੋਇਆ। ਇਸ ਮੌਕੇ ਪ੍ਰਬੰਧਕਾਂ ਨੇ ਦੱਸਿਆ ਕਿ ਨਗਰ ਕੀਰਤਨ ਦਾ ਵੱਖ ਵੱਖ ਪਿੰਡਾਂ ਵਿੱਚ ਸੰਗਤਾਂ ਵੱਲੋਂ ਫੁੱਲਾਂ ਦੀ ਵਰਖਾ ਨਾਲ ਸ਼ਾਨਦਾਰ ਸਵਾਗਤ ਕੀਤਾ ਅਤੇ ਲੰਗਰ ਲਗਾਏ ਗਏ। ਇਸ ਮੌਕੇ ਪ੍ਰਬੰਧਕਾਂ ਨੇ ਵੱਖ ਵੱਖ ਪਿੰਡਾਂ ਵਿੱਚ ਸੰਗਤਾਂ ਵੱਲੋਂ ਸਵਾਗਤੀ ਗੇਟ ਲਗਾ ਕੇ ਸੰਗਤਾਂ ਦਾ ਸਵਾਗਤ ਕੀਤਾ । ਨਗਰ ਕੀਰਤਨ ਦੌਰਾਨ ਬਾਬਾ ਸਤਨਾਮ ਸਿੰਘ ਹੈੱਡ ਗ੍ਰੰਥੀ, ਭਾਈ ਜਸਵੀਰ ਸਿੰਘ ਮੋਹਲੋਕੇ ਢਾਡੀ ਜਥਾ, ਪ੍ਰਭਾਤ ਫੇਰੀ ਆਦਿ ਨੇ ਗੁਰਬਾਣੀ ਗੁਰਇਤਿਹਾਸ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ ਪ੍ਰਧਾਨ ਨੰਬਰਦਾਰ ਸੁਖਵਿੰਦਰ ਸਿੰਘ ਬਿੱਲਾ ਨਡਾਲੋਂ ਨੇ ਨਗਰ ਕੀਰਤਨ 'ਚ ਸਹਿਯੋਗ ਦੇਣ 'ਤੇ ਸੰਗਤਾਂ ਦਾ ਧੰਨਵਾਦ ਕੀਤਾ। ਇਸ ਮੌਕੇ ਪ੍ਰਧਾਨ ਨੰਬਰਦਾਰ ਸੁਖਵਿੰਦਰ ਸਿੰਘ ਬਿੱਲਾ, ਸਤਪਾਲ ਸਿੰਘ, ਗੁਰਮੁਖ ਸਿੰਘ, ਜਸਵਿੰਦਰ ਸਿੰਘ, ਬਾਬਾ ਸਤਨਾਮ ਸਿੰਘ ਹੈੱਡ ਗ੍ਰੰਥੀ, ਦਲਜੀਤ ਸਿੰਘ, ਜਸਵਿੰਦਰ ਸਿੰਘ, ਮਨਵੀਰ ਸਿੰਘ ਮਾਹਿਲਪੁਰ, ਹਰਮਨ ਸਿੰਘ, ਸਰਪੰਚ ਅੱਛਰਜੀਤ ਸਿੰਘ, ਬਲਵੰਤ ਸਿੰਘ, ਗੁਰਪ੍ਰੀਤ ਸਿੰਘ, ਬਲਵੀਰ ਸਿੰਘ, ਭੁਪਿੰਦਰ ਸਿੰਘ, ਕਮਲਰਾਜ ਸਿੰਘ, ਸਤਪਾਲ ਸਿੰਘ, ਡਾ. ਸੁਰਿੰਦਰ ਪਾਲ ਸਿੰਘ ਈਸਪੁਰ, ਓਮ ਪ੍ਰਕਾਸ਼, ਕਮਲਜੀਤ ਸਿੰਘ, ਮਾਸਟਰ ਬੁੱਧ ਸਿੰਘ ਆਦਿ ਹਾਜ਼ਰ ਸਨ।

# ਸੇਂਟ ਸੋਲਜਰ ਵਿਦਿਆਰਥੀਆਂ ਨੇ ਮਨਾਇਆ ਵਿਸ਼ਵ ਜਲ ਦਿਵਸ

**ਜਲੰਧਰ, (ਇਕਬਾਲ ਸਿੰਘ ਉੱਭੀ)**

ਸੇਂਟ ਸੋਲਜਰ ਡਿਵਾਇਨ ਪਬਲਿਕ ਸਕੂਲ ਜਲੰਧਰ-ਅੰਮ੍ਰਿਤਸਰ ਬਾਈਪਾਸ ਕੋਲ ਬ੍ਰਾਂਚ ਦੇ ਨੰਨ੍ਹੇ ਵਿਦਿਆਰਥੀਆਂ ਵਲੋਂ ਪਾਣੀ ਦੀਆਂ ਬੂੰਦਾਂ ਦਾ ਰੂਪ ਧਾਰਨ ਕਰ ਵਿਸ਼ਵ ਜਲ ਦਿਵਸ ਮਨਾਇਆ ਗਿਆ। ਪਾਣੀ ਦੀਆ ਬੂੰਦਾਂ ਉਤੇ ਪਾਣੀ ਦੀ ਬਚਤ ਕਰਨ, ਜ਼ਰੂਰਤ ਦੇ ਅਨੁਸਾਰ ਪਾਣੀ ਦਾ ਇਸਤੇਮਾਲ ਕਰਨ, ਨਲ ਖੁੱਲੇ ਨਾ ਛੱਡਣ ਆਦਿ ਦਾ ਸੰਦੇਸ਼ ਦਿੰਦੇ ਹੋਏ ਕੈਂਪਸ ਵਿੱਚ ਇੱਕ ਜਾਗਰੂਕਤਾ ਮਾਰਚ ਵੀ ਕੱਢਿਆ। ਵਿਦਿਆਰਥੀਆਂ ਦਾ ਮੰਤਵ ਸਭ ਦਾ ਇਸ ਗੱਲ ਵੱਲ ਧਿਆਨ ਲਿਆਉਣਾ ਸੀ ਤਾਂ ਕਿ ਜੇਕਰ ਸਮਾਂ ਰਹਿੰਦੇ ਪਾਣੀ ਦੀ ਬਚਤ ਨਾ ਕੀਤੀ ਗਈ ਤਾਂ ਇਨ੍ਹਾਂ ਨੰਨ੍ਹੇ ਵਿਦਿਆਰਥੀਆਂ ਦਾ ਭਵਿੱਖ ਪਾਣੀ ਦੇ ਬਿਨਾਂ ਕਿਵੇ ਹੋਵੇਗਾ। ਪ੍ਰਿੰਸੀਪਲ ਸ਼੍ਰੀਮਤੀ ਰੀਨਾ ਅਗਨੀਹੋਤਰੀ ਦੇ ਦਿਸ਼ਾ ਨਿਰਦੇਸ਼ਾਂ ਉੱਤੇ ਵਿਦਿਆਰਥੀਆਂ ਨੇ ਕੈਂਪਸ ਵਿੱਚ ਪੜ੍ਹ ਰਹੇ ਸਾਰੇ ਕਾਲਜ/ਸਕੂਲ ਦੇ ਯੁਵਾਵਾਂ, ਸਟਾਫ ਮੈਂਬਰਾਂ ਨੂੰ ਸੰਸਥਾਂ ਵਿੱਚ ਨਲ ਖੁੱਲੇ ਨਾ ਛੱਡਣ, ਪਾਣੀ ਦੀ ਬਚਤ ਲਈ ਅੱਗੇ ਆਉਣ, ਮੱਨੁਖੀ ਅਤੇ ਜੀਵ-ਜੰਤੂਆਂ ਦੀ ਸੁੱਰਖਿਆ ਲਈ ਇਨ੍ਹਾਂ ਦੇ ਮੱਹਤਵ ਦੇ ਬਾਰੇ ਵਿੱਚ ਜਾਗਰੂਕਤਾ ਫੈਲਾਉਣ ਨੂੰ ਕਿਹਾ। ਅੰਤ ਵਿੱਚ ਵਿਦਿਆਰਥੀਆਂ ਨੇ ਪਾਣੀ ਦੀ ਬਚਤ ਕਰਨ ਲਈ ਕਸਮ ਚੁੱਕੀ।




# ਸਿਹਤ ਤੇ ਤੰਦਰੁਸਤੀ ਕੇਂਦਰਾਂ 'ਚ ਮਮਤਾ ਦਿਵਸ ਮਨਾਇਆ

**ਸ੍ਰੀ ਚਮਕੌਰ ਸਾਹਿਬ (ਕੁਲਵਿੰਦਰ ਕਾਲਾ)**

ਡਾ.ਪਰਮਿੰਦਰ ਕੁਮਾਰ ਸਿਵਲ ਸਰਜਨ ਰੂਪਨਗਰ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਅਤੇ ਡਾ.ਗੋਬਿੰਦ ਟੰਡਨ ਸੀਨੀਅਰ ਮੈਡੀਕਲ ਅਫਸਰ ਸੀ.ਐਚ.ਸੀ ਚਮਕੌਰ ਸਾਹਿਬ ਦੀ ਅਗਵਾਈ ਹੇਠ ਸੈਕਟਰ ਬਜ਼ੀਦਪੁਰ ਅਧੀਨ ਵੱਖ-ਵੱਖ ਸਿਹਤ ਤੇ ਤੰਦਰੁਸਤੀ ਕੇਂਦਰਾਂ ਵਿੱਚ ਮਮਤਾ ਦਿਵਸ ਮਨਾਇਆ ਗਿਆ। ਰੂਬੀ ਸੈਣੀ ਸੀ.ਐਚ.ਓ ਨੇ ਕਿਹਾ ਕਿ ਹਫ਼ਤੇ ਦੇ ਹਰੇਕ ਬੁੱਧਵਾਰ ਨੂੰ ਮਮਤਾ ਦਿਵਸ ਮਨਾਇਆ ਜਾਂਦਾ ਹੈ। ਇਸ ਦਿਨ ਬੱਚਿਆਂ ਨੂੰ ਮਾਰੂ ਰੋਗਾਂ ਪੋਲੀਓ,ਕਾਲੀ ਖਾਂਸੀ, ਟੀ.ਬੀ, ਨਮੂਨੀਆ, ਖਸਰਾ, ਰੁਬੇਲਾ,ਅੰਧਰਾਤਾ,ਹੈਪੇਟਾਈਟਸ ਬੀ,ਦਿਮਾਗੀ ਬੁਖਾਰ,ਗਲਘੋਟੂ ਅਤੇ ਟੈਟਨਸ ਦੇ ਟੀਕੇ ਲਗਾਏ ਜਾਂਦੇ ਹਨ। ਉਨ੍ਹਾਂ ਕਿਹਾ ਕਿ ਗਰਭਵਤੀ ਮਹਿਲਾਂਵਾ ਆਪਣੇ ਗਰਭ ਵਿੱਚ ਪਲ ਰਹੇ ਬੱਚੇ ਅਤੇ ਆਪਣੀ ਸਿਹਤ ਦਾ ਪੂਰਾ ਖਿਆਲ ਰੱਖਣ ਤੇ ਆਪਣੀ ਡਾਈਟ ਵਿੱਚ ਹਰੀਆਂ ਸਬਜੀਆਂ ਅਤੇ ਫਲਾਂ ਦਾ ਇਸਤੇਮਾਲ ਕਰਨ ਤਾਂ ਜੋ ਜੱਚਾ-ਬੱਚਾ ਦੋਵੇਂ ਤੰਦਰੁਸਤ ਰਹਿਣ ਅਤੇ ਸਰੀਰ ਵਿੱਚ ਖੂਨ ਦੀ ਕਮੀ ਨਾ ਹੋਵੇ। ਉਨ੍ਹਾਂ ਕਿਹਾ ਕਿ ਅੱਜ ਦੇ ਯੁੱਗ ਵਿੱਚ ਕੁੜੀਆਂ ਮੁੰਡਿਆਂ ਤੋਂ ਕਿਸੀ ਵੀ ਖੇਤਰ ਵਿੱਚ ਪਿੱਛੇ ਨਹੀਂ ਹੈ,ਇਸ ਲਈ ਜੇਕਰ ਕੋਈ ਵੀ ਔਰਤ ਜਾ ਵਿਅਕਤੀ ਭਰੂਣ ਹੱਤਿਆ ਜਿਹਾ ਅਪਰਾਧ ਕਰਦਾ ਹੈ ਤਾਂ ਕਾਨੂੰਨ ਅਨੁਸਾਰ ਅਪਰਾਧੀ ਨੂੰ ਸਜਾ 'ਤੇ ਜੁਰਮਾਨਾ ਹੋ ਸਕਦਾ ਹੈ। ਉਨ੍ਹਾਂ ਕਿਹਾ ਕਿ ਯੋਗ ਜੋੜਿਆਂ ਨੂੰ ਪਰਵਾਰ ਨਿਯੋਜਨ ਦੇ ਤਰੀਕੇ ਬੱਚਿਆਂ ਵਿੱਚ ਵਕਫਾ ਪਾਉਣ ਲਈ ਅਪਨਾਉਣੇ ਚਾਹੀਦੇ ਹਨ ਅਤੇ ਪਹਿਲੇ ਬੱਚੇ ਤੋਂ ਬਾਅਦ ਦੂਜੇ ਬੱਚੇ ਵਿੱਚ ਘੱਟੋ-ਘੱਟ 3 ਸਾਲ ਦਾ ਵੱਕਫਾ ਹੋਣਾ ਚਾਹੀਦਾ ਹੈ। ਪਰਵਾਰ ਭਲਾਈ ਦੇ ਸਾਧਨਾਂ ਵਿੱਚ ਪੀ.ਪੀ.ਆਈ.ਯੂ.ਸੀ.ਡੀ, ਨਿਰੋਧ, ਕਾਪਰਟੀ, ਅੰਤਰਾ ਟੀਕਾ ਅਤੇ ਛਾਇਆ ਗੋਲੀਆਂ ਦਾ ਇਸਤੇਮਾਲ ਕੀਤਾ ਜਾ ਸਕਦਾ ਹੈ। ਨਵਜੰਮੇ ਬੱਚਿਆਂ ਨੂੰ ਘੱਟੋ ਘੱਟ 6 ਮਹੀਨੇ ਤੱਕ ਮਾਂ ਦਾ ਹੀ ਦੁੱਧ ਪਿਲਾਇਆ ਜਾਵੇ। ਮਾਂ ਦੇ ਦੁੱਧ ਵਿੱਚ ਪੌਸ਼ਟਿਕ ਤੱਤ ਮੌਜੂਦ ਹੁੰਦੇ ਹਨ ਜੋ ਬੱਚੇ ਨੂੰ ਰੋਗਾਂ ਨਾਲ ਲੜਨ ਦੀ ਤਾਕਤ ਦਿੰਦੇ ਹਨ। ਇਸ ਮੌਕੇ 'ਤੇ ਕਮਲਜੀਤ ਕੌਰ ਏ.ਐਨ.ਐਮ,ਪਰਦੀਪ ਕੁਮਾਰ ਹੈਲਥ ਵਰਕਰ, ਤਰਨਵੀਰ ਕੌਰ ਏ.ਐਨ.ਐਮ, ਸੀਤਾ ਦੇਵੀ, ਰੁਪਿੰਦਰ ਕੌਰ ਏ.ਐਨ.ਐਮ, ਲਖਵੀਰ ਸਿੰਘ ਹੈਲਥ ਵਰਕਰ,ਸਤਨਾਮ ਕੌਰ ਏ.ਐਨ.ਐਮ, ਰਮਿੰਦਰ ਕੌਰ ਅਤੇ ਪਤਵੰਤੇ ਸੱਜਣ ਹਾਜ਼ਰ ਸਨ।



# ਸਕੂਲੀ ਬੱਚਿਆਂ ਨੂੰ ਵਿਸ਼ਵ ਓਰਲ ਸਿਹਤ ਦਿਵਸ ਸੰਬੰਧੀ ਜਾਣਕਾਰੀ ਦਿੱਤੀ



**ਨੂਰਪੁਰਬੇਦੀ (ਸੁਰਜੀਤ ਸਿੰਘ ਕਾਹਲੋਂ)**-ਸਿਵਲ ਸਰਜਨ ਰੂਪਨਗਰ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਡਾ. ਵਿਧਾਨ ਚੰਦਰ ਦੀ ਯੋਗ ਅਗਵਾਈ ਹੇਠ ਵਿਸ਼ਵ ਓਰਲ ਸਿਹਤ ਦਿਵਸ ਸੰਬੰਧੀ ਸਕੂਲੀ ਬੱਚਿਆਂ ਨੂੰ ਜਾਣਕਾਰੀ ਦਿੱਤੀ ਗਈ। ਇਸ ਮੌਕੇ ਡਾ. ਸੁਖਦੀਪ ਨੇ ਦੱਸਿਆ ਕਿ ਮੂੰਹ ਦੀ ਤੰਦਰੁਸਤੀ ਅਤੇ ਦੰਦਾਂ ਦੀ ਮਜ਼ਬੂਤੀ ਲਈ ਹਰੇਕ ਵਿਅਕਤੀ ਨੂੰ ਸੁਨਹਿਰੇ ਨਿਯਮ ਅਪਨਾਉਣੇ ਚਾਹੀਦੇ ਹਨ, ਜਿਵੇਂ ਕਿ ਸਾਡਾ ਭੋਜਨ ਵਿਟਾਮਿਨ ਖਣਿਜ ਪਦਾਰਥ ਯੁਕਤ ਹੋਣਾ ਚਾਹੀਦਾ ਹੈ, ਭੋਜਨ ਵਿਚ ਜ਼ਿਆਦਾ ਚਿਪਕਣ ਵਾਲੀਆਂ ਅਤੇ ਮਿੱਠੀਆਂ ਚੀਜ਼ਾਂ ਦੀ ਵਰਤੋਂ ਨਹੀਂ ਕਰਨੀ ਚਾਹੀਦੀ ਤੇ ਨਿਯਮਿਤ ਰੂਪ ਨਾਲ ਡਾਕਟਰ ਦੀ ਸਲਾਹ ਲੈਣੀ ਜ਼ਰੂਰੀ ਹੈ। ਸਕੂਲੀ ਬੱਚਿਆਂ ਨੂੰ ਬਿਹਤਰ ਸਿਹਤ ਸਹੂਲਤਾਂ ਦੇ ਨਾਲ ਨਾਲ ਦੰਦਾਂ ਦੀ ਦੇਖਭਾਲ ਲਈ ਵੀ ਨਿਰੰਤਰ ਜਾਗਰੂਕ ਜਾ ਰਿਹਾ ਹੈ। ਸੁਖਦੀਪ ਸਿੰਘ ਮੈਡੀਕਲ ਅਫਸਰ ਡੈਂਟਲ ਵੱਲੋਂ ਬੱਚਿਆਂ ਨੂੰ ਮੂੰਹ ਅਤੇ ਦੰਦਾਂ ਦੀ ਸਾਂਭ-ਸੰਭਾਲ ਅਤੇ ਸਫਾਈ ਪ੍ਰਤੀ ਜਾਗਰੂਕ ਕੀਤਾ ਗਿਆ। ਉਨ੍ਹਾ ਦੱਸਿਆ ਕਿ ਬੱਚੇ ਤੋਂ ਲੈ ਕੇ ਬਜ਼ੁਰਗਾਂ ਤੱਕ ਸਭ ਲੋਕਾਂ ਨੂੰ ਆਪਣੇ ਦੰਦਾਂ ਦੀ ਚੈੱਕਅਪ ਕਰਵਾਉਂਦੇ ਰਹਿਣਾ ਚਾਹੀਦਾ ਹੈ। ਉਨ੍ਹਾ ਨੇ ਕਿਹਾ ਕਿ ਅੱਜ ਕੱਲ੍ਹ ਅਸੀਂ ਦੰਦਾਂ ਦੀਆਂ ਬਹੁਤ ਸਾਰੀਆਂ ਬਿਮਾਰੀਆਂ ਨੂੰ ਨਜਰਅੰਦਾਜ਼ ਕਰ ਦਿੰਦੇ ਹਨ ਪਰ ਇਸ ਦਾ ਗੰਭੀਰਤਾ ਨਾਲ ਇਲਾਜ ਕਰਨਾ ਬਹੁਤ ਜ਼ਰੂਰੀ ਹੈ। ਉਨ੍ਹਾ ਨੇ ਬੱਚਿਆਂ ਨੂੰ ਦਿਨ ਵਿੱਚ ਦੋ ਵਾਰ ਬਰੱਸ਼ ਕਰਨ ਸੰਬੰਧੀ ਪ੍ਰੇਰਿਤ ਕੀਤਾ । ਉਨ੍ਹਾ ਕਿਹਾ ਕਿ ਦੰਦਾਂ ਸੰਬੰਧੀ ਕਿਸੇ ਵੀ ਤਰ੍ਹਾਂ ਦੀ ਬਿਮਾਰੀ ਸੰਬੰਧੀ ਨੂਰਪੁਰਬੇਦੀ ਸਿਹਤ ਕੇਂਦਰ ਵਿਖੇ ਆ ਕੇ ਚੈੱਕ ਕਰਵਾਇਆ ਜਾਵੇ। ਇਸ ਮੌਕੇ ਸਕੂਲੀ ਬੱਚੇ, ਅਧਿਆਪਕ ਅਤੇ ਹੈਲਥ ਸੁਪਰਵਾਈਜ਼ਰ ਰਾਜੇਸ਼ ਸੋਨੀ ਹਾਜ਼ਰ ਸਨ।

# ਸੰਤ ਬਾਬਾ ਨੇਕੀ ਵਾਲਿਆਂ ਦੀ ਯਾਦ ਨੂੰ ਸਮਰਪਤ ਛਿੰਝ ਮੇਲਾ

**ਫਗਵਾੜਾ (ਇੰਦਰਜੀਤ ਸਿੰਘ ਮਠਾੜੂ, ਰਘਵੀਰ ਸਿੰਘ)**

108 ਸੰਤ ਬਾਬਾ ਹਰੀ ਸਿੰਘ ਜੀ ਨੇਕੀ ਵਾਲਿਆਂ ਦੀ ਯਾਦ ਨੂੰ ਸਮਰਪਤ ਸਾਲਾਨਾ ਛਿੰਝ ਮੇਲਾ ਪਿੰਡ ਗੋਸਲ ਵਿਖੇ ਗੱਦੀਨਸ਼ੀਨ ਸੰਤ ਬਾਬਾ ਗੁਰਮੇਲ ਸਿੰਘ (ਕੁਟੀਆ ਵਾਲੇ) ਦੀ ਰਹਿਨੁਮਾਈ ਵਿੱਚ ਪ੍ਰਵਾਸੀ ਭਾਰਤੀ ਜਸ ਗੋਸਲ ਅਤੇ ਬਾਬਾ ਗੋਸਲ ਦੇ ਸਹਿਯੋਗ ਨਾਲ ਕਰਵਾਇਆ ਗਿਆ। ਹਰਮੇਸ਼ ਪਹਿਲਵਾਨ ਵਿਰਕ ਅਤੇ ਅਵਤਾਰ ਸਿੰਘ ਸਰਪੰਚ ਦੀ ਦੇਖ ਰੇਖ ਹੇਠ ਆਯੋਜਿਤ ਕੁਸ਼ਤੀ ਮੁਕਾਬਲਿਆਂ ਦੌਰਾਨ ਦੂਰ ਦਰਾਜ ਤੋਂ ਆਏ 130 ਪਹਿਲਵਾਨਾਂ ਨੇ ਜ਼ੋਰ ਅਜ਼ਮਾਇਸ਼ ਕੀਤੀ। ਝੰਡੀ ਦੀ ਕੁਸ਼ਤੀ ਪਹਿਲਵਾਨ ਜਰਮਨਜੀਤ ਸਿੰਘ ਅਤੇ ਬੱਬੂ ਬੱਬੇਹਾਲੀ ਵਿਚਕਾਰ ਹੋਈ, ਜਿਸ ਵਿੱਚ ਪਹਿਲਵਾਨ ਜਰਮਨਜੀਤ ਸਿੰਘ ਨੇ ਸ਼ਾਨਦਾਰ ਜਿੱਤ ਪ੍ਰਾਪਤ ਕੀਤੀ। ਝੰਡੀ ਦੀ ਦੂਸਰੀ ਕੁਸ਼ਤੀ ਜਗਰੂਪ ਸ਼ੰਕਰ ਅਤੇ ਬਿੱਲੂ ਹੁਸ਼ਿਆਰਪੁਰ ਦਰਮਿਆਨ ਹੋਈ, ਜਿਸ ਵਿੱਚ ਪਹਿਲਵਾਨ ਜਗਰੂਪ ਨੂੰ ਜੇਤੂ ਕਰਾਰ ਦਿੱਤਾ ਗਿਆ। ਜੇਤੂ ਪਹਿਲਵਾਨਾਂ ਨੂੰ ਜਸ ਗੋਸਲ ਕਨੇਡਾ ਤੇ ਬਾਬਾ ਗੋਸਲ ਵੱਲੋਂ ਸਵ. ਮਾਸਟਰ ਬੱਬਰ ਦਲੀਪ ਸਿੰਘ ਗੋਸਲ, ਸਵ. ਮਾਸਟਰ ਗੁਰਬਖਸ਼ ਸਿੰਘ ਗੋਸਲ ਅਤੇ ਸਵ. ਪ੍ਰੇਮ ਸਿੰਘ ਗੋਸਲ ਐਵਾਰਡ ਨਾਲ ਸਨਮਾਨਤ ਕੀਤਾ ਗਿਆ। ਛਿੰਝ ਮੇਲੇ ਵਿੱਚ ਪਹਿਲਵਾਨਾਂ ਨੂੰ ਅਸ਼ੀਰਵਾਦ ਦੇਣ ਲਈ ਸੰਤ ਬਾਬਾ ਅਮਰੀਕ ਸਿੰਘ ਵਿਸ਼ੇਸ਼ ਤੌਰ 'ਤੇ ਪਹੁੰਚੇ। ਪ੍ਰਮੁੱਖ ਸ਼ਖ਼ਸੀਅਤਾਂ ਨੇ ਜੇਤੂ ਪਹਿਲਵਾਨਾਂ ਨੂੰ ਇਨਾਮਾਂ ਦੀ ਵੰਡ ਕਰਦਿਆਂ ਉਨ੍ਹਾਂ ਦੇ ਚੰਗੇ ਭਵਿੱਖ ਦੀ ਕਾਮਨਾ ਕੀਤੀ। ਇਸ ਮੌਕੇ ਲਛਮਣ ਸਿੰਘ ਗੋਸਲ, ਸੁਰਜੀਤ ਸਿੰਘ, ਦਰਸ਼ਨ ਸਿੰਘ, ਹਰਬੰਸ ਸਿੰਘ, ਸਾਧੂ ਸਿੰਘ ਪੰਚ, ਰਮਨ ਪੰਚ, ਚਰਨਜੀਤ ਪੱਪੀ, ਬਲਵੀਰ ਸਿੰਘ, ਡਾ. ਮਲਕੀਅਤ ਰਾਮ, ਚਰਨਜੀਤ ਸਿੰਘ, ਰਾਮ ਲਾਲ, ਸੰਦੀਪ ਪੰਚ, ਤੇਲੂ ਰਾਮ, ਮੋਹਨ ਢੰਡਾ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਕੁਸ਼ਤੀ ਪ੍ਰੇਮੀ ਹਾਜ਼ਰ ਸਨ।



# ਪੰਜਾਬ ਜਲ ਸਰੋਤ ਮੁਲਾਜ਼ਮ ਯੂਨੀਅਨ ਦਾ ਚੋਣ ਅਜਲਾਸ

**ਗੜ੍ਹਸ਼ੰਕਰ (ਫੂਲਾ ਸਿੰਘ ਬੀਰਮਪੁਰ)**

ਇੱਥੇ ਪੰਜਾਬ ਜਲ ਸਰੋਤ ਮੁਲਾਜ਼ਮ ਯੂਨੀਅਨ ਸਬ ਡਵੀਜ਼ਨ ਗੜ੍ਹਸ਼ੰਕਰ ਦਾ ਚੋਣ ਅਜਲਾਸ ਬਲਬੀਰ ਸਿੰਘ ਬੈਂਸ ਦੀ ਪ੍ਰਧਾਨਗੀ ਹੇਠ ਵਿਭਾਗ ਦੇ ਦਫਤਰ ਵਿਖੇ ਹੋਇਆ, ਜਿਸ ਵਿੱਚ ਗੁਰਪ੍ਰੀਤ ਸਿੰਘ ਮਕੀਮਪੁਰ ਅਤੇ ਰਾਜ ਕੁਮਾਰ ਨਿਗਰਾਨ ਦੇ ਤੌਰ 'ਤੇ ਪਹੁੰਚੇ। ਅਜਲਾਸ ਦੇ ਆਰੰਭ ਵਿੱਚ ਪਿਛਲੇ ਦੋ ਸਾਲਾਂ ਦੌਰਾਨ ਜਥੇਬੰਦੀ ਦੇ ਵਿਛੜ ਚੁੱਕੇ ਸਾਥੀਆਂ ਦੀ ਯਾਦ ਵਿੱਚ ਦੋ ਮਿੰਟ ਦਾ ਮੌਨ ਧਾਰਨ ਕਰਕੇ ਸ਼ਰਧਾਂਜਲੀ ਭੇਟ ਗਈ। ਨਰੇਸ਼ ਕੁਮਾਰ ਸਕੱਤਰ ਵੱਲੋਂ ਪਿਛਲੇ ਦੋ ਸਾਲਾਂ ਦੀ ਜਥੇਬੰਦਕ ਰਿਪੋਰਟ ਪੇਸ਼ ਕੀਤੀ ਗਈ ਅਤੇ ਹਰਜਿੰਦਰ ਸੂੰਨੀਂ ਖਜ਼ਾਨਚੀ ਵੱਲੋਂ ਆਮਦਨ ਅਤੇ ਖਰਚ ਦੀ ਰਿਪੋਰਟ ਪੇਸ਼ ਕੀਤੀ ਗਈ। ਸੂਬਾਈ ਜਨਰਲ ਸਕੱਤਰ ਰਾਮ ਜੀ ਦਾਸ ਚੌਹਾਨ, ਡਵੀਜ਼ਨ ਸਕੱਤਰ ਸੁਰਜੀਤ ਕੁਮਾਰ ਚੌਹਾਨ ਅਤੇ ਸਤਨਾਮ ਦਾਸ ਵੱਲੋਂ ਜਥੇਬੰਦੀ ਦੀ ਲੋੜ ਅਤੇ ਅਜੋਕੇ ਸਮੇਂ ਦੀਆਂ ਚੁਣੌਤੀਆਂ ਬਾਰੇ ਵਿਸਥਾਰ ਸਹਿਤ ਜਾਣਕਾਰੀ ਦਿੱਤੀ ਗਈ। ਬਲਬੀਰ ਸਿੰਘ ਬੈਂਸ ਪ੍ਰਧਾਨ ਵੱਲੋਂ ਪੁਰਾਣੀ ਕਮੇਟੀ ਭੰਗ ਕਰਨ ਉਪਰੰਤ ਅਗਲੇ ਦੋ ਸਾਲਾਂ ਲਈ ਜਥੇਬੰਦੀ ਦੀ ਸਬ ਡਵੀਜ਼ਨ ਕਮੇਟੀ ਦਾ ਪੈਨਲ ਸੂਬਾਈ ਜਨਰਲ ਸਕੱਤਰ ਰਾਮ ਜੀ ਦਾਸ ਵੱਲੋਂ ਪੇਸ਼ ਕੀਤਾ ਗਿਆ, ਜੋ ਕਿ ਸਰਬਸੰਮਤੀ ਨਾਲ ਪਾਸ ਕੀਤਾ ਗਿਆ। ਚੁਣੇ ਗਏ ਅਹੁਦੇਦਾਰਾਂ 'ਚ ਬਲਬੀਰ ਸਿੰਘ ਬੈਂਸ ਪ੍ਰਧਾਨ, ਕਰਨਪ੍ਰੀਤ ਸਿੰਘ ਸੀਨੀਅਰ ਮੀਤ ਪ੍ਰਧਾਨ, ਹਿੰਮਤ ਰਾਮ ਮੀਤ ਪ੍ਰਧਾਨ, ਨਰੇਸ਼ ਕੁਮਾਰ ਸਕੱਤਰ, ਬਿਕਰਮਜੀਤ ਸਿੰਘ ਸਹਾਇਕ ਸਕੱਤਰ, ਹਰਜਿੰਦਰ ਸੂੰਨੀ ਖਜ਼ਾਨਚੀ, ਰਜਿੰਦਰ ਕੁਮਾਰ ਸਹਾਇਕ ਖਜ਼ਾਨਚੀ , ਕਰਨਪ੍ਰੀਤ ਸਿੰਘ ਲੰਬੀ ਪ੍ਰਚਾਰ ਸਕੱਤਰ ਅਤੇ ਵਿਕਾਸ ਕੁਮਾਰ ਪ੍ਰੈੱਸ ਸਕੱਤਰ ਚੁਣੇ ਗਏ। ਅੰਤ ਵਿੱਚ ਬਲਬੀਰ ਸਿੰਘ ਬੈਂਸ ਵੱਲੋਂ ਆਏ ਸਾਥੀਆਂ ਦਾ ਧੰਨਵਾਦ ਕੀਤਾ ਗਿਆ।




# 31 ਨੂੰ ਹਰਿਦੁਆਰ ਜਾਣ ਵਾਲੀ ਸ਼ੋਭਾ ਯਾਤਰਾ ਦਾ ਪੋਸਟਰ ਸੰਤ ਸਮਾਜ ਨੇ ਕੀਤਾ ਜਾਰੀ



**ਹੁਸ਼ਿਆਰਪੁਰ (ਓ ਪੀ ਰਾਣਾ)**

31 ਮਾਰਚ ਨੂੰ ਸ੍ਰੀ ਗੁਰੂ ਰਵਿਦਾਸ ਪਬਲਿਕ ਸਕੂਲ ਰਜਿ.ਚੁਹੜਵਾਲੀ (ਜਲੰਧਰ) ਤੋਂ ਆਰੰਭ ਹੋਣ ਵਾਲੀ ਇਤਿਹਾਸਕ ਦਮੜੀ ਸ਼ੋਭਾ ਯਾਤਰਾ ਦਾ ਪੋਸਟਰ ਡੇਰਾ ਸੰਤ ਸੀਤਲ ਦਾਸ ਬੋਹਣ ਵਿਖੇ ਸੰਤ ਸਰਵਣ ਦਾਸ ਚੇਅਰਮੈਨ, ਪ੍ਰਧਾਨ ਸੰਤ ਨਿਰਮਲ ਦਾਸ ਬਾਬੇ ਜੌੜੇ ਗੁਰੂ ਰਵਿਦਾਸ ਸਾਧੂ ਸੰਪ੍ਰਦਾਇ ਸੁਸਾਇਟੀ (ਰਜਿ.) ਪੰਜਾਬ ਦੀ ਅਗਵਾਈ ਹੇਠ ਸੰਗਤਾਂ ਦੇ ਭਾਰੀ ਇਕੱਠ ਵਿੱਚ ਜਾਰੀ ਕੀਤਾ ਗਿਆ। ਇਸ ਸਮੇਂ ਸੁਸਾਇਟੀ ਦੇ ਅਹੁਦੇਦਾਰ ਸੰਤ ਇੰਦਰ ਦਾਸ ਸੇਖੇ ਜਨਰਲ ਸਕੱਤਰ, ਸੰਤ ਸਰਵਣ ਦਾਸ ਸੀਨੀ. ਮੀਤ ਪ੍ਰਧਾਨ, ਸੰਤ ਪਰਮਜੀਤ ਦਾਸ ਨਗਰ ਕੈਸ਼ੀਅਰ, ਸੰਤ ਸਤਵਿੰਦਰ ਹੀਰਾ ਕੌਮੀ ਪ੍ਰਧਾਨ ਆਲ ਇੰਡੀਆ ਆਦਿ ਧਰਮ ਮਿਸ਼ਨ, ਸੰਤ ਬਲਕਾਰ ਸਿੰਘ ਤੱਗੜ ਬਡਾਲਾ, ਸੰਤ ਧਰਮਪਾਲ ਸ਼ੇਰਗੜ੍ਹ, ਸੰਤ ਜਸਵੰਤ ਦਾਸ ਰਾਵਲਪਿੰਡੀ, ਸੰਤ ਰਮੇਸ਼ ਦਾਸ ਸ਼ੇਰਪੁਰ ਢੱਕੋਂ, ਸੰਤ ਕ੍ਰਿਪਾਲ ਦਾਸ ਭਾਰਟਾ, ਸੰਤ ਮਨਜੀਤ ਦਾਸ ਹਿਮਾਚਲ, ਸੰਤ ਬਲਵੰਤ ਸਿੰਘ ਡੀਂਗਰੀਆਂ, ਜਥੇਦਾਰ ਬਾਬਾ ਗੁਰਦੇਵ ਸਿੰਘ ਮੁਖੀ ਬਾਬਾ ਫਤਿਹ ਸਿੰਘ ਤਰਨਾਦਲ, ਸੰਤ ਰਾਮ ਸੇਵਕ ਹਰੀਪੁਰ ਖਾਲਸਾ, ਸੰਤ ਬੀਬੀ ਕੁਲਦੀਪ ਕੌਰ ਮਹਿਨਾ, ਸੰਤੋਸ਼ ਕੁਮਾਰੀ ਬਿਲਡਿੰਗ ਇੰਚਾਰਜ, ਬੀਬੀ ਪੂਨਮ ਹੀਰਾ ਮੈਂਬਰ, ਸੰਤ ਕੁਲਦੀਪ ਦਾਸ ਬਸੀ ਮਰੂਫ, ਸੰਤ ਮਨਜੀਤ ਦਾਸ ਵਿਛੋਹੀ, ਸੰਤ ਗੁਰਮੀਤ ਦਾਸ ਅਤੇ ਭਾਰੀ ਗਿਣਤੀ ਵਿੱਚ ਸੰਗਤਾਂ ਹਾਜ਼ਰ ਸਨ। ਇਸ ਮੌਕੇ ਸੰਤ ਸਰਵਣ ਦਾਸ ਬੋਹਨ, ਸੰਤ ਨਿਰਮਲ ਦਾਸ ਬਾਬੇ ਜੌੜੇ ਨੇ ਦੱਸਿਆ ਕਿ ਹਰ ਸਾਲ ਦੀ ਤਰ੍ਹਾਂ ਇਤਿਹਾਸਕ ਦਮੜੀ ਸ਼ੋਭਾ ਯਾਤਰਾ 31 ਮਾਰਚ ਨੂੰ ਸ੍ਰੀ ਗੁਰੂ ਰਵਿਦਾਸ ਪਬਲਿਕ ਸਕੂਲ ਚੁਹੜਵਾਲੀ ਤੋਂ ਸਵੇਰੇ 8 ਵਜੇ ਆਰੰਭ ਹੋ ਕੇ ਜੰਡੂਸਿੰਘਾ, ਰਾਮਾ ਮੰਡੀ, ਫਗਵਾੜਾ, ਗੁਰਾਇਆਂ, ਫਿਲੌਰ, ਲੁਧਿਆਣਾ, ਖੰਨਾ, ਸਰਹੰਦ, ਰਾਜਪੁਰਾ, ਅੰਬਾਲਾ, ਯਮੁਨਾ ਨਗਰ, ਸਹਾਰਨਪੁਰ ਅਤੇ ਭਗਵਾਨ ਪੁਰ ਤੋਂ ਹੋ ਕੇ ਬੇਗਮਪੁਰਾ ਆਸ਼ਰਮ ਹਰਿਦੁਆਰ ਪਹੁੰਚੇਗੀ। ਉਨ੍ਹਾਂ ਦੱਸਿਆ ਕਿ ਪਹਿਲੀ ਅਪ੍ਰੈਲ ਨੂੰ ਹਰਿਦੁਆਰ ਵਿਖੇ ਵਿਸ਼ਾਲ ਸ਼ੋਭਾ ਯਾਤਰਾ ਹੋਵੇਗੀ ਅਤੇ ਸੰਗਤਾਂ ਗੁਰੂ ਰਵਿਦਾਸ ਘਾਟ 'ਤੇ ਇਸ਼ਨਾਨ ਕਰਨਗੀਆਂ ਅਤੇ 2 ਅਪ੍ਰੈਲ ਨੂੰ ਅਖੰਡ ਪਾਠ ਸਾਹਿਬ ਦੇ ਭੋਗ ਤੋਂ ਉਪਰੰਤ ਸ੍ਰੀ ਗੁਰੂ ਰਵਿਦਾਸ ਪ੍ਰਕਾਸ਼ ਪੁਰਬ ਦੇ ਸਮਾਗਮ ਹੋਣਗੇ। ਉਨ੍ਹਾਂ ਵੱਖ ਵੱਖ ਸੰਪਰਦਾਵਾਂ, ਡੇਰਿਆਂ ਦੇ ਸੰਤ ਮਹਾਂਪੁਰਸ਼ਾਂ, ਧਾਰਮਕ, ਸਮਾਜਕ ਅਤੇ ਰਾਜਨੀਤਕ ਸ਼ਖਸੀਅਤਾਂ ਅਤੇ ਦੇਸ਼ ਵਿਦੇਸ਼ ਦੀਆਂ ਸੰਗਤਾਂ ਨੂੰ ਹੁੰਮ ਹੁਮਾ ਕੇ ਪਹੁੰਚਣ ਦੀ ਅਪੀਲ ਕੀਤੀ।

# ਬੀਬੀ ਸ਼ਰਨ ਕੌਰ ਖ਼ਾਲਸਾ ਕਾਲਜ ਵਿਖੇ ਮਨਾਇਆ 'ਵਰਲਡ ਓਰਲ ਹੈਲਥ ਡੇ'

**ਸ੍ਰੀ ਚਮਕੌਰ ਸਾਹਿਬ (ਕੁਲਵਿੰਦਰ ਕਾਲਾ)**

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਪ੍ਰਬੰਧ ਅਧੀਨ ਸਥਾਪਿਤ ਬੀਬੀ ਸ਼ਰਨ ਕੌਰ ਖ਼ਾਲਸਾ ਕਾਲਜ ਸ੍ਰੀ ਚਮਕੌਰ ਸਾਹਿਬ ਵਿਖੇ 'ਵਰਲਡ ਓਰਲ ਹੈਲਥ ਡੇ' ਮਨਾਇਆ ਗਿਆ। ਕਾਲਜ ਦੇ ਸਰੀਰਿਕ ਸਿੱਖਿਆ ਵਿਭਾਗ ਵੱਲੋਂ ਵਿਦਿਆਰਥੀਆਂ ਦੇ ਦੰਦਾਂ ਦੀ ਸਾਂਭ-ਸੰਭਾਲ ਅਤੇ ਵੱਧ ਰਹੀਆਂ ਬਿਮਾਰੀਆਂ ਨੂੰ ਧਿਆਨ ਵਿੱਚ ਰੱਖਦੇ ਹੋਏ 'ਵਰਲਡ ਓਰਲ ਹੈਲਥ ਡੇ' ਮੌਕੇ ਸਰਕਾਰੀ ਹਸਪਤਾਲ ਸ੍ਰੀ ਚਮਕੌਰ ਸਾਹਿਬ ਦੇ ਦੰਦਾਂ ਦੇ ਮਾਹਿਰ ਡਾਕਟਰ ਸੁਮਿਤਾ ਵਸ਼ਿਸ਼ਟ ਦੀ ਅਗਵਾਈ ਅਧੀਨ ਡਾਕਟਰਾਂ ਦੀ ਟੀਮ ਵੱਲੋਂ ਦੰਦਾਂ ਦਾ ਚੈੱਕਅਪ ਕੈਂਪ ਲਗਾਇਆ ਗਿਆ। ਇਸ ਕੈਂਪ ਦੌਰਾਨ ਡਾਕਟਰਾਂ ਵੱਲੋਂ ਕਾਲਜ ਦੇ ਲਗਪਗ 250 ਵਿਦਿਆਰਥੀਆਂ ਦੇ ਦੰਦਾਂ ਦਾ ਚੈੱਕਅਪ ਕਰਦੇ ਹੋਏ ਮੌਕੇ ਤੇ ਦਵਾਈਆਂ ਅਤੇ ਇਲਾਜ ਸੰਬਧੀ ਵਿਦਿਆਰਥੀਆਂ ਨੂੰ ਜਾਣਕਾਰੀ ਦਿੱਤੀ ਗਈ। ਇਸ ਮੌਕੇ ਕਰਵਾਏ ਗਏ ਵਿਸ਼ੇਸ਼ ਲੈਕਚਰ ਦੌਰਾਨ ਡਾ. ਸੁਮਿਤਾ ਵਸ਼ਿਸ਼ਟ ਦੰਦਾਂ ਦੇ ਰੋਗਾਂ ਦੇ ਮਾਹਿਰ ਨੇ ਵਿਦਿਆਰਥੀਆਂ ਨੂੰ ਦੰਦਾਂ ਦੀ ਸਾਂਭ-ਸੰਭਾਲ, ਸਫ਼ਾਈ, ਲੱਗਣ ਵਾਲੀਆਂ ਆਮ ਅਤੇ ਗੰਭੀਰ ਬਿਮਾਰੀਆਂ, ਇਲਾਜ ਅਤੇ ਪਰਹੇਜ਼ ਬਾਰੇ ਜਾਣਕਾਰੀ ਦਿੰਦੇ ਹੋਏ ਆਧੁਨਿਕ ਤਕਨੀਕ ਅਧਾਰਿਤ ਵਿਕਸਿਤ ਹੋਏ ਸਰਲ ਤੇ ਟਿਕਾਊ ਇਲਾਜ ਪ੍ਰਕਿਰਿਆ ਤੋਂ ਵੀ ਜਾਣੂੰ ਕਰਵਾਇਆ। ਇਸਦੇ ਨਾਲ ਹੀ ਉਨ੍ਹਾਂ ਸਰਕਾਰੀ ਹਸਪਤਾਲ ਦੁਆਰਾ ਦਿੱਤੀਆਂ ਜਾ ਰਹੀਆਂ ਵੱਖੋ-ਵੱਖਰੀਆਂ ਸਿਹਤ ਸਹੂਲਤਾਂ ਬਾਰੇ ਵਿਸਥਾਰਪੂਰਵਕ ਉਪਯੋਗੀ ਜਾਣਕਾਰੀ ਸਾਂਝੀ ਕੀਤੀ। ਇਸ ਮੌਕੇ ਕਾਲਜ ਪ੍ਰਿੰਸੀਪਲ ਡਾ. ਹਰਪ੍ਰੀਤ ਕੌਰ ਅਤੇ ਸਟਾਫ਼ ਵੱਲੋਂ ਕਾਲਜ ਪਹੁੰਚੇ ਡਾਕਟਰਾਂ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਸ ਮੌਕੇ ਡਾ. ਹਰਵਿੰਦਰ ਸਿੰਘ ਬਲਾਕ ਐਕਸਟੈਂਸ਼ਨ ਐਜੂਕੇਟਰ, ਨਾਜਰ ਸਿੰਘ ਹੈਲਥ ਇੰਸਪੈਕਟਰ, ਜਸਵਿੰਦਰ ਸਿੰਘ ਸਹਾਇਕ ਅਤੇ ਕਾਲਜ ਦਾ ਸਮੂਹ ਸਟਾਫ਼ ਹਾਜ਼ਰ ਸੀ।



# ਸੰਤ ਬਾਬਾ ਸ਼ੇਰ ਸਿੰਘ ਯਾਦਗਾਰੀ ਸਾਲਾਨਾ ਫੁੱਟਬਾਲ ਟੂਰਨਾਮੈਂਟ ਸ਼ਾਨੋ-ਸ਼ੌਕਤ ਨਾਲ ਸਮਾਪਤ

**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**

ਪਿੰਡ ਸਰਹਾਲਾ ਕਲਾਂ ਵਿਖੇ ਸੰਤ ਬਾਬਾ ਸ਼ੇਰ ਸਿੰਘ ਦੀ ਯਾਦ ਵਿੱਚ ਸਾਲਾਨਾ 08 ਵਾਂ ਸ਼ਾਨਦਾਰ ਫੁੱਟਬਾਲ ਟੂਰਨਾਮੈਂਟ ਕਰਵਾਇਆ ਗਿਆ। ਟੂਰਨਾਮੈਂਟ ਵਿਚ ਪੰਜਾਬ ਦੀਆਂ ਨਾਮਵਰ 16 ਟੀਮਾਂ ਹਿੱਸਾ ਲਿਆ। ਇਸ ਮੌਕੇ ਪ੍ਰਬੰਧਕਾਂ ਨੇ ਦੱਸਿਆ ਫਾਈਨਲ ਮੈਚ ਸਰਹਾਲਾ ਖੁਰਦ ਅਤੇ ਨਾਮੋਲੀਆ ਵਿਚਕਾਰ ਕਰਵਾਇਆ ਗਿਆ। ਜਿਸ ਵਿਚ ਪਿੰਡ ਸਰਹਾਲਾ ਖੁਰਦ ਦੀ ਟੀਮ ਜੇਤੂ ਰਹੀ। ਫਾਈਨਲ ਵਾਲੇ ਦਿਨ ਮੁੱਖ ਮਹਿਮਾਨ ਗ੍ਰਾਮ ਪੰਚਾਇਤ, ਪੱਤਵੰਤੇ ਸੱਜਣਾਂ ਵੱਲੋਂ ਜੇਤੂ ਅਤੇ ਉਪ ਜੇਤੂ ਟੀਮਾਂ ਨੂੰ ਇਨਾਮਾਂ ਦੀ ਵੰਡ ਕੀਤੀ ਗਈ। ਇਸ ਮੌਕੇ ਸਰਪੰਚ ਮੋਹਣ ਸਿੰਘ, ਮਾਸਟਰ ਹਰਭਜਨ ਸਿੰਘ ਅਜਨੋਹਾ, ਸੁਖਵਿੰਦਰ ਸਿੰਘ ਸੁੱਖੀ, ਦਲਜੀਤ ਸਿੰਘ ਸਾਬਕਾ ਸਰਪੰਚ, ਬਾਬਾ ਬਲਵਿੰਦਰ ਸਿੰਘ ਹੈੱਡ ਗ੍ਰੰਥੀ, ਸਰਬਜੀਤ ਸਿੰਘ ਸੰਨੀ, ਜਸਵਿੰਦਰ ਸਿੰਘ ਏ ਐਸ ਆਈ, ਨਿਰਵੈਰ ਸਿੰਘ, ਇੰਦਰਜੀਤ ਸਿੰਘ ਏ ਐਸ ਆਈ, ਬਲਜਿੰਦਰ ਸਿੰਘ, ਹਰਵਿੰਦਰ ਸਿੰਘ ਖਰੈੜ ਅੱਛਰਵਾਲ, ਕੋਚ ਪ੍ਰਵੀਨ ਕੁਮਾਰ, ਅਮਰਜੀਤ ਸਿੰਘ, ਸਤਨਾਮ ਸਿੰਘ, ਬਲਵੀਰ ਸਿੰਘ ਆਦਿ ਹਾਜ਼ਰ ਸਨ। ਇਹ ਜਾਣਕਾਰੀ ਸਰਬਜੀਤ ਸਿੰਘ ਸੰਨੀ ਸਰਹਾਲਾ ਕਲਾਂ ਨੇ ਪ੍ਰੈੱਸ ਨੂੰ ਦਿੱਤੀ।



# ਸਿਹਤਮੰਦ ਪੰਜਾਬ ਦੀ ਕਾਇਮੀ ਲਈ ਸਮੁੱਚੇ ਸਿਹਤ ਢਾਂਚੇ ਨੂੰ ਮਜ਼ਬੂਤ ਕੀਤਾ ਜਾ ਰਿਹੈ : ਡਾ. ਬਲਬੀਰ ਸਿੰਘ

**ਨਵਾਂਸ਼ਹਿਰ,(ਮਨੋਜ ਲਾਡੀ)**

ਪੰਜਾਬ ਤੇ ਸਿਹਤ ਤੇ ਪਰਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਇੱਥੇ ਆਖਿਆ ਕਿ ਪੰਜਾਬ ਦੀ ਭਗਵੰਤ ਮਾਨ ਸਰਕਾਰ ਸਿਹਤਮੰਦ ਪੰਜਾਬ ਦੀ ਕਾਇਮੀ ਲਈ ਸਮੁੱਚੇ ਸਿਹਤ ਸੇਵਾਵਾਂ ਢਾਂਚੇ ਨੂੰ ਮਜ਼ਬੂਤ ਕਰਨ ਲਈ ਯਤਨਸ਼ੀਲ ਹੈ। ਉਨ੍ਹਾਂ ਰਾਜ ਦੇ ਲੋਕਾਂ ਨੂੰ ਸਿਹਤਮੰਦ ਜੀਵਨ ਲਈ ਆਪਣੇ ਬਲੱਡ ਸ਼ੂਗਰ ਤੇ ਬੀ ਪੀ ਦੀ ਨਿਰੰਤਰ ਜਾਂਚ ਕਰਵਾਉਣ ਅਤੇ ਇੱਕ ਘੰਟੇ ਦੀ ਸਰੀਰਕ ਕਸਰਤ ਦੀ ਅਪੀਲ ਕਰਦਿਆਂ ਆਪਣੀ ਜੀਵਨ-ਜਾਚ 'ਚ ਤਬਦੀਲੀ ਲਿਆਉਣ ਲਈ ਵੀ ਆਖਿਆ। ਨਵਾਂਸ਼ਹਿਰ ਦੇ ਜ਼ਿਲ੍ਹਾ ਹਸਪਤਾਲ ਵਿਖੇ ਧੰਨ ਮਾਤਾ ਗੁੱਜਰੀ ਜੀ ਚੈਰੀਟੇਬਲ ਟ੍ਰੱਸਟ, ਜਗਰਾਉਂ ਵੱਲੋਂ ਚਲਾਏ ਜਾ ਰਹੇ ਗੁਰੂ ਗੋਬਿੰਦ ਸਿੰਘ ਡਾਇਲਿਸਿਸ ਯੂਨਿਟ ਦੇ 10ਵੇਂ ਬੈੱਡ ਨੂੰ ਲੋਕ ਅਰਪਣ ਕਰਦਿਆਂ ਉਨ੍ਹਾਂ ਪ੍ਰਵਾਸੀ ਭਾਰਤੀਆਂ ਵੱਲੋਂ ਆਪਣੀ ਧਰਤੀ ਅਤੇ ਲੋਕਾਂ ਪ੍ਰਤੀ ਅਜਿਹੀਆਂ ਸੇਵਾਵਾਂ ਰਾਹੀਂ ਫ਼ਿਕਰਮੰਦ ਰਹਿਣ ਦੀ ਸ਼ਲਾਘਾ ਕੀਤੀ। ਉਨ੍ਹਾਂ ਵਿਸ਼ਵਾਸ ਦਿਵਾਇਆ ਕਿ ਮਾਤਾ ਗੁੱਜਰੀ ਟ੍ਰੱਸਟ ਵੱਲੋਂ ਪੰਜਾਬ 'ਚ ਵੱਖ-ਵੱਖ ਥਾਂਈਂ ਸਰਕਾਰ ਨਾਲ ਮਿਲ ਕੇ ਦਿੱਤੀਆਂ ਜਾ ਰਹੀਆਂ ਸੇਵਾਵਾਂ 'ਚ ਨਿਰੰਤਰਤਾ ਲਈ ਸਿਹਤ ਵਿਭਾਗ ਵੱਲੋਂ ਨੋਡਲ ਅਫ਼ਸਰ ਵੀ ਲਾਇਆ ਜਾਵੇਗਾ ਤਾਂ ਜੋ ਉਨ੍ਹਾਂ ਨੂੰ ਕਿਸੇ ਕਿਸਮ ਦੀ ਮੁਸ਼ਕਿਲ ਨਾ ਆਵੇ। ਉਨ੍ਹਾਂ ਨੇ ਇਸ ਡਾਇਲਿਸਿਸ ਯੂਨਿਟ 'ਚ ਇੱਕ ਦਿਨ 'ਚ ਦੋ ਸ਼ਿਫ਼ਟਾਂ 'ਚ 20 ਮਰੀਜ਼ਾਂ ਦੇ ਡਾਇਲਿਸਿਸ ਦੀ ਸਹੂਲਤ ਦਾ ਜਾਇਜ਼ਾ ਵੀ ਲਿਆ। ਉਨ੍ਹਾਂ ਨੇ ਡਾਇਲਿਸਿਸ ਕਰਵਾ ਰਹੇ 18 ਸਾਲ ਅਤੇ 25 ਸਾਲ ਦੇ ਦੋ ਨੌਜੁਆਨਾਂ ਦੀ ਛੋਟੀ ਉਮਰ 'ਚ ਗੁਰਦਿਆਂ ਦੀ ਬਿਮਾਰੀ ਤੋਂ ਪੀੜਤ ਹੋਣ 'ਤੇ ਚਿੰਤਾ ਜ਼ਾਹਿਰ ਕੀਤੀ। ਉਨ੍ਹਾਂ ਕਿਹਾ ਕਿ ਲਿਵਰ ਅਤੇ ਗੁਰਦਿਆਂ ਦੀ ਬਿਮਾਰੀ ਦੀ ਜੜ੍ਹ ਹਾਈ-ਬਲੱਡ ਪ੍ਰੈਸ਼ਰ ਅਤੇ ਬਲੱਡ ਸ਼ੂਗਰ ਬਣਦੀ ਹੈ, ਜਿਸ ਲਈ ਆਮ ਲੋਕਾਂ 'ਚ ਅਜਿਹੇ ਯੂਨਿਟ ਚਲਾਉਣ ਦੇ ਨਾਲ-ਨਾਲ ਅਜਿਹੀਆਂ ਬਿਮਾਰੀਆਂ ਤੋਂ ਬਚਾਅ ਲਈ ਵੀ ਜਾਗਰੂਕਤਾ ਪੈਦਾ ਕਰਨ 'ਚ ਵੀ ਐਨ ਆਰ ਆਈ ਸੰਸਥਾਵਾਂ ਅੱਗੇ ਆਉਣ। ਮਾਤਾ ਗੁੱਜਰੀ ਟ੍ਰੱਸਟ ਦੇ ਚੇਅਰਮੈਨ ਗੁਰਤਾਜ ਸਿੰਘ ਨੇ ਦੱਸਿਆ ਕਿ ਐਨ ਆਰ ਆਈਜ਼ ਦੀ ਪਹਿਲਕਦਮੀ 'ਤੇ ਇਸ ਮੌਕੇ ਜਗਰਾਉਂ, ਨਵਾਂਸ਼ਹਿਰ ਅਤੇ ਭੁਲੱਥ ਦੇ ਸਰਕਾਰੀ ਹਸਪਤਾਲਾਂ 'ਚ ਚਲਾਏ ਜਾ ਰਹੇ ਇਨ੍ਹਾਂ ਡਾਇਲਿਸਿਸ ਸੈਂਟਰਾਂ 'ਚ ਹਜ਼ਾਰਾਂ ਲੋਕਾਂ ਨੂੰ ਮੁਫ਼ਤ ਡਾਇਲਿਸਿਸ ਦੀ ਸਹੂਲਤ ਦਿੱਤੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਅਗਲਾ ਯੂਨਿਟ ਲੁਧਿਆਣਾ ਦੇ ਸਰਕਾਰੀ ਹਸਪਤਾਲ 'ਚ ਲਾਇਆ ਜਾ ਰਿਹਾ ਹੈ। ਇਸ ਮੌਕੇ ਮੌਜੂਦ ਟ੍ਰੱਸਟ ਨਾਲ ਸਬੰਧਤ ਐਨ ਆਰ ਆਈਜ਼ 'ਚ ਕੁਲਵਰਨ ਸਿੰਘ ਸ਼ੇਰਗਿੱਲ ਸਿਆਟਲ, ਬਾਪੂ ਸਤਨਾਮ ਸਿੰਘ ਯੂ ਐਸ ਏ, ਬਾਪੂ ਮੋਹਣ ਸਿੰਘ ਯੂ ਐਸ ਏ, ਅਵਤਾਰ ਸਿੰਘ ਯੂ ਐਸ ਏ, ਨਰਿੰਦਰ ਸਿੰਘ ਸ਼ੇਰਗਿੱਲ ਕੈਨੇਡਾ, ਪਰਵਿੰਦਰ ਸਿੰਘ ਤੇ ਦਵਿੰਦਰ ਸਿੰਘ ਨਿਊਜ਼ੀਲੈਂਡ ਦੇ ਨਾਮ ਜ਼ਿਕਰਯੋਗ ਹਨ।

ਉਨ੍ਹਾਂ ਦੱਸਿਆ ਕਿ ਪੰਜਾਬ 'ਚ ਸਮੁੱਚੇ ਸਿਹਤ ਢਾਂਚੇ ਨੂੰ ਦਰੁੱਸਤ ਕਰਨ, ਕਮੀਆਂ ਪੂਰੀਆਂ ਕਰਨ ਅਤੇ ਹੋਰ ਮੁਸ਼ਕਿਲਾਂ ਜਾਣਨ ਲਈ ਉਹ ਸੂਬੇ ਦੀਆਂ ਸਿਹਤ ਸੰਸਥਾਵਾਂ ਦਾ ਦੌਰਾ ਕਰ ਰਹੇ ਹਨ। ਉਨ੍ਹਾਂ ਦੱਸਿਆ ਕਿ ਮੁਢਲੇ ਪੱਧਰ 'ਤੇ ਲੋਕਾਂ ਦੀ ਸਿਹਤ ਸੰਭਾਲ ਲਈ ਖੋਲ੍ਹੇ ਗਏ 504 ਆਮ ਆਦਮੀ ਕਲੀਨਿਕਾਂ ਤੋਂ ਲੋਕਾਂ ਨੂੰ ਵੱਡਾ ਲਾਭ ਮਿਲਿਆ ਹੈ। ਉਨ੍ਹਾਂ ਦੱਸਿਆ ਕਿ ਜਲਦ ਹੀ ਪੰਜਾਬ ਦੇ ਹਸਪਤਾਲਾਂ 'ਚ ਐਮਰਜੈਂਸੀ ਤੇ ਸਪੈਸ਼ਲਿਸਟ ਡਾਕਟਰਾਂ ਦੀ ਘਾਟ ਪੂਰੀ ਕਰ ਦਿੱਤੀ ਜਾਵੇਗੀ। ਆਪਣੇ ਜੱਦੀ ਜ਼ਿਲ੍ਹੇ ਨਵਾਂਸ਼ਹਿਰ ਦੇ ਜ਼ਿਲ੍ਹਾ ਹਸਪਤਾਲ ਨੂੰ ਅਗਲੇ ਦਿਨਾਂ 'ਚ ਅਪਗ੍ਰੇਡ ਕਰਨ ਦੀ ਰਣਨੀਤੀ 'ਤੇ ਚਰਚਾ ਕਰਦਿਆਂ ਉਨ੍ਹਾਂ ਕਿਹਾ ਕਿ ਇਸ ਦੇ ਮੌਜੂਦਾ 100 ਬਿਸਤਰਿਆਂ ਨੂੰ ਪਹਿਲਾਂ 200 ਤੇ ਫ਼ਿਰ 330 'ਤੇ ਲਿਜਾਣ ਦੀ ਪ੍ਰਕਿਰਿਆ ਵਿਚਾਰ ਅਧੀਨ ਹੈ। ਨਵਾਂਸ਼ਹਿਰ ਦੇ ਜ਼ਿਲ੍ਹਾ ਹਸਪਤਾਲ 'ਚ ਟ੍ਰੌਮਾ ਯੂਨਿਟ, ਜੱਚਾ ਬੱਚਾ ਯੂਨਿਟ ਅਤੇ ਕ੍ਰਿਟੀਕਲ ਕੇਅਰ ਯੂਨਿਟ ਦੀ ਸਥਾਪਨਾ ਦਾ ਭਰੋਸਾ ਦਿੰਦਿਆਂ ਉਨ੍ਹਾਂ ਕਿਹਾ ਕਿ ਸਮੁੱਚੇ ਪੰਜਾਬ 'ਚ ਜ਼ਿਲ੍ਹਾ ਹਸਪਤਾਲਾਂ ਨੂੰ ਹਰ ਤਰ੍ਹਾਂ ਦੀਆਂ ਘਾਟਾਂ ਪੂਰੀਆਂ ਕਰਕੇ ਮਜ਼ਬੂਤ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਨਵਾਂਸ਼ਹਿਰ ਦੇ ਜ਼ਿਲ੍ਹਾ ਹਸਪਤਾਲ 'ਚ ਆਲੇ-ਦੁਆਲੇ ਦੇ ਜ਼ਿਲ੍ਹਿਆਂ ਤੋਂ ਵੀ ਵੱਡੀ ਗਿਣਤੀ 'ਚ ਲੋਕਾਂ ਦੇ ਇਲਾਜ ਲਈ ਆਉਣ ਦੇ ਮੱਦੇਨਜ਼ਰ ਇੱਥੇ ਓ ਪੀ ਡੀ ਦੇ ਕਾਊਂਟਰ ਅਗਲੇ ਦਿਨਾਂ 'ਚ ਵਧਾ ਕੇ 10 ਕਰ ਦਿੱਤੇ ਜਾਣਗੇ। ਇਸ ਮੌਕੇ ਐਮ ਐਲ ਏ ਨਵਾਂਸ਼ਹਿਰ ਡਾ. ਨਛੱਤਰ ਪਾਲ, ਐਮ ਐਲ ਏ ਬੰਗਾ ਡਾ. ਸੁਖਵਿੰਦਰ ਕੁਮਾਰ ਸੁੱਖੀ, ਸੀਨੀਅਰ ਆਪ ਆਗੂਆਂ 'ਚ ਲਲਿਤ ਮੋਹਨ ਪਾਠਕ ਨਵਾਂਸ਼ਹਿਰ, ਕੁਲਜੀਤ ਸਿੰਘ ਸਰਹਾਲ ਬੰਗਾ ਤੇ ਅਸ਼ੋਕ ਕਟਾਰੀਆ ਬਲਾਚੌਰ, ਚੇਅਰਮੈਨ ਜ਼ਿਲ੍ਹਾ ਯੋਜਨਾ ਕਮੇਟੀ ਸਤਨਾਮ ਜਲਾਲਪੁਰ, ਜ਼ਿਲ੍ਹਾ ਸਕੱਤਰ ਆਪ ਗਗਨ ਅਗਨੀਹੋਤਰੀ, ਪ੍ਰਧਾਨ ਮਹਿਲਾ ਵਿੰਗ ਰਾਜਦੀਪ ਸ਼ਰਮਾ, ਡਿਪਟੀ ਕਮਿਸ਼ਨਰ ਨਵਜੋਤ ਪਾਲ ਸਿੰਘ ਰੰਧਾਵਾ, ਸਿਵਲ ਸਰਜਨ ਡਾ. ਦਵਿੰਦਰ ਢਾਂਡਾ, ਐਸ ਡੀ ਐਮ ਨਵਾਂਸ਼ਹਿਰ ਮੇਜਰ ਸ਼ਿਵਰਾਜ ਸਿੰਘ ਬੱਲ, ਐਸ ਪੀ (ਪੀ ਬੀ ਆਈ) ਇਕਬਾਲ ਸਿੰਘ, ਐਸ ਐਮ ਓ ਜ਼ਿਲ੍ਹਾ ਹਸਪਤਾਲ ਡਾ. ਸਤਵਿੰਦਰ ਕੌਰ ਵਾਲੀਆ ਅਤੇ ਹੋਰ ਅਧਿਕਾਰੀ ਵੀ ਮੌਜੂਦ ਸਨ।

# ਵਧੀਕ ਡਿਪਟੀ ਕਮਿਸ਼ਨਰ ਵੱਲੋਂ ਰਾਮ ਨੌਮੀ ਸ਼ੋਭਾ ਯਾਤਰਾ ਦੀਆਂ ਤਿਆਰੀਆਂ ਦੀ ਸਮੀਖਿਆ

**ਜਲੰਧਰ, (ਸ਼ੈਲੀ ਐਲਬਰਟ, ਸੁਰਿੰਦਰ ਕੁਮਾਰ)**

ਵਧੀਕ ਡਿਪਟੀ ਕਮਿਸ਼ਨਰ (ਜ) ਮੇਜਰ ਅਮਿਤ ਮਹਾਜਨ ਨੇ ਰਾਮ ਨੌਮੀ ਮੌਕੇ 30 ਮਾਰਚ ਨੂੰ ਕੱਢੀ ਜਾਣ ਵਾਲੀ ਸ਼ੋਭਾ ਯਾਤਰਾ ਦੀਆਂ ਤਿਆਰੀਆਂ ਅਤੇ ਪ੍ਰਬੰਧਾਂ ਦਾ ਜਾਇਜ਼ਾ ਲੈਣ ਲਈ ਸ਼੍ਰੀ ਰਾਮ ਨੌਮੀ ਉਤਸਵ ਕਮੇਟੀ ਦੇ ਨੁਮਾਇੰਦਿਆਂ ਅਤੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਮੀਟਿੰਗ ਕੀਤੀ। ਸਥਾਨਕ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਮੀਟਿੰਗ ਦੌਰਾਨ ਵਧੀਕ ਡਿਪਟੀ ਕਮਿਸ਼ਨਰ ਨੇ ਅਧਿਕਾਰੀਆਂ ਨੂੰ ਸ਼ੋਭਾ ਯਾਤਰਾ ਸਬੰਧੀ ਸਮੁੱਚੇ ਪ੍ਰਬੰਧਾਂ ਦੀ ਵਿਅਕਤੀਗਤ ਤੌਰ 'ਤੇ ਨਿਗਰਾਨੀ ਯਕੀਨੀ ਬਣਾਉਣ ਲਈ ਕਿਹਾ ਤਾਂ ਜੋ ਸ਼ੋਭਾ ਯਾਤਰਾ ਵਿੱਚ ਸ਼ਾਮਲ ਹੋਣ ਵਾਲੇ ਸ਼ਰਧਾਲੂਆਂ ਨੂੰ ਕਿਸੇ ਕਿਸਮ ਦੀ ਮੁਸ਼ਕਲ ਪੇਸ਼ ਨਾ ਆਵੇ। ਉਨ੍ਹਾਂ ਦੱਸਿਆ ਕਿ ਸ਼ੋਭਾ ਯਾਤਰਾ ਸ਼੍ਰੀ ਰਾਮ ਚੌਕ ਤੋਂ ਆਰੰਭ ਹੋ ਕੇ ਭਗਵਾਨ ਵਾਲਮੀਕਿ ਚੌਕ, ਪਟੇਲ ਚੌਕ, ਮਾਈ ਹੀਰਾਂ ਗੇਟ, ਹੁਸ਼ਿਆਰਪੁਰ ਅੱਡਾ ਚੌਕ, ਸ਼ਹੀਦ ਭਗਤ ਸਿੰਘ ਚੌਕ, ਲਕਸ਼ਮੀ ਥੀਏਟਰ ਤੋਂ ਹੁੰਦੇ ਹੋਏ ਮਿਲਾਪ ਚੌਕ ਹੋ ਕੇ ਮੁੜ ਹਿੰਦ ਸਮਾਚਾਰ ਗਰਾਊਂਡ ਵਿਖੇ ਪੁੱਜੇਗੀ। ਉਨ੍ਹਾਂ ਸ਼ੋਭਾ ਯਾਤਰਾ ਦੇ ਰੂਟ 'ਤੇ ਸਾਫ-ਸਫਾਈ, ਸਜਾਵਟ, ਮੈਡੀਕਲ ਟੀਮਾਂ ਦੀ ਤਾਇਨਾਤੀ, ਨਿਰਵਿਘਨ ਬਿਜਲੀ ਦੀ ਸਪਲਾਈ, ਪੀਣ ਵਾਲੇ ਪਾਣੀ ਦਾ ਪ੍ਰਬੰਧ, ਫਾਇਰ ਬ੍ਰਿਗੇਡ, ਸੁਰੱਖਿਆ, ਪਾਰਕਿੰਗ ਅਤੇ ਸੁਚਾਰੂ ਟ੍ਰੈਫਿਕ ਵਿਵਸਥਾ ਸਮੇਤ ਸਮੁੱਚੇ ਲੋੜੀਂਦੇ ਬੰਦੋਬਸਤ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਸ਼੍ਰੀ ਰਾਮ ਨੌਮੀ ਉਤਸਵ ਕਮੇਟੀ ਦੇ ਨੁਮਾਇੰਦਿਆਂ ਨੂੰ ਭਰੋਸਾ ਦਿਵਾਇਆ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਸ਼ੋਭਾ ਯਾਤਰਾ ਸਬੰਧੀ ਸਾਰੇ ਪੁਖਤਾ ਪ੍ਰਬੰਧ ਯਕੀਨੀ ਬਣਾਏ ਜਾਣਗੇ, ਜਿਸ ਸਬੰਧੀ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨੂੰ ਜ਼ਿੰਮੇਵਾਰੀਆਂ ਸੌਂਪ ਦਿੱਤੀਆਂ ਗਈਆਂ ਹਨ। ਸ਼ੋਭਾ ਯਾਤਰਾ ਵਿੱਚ ਲੰਗਰ ਲਗਾਉਣ ਦੌਰਾਨ ਸਫਾਈ ਵਿਵਸਥਾ ਕਾਇਮ ਰੱਖਣ ਦੀ ਅਪੀਲ ਕਰਦਿਆਂ ਵਧੀਕ ਡਿਪਟੀ ਕਮਿਸ਼ਨਰ ਨੇ ਇਹ ਵੀ ਕਿਹਾ ਕਿ ਇਕ ਵਾਰ ਵਰਤੋਂ 'ਚ ਆਉਣ ਵਾਲੇ ਪਲਾਸਟਿਕ 'ਤੇ ਸਰਕਾਰ ਵੱਲੋਂ ਪਾਬੰਦੀ ਲਗਾਈ ਗਈ ਹੈ, ਇਸ ਲਈ ਲੰਗਰ ਦੌਰਾਨ ਪਲਾਸਟਿਕ ਦੀ ਵਰਤੋਂ ਨਾ ਕੀਤੀ ਜਾਵੇ। ਇਸ ਮੌਕੇ ਐਸ.ਡੀ.ਐਮ. ਬਲਬੀਰ ਰਾਜ ਸਿੰਘ, ਸਹਾਇਕ ਕਮਿਸ਼ਨਰ (ਯੂ.ਟੀ.) ਮੇਜਰ ਡਾ. ਇਰਵਿਨ ਕੌਰ ਅਤੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਵੀ ਮੌਜੂਦ ਸਨ।

24-MAR-PAGE-10.qxd 3/23/2023 10:32 PM Page 1



# ਅਕਾਲੀ ਦਲ (ਅ) ਵੱਲੋਂ ਐੱਸ ਡੀ ਐੱਮ ਰਾਹੀਂ ਰਾਸ਼ਟਰਪਤੀ ਨੂੰ ਮੰਗ ਪੱਤਰ



ਭੀਖੀ (ਧਰਮਵੀਰ ਸ਼ਰਮਾ)-ਵਾਰਿਸ ਪੰਜਾਬ ਜਥੇਬੰਦੀ ਦੇ ਮੁੱਖ ਸੇਵਾਦਾਰ ਭਾਈ ਅੰਮ੍ਰਿਤਪਾਲ ਸਿੰਘ ਖਾਲਸਾ ਸਮੇਤ ਉਨ੍ਹਾਂ ਦੇ ਸਾਥੀਆਂ ਅਤੇ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਆਗੂਆਂ ਨੂੰ ਬਿਨਾਂ ਵਜ੍ਹਾ ਗ੍ਰਿਫਤਾਰ ਕੀਤਾ ਜਾ ਰਿਹਾ ਹੈ ਅਤੇ ਪੰਜਾਬ ਦੇ ਲੋਕਾਂ ਵਿੱਚ ਦਹਿਸ਼ਤ ਦਾ ਮਹੌਲ ਬਣਾਇਆ ਜਾ ਰਿਹਾ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਜ਼ਿਲ੍ਹਾ ਪ੍ਰਧਾਨ ਬਲਵੀਰ ਸਿੰਘ ਬੱਛੋਆਣਾ, ਜ਼ਿਲ੍ਹਾ ਜਨਰਲ ਸਕੱਤਰ ਅਤੇ ਕਿਸਾਨ ਯੂਨੀਅਨ ਅੰਮ੍ਰਿਤਸਰ ਦੇ ਕੌਮੀ ਜਨਰਲ ਸਕੱਤਰ ਭਾਈ ਸੁਖਚੈਨ ਸਿੰਘ ਅਤਲਾ ਨੇ ਜ਼ਿਲ੍ਹਾ ਮਾਨਸਾ ਦੇ ਐਸ ਡੀ ਐਮ ਹਰਜਿੰਦਰ ਸਿੰਘ ਜੱਸਲ ਰਾਹੀਂ ਦੇਸ਼ ਦੇ ਰਾਸ਼ਟਰਪਤੀ ਬੀਬੀ ਦ੍ਰੋਪਤੀ ਮੁਰਮੂ ਨੂੰ ਮੰਗ ਪੱਤਰ ਸੌਂਪਣ ਸਮੇਂ ਕੀਤਾ। ਉਨ੍ਹਾਂ ਇਸ ਮੌਕੇ ਪੱਤਰਕਾਰਾਂ ਨੂੰ ਸੰਬੋਧਨ ਹੁੰਦਿਆਂ ਕਿਹਾ ਕਿ ਭਾਰਤ ਵਿੱਚ ਆਪਣੇ ਧਰਮ ਦਾ ਪ੍ਰਚਾਰ ਕਰਨਾ ਵੀ ਗੁਨਾਹ ਹੋ ਗਿਆ ਹੈ। ਜੇਕਰ ਕੋਈ ਆਗੂ ਆਪਣੇ ਭੁੱਲੇ ਭਟਕੇ ਭਰਾ ਜੋ ਨਸ਼ਿਆਂ ਦੀ ਦਲਦਲ ਵਿੱਚ ਫਸ ਚੁੱਕੇ ਸਨ, ਉਨ੍ਹਾਂ ਨੂੰ ਉਸ ਦਲਦਲ ਵਿੱਚੋਂ ਕੱਢ ਰਿਹਾ ਹੈ ਤਾਂ ਇਹ ਵੀ ਗੁਨਾਹ ਬਣ ਗਿਆ ਹੈ। ਉਨ੍ਹਾਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਤਾੜਨਾ ਕਰਦਿਆਂ ਕਿਹਾ ਕਿ ਇਹ ਦਮਨ ਚੱਕਰ ਬੰਦ ਕਰ ਦਿਓ ਨਹੀਂ ਤਾਂ ਇਸ ਦੇ ਨਤੀਜੇ ਗਲਤ ਨਿਕਲਣਗੇ। ਉਨ੍ਹਾਂ ਦੱਸਿਆ ਕਿ ਮਾਨਸਾ ਜ਼ਿਲ੍ਹੇ ਦੀ ਪੁਲਸ ਨੇ ਸ਼੍ਰੋਮਣੀ ਅਕਾਲੀ ਦਲ ਦੇ 45 ਦੇ ਲੱਗਭੱਗ ਨੌਜਵਾਨਾਂ ਨੂੰ ਗ੍ਰਿਫਤਾਰ ਕਰਕੇ ਮੁਕਤਸਰ ਸਾਹਿਬ ਦੀ ਜੇਲ੍ਹ ਵਿੱਚ ਬੰਦ ਕੀਤਾ ਹੋਇਆ ਹੈ, ਉਨ੍ਹਾਂ ਨੂੰ ਜਲਦ ਤੋਂ ਜਲਦ ਰਿਹਾਅ ਕੀਤਾ ਜਾਵੇ। ਇਸ ਮੌਕੇ ਉਨ੍ਹਾਂ ਨਾਲ ਮਨਜੀਤ ਸਿੰਘ ਢੈਪਈ, ਪਰਮਜੀਤ ਸਿੰਘ ਬਰੇ, ਮੰਦਰ ਸਿੰਘ ਬਰੇ, ਸਰਵਨ ਸਿੰਘ ਬਰੇ, ਲਾਡੀ ਫਤਿਹਗੜ੍ਹ ਛੰਨਾ, ਮਨੀ ਰੂੜੇਕੇ ਆਦਿ ਹਾਜ਼ਰ ਸਨ।

# ਜਗਤਾਰ ਸਿੰਘ ਦੀ ਯਾਦ 'ਚ ਸ਼ਰਧਾਂਜਲੀ ਸਮਾਗਮ



ਸਮਰਾਲਾ (ਸੁਰਜੀਤ ਸਿੰਘ) ਪਿਛਲੇ 30 ਸਾਲਾਂ ਤੋਂ ਲਗਾਤਾਰ ਪੰਜਾਬੀ ਮਾਂ ਬੋਲੀ, ਸੱਭਿਆਚਾਰ ਤੇ ਵਿਰਸੇ ਦੀ ਸੇਵਾ ਕਰਦੇ ਆ ਰਹੇ ਰੇਡੀਓ ਆਪਣਾ ਤੇ ਟੀ ਵੀ ਆਪਣਾ ਦੇ ਡਾਇਰੈਕਟਰ ਸਵ. ਜਗਤਾਰ ਸਿੰਘ ਵਿਨੀਪੈੱਗ ਕੈਨੇਡਾ ਨਿਵਾਸੀ, ਜੋ ਪਿਛਲੇ ਦਿਨੀਂ ਆਪਣੀ ਧਰਮ ਪਤਨੀ ਬੀਬੀ ਮਨਧੀਰ ਕੌਰ ਮੰਨੂੰ ਬੇਟੇ ਜਿੰਮੀ ਸਿੰਘ, ਰੌਬੀ ਸਿੰਘ, ਰੌਨੀ ਸਿੰਘ ਤੇ ਸਮੁੱਚੇ ਪਰਿਵਾਰ ਨੂੰ ਸਦੀਵੀ ਵਿਛੋੜਾ ਦੇ ਗਏ ਸਨ, ਉਨ੍ਹਾਂ ਦੀ ਅੰਤਿਮ ਅਰਦਾਸ ਤੇ ਸ਼ਰਧਾਂਜਲੀ ਸਮਾਗਮ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਗੋਬਿੰਦ ਨਗਰ ਫਿਰੋਜ਼ਪੁਰ ਰੋਡ ਵਿਖੇ ਕਰਵਾਇਆ ਗਿਆ। ਇਸ ਮੌਕੇ ਰਾਗੀ ਸਿੰਘਾਂ ਵੱਲੋਂ ਵੈਰਾਗਮਈ ਕੀਰਤਨ ਕਰਕੇ ਹਾਜ਼ਰ ਸੰਗਤਾਂ ਨੂੰ ਗੁਰਬਾਣੀ ਕੀਰਤਨ ਨਾਲ ਜੋੜਿਆ ਗਿਆ। ਇਸ ਮੌਕੇ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਵੱਲੋਂ ਸਵ. ਜਗਤਾਰ ਸਿੰਘ ਦੇ ਵੱਡੇ ਸਪੁੱਤਰ ਜਿੰਮੀ ਸਿੰਘ ਨੂੰ ਦਸਤਾਰ ਭੇਟ ਕੀਤੀ ਗਈ। ਇਸ ਸ਼ਰਧਾਂਜਲੀ ਸਮਾਗਮ ਦੌਰਾਨ ਪ੍ਰਸਿੱਧ ਲੇਖਕ ਸਰਬਜੀਤ ਸਿੰਘ ਵਿਰਦੀ ਨੇ ਸਟੇਜ ਦਾ ਸੰਚਾਲਨ ਕਰਦੇ ਹੋਏ ਸਵ. ਜਗਤਾਰ ਸਿੰਘ ਦੇ ਜੀਵਨ 'ਤੇ ਚਾਨਣਾ ਪਾਇਆ। ਇਸ ਮੌਕੇ ਡਾ. ਬਲਦੇਵ ਸਿੰਘ, ਡਾ. ਹਰੀ ਸਿੰਘ ਜਾਚਕ, ਸਾਬਕਾ ਮੰਤਰੀ ਮਹੇਸ਼ਇੰਦਰ ਸਿੰਘ ਗਰੇਵਾਲ, ਲੇਖਕ ਬੁੱਧ ਸਿੰਘ ਨੀਲੋਂ ਤੋਂ ਇਲਾਵਾ ਕਲਵੰਤ ਸਿੰਘ ਸਿੱਧੂ (ਵਿਧਾਇਕ), ਸੂਬੇਦਾਰ ਗੁਲਵੰਤ ਸਿੰਘ, ਗਿਆਨ ਸਿੰਘ (ਸਾਬਕਾ ਡੀ ਪੀ ਆਰ ਓ), ਪਰਮਜੀਤ ਸਿੰਘ ਬਾਗੜੀਆਂ, ਕਰਤਿੰਦਰਪਾਲ ਸਿੰਘ ਸਿੰਗਪੁਰਾ (ਚੇਅਰਮੈਨ ਐੱਸ ਸੀ ਵਿੰਗ ਪੰਜਾਬ), ਲਖਵਿੰਦਰ ਸਿੰਘ ਲੱਖਾ ਸਲੇਮਪੁਰੀ ਯੂ ਕੇ, ਦਵਿੰਦਰ ਸਿੰਘ ਅਰਸੀ, ਗੁਰਪ੍ਰੀਤ ਸਿੰਘ ਸੰਧੂ ਚੰਡੀਗੜ੍ਹ, ਜਗੀਰ ਸਿੰਘ ਦਿਲਬਰ, ਸੁਰਜੀਤ ਭਗਤ, ਕੁਲਦੀਪ ਸਿੰਘ ਬਰਮੀ, ਅਵਤਾਰ ਨੰਦਪੁਰੀ, ਲਖਵਿੰਦਰ ਸ਼ਰਮਾ, ਡਾ. ਸੁਖਜਿਦਰ ਸਿੰਘ, ਕਮਲਜੀਤ ਕੌਰ ਧਾਲੀਵਾਲ, ਬਲਜੀਤ ਕੌਰ ਘੋਲੀਆ, ਅਮਰਜੀਤ ਸ਼ੇਰਪੁਰੀ, ਅਵਤਾਰ ਸਿੰਘ, ਮਹਿੰਦਰ ਸਿੰਘ, ਜਗਸ਼ਰਨ ਸਿੰਘ ਛੀਨਾ, ਮਨਿੰਦਰ ਮੋਗਾ, ਜੱਸ ਸਿੱਧੂ ਸਮੇਤ ਹੋਰ ਕਈ ਸ਼ਖਸੀਅਤਾਂ ਨੇ ਸਮਾਗਮ ਦੌਰਾਨ ਹਾਜ਼ਰੀ ਭਰ ਕੇ ਵਿਛੜੀ ਆਤਮਾ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ। ਅਖੀਰ ਵਿੱਚ ਬੀਬੀ ਮਨਧੀਰ ਕੌਰ ਮਨੂ ਨੇ ਪਰਿਵਾਰ ਵੱਲੋਂ ਆਈ ਹੋਈ ਸੰਗਤ ਦਾ ਧੰਨਵਾਦ ਕੀਤਾ।

# 'ਆਪ' ਕਾਰਜਾਂ ਦੀ ਨਹੀਂ, ਵਿਗਿਆਪਨਾਂ ਦੀ ਸਰਕਾਰ : ਗੁਰਤੇਜ ਢਿੱਲੋਂ

## ਮੰਗਾਂ ਨਾ ਮੰਨਣ 'ਤੇ ਡਾ. ਬਲਬੀਰ ਸਿੰਘ ਦੇ ਘਰ ਅੱਗੇ ਦਿੱਤਾ ਜਾਵੇਗਾ ਧਰਨਾ



ਨਾਭਾ (ਵਰਿੰਦਰ ਵਰਮਾ)-ਆਮ ਆਦਮੀ ਪਾਰਟੀ ਨੇ ਸੱਤਾ ਵਿੱਚ ਆਉਣ ਤੋਂ ਪਹਿਲਾਂ ਲੋਕ ਲੁਭਾਵਣੇ ਵਾਅਦੇ ਕਰਕੇ ਲੋਕਾਂ ਨੂੰ ਵੱਡੇ-ਵੱਡੇ ਸੁਪਨੇ ਵਿਖਾਏ ਸੀ, ਪਰ ਸੱਤਾ ਹਾਸਲ ਕਰਨ ਤੋਂ ਬਾਅਦ ਆਮ ਆਦਮੀ ਪਾਰਟੀ ਆਪਣੇ ਵਾਅਦਿਆਂ ਤੋਂ ਮੁੱਕਰ ਰਹੀ ਹੈ। ਵਿਗਿਆਪਨਾਂ ਰਾਹੀਂ ਪੁਰਾਣੀ ਸਰਕਾਰ ਦੇ ਕਾਰਜਾਂ ਦੇ ਨਾਂਅ 'ਤੇ ਝੂਠਾ ਪ੍ਰਚਾਰ ਕਰਕੇ ਵਾਹਵਾਹੀ ਖੱਟਣ 'ਚ ਲੱਗੀ ਹੋਈ ਹੈ, ਜੋ ਕਿ ਲੋਕਾਂ ਨੂੰ ਵੀ ਹੁਣ ਸਮਝ ਆਉਣ ਲੱਗ ਪਿਆ ਹੈ। ਇਸ ਦਾ ਜਵਾਬ ਆਗਾਮੀ ਚੋਣਾਂ 'ਚ ਮਿਲੇਗਾ। ਇਹ ਗੱਲ ਸ੍ਰ. ਗੁਰਤੇਜ ਸਿੰਘ ਢਿੱਲੋਂ ਮੈਂਬਰ ਪੰਜਾਬ ਕਾਰਜਕਾਰਨੀ ਬੀਜੇਪੀ ਤੇ ਸਾਬਕਾ ਚੇਅਰਮੈਨ ਇੰਪਰੂਵਮੈਂਟ ਟਰੱਸਟ, ਨਾਭਾ ਨੇ ਪ੍ਰੈੱਸ ਕਾਨਫਰੰਸ ਵਿੱਚ ਕਹੀ। ਉਨ੍ਹਾ ਕਿਹਾ ਕਿ ਪੰਜਾਬ ਸਰਕਾਰ ਲੋਕਾਂ ਵਿੱਚ ਆਪਣੀ ਦਿੱਖ ਬਣਾਈ ਰੱਖਣ ਵਾਸਤੇ ਲੋਕਾਂ ਦੇ ਪੈਸੇ ਨੂੰ ਪਾਣੀ ਵਾਂਗ ਵਹਾਉਣ ਲੱਗੀ ਹੋਈ ਹੈ, ਜਿਸ ਦਾ ਸਾਰਾ ਭਾਰ ਪੰਜਾਬ ਦੇ ਆਮ ਲੋਕਾਂ 'ਤੇ ਪੈ ਰਿਹਾ ਹੈ। ਸ੍ਰ. ਢਿੱਲੋਂ ਨੇ ਦੱਸਿਆ ਕਿ ਉਹ ਮੁੱਖ ਮੰਤਰੀ ਭਗਵੰਤ ਮਾਨ ਨੂੰ ਪੱਤਰ ਲਿਖ ਕੇ ਪਟਿਆਲਾ-ਨਾਭਾ ਰੋਡ 32 ਕਰੋੜ 52 ਲੱਖ ਰੁਪਏ ਤੇ ਪਟਿਆਲਾ-ਸਰਹਿੰਦ ਰੋਡ 110 ਕਰੋੜ ਰੁਪਏ ਦੀ ਲਾਗਤ ਨਾਲ ਫੋਰਲੇਨ ਕਰਨ ਦੇ ਪ੍ਰੋਜੈਕਟ ਦੀ ਡੀ ਪੀ ਆਰ ਕੇਂਦਰ ਸਰਕਾਰ ਨੂੰ ਭੇਜਣ ਸੰਬੰਧੀ ਅਪੀਲ ਕਰ ਚੁੱਕੇ ਹਨ। ਇਸ ਪ੍ਰੋਜੈਕਟ ਦਾ ਸਾਰਾ ਖਰਚ ਕੇਂਦਰ ਸਰਕਾਰ ਵੱਲੋਂ ਕੀਤਾ ਜਾਵੇਗਾ, ਪਰ ਪੱਤਰ ਭੇਜੇ ਨੂੰ ਇੱਕ ਸਾਲ ਹੋ ਗਿਆ ਹੈ ਤੇ ਪੰਜਾਬ ਸਰਕਾਰ ਨੇ ਅਜੇ ਤੱਕ ਨਾ ਤਾ ਕੇਂਦਰ ਸਰਕਾਰ ਨੂੰ ਡੀ ਪੀ ਆਰ ਭੇਜੀ ਹੈ ਤੇ ਨਾ ਹੀ ਉਕਤ ਪੱਤਰ ਦਾ ਜਵਾਬ ਦਿੱਤਾ ਹੈ। ਉਨ੍ਹਾ ਕਿਹਾ ਕਿ ਜੇਕਰ ਪੰਜਾਬ ਸਰਕਾਰ ਨੇ ਕੋਈ ਕਾਰਵਾਈ ਨਾ ਕੀਤੀ ਤਾਂ ਸਿਹਤ ਮੰਤਰੀ ਦੇ ਘਰ ਅੱਗੇ ਪੱਕਾ ਧਰਨਾ ਦਿੱਤਾ ਜਾਵੇਗਾ, ਕਿਉਂਕਿ ਡਾ. ਬਲਬੀਰ ਸਿੰਘ ਉਕਤ ਹਲਕੇ ਦੇ ਵਿਧਾਇਕ ਵੀ ਹਨ ਤੇ ਦੋਵੇਂ ਸੜਕਾਂ ਉਨ੍ਹਾਂ ਦੇ ਖੇਤਰ ਵਿੱਚ ਹੀ ਆਉਂਦੀਆਂ ਹਨ। ਇਸ ਮੌਕੇ ਸੁਖਵਿੰਦਰ ਕੌਰ ਨੌਲੱਖਾ ਸੂਬਾ ਸਕੱਤਰ ਬੀਜੇਪੀ, ਵਿਨਿਤ ਸਹਿਗਲ, ਰਮਨਦੀਪ ਸਿੰਘ ਭੀਲੋਵਾਲ, ਸੁਖਚੈਨ ਸਿੰਘ ਇੱਛੇਵਾਲ, ਆਸ਼ੀਸ਼ ਗੁਪਤਾ, ਤੇਜਿੰਦਰ ਲਚਕਾਣੀ, ਗੌਰਵ ਸ਼ਰਮਾ, ਜਸਵੀਰ ਸਿੰਘ, ਸੰਦੀਪ ਧਾਲੀਵਾਲ ਆਦਿ ਮੌਜੂਦ ਸਨ।

## ਕਾਤਰਾਂ

### ਬਾਬਾ ਗੁਲਜ਼ਾਰ ਸਿੰਘ ਬੜਾਗੁੜਾ ਨੂੰ ਸੇਜਲ ਅੱਖਾਂ ਨਾਲ ਅੰਤਿਮ ਵਿਦਾਈ



ਸਿਰਸਾ (ਸੁਰਿੰਦਰ ਪਾਲ ਸਿੰਘ)-ਗੁਰਦੁਆਰਾ ਭੱਠਾ ਸਾਹਿਬ ਬੜਾਗੁੜਾ (ਸਿਰਸਾ) ਦੇ ਮੁੱਖ ਗ੍ਰੰਥੀ ਬਾਬਾ ਗੁਲਜ਼ਾਰ ਸਿੰਘ (60) ਦੇ ਪਰਲੋਕ ਗਮਨ 'ਤੇ ਇਲਾਕੇ ਦੀਆਂ ਸੰਗਤਾਂ ਨੂੰ ਗਹਿਰਾ ਸਦਮਾ ਪੁੱਜਾ ਹੈ। ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਉਪ ਮੁਖੀ ਬਾਬਾ ਗੁਰਮੀਤ ਸਿੰਘ ਤਿਲੋਕੇਵਾਲਾ ਨੇ ਦੱਸਿਆ ਕਿ ਬਾਬਾ ਗੁਲਜ਼ਾਰ ਸਿੰਘ ਬੜਾਗੁੜਾ ਨੂੰ ਪਿਛਲੇ ਮਹੀਨੇ ਪੇਟ ਵਿੱਚ ਇਨਫੈਕਸ਼ਨ ਸਦਕਾ ਸਥਾਨਕ ਇਲਾਜ ਉਪਰੰਤ ਡੀ ਐਮ ਸੀ ਲੁਧਿਆਣਾ ਵਿਖੇ ਭਰਤੀ ਕਰਾਇਆ ਗਿਆ, ਜਿੱਥੇ ਇਲਾਜ ਦੌਰਾਨ ਉਨ੍ਹਾ ਦੀ ਮੌਤ ਹੋ ਗਈ। ਬਾਬਾ ਤਿਲੋਕੇਵਾਲਾ ਨੇ ਕਿਹਾ ਕਿ ਬਾਬਾ ਗੁਲਜ਼ਾਰ ਸਿੰਘ ਦੀਆਂ ਨਗਰ ਬੜਾਗੁੜਾ ਸਮੇਤ ਸਿੱਖ ਪੰਥ ਪ੍ਰਤੀ ਸੇਵਾਵਾਂ ਨੂੰ ਹਮੇਸ਼ਾ ਯਾਦ ਰੱਖਿਆ ਜਾਵੇਗਾ। ਇਸ ਮੌਕੇ ਬਾਬਾ ਪ੍ਰੀਤਮ ਸਿੰਘ ਮੱਲ੍ਹੜੀ, ਬਾਬਾ ਗੁਰਪਾਲ ਸਿੰਘ ਚੋਰਮਾਰ, ਬਾਬਾ ਦਰਸ਼ਨ ਸਿੰਘ ਦਾਦੂ, ਭਾਈ ਸੁਖਵਿੰਦਰ ਸਿੰਘ ਰਾਗੀ ਤੇ ਭਾਈ ਅਵਤਾਰ ਸਿੰਘ ਸਮੇਤ ਸਿਰਸਾ ਖੇਤਰ ਦੇ ਗੁਰੂ ਘਰਾਂ ਦੇ ਪ੍ਰਧਾਨ, ਰਾਗੀ ਸਿੰਘ ਤੇ ਪਾਠੀ ਸਿੰਘਾਂ ਵੱਲੋਂ ਬਾਬਾ ਗੁਲਜ਼ਾਰ ਸਿੰਘ ਦੇ ਅਕਾਲ ਚਲਾਣੇ 'ਤੇ ਪਰਵਾਰ ਨਾਲ ਗਹਿਰੀ ਹਮਦਰਦੀ ਦਾ ਪ੍ਰਗਟਾਵਾ ਕੀਤਾ ਗਿਆ।

### ਨਰੇਸ਼ ਆਨੰਦ ਨੇ ਮਸਜਿਦ ਦਾ ਨੀਂਹ ਪੱਥਰ ਰੱਖਿਆ



ਦੋਰਾਹਾ (ਹਰਮਿੰਦਰ ਸੇਠ)-ਦੋਰਾਹਾ ਓਸਵਾਲ ਰੋਡ 'ਤੇ ਸਥਿਤ ਨਵੀਂ ਬਣ ਰਹੀ ਮਸਜਿਦ ਦਾ ਨੀਂਹ ਪੱਥਰ ਭਾਜਪਾ ਦੇ ਜ਼ਿਲ੍ਹਾ ਸੈਕਟਰੀ ਨਰੇਸ਼ ਆਨੰਦ ਨੇ ਰੱਖਿਆ। ਇਸ ਮੌਕੇ ਗੱਲਬਾਤ ਕਰਦਿਆਂ ਭਾਜਪਾ ਆਗੂ ਨਰੇਸ਼ ਆਨੰਦ ਨੇ ਕਿਹਾ ਕਿ ਉਹ ਮੁਸਲਮਾਨ ਭਾਈਚਾਰੇ ਦੇ ਹਮੇਸ਼ਾ ਰਿਣੀ ਰਹਿਣਗੇ, ਜਿਨ੍ਹਾਂ ਨੇ ਉਸ ਨੂੰ ਏਨਾ ਮਾਣ ਬਖਸ਼ਿਆ। ਇਸ ਮੌਕੇ ਉਨ੍ਹਾਂ ਨਾਲ ਮਨੀਉਰਟੀ ਮੋਰਚੇ ਦੇ ਪ੍ਰਧਾਨ ਜ਼ੈੱਡ ਐੱਚ ਮਡਾਲ, ਕੁਤਵਦੀਨ ਅਨਸਾਰੀ, ਅਜਰਲ ਹੱਕ ਸੈਕਟਰੀ, ਮਨਦੀਪ ਚੀਟੂ ਜਨਰਲ ਸਕੱਤਰ ਭਾਜਪਾ, ਮੰਡਲ ਪ੍ਰਧਾਨ ਭਾਜਪਾ ਜਗਤਾਰ ਸਿੰਘ ਕੂਕਾ, ਬੀ ਕੇ ਸਿੰਘ, ਮੁਹੰਮਦ ਇਕਬਾਲ ਚਾਨਾ ਤੇ ਸੀ ਵੀ ਠਾਕੁਰ ਵਾਈਸ ਪ੍ਰਧਾਨ ਆਦਿ ਹਾਜ਼ਰ ਸਨ।

### ਮਾਤਾ ਮਨਸਾ ਦੇਵੀ ਲੰਗਰ ਲਈ ਰਾਸ਼ਨ ਦੇ ਦੋ ਟਰੱਕ ਰਵਾਨਾ



ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)-ਸ੍ਰੀ ਸ਼ਕਤੀ ਸੇਵਾ ਦਲ ਕਮੇਟੀ ਵੱਲੋਂ ਮਾਤਾ ਮਨਸਾ ਦੇਵੀ ਵਿਖੇ ਨਵਰਾਤਰਿਆਂ ਨੂੰ ਲੈ ਕੇ ਲਗਾਏ ਜਾਂਦੇ ਭੰਡਾਰੇ ਲਈ ਦਲ ਵੱਲੋਂ 38ਵਾਂ ਵਿਸ਼ਾਲ ਭੰਡਾਰਾ ਕਰਵਾਉਣ ਲਈ ਰਾਸ਼ਨ ਦੇ ਦੋ ਟਰੱਕ ਸਮਾਣਾ ਤੋਂ ਰਵਾਨਾ ਕੀਤੇ ਗਏ। ਇਨ੍ਹਾਂ ਟਰੱਕਾਂ ਨੂੰ ਨਗਰ ਕੌਂਸਲ ਦੇ ਸਾਬਕਾ ਪ੍ਰਧਾਨ ਕਪੂਰ ਚੰਦ ਬਾਂਸਲ ਨੇ ਹਰੀ ਝੰਡੀ ਦੇ ਕੇ ਰਵਾਨਾ ਕੀਤਾ। ਇਸ ਮੌਕੇ ਸੰਸਥਾ ਆਗੂ ਰਮੇਸ਼ਵਰ ਦਾਸ ਮਿਸ਼ਰਾ, ਨਲਿਨੀ ਚੋਪੜਾ, ਸੁਦਰਸ਼ਨ ਮਿੱਤਲ ਨੇ ਦੱਸਿਆ ਕਿ ਸ਼ਿਵ ਸ਼ਕਤੀ ਸੇਵਾ ਦਲ ਵੱਲੋਂ ਸ਼ਹਿਰ ਵਾਸੀਆਂ ਦੇ ਸਹਿਯੋਗ ਨਾਲ ਇਹ ਰਾਸ਼ਨ ਇਕੱਠਾ ਕੀਤਾ ਗਿਆ ਹੈ। ਇਸ ਮੌਕੇ ਸ਼ੈਲਰਜ਼ ਐਸੋਸੀਏਸ਼ਨ ਦੇ ਪ੍ਰਧਾਨ ਸੁਰੇਸ਼ ਕੁਮਾਰ ਸਿੰਗਲਾ ਤੇ ਭਾਰਤ ਭੂਸ਼ਣ ਆਦਿ ਮੌਜੂਦ ਸਨ।

### ਅਸਮਾਨੀ ਬਿਜਲੀ ਡਿੱਗਣ ਨਾਲ ਕੋਠੀ ਦਾ ਨੁਕਸਾਨ

ਬਰੇਟਾ (ਗੀਤਵਾਲ)-ਨਜ਼ਦੀਕੀ ਪਿੰਡ ਜਲਵੇੜਾ ਵਿਖੇ ਇੱਕ ਰਿਹਾਇਸ਼ੀ ਕੋਠੀ 'ਤੇ ਅਸਮਾਨੀ ਬਿਜਲੀ ਦੇ ਡਿੱਗਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਬੀਤੇ ਦਿਨੀਂ ਪਿੰਡ ਜਲਵੇੜਾ ਦੇ ਕਿਸਾਨ ਸੁਖਦੇਵ ਸਿੰਘ ਦੀ ਨਵੀਂ ਬਣਾਈ ਗਈ ਕੋਠੀ 'ਤੇ ਆਸਮਾਨੀ ਬਿਜਲੀ ਡਿੱਗਣ ਨਾਲ ਪਰਿਵਾਰ ਵਿੱਚ ਡਰ ਦਾ ਮਾਹੌਲ ਪੈਦਾ ਹੋ ਗਿਆ। ਬਿਜਲੀ ਡਿੱਗਣ ਨਾਲ ਜਾਨੀ ਨੁਕਸਾਨ ਤੋਂ ਬਚਾਅ ਹੋ ਗਿਆ, ਪ੍ਰੰਤੂ ਕੰਧਾਂ ਵਿੱਚ ਤਰੇੜਾਂ ਆ ਜਾਣ ਤੋਂ ਇਲਾਵਾ ਸਾਰੇ ਬਿਜਲੀ ਸਪਲਾਈ ਵਾਲੇ ਬੋਰਡ ਵਗੈਰਾ ਨੁਕਸਾਨੇ ਗਏ। ਪਿੰਡ ਵਾਸੀਆਂ ਤੇ ਪਰਿਵਾਰ ਨੇ ਜਾਨੀ ਨੁਕਸਾਨ ਤੋਂ ਬਚਾਅ ਹੋਣ 'ਤੇ ਪ੍ਰਮਾਤਮਾ ਦਾ ਸ਼ੁਕਰਾਨਾ ਕੀਤਾ ਹੈ।

# 'ਅਣਖ ਜਗਾਓ-ਆਜ਼ਾਦੀ ਪਾਓ' ਯਾਤਰਾ ਦਾ ਰਵਿਦਾਸ ਭਾਈਚਾਰੇ ਵੱਲੋਂ ਨਿੱਘਾ ਸਵਾਗਤ

ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)-ਗੈਰ-ਰਾਜਨੀਤਕ ਸੰਸਥਾ ਸਮਾਜਿਕ ਏਕਤਾ ਦੀ ਸ਼ਕਤੀ 'ਪੋਸੂ' ਪਾਵਰ ਆਫ ਸ਼ੋਸ਼ਲ ਯੂਨਿਟੀ ਵੱਲੋਂ "ਅਣਖ ਜਗਾਓ-ਆਜ਼ਾਦੀ ਪਾਓ" ਯਾਤਰਾ ਦੇ ਪਿੰਡ ਲਹਿਰਾ ਮੁਹੱਬਤ ਪਹੁੰਚਣ 'ਤੇ ਰਵਿਦਾਸ ਭਾਈਚਾਰੇ ਵੱਲੋਂ ਨਿੱਘਾ ਸਵਾਗਤ ਕੀਤਾ ਗਿਆ। ਇਹ ਯਾਤਰਾ 26 ਫਰਵਰੀ 2023 ਤੋਂ ਬਾਬੂ ਮੰਗੂ ਰਾਮ ਦੇ ਪਿੰਡ ਮੁਗੋਵਾਲ ਤਹਿਸੀਲ ਮਾਹਿਲਪੁਰ ਜ਼ਿਲ੍ਹਾ ਹੁਸ਼ਿਆਰਪੁਰ ਤੋਂ ਚੱਲ ਕੇ ਪੰਜਾਬ ਦੇ ਵੱਖ-ਵੱਖ ਪਿੰਡਾ/ਸ਼ਹਿਰਾਂ 'ਚੋ ਹੁੰਦੀ ਹੋਈ ਬੀਤੀ ਦੇਰ ਸ਼ਾਮ ਗੁਰਦੁਆਰਾ ਸ੍ਰੀ ਗੁਰੂ ਰਵਿਦਾਸ ਜੀ ਪਿੰਡ ਲਹਿਰਾ ਮੁਹੱਬਤ ਵਿਖੇ ਪਹੁੰਚੀ। ਇਥੇ ਇਕੱਠ ਨੂੰ ਸੰਬੋਧਨ ਕਰਦਿਆਂ ਪੋਸੂ ਦੇ ਸੂਬਾ ਪ੍ਰਧਾਨ ਇੰਜੀ. ਫਕੀਰ ਚੰਦ ਜੱਸਲ ਨੇ ਕਿਹਾ ਕਿ ਯਾਤਰਾ ਦਾ ਮਕਸਦ ਅਨੁਸੂਚਿਤ ਸਮਾਜ ਦੇ ਦੱਬੇ-ਕੁਚਲੇ ਲੋਕਾਂ ਨੂੰ ਉਨ੍ਹਾਂ ਦੇ ਹੱਕਾਂ ਪ੍ਰਤੀ ਜਾਗਰੂਕ ਕਰਨਾ ਹੈ। ਉਨ੍ਹਾ ਕਿਹਾ ਕਿ ਸੰਵਿਧਾਨ ਵਿੱਚ ਛੇੜਛਾੜ ਹੋ ਰਹੀ ਹੈ, ਜਿਸ ਕਾਰਨ ਗਰੀਬ ਵਰਗ ਦੇ ਲੋਕ ਆਪਣੇ ਹੱਕਾਂ ਤੋਂ ਵਾਂਝੇ ਰਹਿ ਜਾਂਦੇ ਹਨ ਤੇ ਸਮਾਜਿਕ ਵਿਤਕਰੇ ਦਾ ਵੀ ਬੋਝ ਝੱਲਣਾ ਪੈਂਦਾ ਹੈ। ਇਸ ਲਈ ਪਾਵਰ ਆਫ ਸੋਸ਼ਲ ਯੂਨਿਟੀ 'ਪੋਸੂ' ਦੇ ਉਦੇਸ਼ਾਂ ਹੇਠ ਇਕੱਠੇ ਹੋ ਕੇ ਨਿਜਾਤ ਪਾਈ ਜਾ ਸਕਦੀ ਹੈ। ਇਹ ਯਾਤਰਾ 30 ਅਪ੍ਰੈਲ 2023 ਨੂੰ ਸ਼ਹੀਦ ਊਧਮ ਸਿੰਘ ਜੀ ਦੇ ਬੁੱਤ ਸੁਨਾਮ ਵਿਖੇ ਖਤਮ ਹੋਵੇਗੀ। ਸ੍ਰੀ ਜੱਸਲ ਨੇ ਇਕੱਠੇ ਹੋਏ ਪਿੰਡ ਵਾਸੀਆਂ ਨੂੰ ਸਮਾਪਤੀ ਮੌਕੇ ਵੱਡੀ ਗਿਣਤੀ 'ਚ ਪਹੁੰਚਣ ਦਾ ਸੱਦਾ ਦਿੱਤਾ। ਇਸ ਮੌਕੇ ਰਿਟਾ. ਇੰਜੀ. ਹਰਿਦਰ ਸਿੰਘ ਚੋਪੜਾ, ਜਗਰੂਪ ਸਿੰਘ, ਕਾਕਾ ਸਿੰਘ ਤੇ ਸੋਹਣ ਸਿੰਘ ਕੋਟੜਾ ਤੋਂ ਇਲਾਵਾ ਪੋਸੋ ਮੈਂਬਰ ਲਖਵੀਰ ਸਿੰਘ, ਲਛਮਣ ਸਿੰਘ, ਆਸ਼ਾ ਸਿੰਘ ਅਤੇ ਭੋਲਾ ਸਿੰਘ ਸਮੇਤ ਹੋਰ ਪਿੰਡ ਵਾਸੀ ਹਾਜ਼ਰ ਸਨ।

# ਬੱਸ ਦੀ ਲਪੇਟ 'ਚ ਆਉਣ ਨਾਲ ਅਧਿਆਪਕਾ ਦੀ ਮੌਤ

ਮੋਗਾ (ਅਮਰਜੀਤ ਬੱਬਰੀ)-ਸਥਾਨਕ ਜੋਗਿੰਦਰ ਸਿੰਘ ਚੌਕ ਵਿੱਚ ਬੱਸ ਦੀ ਉਡੀਕ ਕਰ ਰਹੀ ਇੱਕ ਸਕੂਲ ਅਧਿਆਪਕਾ ਨੂੰ ਪ੍ਰਾਈਵੇਟ ਬੱਸ ਨੇ ਆਪਣੇ ਹੇਠਾਂ ਲੈ ਲਿਆ, ਜਿਸ ਦੀ ਮੌਕੇ 'ਤੇ ਹੀ ਮੌਤ ਹੋ ਗਈ। ਪੁਲਸ ਨੇ ਮ੍ਰਿਤਕਾ ਦੇ ਪਤੀ ਦੇ ਬਿਆਨ ਲੈ ਕੇ ਬੱਸ ਚਾਲਕ ਨੂੰ ਮੌਕੇ 'ਤੇ ਹੀ ਗ੍ਰਿਫ਼ਤਾਰ ਕਰਕੇ ਉਸ ਖਿਲਾਫ਼ ਮਾਮਲਾ ਦਰਜ ਕਰ ਲਿਆ ਹੈ। ਥਾਣਾ ਸਿਟੀ ਇਕ ਦੇ ਸਹਾਇਕ ਥਾਣੇਦਾਰ ਬੂਟਾ ਸਿੰਘ ਨੇ ਦੱਸਿਆ ਕਿ ਮ੍ਰਿਤਕ ਅਧਿਆਪਕਾ ਰੂਪਵੰਤੀ ਦੇ ਪਤੀ ਜਗਦੀਪ ਨੇ ਦੱਸਿਆ ਕਿ ਉਸ ਦੀ ਪਤਨੀ ਕੈਂਬਰਜ ਇੰਟਰਨੈਸ਼ਨਲ ਸਕੂਲ ਵਿੱਚ ਅਧਿਆਪਕ ਸੀ ਤੇ ਉਸ ਦੀ ਡਿਊਟੀ ਨਿਹਾਲ ਸਿੰਘ ਵਾਲਾ ਵਿਖੇ ਪੇਪਰ ਚੈੱਕ ਕਰਨ 'ਤੇ ਲੱਗ ਗਈ ਸੀ ਅਤੇ ਉਹ ਰੋਜ਼ਾਨਾ ਦੀ ਤਰ੍ਹਾਂ ਬੁੱਧਵਾਰ ਸਵੇਰੇ ਮੋਗਾ ਤੋਂ ਬੱਸ ਰਾਹੀਂ ਨਿਹਾਲ ਸਿੰਘ ਵਾਲਾ ਵਿਖੇ ਜਾਣ ਲਈ ਬੱਸ ਅੱਡੇ ਦੇ ਬਾਹਰ ਚੌਕ ਵਿੱਚ ਬੱਸ ਦੀ ਉਡੀਕ ਕਰ ਰਹੀ ਸੀ। ਇਸ ਦੌਰਾਨ ਇਕ ਪ੍ਰਾਈਵੇਟ ਕੰਪਨੀ ਦੀ ਬੱਸ ਦੇ ਚਾਲਕ ਵੱਲੋਂ ਬੱਸ ਨੂੰ ਲਾਪ੍ਰਵਾਹੀ ਨਾਲ ਚਲਾਉਂਦਿਆਂ ਉਸ ਨੂੰ ਬੱਸ ਦੇ ਹੇਠਾਂ ਦੇ ਦਿੱਤਾ ਤੇ ਉਸ ਦੀ ਮੌਕੇ 'ਤੇ ਹੀ ਮੌਤ ਹੋ ਗਈ। ਪੁਲਸ ਨੇ ਮੌਕੇ 'ਤੇ ਹੀ ਬੱਸ ਦੇ ਚਾਲਕ ਸਤਨਾਮ ਸਿੰਘ ਵਾਸੀ ਫਰੀਦਕੋਟ ਨੂੰ ਗ੍ਰਿਫਤਾਰ ਕਰਕੇ ਉਸ ਖਿਲਾਫ਼ ਮਾਮਲਾ ਦਰਜ ਕਰ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ।

# ਟ੍ਰਾਈਡੈਂਟ ਇੰਡਸਟ੍ਰੀਜ਼ ਵੱਲੋਂ ਪੇਂਡੂ ਬੇਰੁਜ਼ਗਾਰ ਨੌਜਵਾਨਾਂ ਲਈ ਮੁਫਤ ਕਿੱਤਾਮੁਖੀ ਕੋਰਸ

ਬਰਨਾਲਾ (ਰਜਿੰਦਰ ਬਰਾੜ, ਰਾਕੇਸ਼ ਨੀਟਾ)-ਟ੍ਰਾਈਡੈਂਟ ਇੰਡਸਟ੍ਰੀਜ਼ ਬਰਨਾਲਾ ਵੱਲੋਂ ਜ਼ਿਲ੍ਹਾ ਬਰਨਾਲਾ, ਸੰਗਰੂਰ, ਬਠਿੰਡਾ ਤੇ ਮਾਨਸਾ ਦੇ ਪੇਂਡੂ ਬੇਰੁਜ਼ਗਾਰ ਨੌਜਵਾਨਾਂ ਲਈ ਮੁਫਤ ਕਿੱਤਾ ਮੁਖੀ ਕੋਰਸ ਕਰਵਾਏ ਜਾ ਰਹੇ ਹਨ, ਜਿਸ 'ਚ ਤਿੰਨ ਤੋਂ ਚਾਰ ਮਹੀਨੇ ਦੀ ਮੁਫਤ ਰਿਹਾਇਸ਼ੀ ਟ੍ਰੇਨਿੰਗ ਦਿੱਤੀ ਜਾਵੇਗੀ। ਇਸ ਸਬੰਧੀ ਜਾਣਕਾਰੀ ਦਿੰਦਿਆਂ ਪੰਜਾਬ ਸਕਿੱਲ ਡਿਵੈਲਪਮੈਂਟ ਮਿਸ਼ਨ ਦੇ ਬਲਾਕ ਮਿਸ਼ਨ ਮੈਨੇਜਰ ਕੰਵਲ ਦੀਪ ਨੇ ਦੱਸਿਆ ਕਿ ਟ੍ਰਾਈਡੈਂਟ ਵੱਲੋਂ ਸਿਲਾਈ ਮਸ਼ੀਨ ਆਪ੍ਰੇਟਰ, ਚੈਕਰ/ਪੈਕਰ ਤੇ ਰਿੰਗ ਫਰੇਮ ਟੈਂਟਰ ਦੇ ਕੋਰਸ ਕਰਵਾਏ ਜਾਂਦੇ ਹਨ। ਉਨ੍ਹਾ ਕਿਹਾ ਕਿ ਹੁਣ ਤੱਕ ਸੈਂਕੜੇ ਹੀ ਨੌਜਵਾਨਾਂ ਨੇ ਇਸ ਸਕੀਮ ਦਾ ਲਾਭ ਉਠਾ ਕੇ ਨੌਕਰੀ ਪ੍ਰਾਪਤ ਕੀਤੀ ਹੈ ਅਤੇ ਆਪਣੇ ਤੇ ਆਪਣੇ ਪਰਿਵਾਰ ਦਾ ਜੀਵਨ ਪੱਧਰ ਉੱਚਾ ਚੁੱਕਿਆ ਹੈ। ਇਸ ਪ੍ਰੋਗਰਾਮ ਅਧੀਨ 18 ਤੋਂ 35 ਸਾਲ ਦੇ ਘੱਟੋ ਘੱਟ 10ਵੀਂ ਪਾਸ ਮੁੰਡੇ ਤੇ ਕੁੜੀਆਂ ਟ੍ਰੇਨਿੰਗ ਪ੍ਰਾਪਤ ਕਰ ਸਕਦੇ ਹਨ। ਕੋਰਸ ਕਰਨ ਤੋਂ ਬਾਅਦ ਉਮੀਦਵਾਰਾਂ ਨੂੰ ਇੰਡਸਟਰੀ ਵੱਲੋਂ ਨੌਕਰੀ ਦੀ ਪੇਸ਼ਕਸ਼ ਕੀਤੀ ਜਾਵੇਗੀ। ]

ਟ੍ਰੇਨਿੰਗ ਦੌਰਾਨ ਉਮੀਦਵਾਰਾਂ ਨੂੰ ਮੁਫਤ ਰਹਿਣਾ ਤੇ ਖਾਣਾ-ਪੀਣਾ ਵੀ ਦਿੱਤਾ ਜਾਵੇਗਾ। ਇਸ ਟ੍ਰੇਨਿੰਗ ਦਾ ਮੁੱਖ ਉਦੇਸ਼ ਬੇਰੁਜ਼ਗਾਰ ਪੇਂਡੂ ਨੌਜਵਾਨਾਂ ਨੂੰ ਸਿਖਲਾਈ ਦੇ ਕੇ ਹੁਨਰਮੰਦ ਤੇ ਆਤਮ-ਨਿਰਭਰ ਬਣਾਉਣਾ ਹੈ। ਚਾਹਵਾਨ ਉਮੀਦਵਾਰ ਵਧੇਰੇ ਜਾਣਕਾਰੀ ਲਈ ਮੋਬਾਇਲ ਨੰ 9878997501, 9878997334 'ਤੇ ਸੰਪਰਕ ਕਰ ਸਕਦੇ ਹਨ ਤੇ ਸ਼ਨੀਵਾਰ 25 ਮਾਰਚ 2023 ਸਵੇਰੇ 9:30 ਵਜੇ ਟ੍ਰਾਈਡੈਂਟ ਇੰਡਸਟ੍ਰੀਜ਼ ਲਿਮ. ਸੰਘੇੜਾ, ਬਰਨਾਲਾ ਵਿਖੇ ਸਾਰੇ ਸਰਟੀਫਿਕੇਟ, ਆਧਾਰ ਕਾਰਡ ਤੇ ਤਿੰਨ ਫੋਟੋਆਂ ਲੈ ਕੇ ਜਾ ਸਕਦੇ ਹਨ।

# ਸ਼ਾਕਿਆ ਸਮਾਜ ਦੀ ਬੇਟੀ ਵਨੀਤਾ ਦੇ ਅਚਾਨਕ ਵਿਛੋੜੇ 'ਤੇ ਦੁੱਖ ਪ੍ਰਗਟ



ਕੋਟਕਪੂਰਾ (ਰਛਪਾਲ ਭੁੱਲਰ) ਬੀਤੇ ਦਿਨੀਂ ਸ਼ਾਕਿਆ ਸਮਾਜ ਫਰੀਦਕੋਟ ਦੇ ਨੈਕਸੂ ਸ਼ਾਕਿਆ ਦੀ ਬੇਟੀ ਵਨੀਤਾ ਰਾਣੀ, ਜੋ ਕਿ ਰਾਕੇਸ਼ ਕੁਮਾਰ ਵਾਸੀ ਸ੍ਰੀ ਮੁਕਤਸਰ ਸਾਹਿਬ ਨਾਲ ਵਿਆਹੀ ਹੋਈ ਸੀ, ਦੇ ਅਚਾਨਕ ਵਿਛੋੜੇ ਨੇ ਸਾਰੇ ਸ਼ਾਕਿਆ ਸਮਾਜ ਨੂੰ ਝੰਜੋੜ ਕੇ ਰੱਖ ਦਿੱਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਪਰਮਪਾਲ ਸ਼ਾਕਿਆ ਨੇ ਦੱਸਿਆ ਕਿ ਬੁੱਧਵਾਰ ਨੂੰ ਬੇਟੀ ਵਨੀਤਾ ਦੀ ਆਤਮਿਕ ਸ਼ਾਂਤੀ ਲਈ ਮਹਾਂਵੀਰ ਸ਼ਾਕਿਆ ਦੇ ਨਿਵਾਸ ਸਥਾਨ ਹਰਗੋਬਿੰਦ ਨਗਰ ਫਰੀਦਕੋਟ ਵਿਖੇ ਬੁੱਧ ਮੱਤ ਨਾਲ ਸ਼ਾਂਤੀ ਦਾ ਧਮ ਪ੍ਰਿਯ ਪੁੱਤੂ ਲਾਲ ਵੱਲੋਂ ਸ਼ਾਂਤੀ ਪਾਠ ਕੀਤਾ ਗਿਆ। ਇਸ ਦੁੱਖ ਦੀ ਘੜੀ ਵਿੱਚ ਗੌਤਮ ਬੁੱਧ ਚੈਰੀਟੇਬਲ ਐਂਡ ਐਜੂਕੇਸ਼ਨਲ ਸੁਸਾਇਟੀ ਫਰੀਦਕੋਟ ਤੇ ਬੁੱਧ ਸ਼ਾਕਿਆ ਸੰਮਤੀ ਕੋਟਕਪੂਰਾ ਵੱਲੋਂ ਸੋਗ ਜਤਾਇਆ ਗਿਆ। ਇਸ ਸਮੇਂ ਪਰਿਵਾਰ ਨਾਲ ਦੁੱਖ ਸਾਂਝਾ ਕਰਨ ਵਾਲਿਆਂ ਵਿੱਚ ਗੁਰਤੇਜ ਸਿੰਘ ਖੋਸਾ ਚੇਅਰਮੈਨ ਆਮ ਆਦਮੀ ਪਾਰਟੀ ਫਰੀਦਕੋਟ ਤੇ ਨਛੱਤਰ ਸਿੰਘ ਬਲਾਕ ਪ੍ਰਧਾਨ 'ਆਪ' ਆਦਿ ਹਾਜ਼ਰ ਸਨ। ਇਸ ਮੌਕੇ ਸਾਰਾ ਸ਼ਾਕਿਆ ਸਮਾਜ ਫਰੀਦਕੋਟ ਬੇਟੀ ਦੇ ਪਰਿਵਾਰਕ ਮੈਂਬਰਾਂ ਨਾਲ ਦੁੱਖ ਵੰਡਾਉਣ ਪਹੁੰਚਿਆ।

# ਪਬਲਿਕ ਸੈਕਟਰ ਦੇ ਅਦਾਰਿਆਂ ਨੂੰ ਮੁੜ ਪੈਰਾਂ 'ਤੇ ਖੜ੍ਹਾ ਕੀਤਾ ਜਾਵੇਗਾ : ਹਰਚੰਦ ਬਰਸਟ

## ਮੰਡੀ ਬੋਰਡ ਦਾ ਚੇਅਰਮੈਨ ਬਣਨ ਉਪਰੰਤ ਸਮਾਣਾ ਪਹੁੰਚਣ 'ਤੇ ਨਿੱਘਾ ਸਵਾਗਤ



ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)-ਪੰਜਾਬ ਮੰਡੀ ਬੋਰਡ ਦਾ ਚੇਅਰਮੈਨ ਨਿਯੁਕਤ ਹੋਣ ਤੋਂ ਬਾਅਦ ਹਰਚੰਦ ਸਿੰਘ ਬਰਸਟ ਦਾ ਸਮਾਣਾ ਪਹੁੰਚਣ 'ਤੇ ਵੱਖ-ਵੱਖ ਥਾਵਾਂ 'ਤੇ ਨਿੱਘਾ ਸਵਾਗਤ ਕੀਤਾ ਗਿਆ। ਇਸ ਦੌਰੇ ਦੌਰਾਨ ਉਨ੍ਹਾਂ ਦੇ ਸਮਰਥਕਾਂ ਵੱਲੋਂ ਸਮਾਣਾ ਦੇ ਐਂਟਰੀ ਗੇਟ ਭਾਖੜਾ ਨਹਿਰ ਦੇ ਪੁਲ 'ਤੇ ਪਹੁੰਚਣ 'ਤੇ ਢੋਲ ਵਜਾ ਕੇ ਅਤੇ ਫੁੱਲਾਂ ਦੀ ਵਰਖਾ ਕਰਕੇ ਸਵਾਗਤ ਕੀਤਾ ਗਿਆ। ਇਸ ਤੋਂ ਬਾਅਦ ਬਰਸਟ ਨੇ ਬਾਬਾ ਸਾਹਿਬ ਅੰਬੇਡਕਰ ਦੇ ਬੁੱਤ 'ਤੇ ਜਾ ਕੇ ਉਨ੍ਹਾਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ। ਬਰਸਟ ਦੇ ਨਗਰ ਕੌਂਸਲ ਦਫਤਰ ਸਮਾਣਾ ਵਿਖੇ ਪਹੁੰਚਣ 'ਤੇ ਪ੍ਰਧਾਨ ਅਸ਼ਵਨੀ ਗੁਪਤਾ ਦੀ ਅਗਵਾਈ ਹੇਠ ਮੌਜੂਦਾ ਨਗਰ ਕੌਂਸਲਰਾਂ, ਜਿਨ੍ਹਾਂ ਵਿੱਚ ਜਤਿਨ ਵਰਮਾ, ਅਜੀਤ ਰਾਹੀ, ਬਲਦੇਵ ਕਿਸ਼ਨ, ਬੱਬੂ ਲਹੌਰੀਆ, ਬੱਬੂ ਐੱਮ ਸੀ, ਮੰਗਤ ਮਵੀ ਵੱਲੋਂ ਉਨ੍ਹਾਂ ਦਾ ਸਵਾਗਤ ਕੀਤਾ ਗਿਆ। ਇਸ ਮੌਕੇ ਉਨ੍ਹਾਂ ਕਿਹਾ ਕਿ ਨਗਰ ਕੌਂਸਲਰ ਜਨਤਾ ਦੇ ਚੁਣੇ ਹੋਏ ਨੁਮਾਇੰਦੇ ਹਨ, ਉਹ ਇਮਾਨਦਾਰੀ ਨਾਲ ਵਿਕਾਸ ਦੇ ਕੰਮ ਕਰਨ, ਉਨ੍ਹਾਂ ਨੂੰ ਫੰਡਾਂ ਦੀ ਕਿਸੇ ਵੀ ਤਰ੍ਹਾਂ ਦੀ ਕਮੀ ਨਹੀਂ ਆਉਣ ਦਿੱਤੀ ਜਾਵੇਗੀ। ਬਰਸਟ ਵਿਸ਼ੇਸ਼ ਤੌਰ 'ਤੇ ਮਾਰਕੀਟ ਕਮੇਟੀ ਸਮਾਣਾ ਦੇ ਦਫਤਰ ਵੀ ਪਹੁੰਚੇ ਜਿੱਥੇ ਸਮੁੱਚੇ ਮਾਰਕੀਟ ਕਮੇਟੀ ਅਧਿਕਾਰੀਆਂ ਤੇ ਆੜ੍ਹਤੀ ਐਸੋਸੀਏਸ਼ਨ ਵੱਲੋਂ ਉਨ੍ਹਾ ਦਾ ਭਰਪੂਰ ਸਵਾਗਤ ਕੀਤਾ ਗਿਆ। ਇਸ ਮੌਕੇ ਬਰਸਟ ਨੇ ਕਿਹਾ ਕਿ ਮੰਡੀ ਬੋਰਡ ਕਿਸਾਨਾਂ ਤੇ ਆੜ੍ਹਤੀਆਂ ਦੀਆਂ ਹਰ ਤਰ੍ਹਾਂ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਲਈ ਵਚਨਬੱਧ ਹੈ। ਇਸ ਤੋਂ ਇਲਾਵਾ ਵਿਕਾਸ ਦੇ ਜੋ ਵੀ ਕੰਮ ਮੰਡੀ ਬੋਰਡ ਦੇ ਅਧਿਕਾਰ ਖੇਤਰ ਵਿੱਚ ਹਨ, ਉਨ੍ਹਾਂ ਨੂੰ ਸੁਚਾਰੂ ਰੂਪ ਵਿੱਚ ਚਲਾਉਣ ਲਈ ਫੰਡਾਂ ਦੀ ਕਿਸੇ ਵੀ ਤਰ੍ਹਾਂ ਦੀ ਕਮੀ ਨਹੀਂ ਆਉਣ ਦਿੱਤੀ ਜਾਵੇਗੀ। ਉਨ੍ਹਾ ਪਿਛਲੀਆਂ ਸਰਕਾਰਾਂ ਦੀ ਸਖਤ ਨੁਕਤਾਚੀਨੀ ਕਰਦਿਆਂ ਕਿਹਾ ਕਿ ਉਨ੍ਹਾਂ ਦੀਆਂ ਨੀਤੀਆਂ ਨੇ ਸਰਕਾਰੀ ਅਦਾਰਿਆਂ ਦਾ ਲੱਕ ਤੋੜ ਕੇ ਰੱਖ ਦਿੱਤਾ ਹੈ ਤੇ ਉਨ੍ਹਾਂ ਸਰਕਾਰੀ ਅਦਾਰਿਆਂ ਨੂੰ ਹਰ ਹਾਲਤ ਵਿੱਚ ਪੈਰਾਂ 'ਤੇ ਖੜ੍ਹਾ ਕੀਤਾ ਜਾਵੇਗਾ ਤੇ ਫੰਡਾਂ ਦੀ ਕੋਈ ਕਮੀ ਨਹੀਂ ਆਉਣ ਦਿੱਤੀ ਜਾਵੇਗੀ। ਇਸ ਮੌਕੇ ਉਨ੍ਹਾ ਸਮਾਣਾ ਦੇ ਪੱਤਰਕਾਰ ਭਾਈਚਾਰੇ ਲਈ ਜਲਦੀ ਹੀ ਪ੍ਰੈੱਸ ਭਵਨ ਤਿਆਰ ਕਰਕੇ ਦੇਣ ਦਾ ਵਾਅਦਾ ਵੀ ਕੀਤਾ। ਇਸ ਮੌਕੇ ਐੱਸ ਡੀ ਐੱਮ ਚਰਨਜੀਤ ਸਿੰਘ, ਤਹਸੀਲਦਾਰ ਲਾਰਸਨ ਸਿੰਗਲਾ, ਪੁਸ਼ਵਿੰਦਰ ਬਾਂਸਲ ਪ੍ਰਧਾਨ ਅਗਰਵਾਲ ਸਮਾਜ ਪਟਿਆਲਾ, ਗਗਨ ਬਰਸਟ, ਸੈਕਟਰੀ ਕੁਲਵੰਤ ਸਿੰਘ, ਭੀਮ ਦੂਆ, ਆੜ੍ਹਤੀ ਐਸੋਸੀਏਸ਼ਨ ਦੇ ਪ੍ਰਧਾਨ ਸੰਦੀਪ ਗਰਗ, ਸ਼ਾਮ ਲਾਲ ਦੱਤ, ਸੁਰਜੀਤ ਦਈਆ, ਅਵਿਨਾਸ਼ ਡਾਂਗ ਦੇ ਇਲਾਵਾ ਵੱਡੀ ਗਿਣਤੀ 'ਚ ਸ਼ਹਿਰ ਦੇ ਹੋਰ ਪਤਵੰਤੇ ਹਾਜ਼ਰ ਸਨ।

# ਦਾਨੀ ਸੱਜਣ ਸੁਖਵੰਤ ਸਿੰਘ ਵੱਲੋਂ ਸਕੂਲ ਨੂੰ ਗੇਟ ਭੇਟ




ਮਾਨਸਾ (ਆਤਮਾ ਸਿੰਘ ਪਮਾਰ)-ਸਰਕਾਰੀ ਮਿਡਲ ਸਕੂਲ ਉੱਡਤ ਸੈਦੇਵਾਲਾ ਵਿਖੇ ਸਕੂਲ ਮੁਖੀ ਧਰਮਿੰਦਰ ਸਿੰਘ ਦੇ ਯਤਨਾਂ ਸਦਕਾ ਪਿੰਡ ਦੇ ਦਾਨੀ ਸੱਜਣ ਸ੍ਰ. ਸੁਖਵੰਤ ਸਿੰਘ ਗਿੱਲ ਨੇ ਸਕੂਲ ਨੂੰ ਲੋਹੇ ਦਾ ਮੁੱਖ ਗੇਟ ਬਣਾ ਕੇ ਸਮੂਹ ਸਟਾਫ, ਗ੍ਰਾਮ ਪੰਚਾਇਤ, ਪਿੰਡ ਦੇ ਪਤਵੰਤੇ ਸੱਜਣਾਂ ਤੇ ਸਕੂਲ ਮੈਨੇਜਮੈਂਟ ਕਮੇਟੀ ਦੀ ਹਾਜ਼ਰੀ ਵਿੱਚ ਦਾਨ ਵਜੋਂ ਭੇਟ ਕੀਤਾ ਅਤੇ ਅੱਗੇ ਤੋਂ ਵੀ ਸਕੂਲ ਦੀ ਜ਼ਰੂਰਤ ਮੁਤਾਬਿਕ ਦਾਨ ਕਰਨ ਦਾ ਵਾਅਦਾ ਕੀਤਾ। ਇਸੇ ਦੌਰਾਨ ਉਨ੍ਹਾਂ ਪਿੰਡ ਵਾਸੀਆਂ ਨੂੰ ਵੀ ਅਪੀਲ ਕੀਤੀ ਕਿ ਸਕੂਲ ਨੂੰ ਹੋਰ ਸੁੰਦਰ ਬਣਾਉਣ ਲਈ ਪਿੰਡ ਪੱਧਰ 'ਤੇ ਵੱਧ ਤੋਂ ਵੱਧ ਦਾਨ ਕਰਨ। ਸਕੂਲ ਮੁਖੀ ਧਰਮਿੰਦਰ ਸਿੰਘ ਨੇ ਜਿੱਥੇ ਦਾਨੀ ਸੱਜਣ ਦਾ ਧੰਨਵਾਦ ਕੀਤਾ, ਉਥੇ ਨਾਲ ਹੀ ਪਿੰਡ ਵਾਸੀਆਂ ਤੇ ਮਾਪਿਆਂ ਨੂੰ ਪੁਰਜ਼ੋਰ ਅਪੀਲ ਵੀ ਕੀਤੀ ਕਿ ਵੱਧ ਤੋਂ ਵੱਧ ਬੱਚੇ ਸਰਕਾਰੀ ਮਿਡਲ ਸਕੂਲ ਉੱਡਤ ਸੈਦੇਵਾਲਾ ਵਿਖੇ ਦਾਖਲ ਕਰਵਾਏ ਜਾਣ। ਇਸ ਮੌਕੇ ਪਿੰਡ ਦੇ ਸਰਪੰਚ ਸੁਰਿੰਦਰ ਸਿੰਘ, ਪੰਚਾਇਤ ਮੈਂਬਰ ਹਰਮੇਲ ਸਿੰਘ, ਭੁਪਿੰਦਰ ਸਿੰਘ, ਨੰਬਰਦਾਰ ਸ਼ੰਭੂ ਸਿੰਘ, ਪਤਵੰਤੇ ਸੱਜਣ ਪਰਸ਼ੋਤਮ ਸਿੰਘ ਗਿੱਲ, ਸਕੂਲ ਮੈਨੇਜਮੈਂਟ ਕਮੇਟੀ ਦੇ ਚੇਅਰਮੈਨ ਪਰਮਜੀਤ ਸਿੰਘ, ਕਮੇਟੀ ਮੈਂਬਰ ਜਸਪਾਲ ਸਿੰਘ ਤੇ ਸਕੂਲ ਸਟਾਫ ਬਲਵਿੰਦਰ ਸਿੰਘ, ਨਿਤੇਸ਼ ਕੱਕੜ, ਮੈਡਮ ਚਰਨਜੀਤ ਕੌਰ ਤੇ ਵਿਦਿਆਰਥੀ ਹਾਜ਼ਰ ਸਨ।

# ਸਮਾਜ ਸੇਵੀ ਮਹਾਸ਼ਾ ਪ੍ਰਤਿੱਗਿਆ ਪਾਲ ਦੇ ਨਾਂਅ 'ਤੇ ਲਾਇਬ੍ਰੇਰੀ ਸਥਾਪਤ



ਧੂਰੀ (ਸੁਖਦੇਵ ਧੂਰੀ, ਰਾਜੇਸ਼ਵਰ ਪਿੰਟੂ, ਬਿੰਨੀ ਗਰਗ)-ਸਥਾਨਕ ਰਾਮ ਬਾਗ ਵਿੱਚ ਇਲਾਕੇ ਦੀ ਨਾਮਵਰ ਸਮਾਜ ਸੇਵੀ ਸ਼ਖ਼ਸੀਅਤ ਮਹਾਸ਼ਾ ਪ੍ਰਤਿੱਗਿਆ ਪਾਲ ਦੇ ਨਾਂਅ 'ਤੇ ਲਾਇਬ੍ਰੇਰੀ ਦਾ ਉਦਘਾਟਨ ਰਾਈਸੀਲਾ ਗਰੁੱਪ ਆਫ ਕੰਪਨੀਜ਼ ਦੇ ਸੀ ਐੱਮ ਡੀ ਡਾ. ਏ ਆਰ ਸ਼ਰਮਾ ਨੇ ਕੀਤਾ। ਸਮਾਗਮ ਦੀ ਸ਼ੁਰੂਆਤ ਮੌਕੇ ਰਾਮ ਬਾਗ ਟਰੱਸਟ ਦੇ ਕੈਸ਼ੀਅਰ ਹੰਸ ਰਾਜ ਗਰਗ ਨੇ ਸਵਾਗਤੀ ਸ਼ਬਦ ਕਹੇ। ਇਸ ਮੌਕੇ ਆਪਣੇ ਸੰਬੋਧਨ ਵਿੱਚ ਡਾ. ਸ਼ਰਮਾ ਨੇ ਸਿੱਖਿਆ ਦੀ ਮਹੱਤਤਾ ਬਾਰੇ ਵਿਚਾਰ ਪੇਸ਼ ਕਰਦੇ ਹੋਏ ਕਿਹਾ ਕਿ ਕਿਸੇ ਨੂੰ ਗਿਆਨਵਾਨ ਬਣਾਉਣ ਦਾ ਅਰਥ ਉਸ ਵਿਅਕਤੀ ਨੂੰ ਜ਼ਿੰਦਗੀ ਭਰ ਦਾ ਸਹਾਰਾ ਤੇ ਸਮਰੱਥਾ ਦੇਣ ਦੇ ਸਮਾਨ ਹੁੰਦਾ ਹੈ। ਇਸ ਮੌਕੇ ਪ੍ਰਧਾਨ ਪਵਨ ਕੁਮਾਰ ਗਰਗ ਨੇ ਡਾਕਟਰ ਸ਼ਰਮਾ ਸਮੇਤ ਸਮੂਹ ਹਾਜ਼ਰੀਨ ਦਾ ਧੰਨਵਾਦ ਕਰਦਿਆਂ ਰਾਮ ਬਾਗ ਟਰੱਸਟ ਵੱਲੋਂ ਸਮਾਜ ਸੇਵਾ ਦੇ ਖੇਤਰ ਵਿੱਚ ਪਾਏ ਜਾ ਰਹੇ ਯੋਗਦਾਨ ਦੀ ਚਰਚਾ ਕੀਤੀ। ਪ੍ਰੋਗਰਾਮ ਦੌਰਾਨ ਸਟੇਜ ਦੀ ਡਿਊਟੀ ਟਰੱਸਟ ਦੇ ਸਕੱਤਰ ਐਡਵੋਕੇਟ ਰਾਜ ਕੁਮਾਰ ਸਿੰਗਲਾ ਨੇ ਬਾਖੂਬੀ ਨਿਭਾਈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਪੰਜਾਬ ਗਊ ਸੇਵਾ ਕਮਿਸ਼ਨ ਦੇ ਚੇਅਰਮੈਨ ਅਸ਼ੋਕ ਕੁਮਾਰ ਲੱਖਾ, ਪਵਨ ਹਰਚੰਦਪੁਰੀ, ਮੂਲ ਚੰਦ ਸ਼ਰਮਾ, ਸੁਰਿੰਦਰ ਸ਼ਰਮਾ ਨਾਗਰਾ, ਅਵਤਾਰ ਸਿੰਘ ਢਢੋਗਲ, ਰਾਮ ਚੰਦ ਸ਼ਰਮਾ, ਚੌਧਰੀ ਪਵਨ ਵਰਮਾ, ਹਰਜਿੰਦਰ ਸਿੰਘ ਢੀਂਡਸਾ, ਡਾ. ਰਾਜਿੰਦਰ ਪਾਲ, ਗੁਲਜਾਰ ਸਿੰਘ ਸ਼ੌਂਕੀ, ਡਾ. ਰਮੇਸ਼ ਸ਼ਰਮਾ, ਪ੍ਰਿੰਸੀਪਲ ਅਸ਼ੋਕ ਰੈਣਾ, ਸਤੀਸ਼ ਚੰਦਰ ਅਰੋੜਾ, ਸੰਦੀਪ ਤਾਇਲ, ਸੁਰੇਸ਼ ਬਾਂਸਲ, ਜਗਤਾਰ ਸਿੰਘ ਸਮਰਾ, ਵਿਪਨ ਕਾਂਝਲਾ, ਵਿਜੇ ਸੋਫਤ ਬਿੱਟੂ, ਹੰਸ ਰਾਜ ਬਜਾਜ, ਸੁਖਵਿੰਦਰ ਸਿੰਘ, ਜਸਵਿੰਦਰ ਸਿੰਘ ਨੰਨੜੇ, ਕਰਮ ਸਿੰਘ ਢੀਂਡਸਾ, ਅਸ਼ੋਕ ਭੰਡਾਰੀ, ਸੰਤ ਸਿੰਘ ਬੀਹਲਾ ਸਮੇਤ ਅਨੇਕਾਂ ਸ਼ਖ਼ਸੀਅਤਾਂ ਹਾਜ਼ਰ ਸਨ।

# ਅਜੇ ਵੀ ਨਾ ਸੰਭਲੇ ਤਾਂ ਪਛਤਾਵਾਂਗੇ : ਜਲਾਲੇਆਣਾ

## ਸਿਹਤ ਤੰਦਰੁਸਤੀ, ਵਾਤਾਵਰਣ ਸੰਬੰਧੀ ਕਿਸਾਨ ਜਾਗਰੂਕਤਾ ਸੈਮੀਨਾਰ



ਫਰੀਦਕੋਟ (ਐਲਿਗਜੈਂਡਰ ਡਿਸੂਜਾ) ਸ਼ੁੱਭ-ਕਰਮਨ ਵੈੱਲਫੇਅਰ ਸੁਸਾਇਟੀ ਵੱਲੋਂ ਬਲਤੇਜ ਫਾਰਮ ਪੱਖੀ ਰੋਡ ਫਰੀਦਕੋਟ ਵਿਖੇ ਕਰਵਾਏ ਗਏ ਕਿਸਾਨ ਜਾਗਰੂਕਤਾ ਸੈਮੀਨਾਰ ਦੌਰਾਨ ਸਾਥ ਸਮਾਜਿਕ ਗੂੰਜ ਵੱਲੋਂ ਸਿਹਤ ਤੰਦਰੁਸਤੀ, ਵਾਤਾਵਰਣ ਸਬੰਧੀ ਪ੍ਰੋਜੈਕਟਰ ਤੇ ਸਲਾਈਡ ਸ਼ੋਅ ਰਾਹੀਂ ਵੱਖ-ਵੱਖ ਪਹਿਲੂਆਂ ਤੋਂ ਨੁਕਤੇਵਾਰ ਵਿਸਥਾਰ ਵਿੱਚ ਜਾਣਕਾਰੀ ਸਾਂਝੀ ਕੀਤੀ ਗਈ। ਸੁਸਾਇਟੀ ਦੇ ਸੰਸਥਾਪਕ ਗੁਰਮੀਤ ਸਿੰਘ ਬਰਾੜ ਤੇ ਸਕੱਤਰ ਪਵਨ ਕੁਮਾਰ ਸ਼ਰਮਾ ਮੁਤਾਬਿਕ ਮੁੱਖ ਮਹਿਮਾਨ ਦੇ ਤੌਰ 'ਤੇ ਪੁੱਜੇ ਡਾ. ਕਰਨਜੀਤ ਸਿੰਘ ਗਿੱਲ ਮੁੱਖ ਖੇਤੀਬਾੜੀ ਅਫਸਰ ਫਰੀਦਕੋਟ ਸਮੇਤ ਡਾ. ਸੁਰਜੀਤ ਸਿੰਘ ਬਲਾਕ ਅਫਸਰ, ਇੰਜੀ. ਹਰਚਰਨ ਸਿੰਘ, ਡਾ. ਯਾਦਵਿੰਦਰ ਸਿੰਘ ਤੇ ਡਾ. ਸ਼ੁੱਭਕਰਨ ਸਿੰਘ ਐਗਰੀਕਲਚਰ ਡਿਵੈਲਪਮੈਂਟ ਅਫਸਰ ਨੇ ਖੇਤੀਬਾੜੀ ਦੀ ਸੰਭਾਲ ਤੇ ਸਾਵਧਾਨੀਆਂ ਸਬੰਧੀ ਸਮਝਾਇਆ। ਸਾਥ ਸਮਾਜਿਕ ਗੂੰਜ਼ ਦੇ ਪ੍ਰੈੱਸ ਸਕੱਤਰ ਗੁਰਿੰਦਰ ਸਿੰਘ ਮਹਿੰਦੀਰੱਤਾ ਨੇ ਨੌਜਵਾਨਾਂ ਵੱਲੋਂ ਪ੍ਰਵਾਸ ਕਰਨ ਤੇ ਨਸ਼ਿਆਂ ਦੇ ਸ਼ਿਕਾਰ ਹੋਣ ਸਬੰਧੀ ਚਿੰਤਾ ਦਾ ਪ੍ਰਗਟਾਵਾ ਕੀਤਾ।

ਜਥੇਬੰਦੀ ਦੇ ਸੰਸਥਾਪਕ ਗੁਰਵਿੰਦਰ ਸਿੰਘ ਜਲਾਲੇਆਣਾ ਨੇ ਆਮ ਵਿਅਕਤੀ ਦੇ ਅਧਿਕਾਰਾਂ ਤੇ ਫਰਜ਼ਾਂ ਤੋਂ ਇਲਾਵਾ ਡਿਜੀਟਲ ਇੰਡੀਆ, ਸਿਹਤ ਤੰਦਰੁਸਤੀ, ਆਰਗੈਨਿਕ ਖੇਤੀ, ਕੁਦਰਤੀ ਖੇਤੀ, ਪਾਣੀ ਦੀ ਬੱਚਤ, ਰੁੱਖਾਂ ਦੀ ਸੰਭਾਲ, ਸਰਕਾਰੀ ਸਹੂਲਤਾਂ, ਖੇਤੀਬਾੜੀ ਦੇ ਸੰਦ, ਦਰਪੇਸ਼ ਮੁਸ਼ਕਲਾਂ, ਸਮੱਸਿਆਵਾਂ, ਪ੍ਰੇਸ਼ਾਨੀਆਂ, ਚੁਣੌਤੀਆਂ, ਨਸ਼ਿਆਂ ਨਾਲ ਹੋ ਰਹੀ ਬਰਬਾਦੀ ਵਰਗੀਆਂ ਅਨੇਕਾਂ ਗੱਲਾਂ ਸਾਂਝੀਆਂ ਕਰਦਿਆਂ ਉਕਤਾਨ ਦੇ ਹੱਲ ਸਬੰਧੀ ਵਿਸਥਾਰ 'ਚ ਗੱਲਬਾਤ ਕੀਤੀ। ਅੰਤ 'ਚ ਉਨ੍ਹਾਂ ਕੁਝ ਕੁ ਕਿਸਾਨਾ ਵੱਲੋਂ ਪੁੱਛੇ ਸਵਾਲਾਂ ਦਾ ਜਵਾਬ ਦਿੰਦਿਆਂ ਦਾਅਵਾ ਕੀਤਾ ਕਿ ਜੇਕਰ ਅਜੇ ਵੀ ਨਾ ਸੰਭਲੇ ਅਰਥਾਤ ਆਪਣੀਆਂ ਗਲਤ ਆਦਤਾਂ ਵਿੱਚ ਸੁਧਾਰ ਨਾ ਕੀਤਾ ਤਾਂ ਨਵੀਂ ਪੀੜ੍ਹੀ ਸਾਨੂੰ ਮਾਫ ਨਹੀਂ ਕਰੇਗੀ। ਇਸ ਮੌਕੇ ਉੱਘੇ ਲੇਖਕ, ਸਾਹਿਤਕਾਰ ਤੇ ਚਿੰਤਕ ਬਾਬੂ ਸਿੰਘ ਬਰਾੜ ਸਮੇਤ ਹੋਰ ਵੀ ਅਨੇਕਾਂ ਬੁਲਾਰਿਆਂ ਨੇ ਆਪਣੇ ਵਿਚਾਰ ਸਾਂਝੇ ਕੀਤੇ।

ਅੰਤ ਵਿੱਚ ਸ਼ੁੱਭ-ਕਰਮਨ ਵੈੱਲਫੇਅਰ ਸੁਸਾਇਟੀ ਵੱਲੋਂ ਗੁਰਮੀਤ ਸਿੰਘ ਬਰਾੜ, ਹਰਦੀਪ ਸਿੰਘ ਫਿੱਡੂ ਭਲਵਾਨ ਆਦਿ ਨੇ ਸਾਥ ਸਮਾਜਿਕ ਗੂੰਜ ਦੀ ਸਮੁੱਚੀ ਟੀਮ, ਮੁੱਖ ਮਹਿਮਾਨ, ਵਿਸ਼ੇਸ਼ ਮਹਿਮਾਨਾ ਤੇ ਸਹਿਯੋਗੀਆਂ ਦਾ ਸਨਮਾਨ ਕੀਤਾ।

ਇਸ ਮੌਕੇ ਉਪਰੋਕਤ ਤੋਂ ਇਲਾਵਾ ਸੁਖਜਿੰਦਰ ਸਿੰਘ ਸਮਰਾ, ਮੁਕੰਦ ਸਿੰਘ ਵੜਿੰਗ, ਰਜਿੰਦਰ ਸਿੰਘ ਬਰਾੜ, ਜਗਜੀਵਨ ਸਿੰਘ ਸਰਾਫ ਆਦਿ ਸਮੇਤ ਵੱਖ ਵੱਖ ਸੰਸਥਾਵਾਂ, ਜਥੇਬੰਦੀਆਂ, ਸਭਾ-ਸੁਸਾਇਟੀਆਂ, ਕਲੱਬਾਂ, ਯੂਨੀਅਨਾਂ, ਐਸੋਸੀਏਸ਼ਨਾਂ ਆਦਿ ਦੇ ਨੁਮਾਇੰਦਿਆਂ ਨੇ ਭਰਵੀਂ ਸ਼ਮੂਲੀਅਤ ਕੀਤੀ।

# ਹਾਰਵਰਡ ਕਾਨਵੈਂਟ ਸਕੂਲ ਦਾ ਨਤੀਜਾ ਤੇ ਇਨਾਮ ਵੰਡ ਸਮਾਰੋਹ ਸ਼ਾਨਦਾਰ ਰਿਹਾ



ਬਾਘਾ ਪੁਰਾਣਾ (ਮਨੀ ਸਿੰਗਲਾ)-ਇਲਾਕੇ ਦੀ ਨਾਮਵਰ ਵਿੱਦਿਅਕ ਸੰਸਥਾ ਹਾਰਵਰਡ ਕਾਨਵੈਂਟ ਸਕੂਲ ਬਾਘਾ ਪੁਰਾਣਾ ਵੱਲੋਂ ਨਰਸਰੀ ਤੋਂ ਤੀਸਰੀ ਜਮਾਤ ਤੱਕ ਦਾ ਸਾਲਾਨਾ ਨਤੀਜਾ ਐਲਾਨਿਆ ਗਿਆ ਜੋ ਕਿ 100 ਫੀਸਦੀ ਰਿਹਾ। ਇਸ ਮੌਕੇ ਇਨਾਮ ਵੰਡ ਸਮਾਰੋਹ ਵੀ ਕੀਤਾ ਗਿਆ। ਇਸ ਦੌਰਾਨ ਸਕੂਲ ਦੇ ਪ੍ਰਬੰਧਕ ਚੇਅਰਮੈਨ ਨਵਦੀਪ ਸਿੰਘ ਬਰਾੜ, ਡਾਇਰੈਕਟਰ ਜਗਦੀਪ ਸਿੰਘ ਬਰਾੜ, ਪ੍ਰਿੰ: ਮੈਡਮ ਨਿਧੀ ਬਰਾੜ ਨੇ ਉਚੇਚੇ ਤੌਰ 'ਤੇ ਸ਼ਮੂਲੀਅਤ ਕੀਤੀ। ਇਸ ਐਲਾਨੇ ਗਏ ਸਾਲਾਨਾ ਨਤੀਜੇ ਦੌਰਾਨ ਪੁਜ਼ੀਸ਼ਨਾਂ ਪ੍ਰਾਪਤ ਕਰਨ ਵਾਲੇ ਬੱਚਿਆਂ ਨੂੰ ਇਨਾਮਾਂ ਦੀ ਵੰਡ ਕੀਤੀ ਗਈ ਤੇ ਉਨ੍ਹਾਂ ਦੀ ਹੌਸਲਾ ਅਫਜ਼ਾਈ ਕੀਤੀ। ਇਸ ਦੌਰਾਨ ਇਨਾਮਾਂ ਦੀ ਵੰਡ ਸਕੂਲ ਚੇਅਰਮੈਨ ਨਵਦੀਪ ਸਿੰਘ ਬਰਾੜ, ਡਾਇਰੈਕਟਰ ਜਗਦੀਪ ਸਿੰਘ ਬਰਾੜ, ਪ੍ਰਿੰ: ਮੈਡਮ ਨਿਧੀ ਬਰਾੜ ਨੇ ਕੀਤੀ ਅਤੇ ਡਾਇਰੈਕਟਰ ਇੰਜ: ਬਰਾੜ ਨੇ ਆਪਣੇ ਸੰਬੋਧਨ ਵਿੱਚ ਬੱਚਿਆਂ ਨੂੰ ਸ਼ਾਨਦਾਰ ਨਤੀਜੇ ਲਈ ਵਧਾਈ ਦਿੱਤੀ।

ਉਨ੍ਹਾ ਬੱਚਿਆਂ ਨੂੰ ਇਸੇ ਤਰ੍ਹਾਂ ਮਿਹਨਤ ਕਰਦੇ ਰਹਿਣ ਲਈ ਪ੍ਰੇਰਿਤ ਕੀਤਾ ਅਤੇ ਮਾਪਿਆਂ ਦਾ ਇਸ ਸਮਾਰੋਹ ਵਿੱਚ ਸ਼ਾਮਲ ਹੋਣ 'ਤੇ ਧੰਨਵਾਦ ਕੀਤਾ। ਇਸ ਮੌਕੇ ਚੇਅਰਮੈਨ ਨਵਦੀਪ ਸਿੰਘ ਬਰਾੜ ਨੇ ਦੱਸਿਆ ਕਿ ਨਵੇਂ ਵਿੱਦਿਅਕ ਵਰ੍ਹੇ 2023-24 ਦੀ ਸ਼ੁਰੂਆਤ 27 ਮਾਰਚ ਤੋਂ ਕੀਤੀ ਜਾਵੇਗੀ। ਇਸ ਮੌਕੇ ਸਮੂਹ ਅਧਿਆਪਕ ਤੇ ਸਕੂਲ ਸਟਾਫ ਮੈਂਬਰ ਹਾਜ਼ਰ ਸਨ।

# ਹਰਿਆਣਾ 'ਚ ਕਾਂਗਰਸੀਆਂ ਦੀ 'ਬੂਥ ਜੋੜੋ ਯੂਥ ਜੋੜੋ' ਯਾਤਰਾ ਨੂੰ ਮਿਲ ਰਿਹੈ ਭਰਵਾਂ ਹੁੰਗਾਰਾ

## ਆਗਾਮੀ ਲੋਕ ਸਭਾ ਤੇ ਵਿਧਾਨ ਸਭਾ ਚੋਣਾਂ ਲਈ ਕਮਰ ਕੱਸੇ ਕੱਸਣ ਦਾ ਸੱਦਾ



ਸਿਰਸਾ (ਸੁਰਿੰਦਰ ਪਾਲ ਸਿੰਘ)-ਯੂਥ ਕਾਂਗਰਸ ਦੇ ਬੂਥ ਜੋੜੋ-ਯੁਵਾ ਜੋੜੋ ਮੁਹਿੰਮ ਦੇ ਚਲਦੇ ਮੰਡੀ ਕਾਲਾਂਵਾਲੀ ਦੇ ਸੀਜ਼ਨ ਰਿਜ਼ੋਰਟ ਵਿਖੇ ਯੂਥ ਕਾਂਗਰਸ ਹਰਿਆਣਾ ਦੇ ਪ੍ਰਧਾਨ ਦਿਵਿਆਂਸ਼ੂ ਬੁੱਧੀਰਾਜਾ, ਸਿਰਸਾ ਦੇ ਜ਼ਿਲ੍ਹਾ ਪ੍ਰਧਾਨ ਨਵਨੀਤ ਕੰਬੋਜ ਤੇ ਹਲਕਾ ਕਾਲਾਂਵਾਲੀ ਦੇ ਪ੍ਰਧਾਨ ਜਰਮਨ ਭੰਗੂ ਵੱਲੋਂ ਯੂਥ ਕਾਂਗਰਸੀ ਵਰਕਰਾਂ ਨੂੰ ਆਗਾਮੀ ਲੋਕ ਸਭਾ ਤੇ ਵਿਧਾਨ ਸਭਾ ਚੋਣਾਂ ਲਈ ਕਮਰ ਕੱਸੇ ਕੱਸਣ ਦਾ ਸੱਦਾ ਦਿੱਤਾ ਗਿਆ। ਨੌਜਵਾਨਾਂ ਨੂੰ ਭਾਜਪਾ ਸਰਕਾਰ ਦੇ ਲੋਕ ਵਿਰੋਧੀ ਅਤੇ ਫਿਰਕਾਪ੍ਰਸਤ ਫੈਸਲਿਆਂ ਤੋਂ ਜਾਣੂ ਕਰਵਾਉਂਦਿਆਂ ਸਟੇਟ ਪ੍ਰਧਾਨ ਬੁੱਧੀਰਾਜਾ ਨੇ ਕਿਹਾ ਕਿ ਭਾਜਪਾ ਰਾਜ 'ਚ ਵਧ ਰਹੀ ਬੇਰੁਜ਼ਗਾਰੀ ਕਾਰਨ ਨੌਜਵਾਨ ਪ੍ਰੇਸ਼ਾਨ ਹਨ, ਕੀਮਤਾਂ ਵਧ ਰਹੀਆਂ ਹਨ। ਉਨ੍ਹਾ ਕਿਹਾ ਕਿ ਖੱਟਰ ਸਰਕਾਰ ਸਿਰਫ਼ ਕਾਗਜ਼ੀ ਦਾਅਵੇ ਕਰਨ ਵਿੱਚ ਲੱਗੀ ਹੋਈ ਹੈ। ਉਨ੍ਹਾ ਕਿਹਾ ਕਿ ਸੂਬਾ, ਜ਼ਿਲ੍ਹਾ ਅਤੇ ਵਿਧਾਨ ਸਭਾ ਪੱਧਰ 'ਤੇ ਯੂਥ ਕਾਂਗਰਸ ਦੀ ਕਾਰਜਕਾਰਨੀ ਕਮੇਟੀ ਦਾ ਗਠਨ ਕੀਤਾ ਗਿਆ ਹੈ ਤੇ ਹੁਣ ਬਲਾਕ, ਵਾਰਡ ਤੇ ਬੂਥ ਪੱਧਰ 'ਤੇ ਕਮੇਟੀਆਂ ਦਾ ਗਠਨ ਕੀਤਾ ਜਾਵੇਗਾ। ਉਨ੍ਹਾ ਕਿਹਾ ਹਰ ਬੂਥ 'ਤੇ 5 ਨੌਜਵਾਨ ਸ਼ਾਮਲ ਕੀਤੇ ਜਾਣਗੇ।ਪੂਰੇ ਸੂਬੇ ਵਿੱਚ ਨੌਜਵਾਨਾਂ ਨੂੰ ਮਜ਼ਬੂਤ ਕੀਤਾ ਜਾਵੇਗਾ।ਇਸ ਮੌਕੇ ਹਲਕਾ ਕਾਲਾਂਵਾਲੀ ਦੇ ਵਿਧਾਇਕ ਸ਼ੀਸ਼ਪਾਲ ਕੇਹਰਵਾਲਾ ਦੇ ਭਰਾ ਅਤੇ ਕਾਂਗਰਸੀ ਆਗੂ ਰਾਜੀਵ ਕੇਹਰਵਾਲਾ ਨੇ ਕਿਹਾ ਕਿ ਅੱਜ ਸੂਬੇ ਵਿੱਚ ਨਸ਼ਾ ਬਹੁਤ ਫੈਲ ਚੁੱਕਾ ਹੈ।ਉਨ੍ਹਾ ਕਿਹਾ ਕਿ ਸੂਬਾ ਸਰਕਾਰ ਨੌਜਵਾਨਾਂ ਨੂੰ ਰੁਜ਼ਗਾਰ ਦੇਣ ਵਿੱਚ ਨਾਕਾਮ ਰਹੀ ਹੈ। ਖੱਟਰ ਸਰਕਾਰ ਦੇ ਸੂਬੇ ਵਿੱਚ ਸਥਾਪਤ ਉਦਯੋਗਾਂ ਵਿੱਚ 75 ਫੀਸਦੀ ਨੌਜਵਾਨਾਂ ਨੂੰ ਨੌਕਰੀਆਂ ਦੇਣ ਦੇ ਦਾਅਵੇ ਝੂਠੇ ਸਾਬਿਤ ਹੋਏ ਹਨ। ਇਸ ਮੌਕੇ ਹਲਕਾ ਕਾਲਾਂਵਾਲੀ ਦੇ ਪ੍ਰਧਾਨ ਜਰਮਨ ਭੰਗੂ ਨੇ ਨੌਜਵਾਨਾਂ ਨੂੰ ਸੰਬੋਧਨ ਕਰਦੇ ਕਿਹਾ ਕਿ ਸਾਡੇ ਦੇਸ਼ ਦੇ ਨੌਜਵਾਨ ਆਗੂ ਰਾਹੁਲ ਗਾਂਧੀ ਦੀ ਭਾਰਤ ਜੋੜੋ ਯਾਤਰਾ ਨੂੰ ਭਾਰਤ ਭਰ ਵਿੱਚ ਭਰਵਾਂ ਹੁੰਗਾਰਾ ਮਿਲਿਆ ਹੈ। ਉਨ੍ਹਾ ਕਿਹਾ ਕਿ ਆਉਣ ਵਾਲੇ ਸਮੇਂ ਵਿੱਚ ਹਰਿਆਣਾ ਵਿੱਚ ਭੁਪਿੰਦਰ ਸਿੰਘ ਹੁੱਡਾ ਦੀ ਅਗਵਾਈ ਵਿਚ ਕਾਂਗਰਸ ਦੀ ਸਰਕਾਰ ਬਣਨ ਜਾ ਰਹੀ ਹੈ। ਇਸ ਮੌਕੇ ਕਾਂਗਰਸੀ ਆਗੂ ਮੰਗਤ ਹੱਸੂ ਵੱਲੋਂ ਫੁੱਲਾਂ ਦੇ ਗੁਲਦਸਤੇ ਦੇ ਕੇ ਦਿਵਿਆਂਸ਼ੂ ਤੇ ਉਨ੍ਹਾਂ ਦੀ ਟੀਮ ਦਾ ਸਵਾਗਤ ਕੀਤਾ ਗਿਆ। ਇਸ ਮੌਕੇ ਯੂਥ ਆਗੂ ਕਮਲ ਕਾਂਤੀਵਾਲ, ਰਜਿੰਦਰ ਮੋਹਿਤ ਸ਼ਰਮਾ, ਜਗਜੱਗ ਗਗਨਦੀਪ ਜੱਗ, ਨਵਦੀਪ ਕੰਬੋਜ, ਲੱਖਾ ਸਿੰਘ ਬਰਾੜ, ਸੰਜੇ ਨਾਇਕ, ਕਪਿਲ ਸਰਾਓਗੀ, ਕਮਲ ਕਾਂਤੀਵਾਲ, ਜੈਰਾਜ, ਹਰਸ਼ ਮਿੱਤਲ ਸਮੇਤ ਬਹੁਤ ਸਾਰੇ ਯੂਥ ਆਗੂ ਹਾਜ਼ਰ ਸਨ।

# ਦੇਵ ਮਾਨ ਨੇ ਵਿਧਾਨ ਸਭਾ 'ਚ ਪ੍ਰਵਾਸੀਆਂ ਨੂੰ ਦਰਪੇਸ਼ ਸਮੱਸਿਆਵਾਂ ਦਾ ਮੁੱਦਾ ਚੁੱਕਿਆ



ਨਾਭਾ (ਵਰਿੰਦਰ ਵਰਮਾ)-ਹਲਕਾ ਵਿਧਾਨ ਸਭਾ ਨਾਭਾ ਤੋਂ ਆਮ ਆਦਮੀ ਪਾਰਟੀ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਨਾਭਾ ਨੇ ਵਿਧਾਨ ਸਭਾ ਵਿੱਚ ਦੁਨੀਆ ਭਰ 'ਚ ਵੱਸਦੇ ਪ੍ਰਵਾਸੀਆਂ ਦੀਆਂ ਸਮੱਸਿਆਵਾਂ ਦਾ ਮੁੱਦਾ ਚੁੱਕਿਆ। ਪਹਿਲੀ ਸਮੱਸਿਆ ਲਾਇਸੈਂਸੀ ਹਥਿਆਰਾਂ ਦੇ ਲਾਇਸੈਂਸ ਅੱਪਗ੍ਰੇਡ ਕਰਵਾਉਣ, ਪਿਤਾ ਦੀ ਮੌਤ ਤੋਂ ਬਾਅਦ ਲਾਇਸੈਂਸ ਪੁੱਤ ਦੇ ਨਾਮ 'ਤੇ ਤਬਦੀਲ ਕਰਵਾਉਣ ਦੀ ਪ੍ਰਕਿਰਿਆ ਨੂੰ ਲੰਮਾ ਸਮਾਂ ਲੱਗਦਾ ਹੈ। ਦੂਸਰੀ ਸਮੱਸਿਆ ਪ੍ਰਵਾਸੀ ਦੇ ਬੈਂਕ ਖਾਤੇ ਨਾਲ ਸੰਬੰਧਤ ਹੈ, ਜਿਵੇਂ ਕਿ ਬਹੁਤ ਸਾਰੇ ਪ੍ਰਵਾਸੀਆਂ ਦੇ ਬੈਂਕ ਖਾਤੇ ਪੰਜਾਬ ਵਿੱਚ ਹਨ, ਪਰ ਲੰਮੇ ਸਮੇਂ ਬਾਅਦ ਜਦੋਂ ਉਹ ਵਾਪਸ ਪੰਜਾਬ ਆਉਂਦੇ ਹਨ ਤਾਂ ਉਨ੍ਹਾਂ ਦੇ ਦਸਤਖ਼ਤਾਂ ਦਾ ਨਾ ਮਿਲਣਾ ਵੱਡੀ ਸਮੱਸਿਆ ਹੈ, ਜਿਸ ਕਰਕੇ ਉਨ੍ਹਾਂ ਨੂੰ ਜ਼ਮੀਨ ਦੇ ਠੇਕੇ ਦੀ ਆਮਦਨ ਬੈਂਕ ਵਿੱਚ ਜਮ੍ਹਾਂ ਕਰਵਾਉਣਾ ਤੇ ਸਰਕਾਰੀ ਰਿਟਾਇਰ ਪ੍ਰਵਾਸੀ ਮੁਲਾਜ਼ਮਾਂ ਦੀ ਪੈਨਸ਼ਨ ਕਢਵਾਉਣ ਲਈ ਕਈ ਸਮੱਸਿਆਵਾਂ ਵਿੱਚੋਂ ਵਿਚਰਨਾ ਪੈਂਦਾ ਹੈ, ਕਿਉਂਕਿ ਹਰੇਕ ਪ੍ਰਵਾਸੀ ਨੇ ਕੁਝ ਸਮੇਂ ਬਾਅਦ ਵਾਪਸ ਜਾਣਾ ਹੁੰਦਾ ਹੈ। ਸਮੇਂ ਦੀ ਘਾਟ ਹੋਣ ਕਰਕੇ ਹਥਿਆਰੀ ਲਾਇਸੈਂਸ ਤੇ ਬੈਂਕ ਨਾਲ ਸੰਬੰਧਤ ਸਮੱਸਿਆ ਪ੍ਰਵਾਸੀਆਂ ਲਈ ਵੱਡੀ ਸਿਰਦਰਦੀ ਬਣ ਰਹੇ ਹਨ।

ਦੇਵ ਮਾਨ ਨੇ ਸਪੀਕਰ ਵਿਧਾਨ ਸਭਾ ਪੰਜਾਬ ਦੇ ਜ਼ਰੀਏ ਐੱਨ ਆਰ ਆਈ ਵਿਭਾਗ ਦੇ ਕੈਬਨਿਟ ਮੰਤਰੀ ਸ੍ਰ. ਕੁਲਦੀਪ ਧਾਲੀਵਾਲ ਨੂੰ ਤੁਰੰਤ ਇਸ ਗੰਭੀਰ ਮਸਲੇ 'ਤੇ ਗੌਰ ਕਰਨ ਲਈ ਬੇਨਤੀ ਕੀਤੀ। ਦੇਵ ਮਾਨ ਨੇ ਕਿਹਾ ਕਿ ਬੈਂਕ ਖਾਤੇ ਦੀ ਆਨਲਾਈਨ ਸੁਵਿਧਾ ਦੇ ਜ਼ਰੀਏ ਡਿਜੀਟਲ ਸਾਇਨ ਕਰਵਾਉਣ ਦੀ ਸੁਵਿਧਾ ਲਾਗੂ ਕੀਤੀ ਜਾਵੇ, ਤਾਂ ਜੋ ਦੁਨੀਆ ਭਰ ਵਿੱਚ ਵੱਸਦੇ ਪ੍ਰਵਾਸੀਆਂ ਨੂੰ ਆਉਣ-ਜਾਣ ਦੀ ਸਮੱਸਿਆਵਾਂ ਤੋਂ ਮੁਕਤੀ ਮਿਲ ਸਕੇ।

24-March-PAGE-11-Majha.qxd 3/23/2023 10:47 PM Page 1



# ਸੀ ਪੀ ਆਈ ਐੱਮ ਐੱਲ ਲਿਬਰੇਸ਼ਨ ਨੇ ਮਨਾਇਆ ਸ਼ਹੀਦੀ ਦਿਹਾੜਾ



ਬਟਾਲਾ(ਤਰਲੋਕ ਬੱਗਾ)-ਫੈਜਪੁਰਾ ਰੋਡ ਵਿਖੇ ਸੀ ਪੀ ਆਈ ਐਮ ਐਲ ਲਿਬਰੇਸ਼ਨ ਵੱਲੋਂ ਸ਼ਹੀਦ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦਾ ਸ਼ਹੀਦੀ ਦਿਹਾੜਾ ਮਨਾਇਆ ਗਿਆ, ਜਿਸ ਦੀ ਪ੍ਰਧਾਨਗੀ ਵਿਜੇ ਕੁਮਾਰ ਸੋਹਲ, ਬਲਬੀਰ ਸਿੰਘ ਮੂਧਲ ਅਤੇ ਵੀਰ ਸਿੰਘ ਤਤਲੇ ਨੇ ਕੀਤੀ। ਸਭ ਤੋਂ ਪਹਿਲਾਂ ਦੋ ਮਿੰਟ ਮੌਨ ਧਾਰ ਕੇ ਸ਼ਹੀਦਾਂ ਨੂੰ ਸਰਧਾਂਜਲੀ ਭੇਟ ਕੀਤੀ ਗਈ। ਇਸ ਸਮੇਂ ਲਿਬਰੇਸ਼ਨ ਦੇ ਸੂਬਾ ਸਕੱਤਰ ਕਾਮਰੇਡ ਗੁਰਮੀਤ ਸਿੰਘ ਬੱਖਤਪੁਰਾ ਅਤੇ ਕਾਮਰੇਡ ਗੁਲਜ਼ਾਰ ਸਿੰਘ ਭੁੰਬਲੀ ਨੇ ਕਿਹਾ ਕਿ ਸ਼ਹੀਦਾਂ ਦਾ ਸੁਪਨਾ ਸੀ ਕਿ ਦੇਸ਼ ਵਿੱਚ ਕਿਰਤੀ ਕਿਸਾਨਾਂ ਦੀ ਪਾਰਟੀ ਦਾ ਰਾਜ ਸਥਾਪਤ ਹੋਵੇ ਜਿਸ ਦੀ ਬਜਾਏ ਅੱਜ ਅਜ਼ਾਦੀ ਦੇ 75 ਸਾਲਾਂ ਬਾਅਦ ਮੋਦੀ ਸਰਕਾਰ ਦੇਸ਼ ਵਿੱਚ ਪਾਰਟੀ ਸੰਵਿਧਾਨ ਦੇ ਉਲਟ ਫਾਸ਼ੀ ਰਾਜ ਲਿਆਉਣ ਦੇ ਰਸਤੇ 'ਤੇ ਦੌੜ ਰਹੀ ਹੈ, ਪੰਜਾਬ ਵਿੱਚ ਮੋਦੀ ਸਰਕਾਰ ਦੀਆਂ ਏਜੰਸੀਆਂ ਕੁਝ ਧਾਰਮਕ ਮੂਲਵਾਦੀ ਵਿਅਕਤੀਆਂ ਰਾਹੀਂ ਖਾਲਿਸਤਾਨ ਦੇ ਨਾਂਅ 'ਤੇ ਡਰ ਅਤੇ ਭੈਅ ਦਾ ਮਹੌਲ ਸਿਰਜ ਕੇ ਵੋਟਰਾਂ ਦਾ ਧਰੁਵੀਕਰਨ ਕਰਨ ਦੀ ਰਾਜਨੀਤੀ ਕਰ ਰਹੀਆਂ ਹਨ ਜੋ ਪੰਜਾਬ ਦੇ ਭਵਿੱਖ ਲਈ ਖਤਰਨਾਕ ਵਰਤਾਰਾ ਹੈ ਜਿਸ ਨੂੰ ਰੋਕਣ ਲਈ ਪੰਜਾਬ ਦੀ ਜਨਤਾ ਨੂੰ ਹਰ ਤਰ੍ਹਾਂ ਦੇ ਧਾਰਮਕ ਮੂਲਵਾਦ ਵਿਰੁੱਧ ਅਵਾਜ਼ ਉਠਾਉਣ ਦੀ ਜ਼ਰੂਰਤ ਹੈ। ਆਗੂਆਂ ਕਿਹਾ ਕਿ ਪੰਜਾਬ ਵਿੱਚ ਅਮਨ ਕਾਨੂੰਨ ਦਾ ਮਸਲਾ ਪਹਿਲਾਂ ਤੋਂ ਵੀ ਖਤਰਨਾਕ ਹਾਲਤ ਵਿੱਚ ਪਹੁੰਚ ਗਿਆ ਹੈ, ਇਸ ਦਾ ਹੱਲ ਪੰਜਾਬ ਦੇ ਸਿੱਖ ਨੌਜਵਾਨਾਂ ਨੂੰ ਨੈਸ਼ਨਲ ਸਕਿਊਰਟੀ ਐਕਟ ਤਹਿਤ ਦੂਰ ਦਰਾਡੇ ਦੀਆਂ ਜੇਲ੍ਹਾਂ ਵਿੱਚ ਬੰਦ ਕਰਨ ਨਾਲ ਨਹੀਂ ਹੋ ਸਕਦਾ ਬਲਕਿ ਇਨ੍ਹਾਂ ਨੌਜਵਾਨਾਂ ਨਾਲ ਸੰਵਾਦ ਰਚਾਉਣ ਅਤੇ ਵਧੇਰੇ ਤੋਂ ਵਧੇਰੇ ਰੋਜ਼ਗਾਰ ਪੈਦਾ ਕਰਨ ਦੀ ਲੋੜ ਹੈ।

ਆਗੂਆਂ ਸਿੱਖ ਨੌਜੁਆਨਾਂ ਨੂੰ ਵੀ ਅਪੀਲ ਕੀਤੀ ਕਿ ਜਜ਼ਬਾਤੀ ਤੌਰ 'ਤੇ ਫੈਸਲੇ ਲੈਣ ਦੀ ਬਜਾਏ ਸ਼ਹੀਦ ਭਗਤ ਸਿੰਘ ਦੇ ਇਨਕਲਾਬ ਜ਼ਿੰਦਾਬਾਦ ਅਤੇ ਸਾਮਰਾਜਵਾਦ ਮੁਰਦਾਬਾਦ ਦੇ ਨਾਅਰੇ ਅਪਨਾਉਣ ਦੀ ਜ਼ਰੂਰਤ ਹੈ। ਅੱਜ ਦੇ ਸ਼ਹੀਦੀ ਦਿਵਸ ਮੌਕੇ ਮੰਗਲ ਸਿੰਘ ਧਰਮਕੋਟ, ਮੇਜਰ ਸਿੰਘ ਮਿਆਦੀਆ, ਰਣਜੀਤ ਕੌਰ ਡੱਡਵ, ਦਲਬੀਰ ਭੋਲਾ, ਕਰਮਜੀਤ ਸਿੰਘ ਖੰਨਾ ਚਮਾਰਾਂ, ਪਰਮਜੀਤ ਸਿੰਘ ਰੜੇਵਾਲੀ, ਵਕੀਲ ਅਭਿਸ਼ੇਕ ਹੱਟੀ ਅਤੇ ਕੁਲਦੀਪ ਰਾਜੂ ਹਾਜ਼ਰ ਸਨ।

# ਕੈਬਨਿਟ ਮੰਤਰੀ ਧਾਲੀਵਾਲ ਦੀ ਅਗਵਾਈ 'ਚ ਅਜਨਾਲਾ ਸ਼ਹਿਰ ਦਾ ਸਰਬਪੱਖੀ ਵਿਕਾਸ ਹੋ ਰਿਹੈ : ਦੀਪਕ ਚੈਨਪੁਰੀਆ



ਅਜਨਾਲਾ (ਸੁਖਤਿੰਦਰ ਸਿੰਘ ਰਾਜੂ )- ਹਲਕਾ ਅਜਨਾਲਾ ਦੇ ਵਿਧਾਇਕ ਤੇ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਦੀ ਅਗਵਾਈ ਹੇਠ ਅਜਨਾਲਾ 'ਚ ਵਿਕਾਸ ਕਾਰਜ ਤੇਜ਼ੀ ਨਾਲ ਚੱਲ ਰਹੇ ਹਨ ਅਤੇ ਉਨ੍ਹਾ ਵੱਲੋਂ ਅਜਨਾਲਾ ਸ਼ਹਿਰ ਦੀ ਨੁਹਾਰ ਬਦਲੀ ਜਾ ਰਹੀ ਹੈ।

ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਆਪ ਦੇ ਸ਼ਹਿਰੀ ਪ੍ਰਧਾਨ ਦੀਪਕ ਚੈਨਪੁਰੀਆ ਨੇ ਚੋਣਵੇਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਇਸ ਮੌਕੇ ਉਨ੍ਹਾ ਕਿਹਾ ਕਿ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਸ਼ੁਰੂ ਤੋਂ ਹੀ ਅਜਨਾਲਾ ਸ਼ਹਿਰ ਨੂੰ ਵਿਕਾਸ ਪੱਖੋਂ ਮੋਹਰੀ ਬਣਾਉਣ ਲਈ ਯਤਨਸ਼ੀਲ ਹਨ, ਜਿਸ ਤਹਿਤ ਉਨ੍ਹਾਂ ਵੱਲੋਂ ਅਜਨਾਲਾ ਸ਼ਹਿਰ ਦੇ ਮੁੱਖ ਚੌਕ ਵਿੱਚ ਸ਼ਹੀਦ ਭਗਤ ਸਿੰਘ ਦਾ ਬੁੱਤ ਲਾਉਣ ਲਈ ਅਤੇ ਟਰੈਫਿਕ ਸਮੱਸਿਆ ਦੇ ਹੱਲ ਲਈ ਬਿਜਲੀ ਦਾ ਟਰਾਂਸਫਾਰਮਰ ਪਾਸੇ ਕਰਵਾਇਆ ਗਿਆ ਹੈ।

ਇਸ ਮੌਕੇ ਉਨ੍ਹਾ ਕਿਹਾ ਕਿ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਵੱਲੋਂ ਸ਼ਹਿਰ ਦੇ ਵਿਕਾਸ ਕਾਰਜਾਂ ਨੂੰ ਸਮੇਂ ਸਿਰ ਮੁਕੰਮਲ ਕਰਵਾਉਣ ਕਰਕੇ ਅਜਨਾਲਾ ਸ਼ਹਿਰ ਵਿਕਾਸ ਪੱਖੋਂ ਸੂਬੇ ਭਰ ਦੇ ਸ਼ਹਿਰਾਂ 'ਚੋਂ ਮੋਹਰੀ ਬਣ ਕੇ ਉਭਰੇਗਾ । ਇਸ ਮੌਕੇ ਨਗਰ ਪੰਚਾਇਤ ਅਜਨਾਲਾ ਦੇ ਪ੍ਰਧਾਨ ਜਸਪਾਲ ਸਿੰਘ ਢਿੱਲੋਂ, ਬਲਾਕ ਪ੍ਰਧਾਨ ਦਵਿੰਦਰ ਸਿੰਘ ਸੋਨੂੰ, ਅਮਿਤ ਪੁਰੀ, ਰਛਪਾਲ ਸਿੰਘ, ਪਵਿੱਤਰ ਸਿੰਘ ਫੈਂਸੀ, ਅਮਰਦੀਪ ਸਿੰਘ ਰਿੰਕੂ, ਸ਼ਮਸ਼ੇਰ ਸਿੰਘ ਅਜਨਾਲਾ ਆਦਿ ਹਾਜ਼ਰ ਸਨ ।

# ਸ਼ਹੀਦਾਂ ਦੀ ਸੋਚ ਦਾ ਰਾਜ ਪ੍ਰਬੰਧ ਜ਼ਰੂਰੀ : ਰਾਜਿੰਦਰ ਮਨਜੀਤ





ਭਕਨਾ/ਝਬਾਲ(ਹਰਜਿੰਦਰ ਸਿੰਘ ਸੋਨੀ/ਰੌਬਿਨ ਸਿੰਘ ਸੋਨੀ)-ਅੱਜ ਬਾਬਾ ਸੋਹਨ ਸਿੰਘ ਭਕਨਾ ਯਾਦਗਾਰੀ ਲਾਇਬ੍ਰੇਰੀ 'ਚ ਜਨਤਕ ਜਥੇਬੰਦੀਆਂ ਵੱਲੋਂ ਰਾਜਗੁਰੂ, ਸੁਖਦੇਵ ਤੇ ਭਗਤ ਸਿੰਘ ਦਾ ਸ਼ਹੀਦੀ ਦਿਨ ਨਰਿੰਦਰਪਾਲ ਕੌਰ ਪਾਲੀ, ਮਨਜੀਤ ਸਿੰਘ ਬਾਸਰਕੇ, ਸਰਬਜੀਤ ਭੱਲਾ, ਅਜਮਤ ਮਸੀਹ ਤੇ ਜਸਬੀਰ ਸਿੰਘ ਭਕਨਾ ਦੀ ਪ੍ਰਧਾਨਗੀ ਹੇਠ ਮਨਾਇਆ ਗਿਆ।

ਇਸ ਇਕੱਠ 'ਚ ਸ਼ਾਮਲ ਮਜ਼ਦੂਰਾਂ, ਕਿਸਾਨਾਂ, ਦੁਕਾਨਦਾਰਾਂ ਤੇ ਇਸਤਰੀ ਸਭਾ ਕਾਰਕੁੰਨਾਂ ਨੂੰ ਸੰਬੋਧਨ ਕਰਦਿਆਂ ਇਸਤਰੀ ਸਭਾ ਦੀ ਸੂਬਾਈ ਜਨਰਲ ਸਕੱਤਰ ਰਾਜਿੰਦਰ ਪਾਲ ਕੌਰ, ਬਲਕਾਰ ਸਿੰਘ ਵਲਟੋਹਾ, ਧਰਮਿੰਦਰ ਸਿੰਘ ਛੀਨਾ ਨੇ ਕਿਹਾ ਕਿ ਮਜ਼ਦੂਰਾਂ, ਕਿਸਾਨਾਂ ਤੇ ਹੋਰ ਮਿਹਨਤਕਸ਼ ਲੋਕਾਂ ਦੀ ਹੁੰਦੀ ਲੁੱਟ ਖਸੁੱਟ ਰੋਕ ਕੇ ਇੱਕ ਬਰਾਬਰਤਾ ਤੇ ਖੁਸ਼ਹਾਲੀ ਵਾਲਾ ਸਮਾਜ ਸਿਰਜ ਕੇ ਹੀ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦੀ ਸੋਚ ਨੂੰ ਸੰਪੂਰਨ ਕੀਤਾ ਜਾ ਸਕਦਾ ਹੈ। ਅੱਜ ਸਾਮਰਾਜ ਪੱਖੀ ਰਾਜ ਪ੍ਰਬੰਧ 'ਚ ਬੇਰੁਜ਼ਗਾਰੀ, ਭੁੱਖਮਰੀ, ਫ੍ਰਿਕਾਪ੍ਰਸਤੀ ਨੇ ਸਮਾਜ ਤਬਾਹ ਕੀਤਾ ਹੈ। ਲੋੜ ਹੈ ਹਰ ਇੱਕ ਨੌਜਵਾਨ ਮੁੰਡੇ ਕੁੜੀ ਲਈ ਰੁਜ਼ਗਾਰ ਗਰੰਟੀ ਕਾਨੂੰਨ ਬਣਾਇਆ ਜਾਵੇ ਅਤੇ ਘੱਟੋ ਘੱਟ ਮਜ਼ਦੂਰੀ 26000/- ਰੁਪਏ ਮਹੀਨਾ ਮਿੱਥੀ ਜਾਵੇ। ਕਿਸਾਨਾਂ ਲਈ ਹਰੇਕ ਫਸਲ ਲਈ ਸਮਰਥਨ ਮੁੱਲ ਦੀ ਗਰੰਟੀ ਹੋਵੇ। ਸਿਹਤ ਸਿੱਖਿਆ ਹਰ ਇੱਕ ਲਈ ਬਰਾਬਰ ਤੇ ਮੁਫਤ ਹੋਵੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਜਸਪਾਲ ਸਿੰਘ ਚੱਕ ਮੁਕੰਦ, ਹਰਦੇਵ ਸਿੰਘ ਭਕਨਾ, ਅਰਨੋਨ ਭਕਨਾ, ਸੀਮਾ ਸੋਹਲ, ਸੁਖਦੇਵ ਸਿੰਘ, ਨਿਰਮਲ ਸਿੰਘ ਰਾਮਪੁਰਾ, ਬਲਬੀਰ ਸਿੰਘ ਗੁਮਾਨਪੁਰਾ, ਮੰਗਤ ਸਿੰਘ ਟੇਲਰ, ਗੁਲਜ਼ਾਰ ਸਿੰਘ ਚੀਚਾ, ਕਿਸਾਨ ਸਭਾ ਆਗੂ ਸੁਖਚੈਨ ਸਿੰਘ ਭਕਨਾ ਨੇ ਵੀ ਆਪਣੇ ਵਿਚਾਰ ਰੱਖੇ।

# ਸ਼ਹੀਦ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦੇ ਸ਼ਹੀਦੀ ਦਿਨ 'ਤੇ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਵੱਲੋਂ ਕਨਵੈਨਸ਼ਨ



ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)-ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੇ ਸੂਬਾ ਪੱਧਰੀ ਪ੍ਰੋਗਰਾਮ ਤਹਿਤ ਜ਼ੋਨ ਤਰਸਿੱਕਾ ਵੱਲੋਂ ਸ਼ਹੀਦ ਭਗਤ ਸਿੰਘ, ਸ਼ਹੀਦ ਰਾਜਗੁਰੂ ਅਤੇ ਸ਼ਹੀਦ ਸੁਖਦੇਵ ਦੇ ਸ਼ਹੀਦੀ ਦਿਨ 'ਤੇ ਪਿੰਡ ਸੈਦੋਲੇਹਲ ਵਿਖੇ ਕਨਵੈਨਸ਼ਨ ਕੀਤੀ ਗਈ, ਜਿਸ ਦੀ ਪ੍ਰਧਾਨਗੀ ਜ਼ੋਨ ਪ੍ਰਧਾਨ ਰਣਜੀਤ ਸਿੰਘ ਚਾਟੀਵਿੰਡ, ਸਕੱਤਰ ਗੁਰਬੇਜ ਸਿੰਘ ਭੀਲੋਵਾਲ ਤੇ ਜ਼ੋਨ ਖਜ਼ਾਨਚੀ ਅਤੇ ਜ਼ਿਲ੍ਹਾ ਆਗੂ ਸੁਖਦੇਵ ਸਿੰਘ ਚਾਟੀਵਿੰਡ ਵੱਲੋਂ ਕੀਤੀ ਗਈ। ਕਨਵੈਨਸ਼ਨ ਨੂੰ ਸੰਬੋਧਨ ਕਰਦਿਆਂ ਸੂਬਾ ਪ੍ਰੈਸ ਸਕੱਤਰ ਕੰਵਰਦਲੀਪ ਸੈਦੋਲੇਹਲ ਨੇ ਕਿਹਾ ਕਿ ਸ਼ਹੀਦ-ਏ-ਆਜ਼ਮ ਸ. ਭਗਤ ਸਿੰਘ ਅਤੇ ਉਸ ਦੇ ਸਾਥੀਆਂ ਦੀ ਸ਼ਹੀਦੀ ਨੂੰ ਅੱਜ 92 ਸਾਲ ਹੋ ਚੁੱਕੇ ਹਨ, ਪਰ ਉਨ੍ਹਾਂ ਵੱਲੋਂ ਦੇਸ਼ ਵਾਸੀਆਂ ਲਈ ਸੰਜੋਏ ਸੁਪਨਿਆਂ ਦਾ ਭਾਰਤ ਨਹੀਂ ਬਣ ਸਕਿਆ।

ਅੱਜ ਵੀ ਦੇਸ਼ ਦੇ ਕਿਸਾਨਾਂ, ਮਜ਼ਦੂਰਾਂ ਤੇ ਕਿਰਤੀਆਂ ਦੀ ਹਾਲਤ ਬਹੁਤ ਮਾੜੀ ਹੈ। ਦੇਸ਼ ਦੇ ਮੌਜੂਦਾ ਹੁਕਮਰਾਨਾਂ ਤੇ ਕਾਰਪੋਰੇਟ ਘਰਾਣਿਆਂ ਵੱਲੋਂ ਦੇਸ਼ ਦੇ ਕੁਦਰਤੀ ਸਰੋਤਾਂ ਦੀ ਲੁੱਟ ਖਸੁੱਟ ਲਗਾਤਾਰ ਜਾਰੀ ਹੈ। ਦੇਸ਼ ਦੇ ਕਿਸਾਨਾਂ ਤੇ ਮਜ਼ਦੂਰਾਂ ਦਾ ਆਰਥਕ ਸ਼ੋਸ਼ਣ ਕੀਤਾ ਜਾ ਰਿਹਾ ਹੈ। ਨਸ਼ਾ, ਭ੍ਰਿਸ਼ਟਾਚਾਰ, ਊਚ ਨੀਚ, ਜਾਤ ਪਾਤ, ਸਮਾਜਕ ਅਤੇ ਆਰਥਕ ਅਸਮਾਨਤਾ, ਅਨਪੜ੍ਹਤਾ, ਗਰੀਬੀ ਅਤੇ ਔਰਤਾਂ 'ਤੇ ਅੱਤਿਆਚਾਰ ਅੱਜ ਵੀ ਹੋ ਰਹੇ ਹਨ। ਇਨ੍ਹਾਂ ਸਮਾਜਕ ਬੁਰਾਈਆਂ ਖਿਲਾਫ ਲੜਨ ਦੀ ਲੋੜ ਹੈ। ਇਹ ਹੀ ਉਨ੍ਹਾਂ ਸ਼ਹੀਦਾਂ ਨੂੰ ਸੱਚੀ ਸੁੱਚੀ ਸ਼ਰਧਾਂਜਲੀ ਹੋਵੇਗੀ। ਇਸ ਮੌਕੇ ਜ਼ੋਨ ਆਗੂ ਗੁਰਵੇਲ ਸਿੰਘ ਚਾਟੀਵਿੰਡ, ਸ਼ੇਰ ਸਿੰਘ ਭੀਲੋਵਾਲ, ਸਵਿੰਦਰ ਸਿੰਘ ਭੱਟੀਕੇ, ਸੁਖਰਾਜ ਸਿੰਘ ਸਾਧਪੁਰ, ਹਰਦਿਆਲ ਸਿੰਘ ਕੋਟਖਹਿਰਾ ਸਮੇਤ ਸਮੂਹ ਪਿੰਡ ਪੱਧਰੀ ਆਗੂ ਹਾਜ਼ਰ ਹੋਏ।

# ਜ਼ਿਲ੍ਹਾ ਪੁਲਸ ਵੱਲੋਂ ਵੱਖ-ਵੱਖ ਤਸਕਰਾਂ ਖ਼ਿਲਾਫ਼ ਮਾਮਲਾ ਦਰਜ

ਗੁਰਦਾਸਪੁਰ, (ਜਨਕ ਮਹਾਜਨ)- ਏ.ਐਸ.ਆਈ. ਕਸ਼ਮੀਰ ਸਿੰਘ ਸੀ.ਏ. ਸਟਾਫ਼ ਗੁਰਦਾਸਪੁਰ ਨੇ ਸਮੇਤ ਪੁਲਸ ਪਾਰਟੀ ਗਸ਼ਤ ਦੌਰਾਨ ਪਿੰਡ ਘੁਰਾਲਾ 'ਤੇ ਨਾਕਾਬੰਦੀ ਦੌਰਾਨ ਦੋਸ਼ੀਆਂ ਮਨਬੀਰ ਸਿੰਘ ਸਾਬੀ ਪੁੱਤਰ ਗੁਰਪ੍ਰਤਾਪ ਸਿੰਘ ਵਾਸੀ ਬੱਬੇਹਾਲੀ, ਗੌਰਵ ਮੰਨੂ ਪੁੱਤਰ ਰੁਲਦੂ ਰਾਮ ਵਾਸੀ ਨਾਗ ਦੇਵਤਾ ਗਲੀ ਘੁਰਾਲਾ ਨੂੰ ਸ਼ੱਕ ਦੇ ਆਧਾਰ 'ਤੇ ਰੋਕ ਕੇ ਤਲਾਸ਼ੀ ਲਈ ਤਾਂ ਉਨ੍ਹਾਂ ਪਾਸੋਂ 6 ਗਰਾਮ ਹੈਰੋਇਨ, 10 ਹਜ਼ਾਰ ਰੁਪਏ ਡਰੱਗ ਮਨੀ ਅਤੇ ਇਕ ਕੰਪਿਊਟਰ ਕੰਡਾ ਬਰਾਮਦ ਹੋਇਆ। ਇਨ੍ਹਾਂ ਕਥਿਤ ਦੋਸ਼ੀਆਂ ਖ਼ਿਲਾਫ਼ ਪੁਲਸ ਵੱਲੋਂ ਐਨ.ਡੀ.ਪੀ.ਐਸ. ਐਕਟ ਤਹਿਤ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਇਸੇ ਤਰ੍ਹਾਂ ਥਾਣਾ ਘੁੰਮਣ ਕਲਾਂ ਦੇ ਏ.ਐਸ.ਆਈ. ਬਲਵਿੰਦਰ ਸਿੰਘ ਨੇ ਸਮੇਤ ਪੁਲਸ ਪਾਰਟੀ ਗਸ਼ਤ ਦੌਰਾਨ ਇੱਕ ਔਰਤ ਵਾਸੀ ਮੁਸਤਫਾਪੁਰ ਦੇ ਘਰ ਰੇਡ ਕਰਕੇ ਉਸ ਪਾਸੋਂ 7500 ਐਮ.ਐਲ. ਨਜਾਇਜ਼ ਸ਼ਰਾਬ ਬਰਾਮਦ ਕਰਕੇ ਉਸ ਖ਼ਿਲਾਫ਼ ਆਬਕਾਰੀ ਐਕਟ ਤਹਿਤ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

# ਪਿੰਡ ਤਲਵੰਡੀ ਖੁੰਮਣ ਦੇ ਡੀਪੂ ਹੋਲਡਰ ਵੱਲੋਂ ਕਣਕ ਵੰਡਣ ਸਮੇਂ ਕੀਤਾ ਜਾ ਰਿਹੈ ਜਾਤੀ ਵਿਤਕਰਾ: ਇੰਜੀ: ਨਾਨਕ ਸਿੰਘ



ਮਜੀਠਾ (ਮਨਮੋਹਨ ਸਿੰਘ ਢਿੱਲੋਂ) - ਪੰਜਾਬ ਸਰਕਾਰ ਵੱਲੋਂ ਆਰਥਕ ਤੌਰ 'ਤੇ ਗਰੀਬ ਲੋੜਵੰਦ ਲੋਕਾਂ ਲਈ ਚਲਾਈ ਆਟਾ ਦਾਲ ਸਕੀਮ ਦਾ ਲਾਭ ਜ਼ਿਆਦਾਤਰ ਰੱਜੇ ਪੁੱਜੇ ਲੋਕ ਹੀ ਲੈ ਰਹੇ ਹਨ। ਜਿਸ ਦੀ ਤਾਜ਼ਾ ਮਿਸਾਲ ਬਲਾਕ ਮਜੀਠਾ ਦੇ ਪਿੰਡ ਤਲਵੰਡੀ ਖੁੰਮਣ ਵਿੱਚ ਵੇਖਣ ਨੂੰ ਮਿਲੀ , ਜਿੱਥੇ ਆਟਾ ਦਾਲ ਸਕੀਮ ਤੋਂ ਵਾਂਝੇ ਗਰੀਬ ਲੋੜਵੰਦ ਲੋਕ ਇਸ ਸਕੀਮ ਦਾ ਫਾਇਦਾ ਲੈਣ ਲਈ ਦਰ-ਦਰ ਦੀਆਂ ਠੋਕਰਾਂ ਖਾਣ ਲਈ ਮਜਬੂਰ ਹਨ ਤੇ ਕਿਤੇ ਵੀ ਸਰਕਾਰੇ ਦਰਬਾਰੇ ਉਨ੍ਹਾਂ ਦੀ ਸੁਣਵਾਈ ਨਹੀਂ ਹੋ ਰਹੀ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਪਿੰਡ ਤਲਵੰਡੀ ਖੁੰਮਣ ਦੇ ਸਾਬਕਾ ਸਰਪੰਚ, ਮੌਜੂਦਾ ਨੰਬਰਦਾਰ ਸੁਖਦੇਵ ਸਿੰਘ ਅਤੇ ਯੂਥ ਆਗੂ ਇੰਜੀਨੀਅਰ ਨਾਨਕ ਸਿੰਘ ਨੇ ਦੱਸਿਆ ਕਿ ਪਿੰਡ ਤਲਵੰਡੀ ਖੁੰਮਣ ਦੇ (ਅਨਾਜ ਵੰਡ) ਡੀਪੂ ਹੋਲਡਰ ਵੱਲੋਂ ਅਨਾਜ ਵੰਡਣ ਤੋਂ ਮਹਿਕਮੇ ਨੂੰ ਲਿਖਤੀ ਨਾਂਹ ਕਰ ਦਿੱਤੀ ਗਈ ਸੀ। ਜਿਸ ਤੋਂ ਬਾਅਦ ਮਹਿਕਮੇ ਵੱਲੋਂ ਪਿੰਡ ਤਲਵੰਡੀ ਖੁੰਮਣ ਦੇ ਇਸ ਅਨਾਜ ਵੰਡ ਡੀਪੂ ਪਿੰਡ ਦੇ ਕਿਸੇ ਚਾਹਵਾਨ ਵਿਅਕਤੀ ਨੂੰ ਅਲਾਟ ਕਰਨ ਦੀ ਬਜਾਏ ਪਿੰਡ ਤੋਂ 5-6 ਕਿਲੋਮੀਟਰ ਦੂਰ ਪਿੰਡ ਅਬਦਾਲ ਦੇ ਡੀਪੂ ਹੋਲਡਰ ਨੂੰ ਚਾਰਜ ਦੇ ਦਿੱਤਾ ਗਿਆ ਹੈ। ਜਿਸ ਕਾਰਨ ਪਿੰਡ ਤਲਵੰਡੀ ਖੁੰਮਣ ਦੇ ਵਾਸੀਆਂ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ। ਇਸ ਸੰਬੰਧੀ ਅੱਜ ਵੱਡੀ ਗਿਣਤੀ ਵਿੱਚ ਇਕੱਤਰ ਹੋਏ ਇਸ ਆਟਾ ਦਾਲ ਸਕੀਮ ਤੋਂ ਵਾਂਝੇ ਲੋਕਾਂ ਨੇ ਜਿੱਥੇ ਸਰਕਾਰ ਪ੍ਰਤੀ ਰੋਸ ਜ਼ਾਹਰ ਕੀਤਾ, ਉੱਥੇ ਇਲਾਕੇ ਦੇ ਫੂਡ ਸਪਲਾਈ ਵਿਭਾਗ ਦੇ ਇੰਸਪੈਕਟਰ ਅਤੇ ਡੀਪੂ ਹੋਲਡਰ ਤੇ ਵੀ ਮਿਲੀਭੁਗਤ ਹੋਣ ਦੇ ਦੋਸ਼ ਲਗਾਉਂਦਿਆਂ ਕਿਹਾ ਕਿ ਜਿਹੜੇ ਲੋੜਵੰਦ ਲੋਕਾਂ ਦੇ ਕੁੱਝ ਕੁ ਰਾਸ਼ਨ ਕਾਰਡ ਬਣੇ ਹੋਏ ਹਨ, ਸਰਕਾਰ ਵੱਲੋਂ ਉਨ੍ਹਾਂ ਦੇ ਪਰਵਾਰਕ ਮੈਂਬਰਾਂ ਨੂੰ ਅਲਾਟ ਕੋਟੇ ਮੁਤਾਬਕ ਡੀਪੂ ਹੋਲਡਰ ਵੱਲੋਂ ਬਣਦੀ ਕਣਕ ਨਹੀਂ ਦਿੱਤੀ ਜਾ ਰਹੀ ਹੈ। ਉਕਤ ਆਗੂਆਂ ਨੇ ਦੱਸਿਆ ਕਿ ਡੀਪੂ ਹੋਲਡਰ ਵੱਲੋਂ ਕਣਕ ਵੰਡਣ ਸਮੇਂ ਪਿੰਡ ਵਿੱਚ ਕੋਈ ਅਨਾਊਂਸਮੈਂਟ ਨਹੀਂ ਕਰਵਾਈ ਜਾਂਦੀ, ਸਗੋਂ ਆਪਣੇ ਚਹੇਤਿਆਂ ਨੂੰ ਰਾਤ ਸਮੇਂ ਕਣਕ ਵੰਡ ਕੇ ਬਾਕੀ ਰਹਿੰਦੇ ਲੋਕਾਂ ਨੂੰ ਅਗਲੇ ਮਹੀਨੇ ਦਾ ਕੋਟਾ ਆਉਣ 'ਤੇ ਕਣਕ ਦੇਣ ਦਾ ਲਾਰਾ ਲਾ ਦਿੱਤਾ ਜਾਂਦਾ ਹੈ। ਖਾਸ ਕਰਕੇ ਡੀਪੂ ਹੋਲਡਰ ਵੱਲੋਂ ਅਨੁਸੂਚਿਤ ਜਾਤੀ ਦੇ ਲੋਕਾਂ ਨਾਲ ਵੱਡੇ ਪੱਧਰ 'ਤੇ ਜਾਤੀ ਵਿਤਕਰਾ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਮਹਿਕਮੇ ਦੇ ਅਧਿਕਾਰੀਆਂ ਨਾਲ ਮਿਲੀਭੁਗਤ ਕਰਕੇ ਡੀਪੂ ਹੋਲਡਰ ਘਾਲਾ-ਮਾਲਾ ਕਰ ਰਿਹਾ ਹੈ। ਇਸ ਮੌਕੇ ਬਲਵਿੰਦਰ ਸਿੰਘ, ਪ੍ਰੇਮ ਸਿੰਘ, ਤਰਲੋਕ ਸਿੰਘ, ਰੇਸ਼ਮ ਸਿੰਘ, ਜਗੀਰ ਕੌਰ, ਸਰਬਜੀਤ ਕੌਰ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਪਿੰਡ ਵਾਸੀ ਹਾਜ਼ਰ ਸਨ।

ਇਸ ਸੰਬੰਧੀ ਜਦ ਇਲਾਕੇ ਦੇ ਫੂਡ ਸਪਲਾਈ ਇੰਸਪੈਕਟਰ ਅਸ਼ੀਸ਼ ਮਹਾਜਨ ਨਾਲ ਸੰਪਰਕ ਕੀਤਾ ਗਿਆ ਤਾਂ ਉਨ੍ਹਾ ਕਿਹਾ ਕਿ ਸਰਕਾਰ ਵੱਲੋਂ 27 ਪ੍ਰਤੀਸ਼ਤ ਕੱਟ ਲਗਾਏ ਜਾਣ ਕਾਰਨ ਸਾਰੇ ਲਾਭਪਾਤਰੀਆਂ ਨੂੰ ਇਸ ਸਕੀਮ ਦਾ ਲਾਭ ਨਹੀਂ ਮਿਲ ਪਾਇਆ, ਜਿਸ ਕਾਰਨ ਲਾਭਪਾਤਰੀਆਂ ਨੂੰ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਅਤੇ ਹੁਣ ਜਦੋਂ ਵੀ ਕਣਕ ਆਵੇਗੀ ਤਾਂ ਰਹਿੰਦੇ ਪਰਵਾਰਾਂ ਨੂੰ ਕਣਕ ਮੁਹੱਈਆ ਕਰਵਾਈ ਜਾਵੇਗੀ।

ਇਸ ਸੰਬੰਧੀ ਜਦ ਡੀਪੂ ਹੋਲਡਰ ਪ੍ਰਗਟ ਸਿੰਘ ਨਾਲ ਸੰਪਰਕ ਕੀਤਾ ਗਿਆ ਤਾਂ ਉਨ੍ਹਾ ਉਕਤ ਦੋਸ਼ਾਂ ਨੂੰ ਨਕਾਰਦਿਆਂ ਕਿਹਾ ਕਿ ਇਹ ਦੋਸ਼ ਸਚਾਈ ਤੋਂ ਕੋਹਾਂ ਦੂਰ ਹਨ ਅਤੇ ਪਿੰਡ ਦੇ ਕਿਸੇ ਵੀ ਵਿਅਕਤੀ ਨਾਲ ਜਾਤੀ ਵਿਤਕਰਾ ਨਹੀਂ ਕੀਤਾ ਗਿਆ। ਜਿਸ ਹਿਸਾਬ ਨਾਲ ਸਰਕਾਰ ਵੱਲੋਂ ਕਣਕ ਆ ਰਹੀ ਹੈ, ਉਸੇ ਹਿਸਾਬ ਨਾਲ ਲਾਭਪਾਤਰੀਆਂ ਨੂੰ ਕਣਕ ਦੀ ਵੰਡ ਕੀਤੀ ਗਈ ਹੈ।

# ਨਹਿਰ ਅਪਰ ਬਾਰੀ ਦੁਆਬ 'ਤੇ ਕਸੂਰ ਬਰਾਂਚ ਦੀ ਪਾਰਕ 'ਚ ਸੈਰ ਸਪਾਟਾ ਕੰਪਲੈਕਸ ਬਣਾਉਣ ਦੀ ਮੰਗ



ਗੁਰਦਾਸਪੁਰ (ਜਨਕ ਮਹਾਜਨ)- ਗੁਰਦਾਸਪੁਰ-ਮੁਕੇਰੀਆਂ ਮੁੱਖ ਸੜਕ 'ਤੇ ਪੈਂਦੀ ਅਪਰ ਬਾਰੀ ਦੁਆਬ 'ਤੇ ਕਸੂਰ ਬਰਾਂਚ ਦੀ ਨਹਿਰ ਪੁਲ ਤਿੱਬੜੀ ਦੇ ਵਿਚਕਾਰ ਮਾਧੋਪੁਰ ਦੀ ਤਰਜ਼ 'ਤੇ ਸੈਰ ਸਪਾਟਾ ਕੰਪਲੈਕਸ ਬਣਾਉਣ ਦੀ ਇਲਾਕੇ ਦੇ ਲੋਕਾਂ ਨੇ ਮੰਗ ਕੀਤੀ ਹੈ। ਸੀਨੀਅਰ ਆਗੂ ਸਾਬਕਾ ਸਰਪੰਚ ਕਿਰਪਾਲ ਸਿੰਘ ਗੁੰਝੀਆਂ, ਬਾਬਾ ਰਣਜੀਤ ਸਿੰਘ ਅਤੇ ਡਾਕਟਰ ਫਤਿਹ ਸਿੰਘ ਨੇ ਦੱਸਿਆ ਕਿ ਇਨ੍ਹਾਂ ਨਹਿਰਾਂ ਤੋਂ ਭਾਰਤ ਪਾਕਿਸਤਾਨ ਦੀ ਵੰਡ ਤੋਂ ਪਹਿਲਾਂ ਵਿਸਾਖੀ ਦਾ ਮੇਲਾ ਬੜੀ ਧੂਮ-ਧਾਮ ਨਾਲ ਲਗਦਾ ਸੀ ਅਤੇ ਕਈ ਤਰ੍ਹਾਂ ਦੀਆਂ ਦੁਕਾਨਾਂ, ਬੱਚਿਆਂ ਦੇ ਅਨੰਦ ਮਾਣਨ ਲਈ ਪੰਘੂੜੇ ਆਦਿ ਲਗਾਏ ਜਾਂਦੇ ਸੀ।

ਉਨ੍ਹਾਂ ਦੱਸਿਆ ਕਿ ਇਲਾਕੇ ਦੇ ਬਹੁਤ ਸਾਰੇ ਪਿੰਡਾਂ ਦੇ ਲੋਕ ਅਤੇ ਗੁਰਦਾਸਪੁਰ ਵਾਸੀ ਇਸ ਮੇਲੇ ਅਨੰਦ ਮਾਣਦੇ ਸਨ। ਸੰਨ 2004 ਵਿੱਚ ਇਨ੍ਹਾਂ ਨਹਿਰਾਂ ਦੇ ਪੁਲ ਬੈਠ ਗਏ ਸਨ ਤੇ ਪਾਰਕ ਦੋ ਹਿੱਸਿਆਂ ਵਿਚ ਵੰਡੀ ਗਈ ਸੀ ਤੇ ਹੌਲੀ-ਹੌਲੀ ਪੁਲ ਤਿੱਬੜੀ ਦਾ ਵਿਰਾਸਤੀ ਵਿਸਾਖੀ ਮੇਲਾ ਲੱਗਣਾ ਲਗਭਗ ਖਤਮ ਹੋ ਗਿਆ ਹੈ ਅਤੇ ਹੁਣ ਸਿਰਫ਼ ਨਾ ਮਾਤਰ ਹੀ ਰਹਿ ਗਿਆ ਹੈ। ਉਨ੍ਹਾਂ ਦੱਸਿਆ ਕਿ ਪੁਲ ਤਿੱਬੜੀ ਨਹਿਰ 'ਤੇ ਹਰ ਸਮੇਂ ਰਾਹਗੀਰ ਰੁਕਦੇ ਹਨ ਤੇ ਗਰਮੀਆਂ 'ਚ ਨਹਿਰਾਂ ਦੇ ਠੰਢੇ ਪਾਣੀ ਦਾ ਅਨੰਦ ਲੈਂਦੇ ਹਨ। ਉਨ੍ਹਾਂ ਦੱਸਿਆ ਕਿ ਮਰਹੂਮ ਕੇਂਦਰੀ ਮੰਤਰੀ ਸੁਖਬੰਸ ਕੌਰ ਭਿੰਡਰ ਨੇ ਪੁਲ ਤਿੱਬੜੀ ਵਿਖੇ ਸੈਰ ਸਪਾਟਾ ਕੋਰਲ ਬਣਾਉਣ ਦੀ ਤਜਵੀਜ਼ ਕੇਂਦਰ ਸਰਕਾਰ ਅੱਗੇ ਰੱਖੀ ਗਈ ਸੀ ਪਰ ਉਸ ਦੀ ਮੌਤ ਤੋਂ ਬਾਅਦ ਕਿਸੇ ਸਰਕਾਰ ਨੇ ਕੋਈ ਉਪਰਾਲਾ ਨਹੀਂ ਕੀਤਾ।

ਇਲਾਕਾ ਵਾਸੀਆਂ ਨੇ ਪੰਜਾਬ ਸਰਕਾਰ ਦੇ ਸੈਰ ਸਪਾਟਾ ਮੰਤਰੀ ਪਾਸੋਂ ਮੰਗ ਕੀਤੀ ਕਿ ਪੁਲ ਤਿੱਬੜੀ ਵਿਖੇ ਸੈਰ ਸਪਾਟਾ ਜਗ੍ਹਾ ਬਣਾਉਣ ਦੇ ਨਾਲ-ਨਾਲ ਕੋਰਲ ਹੋਟਲ ਬਣਾਇਆ ਜਾਵੇ ਜਿਸ ਨਾਲ ਇਸ ਸੈਰਗਾਹ 'ਤੇ ਲੋਕ ਵੱਡੀ ਗਿਣਤੀ ਵਿੱਚ ਆਉਂਦੇ ਜਾਂਦੇ ਰਹਿਣ।

# ਸ਼ਹੀਦ ਭਗਤ ਸਿੰਘ ਤੇ ਸਾਥੀਆਂ ਨੂੰ ਸ਼ੇਰ- ਏ- ਪੰਜਾਬ ਸਪੋਰਟਸ ਕਲੱਬ ਖੋਖਰ ਵੱਲੋਂ ਸ਼ਰਧਾਂਜਲੀ



ਨੌਸ਼ਹਿਰਾ ਮੱਝਾ ਸਿੰਘ (ਸਤਨਾਮ ਸਿੰਘ ਕਿਰਤੀ)- ਸ਼ੇਰ-ਏ- ਪੰਜਾਬ ਸਪੋਰਟਸ ਐਂਡ ਵੈਲਫੇਅਰ ਕਲੱਬ ਖੋਖਰ ਫੌਜੀਆਂ ਵੱਲੋਂ ਸ਼ਹੀਦ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦੇ ਸ਼ਹੀਦੀ ਦਿਹਾੜੇ 'ਤੇ ਉਨ੍ਹਾਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤ ਗਏ। ਕਲੱਬ ਪ੍ਰਧਾਨ ਸਿਮਰਨਦੀਪ ਸਿੰਘ ਨੇ ਕਿਹਾ ਕਿ ਸ਼ਹੀਦ ਭਗਤ ਸਿੰਘ ਪਰਮ ਗੁਣੀ ਫਿਲਾਸਫਰ ਸਨ ਜੋ ਅੰਗਰੇਜ਼ੀ ਸਾਮਰਾਜ ਨੂੰ ਖਤਮ ਕਰਕੇ ਮਨੁੱਖ ਹੱਥੋਂ ਮਨੁੱਖ ਦੀ ਲੁੱਟ ਨੂੰ ਖਤਮ ਕਰਨ ਵਾਲਾ ਰਾਜ ਸਥਾਪਤ ਕਰਨਾ ਚਾਹੁੰਦੇ ਸਨ। ਉਨ੍ਹਾਂ ਦੀ ਫਿਲਾਸਫੀ ਅਨੁਸਾਰ ਜਾਤੀ ਰਹਿਤ ਸਮਾਜ, ਸਭ ਨੂੰ ਰੁਜ਼ਗਾਰ, ਕਿਸਾਨਾਂ ਮਜ਼ਦੂਰਾ ਦੀ ਪ੍ਰਭੂਸੱਤਾ ਵਾਲਾ ਰਾਜ ਲੋਕ ਮੁਕਤੀ ਦਾ ਪ੍ਰਤੀਕ ਹੈ। ਜਿਸ ਦੀ ਤਿਆਰੀ ਲਈ ਉਨ੍ਹਾਂ ਨੇ ਨੌਜਵਾਨਾਂ ਨੂੰ ਲਾਮਬੰਦ ਕਰਨ ਲਈ ਪੰਜਾਬ ਸਟੂਡੈਂਟਸ ਯੂਨੀਅਨ ਤੇ ਨੌਜਵਾਨ ਭਾਰਤ ਸਭਾ ਬਣਾ ਕੇ ਅੰਗਰੇਜ਼ਾਂ ਵਿਰੁੱਧ ਯੁੱਧ ਦਾ ਐਲਾਨ ਕੀਤਾ ਸੀ।

ਕਲੱਬ ਪ੍ਰਧਾਨ ਸਿਮਰਨਦੀਪ ਸਿੰਘ ਨੇ ਕਿਹਾ ਕਿ ਨੌਜਵਾਨਾਂ ਨੂੰ ਵੀ ਸ਼ਹੀਦ ਭਗਤ ਸਿੰਘ ਦੀ ਵਿਚਾਰਧਾਰਾ ਨੂੰ ਸਮਝਣ ਲਈ ਕਿਤਾਬਾਂ ਨਾਲ ਸਾਂਝ ਪਾਉਣ ਦੀ ਲੋੜ ਹੈ ਤਾਂ ਜੋ ਨੌਜਵਾਨ ਨਸ਼ਿਆਂ ਤੋਂ ਦੂਰ ਰਹਿਣ ਤੇ ਸਮਾਜਕ ਕੁਰੀਤੀਆਂ ਵਿਰੁੱਧ ਅਵਾਜ਼ ਬੁਲੰਦ ਕਰ ਸਕਣ। ਇਸ ਮੌਕੇ ਕਲੱਬ ਪ੍ਰਧਾਨ ਸਿਮਰਨਦੀਪ ਸਿੰਘ, ਗੁਰਪ੍ਰੀਤ ਸਿੰਘ ਹੁੰਦਲ, ਮਨਜੀਤ ਸਿੰਘ ਕਾਕੂ, ਪਲਵਿੰਦਰ ਸਿੰਘ, ਭੁਪਿੰਦਰ ਸਿੰਘ, ਅਨਿਲ ਕੁਮਾਰ, ਜੋਗਿੰਦਰ ਸਿੰਘ ਪੰਨੂ, ਚੈਂਚਲ ਸਿੰਘ ਹੁੰਦਲ, ਗੁਰਦਿਆਲ ਸਿੰਘ, ਅਮਰੀਕ ਸਿੰਘ ਬਾਜਵਾ, ਬਖਸ਼ੀਸ਼ ਸਿੰਘ ਹੁੰਦਲ, ਮਨਮੋਹਣ ਸਿੰਘ ਬਾਜਵਾ, ਜੋਗਿੰਦਰ ਸਿੰਘ ਚੱਠਾ, ਸੂਬੇਦਾਰ ਅਵਤਾਰ ਸਿੰਘ, ਕਰਮਜੀਤ ਸਿੰਘ ਅਤੇ ਕਲੱਬ ਦੇ ਨੌਜਵਾਨ ਮੈਂਬਰ ਹਾਜ਼ਰ ਸਨ।

# ਪਿੰਡ ਮੰਨਣ ਦੇ ਗੁਰਦੁਆਰਾ ਸਾਹਿਬ 'ਚ ਇਲਾਕਾ ਨਿਵਾਸੀਆਂ ਵੱਲੋਂ ਪੁਲਸ ਪ੍ਰਸ਼ਾਸਨ ਦਾ ਧੰਨਵਾਦ

**ਗੁਰੂ ਸਾਹਿਬ ਜੀ ਦੀ ਬੇਅਦਬੀ ਦੇ ਦੋਸ਼ੀ ਦੇ ਪਰਵਾਰ ਦਾ ਸਮਾਜਕ ਬਾਈਕਾਟ ਕੀਤਾ ਜਾਵੇਗਾ**



ਝਬਾਲ, ਸਰਾਏ ਅਮਾਨਤ ਖਾਂ (ਮੱਖਣ ਮਨੋਜ )-ਪਿੰਡ ਮੰਨਣ ਵਿਖੇ ਹੋਏ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਬੇਅਦਬੀ ਕਾਂਡ ਜਿਸ ਨੂੰ ਪੁਲਸ ਪ੍ਰਸ਼ਾਸਨ ਵੱਲੋਂ ਡੀ ਐਸ ਪੀ ਜਸਪਾਲ ਸਿੰਘ ਢਿੱਲੋਂ ਦੀ ਅਗਵਾਈ ਵਿੱਚ ਪੂਰੀ ਨਿਰਪੱਖਤਾ ਨਾਲ ਜਾਂਚ ਕਰਦਿਆਂ ਤਿੰਨ ਦਿਨਾਂ ਵਿੱਚ ਹੱਲ ਕਰਕੇ ਦੋਸ਼ੀ ਨੂੰ ਗ੍ਰਿਫਤਾਰ ਕਰਕੇ ਦੋਸ਼ੀ ਵੱਲੋਂ ਪਾੜੇ ਪੱਤਰੇ ਵੀ ਬਰਾਮਦ ਕਰ ਲਏ ਜਾਣ ਤੋਂ ਬਾਅਦ ਇਲਾਕਾ ਨਿਵਾਸੀ ਸਿੱਖ ਸੰਗਤ ਦਾ ਭਾਰੀ ਇਕੱਠ ਗੁਰਦੁਆਰਾ ਸ੍ਰੀ ਨਾਨਕਸਰ ਵਿਖੇ ਹੋਇਆ, ਜਿਥੇ ਦਮਦਮੀ ਟਕਸਾਲ ਅਜਨਾਲਾ ਦੇ ਮੁਖੀ ਭਾਈ ਸਿੰਘ ਸਾਹਿਬ ਭਾਈ ਅਮਰੀਕ ਸਿੰਘ ਅਜਨਾਲਾ ਤੇ ਸਤਿਕਾਰ ਕਮੇਟੀ ਦੇ ਭਾਈ ਮਨਜੀਤ ਸਿੰਘ ਝਬਾਲ ਵੀ ਪਹੁੰਚੇ। ਇਸ ਸਮੇਂ ਹਾਜ਼ਰ ਸਮੂਹ ਸੰਗਤ ਨੇ ਇਸ ਕੇਸ ਨੂੰ ਨਿਰਪੱਖਤਾ ਨਾਲ ਹੱਲ ਕਰਨ ਲਈ ਡੀ ਐਸ ਪੀ ਜਸਪਾਲ ਸਿੰਘ ਢਿੱਲੋਂ ਅਤੇ ਥਾਣਾ ਮੁਖੀ ਕੇਵਲ ਸਿੰਘ ਸਮੇਤ ਪੁਲਸ ਪ੍ਰਸ਼ਾਸਨ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਸ ਲਈ ਦੋਸ਼ੀ ਪਾਠੀ ਸਿੰਘ ਕੋਲੋਂ ਪੂਰੀ ਪੁੱਛਗਿੱਛ ਕਰਕੇ ਇਸ ਦੇ ਪਿੱਛੇ ਕਿਹੜੇ ਲੋਕ ਹਨ, ਨੂੰ ਵੀ ਕਟਹਿਰੇ ਵਿੱਚ ਲਿਆਂਦਾ ਜਾਵੇ ਤਾਂ ਕਿ ਸਾਰੀ ਅਸਲੀਅਤ ਸਾਹਮਣੇ ਆ ਸਕੇ।

ਇਸ ਸਮੇਂ ਸਿੱਖ ਜਥੇਬੰਦੀਆਂ ਦੇ ਆਗੂਆਂ ਨੇ ਕਿਹਾ ਕਿ ਇਸ ਫੜੇ ਗਏ ਦੋਸ਼ੀ ਪਾਠੀ ਜੋ ਕਿ ਇਸੇ ਪਿੰਡ ਦਾ ਹੈ, ਦੇ ਪਰਵਾਰ ਦਾ ਸਮੁੱਚੇ ਤੌਰ 'ਤੇ ਪਿੰਡ ਵੱਲੋਂ ਬਾਈਕਾਟ ਕੀਤਾ ਜਾਵੇਗਾ। ਇਸ ਸਮੇਂ ਹਾਜ਼ਰ ਸੰਗਤ ਵਿੱਚ ਸਰਪੰਚ ਮਹਾਂਵੀਰ ਸਿੰਘ ਮੰਨਣ, ਸਰਪੰਚ ਮਨਜਿੰਦਰ ਸਿੰਘ ਐਮਾ,ਦਲਜੀਤ ਸਿੰਘ ਐਮਾ, ਸਰਨਜੀਤ ਸਿੰਘ ਭੋਜੀਆਂ, ਸੁਖਦੇਵ ਸਿੰਘ ਖਾਲਸਾ, ਗੁਰਸੇਵਕ ਸਿੰਘ ਐਮਾ,ਅਵਤਾਰ ਸਿੰਘ, ਗੁਰਭੇਜ ਸਿੰਘ ਜਗਤਪੁਰਾ, ਸੋਨੀ ਵਿਰਕ, ਕਾਰਜ ਸਿੰਘ, ਕਾਬਲ ਸਿੰਘ, ਨਿਸ਼ਾਨ ਸਿੰਘ, ਕੁਲਵੰਤ ਸਿੰਘ ਆਦਿ ਹਾਜ਼ਰ ਸਨ।

# ਸ਼ਹੀਦ-ਏ-ਆਜ਼ਮ ਭਗਤ ਸਿੰਘ ਦਾ ਸ਼ਹੀਦੀ ਦਿਹਾੜਾ ਮਨਾਇਆ



ਮਜੀਠਾ, ( ਮਨਮੋਹਨ ਸਿੰਘ ਢਿੱਲੋਂ ) ਸ਼ਹੀਦ-ਏ-ਆਜ਼ਮ ਭਗਤ ਸਿੰਘ, ਰਾਜਗੁਰੂ, ਸੁਖਦੇਵ ਦਾ ਸ਼ਹੀਦੀ ਦਿਨ ਚਵਿੰਡਾ ਦੇਵੀ ਵਿਖੇ ਬਲਕਾਰ ਸਿੰਘ ਦੁਧਾਲਾ ਦੀ ਅਗਵਾਈ ਹੇਠ ਮਨਾਇਆ ਗਿਆ। ਇਸ ਮੌਕੇ ਸੈਂਕੜੇ ਨੌਜਵਾਨਾਂ, ਕਿਸਾਨਾਂ, ਮਜ਼ਦੂਰਾਂ ਨੇ ਭਗਤ ਸਿੰਘ ਤੇਰੀ ਸੋਚ 'ਤੇ ਪਹਿਰਾ ਦਿਆਂਗੇ ਠੋਕ ਕੇ ਦੇ ਨਾਹਰੇ ਲਾਉਂਦਿਆਂ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ। ਇਸ ਮੌਕੇ ਸਾਥੀ ਨਰਿੰਦਰ ਬੱਲ ਨੇ ਸੰਬੋਧਨ ਕਰਦਿਆਂ ਕਿਹਾ ਕਿ ਸ਼ਹੀਦ ਭਗਤ ਸਿੰਘ ਬਿਨਾਂ ਸ਼ੱਕ ਸਾਡੇ ਵਿੱਚ 23 ਸਾਲ ਹੀ ਜੀਵਿਆ ਪਰ ਜਦ ਉਸ ਦੇ ਅਸੀਂ ਵਿਚਾਰ ਪੜ੍ਹਦੇ ਹਾਂ ਤਾਂ ਪਤਾ ਲਗਦਾ ਹੈ ਕਿ ਸ਼ਹੀਦ ਭਗਤ ਸਿੰਘ ਦੇਸ਼ ਦੀ ਵੰਡ ਦੇ ਖਿਲਾਫ ਸੀ। ਸ਼ਹੀਦ ਭਗਤ ਸਿੰਘ ਇਹੋ ਜਿਹਾ ਰਾਜ ਚਾਹੁੰਦਾ ਸੀ ਕਿ ਮਨੁੱਖ ਹੱਥੋਂ ਮਨੁੱਖ ਦੀ ਲੁੱਟ ਖਤਮ ਹੋਵੇ। ਇਸੇ ਤਰ੍ਹਾਂ ਸੀ ਪੀ ਆਈ ਸੈਕਟਰੀ ਬਲਕਾਰ ਦੁਧਾਲਾ ਨੇ ਕਿਹਾ ਕਿ ਜਦੋਂ ਅਸੀਂ ਸ਼ਹੀਦ ਏ ਆਜ਼ਮ ਭਗਤ ਸਿੰਘ ਦੇ ਵਿਚਾਰਾਂ ਨੂੰ ਪੜ੍ਹਦੇ ਹਾਂ ਤਾਂ ਪਤਾ ਲਗਦਾ ਹੈ ਕਿ ਬੇਰੁਜ਼ਗਾਰੀ ਦਾ ਇੱਕੋ ਇੱਕ ਹੱਲ ਹੈ ਕਿ ਛੁਟੇਰੀ ਕੰਮ ਦਿਹਾੜੀ ਕੀਤੇ ਤੋਂ ਬਗੈਰ ਪ੍ਰਾਪਤ ਨਹੀਂ ਹੋ ਸਕਦਾ। ਇਸ ਵਕਤ ਲੋੜ ਹੈ ਕਿ ਕੰਮ ਦਿਹਾੜੀ ਛੋਟੀ ਕਰਾਉਣ ਵਾਸਤੇ ਸੰਘਰਸ਼ ਸ਼ੁਰੂ ਕੀਤਾ ਜਾਵੇ। ਇਸ ਮੌਕੇ ਕੀਰਤ ਸਿੰਘ ਚਵਿੰਡਾ ਦੇਵੀ ਨੇ ਸਾਥੀਆਂ ਨੂੰ ਨਾਲ ਲੈ ਕੇ ਬਜ਼ਾਰਾਂ ਵਿੱਚ ਭਗਤ ਸਿੰਘ ਦੇ ਨਾਹਰਿਆਂ ਨਾਲ ਸ਼ਮੂਲੀਅਤ ਕੀਤੀ। ਇਸ ਪ੍ਰੋਗਰਾਮ ਦੀ ਪ੍ਰਧਾਨਗੀ ਸੇਵਾ ਸਿੰਘ ਗੋਪਾਲਪੁਰਾ ਨੇ ਕੀਤੀ। ਇਸ ਮੌਕੇ ਮਹਾਂਵੀਰ ਸਿੰਘ, ਨਿਰਮਲ ਸਿੰਘ, ਜਗਦੀਸ਼, ਮੱਖਣ ਹੀਰਾ ਸਿੰਘ, ਮੇਜਰ ਸਿੰਘ ਲੈਹਰਕਾ, ਧਰਮ ਸਿੰਘ , ਸੁਖਵੰਤ ਸਿੰਘ, ਗੋਰਾ ਸਿੰਘ ਦੁਧਾਲਾ, ਲਖਦੇਵ ਸਿੰਘ ਤਲਵੰਡੀ ਦਸੌਂਧਾ ਸਿੰਘ, ਸੁਖਵਿੰਦਰ ਸਿੰਘ ਮੈਣੀਆਂ ਕੁਹਰਾਂ, ਅੰਗਰੇਜ ਸਿੰਘ, ਬਿੰਦਰ ਸਿੰਘ, ਅਵਤਾਰ ਸਿੰਘ, ਮੇਜਰ ਸਿੰਘ ਅਬਦਾਲ, ਇਕਬਾਲ ਸਿੰਘ, ਗੁਰਦੀਪ ਸਿੰਘ ਹਦਾਇਤਪੁਰ, ਕਸ਼ਮੀਰ ਸਿੰਘ, ਗੁਰਮੀਤ ਸਿੰਘ, ਅਨੂਪ ਸਿੰਘ ਜੇਠੂਵਾਲ, ਸੁਖਵਿੰਦਰ ਸਿੰਘ, ਕੁਲਦੀਪ ਸਿੰਘ ਚਵਿੰਡਾ ਦੇਵੀ, ਸ਼ਿੰਗਾਰਾ ਸਿੰਘ, ਜਗੀਰ ਸਿੰਘ ਮੁੱਗੋਸੋਹੀ ਆਦਿ ਹਾਜ਼ਰ ਸਨ। ਇਸ ਮੌਕੇ ਲਖਵਿੰਦਰ ਸਿੰਘ ਗੋਪਾਲਪੁਰ ਨੇ ਕਿਹਾ ਕਿ ਪੰਜਾਬ ਤੇ ਕੇਂਦਰ ਸਰਕਾਰ ਮਨਰੇਗਾ ਕਾਮਿਆਂ ਦਾ ਬਜਟ ਘਟਾ ਕੇ ਮਨਰੇਗਾ ਕਨੂੰਨ ਨੂੰ ਖਤਮ ਕਰਨਾ ਚਾਹੁੰਦੀ ਹੈ ਜੋ ਕਦੇ ਹੋਣ ਨਹੀਂ ਦਿੱਤਾ ਜਾਵੇਗਾ। ਅਖੀਰ ਵਿੱਚ ਸੇਵਾ ਸਿੰਘ ਨੇ ਆਏ ਸਾਥੀਆਂ ਦਾ ਧੰਨਵਾਦ ਕੀਤਾ।

# ਖਾਲਸਾ ਕਾਲਜ ਗੁਰਦਾਸ ਨੰਗਲ ਵਿਖੇ ਨਵੇਂ ਸੈਸ਼ਨ 'ਚ ਰਿਆਇਤਾਂ ਦਾ ਐਲਾਨ



ਧਾਰੀਵਾਲ, (ਮਨਦੀਪ ਸਿੰਘ ਵਿੱਕੀ)- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਅਤੇ ਸੁਖਮੰਦਰ ਸਿੰਘ ਵਿੱਦਿਆ ਸਕੱਤਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਰਪ੍ਰਸਤੀ ਹੇਠ ਚੱਲ ਰਹੇ ਬਾਬਾ ਅਜੈ ਸਿੰਘ ਖਾਲਸਾ ਕਾਲਜ ਗੁਰਦਾਸ ਨੰਗਲ ਵਿੱਚ ਸਾਲ 2023-24 ਲਈ ਦਾਖਲੇ ਪੁਰਜ਼ੋਰ ਚੱਲ ਰਹੇ ਹਨ। ਜ਼ਿਕਰਯੋਗ ਹੈ ਕਿ ਕਾਲਜ ਦੁਆਰਾ ਵਿਦਿਆਰਥੀ ਵਰਗ ਦੇ ਸਰਵਪੱਖੀ ਵਿਕਾਸ ਲਈ ਪਿਛਲੇ ਸਮੇਂ ਦੌਰਾਨ ਕੀਤੇ ਗਏ ਅਣਥੱਕ ਉਪਰਾਲਿਆਂ ਦੇ ਸਿੱਟੇ ਵਜੋਂ ਇਲਾਕੇ ਦੇ ਲੋਕਾਂ ਵਿੱਚ ਕਾਲਜ ਵਿੱਚ ਵਿਦਿਆਰਥੀਆਂ ਦੇ ਦਾਖਲੇ ਪ੍ਰਤੀ ਭਾਰੀ ਉਤਸ਼ਾਹ ਵੇਖਣ ਨੂੰ ਮਿਲ ਰਿਹਾ ਹੈ। ਇਲਾਕੇ ਦੇ ਪਤਵੰਤੇ ਸੱਜਣਾਂ ਤੇ ਲੋਕਲ ਕਮੇਟੀਆਂ ਦੇ ਮੈਂਬਰ ਸਾਹਿਬਾਨ ਵੱਲੋਂ ਕਾਲਜ ਦੀ ਪ੍ਰਬੰਧਕੀ ਕਮੇਟੀ ਦੇ ਮੱਦੇਨਜ਼ਰ ਢੁਕਵੇਂ ਉਪਰਾਲੇ ਕੀਤੇ ਜਾ ਰਹੇ ਹਨ, ਜਿਸ ਦੇ ਚਲਦਿਆਂ ਵਿਦਿਆਰਥੀਆਂ ਦੇ ਮਾਪਿਆਂ ਨੂੰ ਬਾਬਾ ਅਜੈ ਸਿੰਘ ਖਾਲਸਾ ਕਾਲਜ ਤੇ ਬਾਬਾ ਅਜੈ ਸਿੰਘ ਖਾਲਸਾ ਪਬਲਿਕ ਸਕੂਲ ਗੁਰਦਾਸ ਨੰਗਲ ਵਿਖੇ ਬੱਚਿਆਂ ਦਾ ਦਾਖਲਾ ਕਰਵਾਉਣ ਲਈ ਪ੍ਰੇਰਿਆ ਜਾ ਰਿਹਾ ਹੈ। ਕਾਲਜ ਵਿੱਚ 10+1,10+2 ਮੈਡੀਕਲ, ਨਾਨ-ਮੈਡੀਕਲ, ਆਰਟਸ, ਕਾਮਰਸ ਤੋਂ ਇਲਾਵਾ ਡਿਗਰੀ ਕੋਰਸ ਬੀ ਏ, ਬੀ ਐਸ ਸੀ-ਮੈਡੀਕਲ, ਨਾਨ-ਮੈਡੀਕਲ, ਕੰਪਿਊਟਰ ਸਾਇੰਸ, ਬੀ ਸੀ ਏ, ਬੀ ਕਾਮ, ਪੀ ਜੀ ਡੀ ਸੀ ਏ ਅਤੇ ਇੱਕ ਸਾਲ ਦਾ ਡਿਪਲੋਮਾ ਡੀ ਸੀ ਏ ਸਫਲਤਾ ਪੂਰਵਕ ਚਲਾਏ ਜਾ ਰਹੇ ਹਨ। ਸਿੱਖਾਂ ਦੀ ਸਿਰਮੌਰ ਸੰਸਥਾ ਹੋਣ ਦੇ ਨਾਤੇ ਕਮੇਟੀ ਵੱਲੋਂ ਕਮਜ਼ੋਰ ਵਰਗ ਦੇ ਵਿਦਿਆਰਥੀਆਂ ਲਈ ਵਿਸ਼ੇਸ਼ ਰਿਆਇਤਾਂ ਤੇ ਸਹੂਲਤਾਂ ਪ੍ਰਦਾਨ ਕੀਤੀਆਂ ਗਈਆਂ ਹਨ। ਇਸ ਸੰਬੰਧੀ ਕਾਲਜ ਪ੍ਰਿੰਸੀਪਲ ਡਾ. ਗੁਰਜੀਤ ਸਿੰਘ ਨੇ ਦੱਸਿਆ ਕਿ ਸਿੱਖੀ ਦੇ ਪ੍ਰਚਾਰ ਤੇ ਪ੍ਰਸਾਰ ਹਿੱਤ ਅੰਮ੍ਰਿਤਧਾਰੀ ਵਿਦਿਆਰਥੀਆਂ ਨੂੰ ਵਜ਼ੀਫੇ ਦੇ ਕੇ ਸਨਮਾਨਿਆ ਜਾਂਦਾ ਹੈ। ਸ਼੍ਰੋਮਣੀ ਕਮੇਟੀ ਵੱਲੋਂ ਖੇਡਾਂ ਦੇ ਖੇਤਰ ਵਿਚ ਨਾਮਣਾ ਖੱਟਣ ਵਾਲੇ ਵਿਦਿਆਰਥੀਆਂ ਨੂੰ ਵਿਸ਼ੇਸ਼ ਵਿੱਤੀ ਸਹਾਇਤਾ ਦੇ ਕੇ ਸਨਮਾਨਤ ਕੀਤਾ ਜਾਂਦਾ ਹੈ। ਆਰਥਕ ਪੱਖੋਂ ਕਮਜ਼ੋਰ ਅਤੇ ਮਾਤਾ-ਪਿਤਾ ਹੀਣ ਵਿਦਿਆਰਥੀਆਂ ਲਈ ਕਾਲਜ ਵੱਲੋਂ ਵਿਸ਼ੇਸ਼ ਸਹਾਇਤਾ ਕਰਨ ਵਿੱਚ ਸ਼੍ਰੋਮਣੀ ਕਮੇਟੀ ਵੱਲੋਂ ਪੂਰਨ ਸਹਿਯੋਗ ਕੀਤਾ ਜਾਂਦਾ ਹੈ।

ਕਾਲਜ ਪ੍ਰਿੰਸੀਪਲ ਡਾਕਟਰ ਗੁਰਜੀਤ ਸਿੰਘ ਨੇ ਸ਼੍ਰੋਮਣੀ ਕਮੇਟੀ ਦੇ ਭਰਵੇਂ ਸਹਿਯੋਗ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਲਾਕੇ ਵਿੱਚੋਂ ਮਿਲ ਰਹੇ ਭਰਵੇਂ ਹੁੰਗਾਰੇ ਨੂੰ ਧਿਆਨ ਵਿੱਚ ਰੱਖਦੇ ਹੋਏ ਆਸ ਕੀਤੀ ਜਾ ਰਹੀ ਹੈ ਇਸ ਵਿੱਦਿਅਕ ਵਰ੍ਹੇ ਵਿੱਚ ਵਿਦਿਆਰਥੀਆਂ ਦੇ ਦਾਖਲੇ ਵਿੱਚ ਭਾਰੀ ਵਾਧਾ ਹੋਵੇਗਾ। ਉਨ੍ਹਾਂ ਨੇ ਕਾਲਜ ਦੀ ਦਿਨ ਦੁੱਗਣੀ ਤੇ ਰਾਤ ਚੌਗੁਣੀ ਤਰੱਕੀ ਲਈ ਅਣਥੱਕ ਯਤਨਾਂ ਪ੍ਰਤੀ ਵਚਨਬੱਧ ਹੋਣ ਦੀ ਗੱਲ ਆਖੀ।

# ਤਿਰੰਗੇ ਦਾ ਅਪਮਾਨ ਸਹਿਣ ਨਹੀਂ ਹੋਵੇਗਾ: ਸ਼ਰਮਾ



ਬਟਾਲਾ : ਅੱਜ ਸ਼ਿਵ ਸੈਨਾ ਪੰਜਾਬ ਦੇ ਸੂਬਾ ਪ੍ਰਧਾਨ ਉਧਵ ਬਾਲਾ ਸਾਹਿਬ ਠਾਕਰੇ ਦੀ ਵਿਸ਼ੇਸ਼ ਮੀਟਿੰਗ ਬਟਾਲਾ ਵਿਖੇ ਪੰਜਾਬ ਦੇ ਸੀਨੀਅਰ ਉਪ ਪ੍ਰਧਾਨ ਰਮੇਸ਼ ਨਈਅਰ ਦੀ ਪ੍ਰਧਾਨਗੀ ਹੇਠ ਹੋਈ। ਇਸ ਮੀਟਿੰਗ ਵਿੱਚ ਸੂਬਾ ਪ੍ਰਧਾਨ ਯੋਗਰਾਜ ਸ਼ਰਮਾ ਮੁੱਖ ਤੌਰ 'ਤੇ ਹਾਜ਼ਰ ਸਨ। ਇਸ ਮੌਕੇ ਯੁਵਾ ਸੈਨਾ ਪੰਜਾਬ ਦੇ ਇੰਚਾਰਜ ਹਨੀ ਮਹਾਜਨ, ਸੂਬਾ ਜਨਰਲ ਸਕੱਤਰ ਜੋਗਿੰਦਰ ਪਾਲ ਜੱਗੀ, ਜ਼ਿਲ੍ਹਾ ਪਠਾਨਕੋਟ ਆਈ ਟੀ ਸੈੱਲ ਦੇ ਇੰਚਾਰਜ ਅਜੇ ਬੱਬਰ ਵੀ ਪੁੱਜੇ। ਮੀਟਿੰਗ ਨੂੰ ਸੰਬੋਧਨ ਕਰਦਿਆਂ ਸੂਬਾ ਪ੍ਰਧਾਨ ਯੋਗਰਾਜ ਸ਼ਰਮਾ ਨੇ ਕਿਹਾ ਕਿ ਅੰਮ੍ਰਿਤਪਾਲ ਸਿੰਘ ਅਤੇ ਉਸ ਦੀ ਜਥੇਬੰਦੀ ਵਾਰਿਸ ਪੰਜਾਬ ਅਤੇ ਉਸ ਵੱਲੋਂ ਬਣਾਈ ਗਈ ਏ ਕੇ ਐਫ (ਅਨੰਦਪੁਰ ਖਾਲਸਾ ਫੋਰਸ) ਨੇ ਸ਼ਰੇਆਮ ਦੇਸ਼ ਵਿਰੁੱਧ ਬਗਾਵਤ ਦਾ ਕੰਮ ਕੀਤਾ ਹੈ ਅਤੇ ਦੇਸ਼ ਦੇ ਗੱਦਾਰ ਹਨ। ਜੋ ਵਿਅਕਤੀ ਦੇਸ਼ ਦੇ ਸੰਵਿਧਾਨ, ਤਿਰੰਗੇ ਦਾ ਵਿਦਰੋਹ ਕਰ ਰਿਹਾ ਹੈ, ਅਜਿਹੇ ਲੋਕਾਂ ਨੂੰ ਕਿਸੇ ਵੀ ਕੀਮਤ 'ਤੇ ਮੁਆਫ ਨਹੀਂ ਕੀਤਾ ਜਾਣਾ ਚਾਹੀਦਾ। ਸ਼ਿਵ ਸੈਨਾ ਉਧਵ ਬਾਲਾ ਸਾਹਿਬ ਠਾਕਰੇ ਪੰਜਾਬ ਰਾਜ ਮੰਗ ਕਰਦੀ ਹੈ ਕਿ ਕੇਂਦਰ ਸਰਕਾਰ ਅੰਮ੍ਰਿਤਪਾਲ ਸਿੰਘ ਨੂੰ ਤੁਰੰਤ ਅੱਤਵਾਦੀ ਐਲਾਨੇ ਅਤੇ ਉਸ ਦੀ ਜਥੇਬੰਦੀ ਵਾਰਿਸ ਪੰਜਾਬ ਅਤੇ ਏ ਕੇ ਐਫ ਨੂੰ ਨਸਲਵਾਦੀ ਜਥੇਬੰਦੀਆਂ ਐਲਾਨ ਕੇ ਤੁਰੰਤ ਪਾਬੰਦੀ ਲਗਾਈ ਜਾਵੇ।

ਇਸ ਦੇ ਨਾਲ ਹੀ ਸ਼ਿਵ ਸੈਨਾ ਉਧਵ ਬਾਲਾ ਸਾਹਿਬ ਠਾਕਰੇ ਪੰਜਾਬ ਪ੍ਰਦੇਸ਼ ਨੇ ਪੰਜਾਬ ਦੇ ਬੁੱਧੀਜੀਵੀਆਂ ਤੋਂ ਮੰਗ ਕੀਤੀ ਕਿ ਉਹ ਦੇਸ਼ ਦੇ ਇਨ੍ਹਾਂ ਗੱਦਾਰਾਂ ਦੇ ਖਿਲਾਫ ਡਟਣ ਕਿਉਂਕਿ ਸਾਡੇ ਪੰਜਾਬ ਨੇ ਪਹਿਲਾਂ ਹੀ 1984 ਦੇ ਅੱਤਵਾਦੀ ਕਾਲੇ ਦੌਰ ਸਮੇਂ ਬਹੁਤ ਨੁਕਸਾਨ ਝੱਲਿਆ ਹੈ। ਇਨ੍ਹਾਂ ਲੋਕਾਂ ਕਾਰਨ ਪੰਜਾਬ ਬਾਕੀ ਦੇਸ਼ ਨਾਲੋਂ 50 ਸਾਲ ਪਿੱਛੇ ਚਲਾ ਗਿਆ ਹੈ, ਪੰਜਾਬ ਦਾ ਕਾਰੋਬਾਰ, ਪੰਜਾਬ ਦੇ ਉਦਯੋਗ ਠੱਪ ਹੋ ਕੇ ਰਹਿ ਗਏ ਹਨ। ਦਹਿਸ਼ਤਗਰਦੀ ਦੇ ਡਰ ਕਾਰਨ ਵਪਾਰੀ ਵਰਗ ਅਤੇ ਉਦਯੋਗ ਦੂਜੇ ਰਾਜਾਂ ਵਿੱਚ ਚਲੇ ਗਏ। ਜਿਹੜੇ ਪੰਜਾਬ ਵਿੱਚ ਖੂਨ ਦੀ ਹੋਲੀ ਖੇਡ ਕੇ ਪੰਜਾਬ ਨੂੰ ਤੋੜਨ ਅਤੇ ਖਾਲਿਸਤਾਨ ਬਣਾਉਣ ਦੀ ਗੱਲ ਕਰਦੇ ਹਨ, ਉਨ੍ਹਾਂ ਨੂੰ ਸਾਡੇ ਦਸ ਗੁਰੂਆਂ ਦੇ ਦੱਸੇ ਮਾਰਗ 'ਤੇ ਚੱਲਣ ਦੀ ਸਲਾਹ ਦਿੰਦੇ ਹੋਏ ਸਿੱਖਾਂ ਅਤੇ ਪੰਜਾਬ ਦਾ ਸਿਰ ਉੱਚਾ ਰੱਖਣ ਲਈ ਕੰਮ ਕਰਨਾ ਚਾਹੀਦਾ ਹੈ।

ਅਕਾਲੀਆਂ 'ਤੇ ਵਰ੍ਹਦਿਆਂ ਯੋਗਰਾਜ ਸ਼ਰਮਾ ਨੇ ਕਿਹਾ ਕਿ ਇਨ੍ਹਾਂ ਦਾ ਕੋਈ ਧਰਮ ਨਹੀਂ, ਪੰਜਾਬ ਨੂੰ ਡੋਬਣ ਦਾ 80 ਫੀਸਦੀ ਕੰਮ ਅਕਾਲੀਆਂ ਨੇ ਹੀ ਕੀਤਾ ਹੈ, ਪਰ ਅੱਜ ਪੰਜਾਬ ਦੇ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਕਹਿ ਰਹੇ ਹਨ ਕਿ ਸਿੱਖਾਂ ਨਾਲ ਬੇਇਨਸਾਫੀ ਹੋ ਰਹੀ ਹੈ। ਉਨ੍ਹਾ ਪੰਜਾਬ ਦੇ ਡੀ ਜੀ ਪੀ ਸਾਹਿਬ ਗੌਰਵ ਯਾਦਵ ਅਤੇ ਪੰਜਾਬ ਪੁਲਸ ਦੀ ਸ਼ਲਾਘਾ ਕੀਤੀ।

# ਸਿੱਖ ਨੈਸ਼ਨਲ ਕਾਲਜ 'ਚ ਰੇਡੀਏਸ਼ਨ ਨਾਲ ਜੁੜੇ ਵਿਸ਼ੇ 'ਤੇ ਲੈਕਚਰ



ਧਾਲੀਵਾਲ-ਕਾਦੀਆਂ (ਮਨਦੀਪ ਸਿੰਘ ਵਿੱਕੀ)- ਸਿੱਖ ਨੈਸ਼ਨਲ ਕਾਲਜ ਕਾਦੀਆਂ ਦੇ ਭੌਤਿਕ ਵਿਗਿਆਨ ਵਿਭਾਗ ਵੱਲੋਂ ਕਾਲਜ ਪ੍ਰਿੰਸੀਪਲ ਡਾ. ਹਰਪ੍ਰੀਤ ਸਿੰਘ ਹੁੰਦਲ ਦੀ ਅਗਵਾਈ ਹੇਠ ਇੱਕ ਵਿਸ਼ੇਸ਼ ਲੈਕਚਰ ਰੇਡੀਏਸ਼ਨ ਪਾਰਟੀਕਲਜ਼ ਫਿਜ਼ੀਕਲ ਵਿਸ਼ੇ 'ਤੇ ਆਯੋਜਿਤ ਕੀਤਾ ਗਿਆ। ਇਸ ਲੈਕਚਰ 'ਚ ਰਿਸੋਰਸ ਪਰਸਨ ਵਜੋਂ ਡੀ ਏ ਵੀ ਕਾਲਜ ਅੰਮ੍ਰਿਤਸਰ ਦੇ ਭੌਤਿਕ ਵਿਗਿਆਨ ਵਿਭਾਗ ਦੇ ਪ੍ਰੋਫੈਸਰ ਨੀਰਜ ਕਾਲੀਆ ਅਤੇ ਪ੍ਰੋ ਮਨਪ੍ਰੀਤ ਕੌਰ ਕਾਲਜ ਕੈਂਪਸ ਅੰਦਰ ਪਹੁੰਚੇ। ਮਹਿਮਾਨ ਵਿਦਵਾਨਾਂ ਦਾ ਵਿਭਾਗ ਦੇ ਮੁਖੀ ਪ੍ਰੋਫੈਸਰ ਕੁਲਵਿੰਦਰ ਸਿੰਘ ਤੇ ਪ੍ਰੋ ਮਿਤਾਲੀ ਸਮੇਤ ਸਾਇੰਸ ਸੁਸਾਇਟੀ ਨਾਲ ਜੁੜੇ ਵਿਦਿਆਰਥੀਆਂ ਵੱਲੋਂ ਫੁੱਲਾਂ ਦੇ ਗੁਲਦਸਤੇ ਭੇਟ ਕਰਕੇ ਸਵਾਗਤ ਕੀਤਾ ਗਿਆ। ਪ੍ਰੋਫੈਸਰ ਕੁਲਵਿੰਦਰ ਸਿੰਘ ਨੇ ਮੰਚ ਦਾ ਸੰਚਾਲਨ ਕਰਦਿਆਂ ਵਿਦਵਾਨਾਂ ਦੀ ਵਿਦਿਆਰਥੀਆਂ ਨਾਲ ਜਾਣ ਪਛਾਣ ਕਰਵਾਈ ਤੇ ਰੇਡੀਏਸ਼ਨ ਪਾਰਟੀਕਲਜ਼ 'ਤੇ ਚਾਨਣਾ ਪਾਇਆ। ਮਾਹਰ ਵਿਦਵਾਨਾਂ ਨੇ ਸੰਬੋਧਨ ਕਰਦਿਆਂ ਭੌਤਿਕ ਵਿਗਿਆਨ ਤੇ ਰੇਡੀਏਸ਼ਨ ਪੈਦਾ ਕਰਨ ਤੇ ਇਸ ਨਾਲ ਜੁੜੇ ਵਿਸਤ੍ਰਿਤ ਕਾਰਜ ਨੂੰ ਅਣੂਆਂ ਦੇ ਇਕੱਤਰੀਕਰਨ ਉਪਰੰਤ ਹੁੰਦੀਆਂ ਕਿਰਿਆਵਾਂ ਆਦਿ ਨੂੰ ਵਿਦਿਆਰਥੀ ਵਰਗ ਨਾਲ ਸਾਂਝਾ ਕੀਤਾ।

ਵਿਦਿਆਰਥੀ ਵਰਗ ਵੱਲੋਂ ਸਵਾਲ-ਜਵਾਬ ਕੀਤੇ ਗਏ। ਕਾਲਜ ਪ੍ਰਿੰਸੀਪਲ ਡਾ. ਹਰਪ੍ਰੀਤ ਸਿੰਘ ਹੁੰਦਲ ਨੇ ਅਜਿਹੇ ਖੋਜ ਭਰਪੂਰ ਲੈਕਚਰਾਂ ਦਾ ਉਚੇਰੀ ਸਿੱਖਿਆ ਤੇ ਲਾਭਕਾਰੀ ਮਹੱਤਵ ਦੱਸਦਿਆਂ ਵਿਭਾਗ ਦੇ ਉਪਰਾਲੇ ਦੀ ਭਰਪੂਰ ਸ਼ਲਾਘਾ ਕੀਤੀ। ਪ੍ਰੋਫੈਸਰ ਕਲਵਿੰਦਰ ਸਿੰਘ ਨੇ ਮਹਿਮਾਨ ਵਿਦਵਾਨਾਂ ਦਾ ਵਿਸ਼ੇਸ਼ ਧੰਨਵਾਦ ਕੀਤਾ। ਇਸ ਮੌਕੇ ਪ੍ਰੋਫੈਸਰ ਮਿਤਾਲੀ, ਸਹਾਇਕ ਬਲਰਾਜ ਸਿੰਘ, ਅਮਨਦੀਪ ਸਿੰਘ, ਸਹਾਇਕ ਟੈਕਨੀਸ਼ੀਅਨ ਰਜਨੀਸ਼ ਕੁਮਾਰ ਤੇ ਸਾਇੰਸ ਕਲਾਸਾਂ ਦੇ ਵਿਦਿਆਰਥੀ ਹਾਜ਼ਰ ਸਨ।

# ਖੰਡਵਾਲਾ ਪੁਲਸ ਚੌਕੀ ਹਟਾਉਣ 'ਤੇ ਖੇਤਰ ਨਿਵਾਸੀਆਂ 'ਚ ਭਾਰੀ ਰੋਸ



ਅੰਮ੍ਰਿਤਸਰ (ਅਰੋੜਾ)- ਪੁਲਸ ਪ੍ਰਸ਼ਾਸਨ ਵੱਲੋਂ ਮਹਾਂਨਗਰ ਦੀਆਂ 17 ਪੁਲਸ ਚੌਕੀਆਂ ਅਚਾਨਕ ਹਟਾਉਣ 'ਤੇ ਨਗਰ ਵਾਸੀਆਂ ਵਿੱਚ ਭਾਰੀ ਰੋਸ ਦੇਖਣ ਨੂੰ ਮਿਲ ਰਿਹਾ ਹੈ। ਛੇਹਰਟਾ ਥਾਣਾ ਦੇ ਨੇੜੇ ਪੈਂਦੇ ਸੰਵੇਦਨਸ਼ੀਲ ਖੇਤਰਾਂ ਖੰਡਵਾਲਾ ਪੁਲਸ ਚੌਕੀ ਨੂੰ ਵੀ ਹਟਾ ਦਿੱਤਾ ਗਿਆ ਹੈ ਜਦਕਿ ਇਸ ਚੌਕੀ ਦੇ ਅਧੀਨ ਆਉਣ ਵਾਲੇ ਖੇਤਰ ਹਮੇਸ਼ਾ ਅਪਰਾਧਕ ਗਤੀਵਿਧੀਆਂ ਦਾ ਕੇਂਦਰ ਮੰਨੇ ਜਾਂਦੇ ਹਨ। ਇਸ ਸੰਬੰਧ ਵਿੱਚ ਖੰਡਵਾਲਾ ਮਾਰਕਿਟ ਯੂਨੀਅਨ ਦੇ ਪ੍ਰਧਾਨ ਨਰੇਸ਼ ਰਾਣਾ ਅਤੇ ਹੋਰ ਦੁਕਾਨਦਾਰਾਂ ਨੇ ਇੱਕ ਬੈਠਕ ਕਰਕੇ ਪੁਲਸ ਵੱਲੋਂ ਇਸ ਫੈਸਲੇ ਨੂੰ ਗਲਤ ਕਰਾਰ ਕਰਦੇ ਹੋਏ ਕਿਹਾ ਕਿ ਕਿਸੇ ਵੀ ਪੁਲਸ ਚੌਕੀ ਨੂੰ ਹਟਾਉਣ ਤੋਂ ਪਹਿਲਾਂ ਇਸ ਚੌਕੀ ਦੇ ਅਧੀਨ ਪੈਂਦੇ ਪ੍ਰਸ਼ਾਸਨ ਨੂੰ ਜਾਣ ਲੈਣਾ ਚਾਹੀਦਾ ਸੀ ਕਿ ਖੰਡਵਾਲਾ ਚੌਕੀ ਹਟਾਉਣ ਨਾਲ ਅਪਰਾਧਕ ਗਤੀਵਿਧੀਆਂ ਨੂੰ ਅੰਜਾਮ ਦੇਣ ਵਾਲੇ ਤੱਤਾਂ ਦੇ ਹੌਸਲੇ ਬੁਲੰਦ ਹੋਣਗੇ। ਲੁੱਟ ਖੋਹ, ਚੋਰੀਆਂ ਅਤੇ ਹੋਰ ਕਈ ਪ੍ਰਕਾਰ ਦੇ ਅਪਰਾਧ ਵਧਣਗੇ। ਉਨਾਂ ਪੁਲਸ ਪ੍ਰਸ਼ਾਸ਼ਨ ਤੋ ਮੰਗ ਕੀਤੀ ਹੈ ਕਿ ਇਨ੍ਹਾਂ ਅਦੇਸ਼ਾਂ ਨੂੰ ਵਾਪਸ ਲੈਣ ਅਤੇ ਖੰਡਵਾਲਾ ਚੌਕੀ ਦਾ ਕਾਰਜ ਉਸੇ ਪ੍ਰਕਾਰ ਚੱਲਦੇ ਰਹਿਣ ਦਾ ਆਦੇਸ਼ ਜਾਰੀ ਕਰਨ। ਇਸ ਮੌਕੇ ਡਾ. ਬਸੰਤ ਲਾਲ, ਸਵਰੂਪ ਚੰਦ, ਦਵਿੰਦਰ ਕੁਮਾਰ, ਗੋਲਡੀ ਪ੍ਰਧਾਨ, ਬਿੱਲਾ ਦੁੱਬਈ ਅਤੇ ਖੇਤਰ ਦੇ ਹੋਰ ਦੁਕਾਨਦਾਰ ਮੌਜੂਦ ਸਨ

# ਸ਼ਹੀਦ ਭਗਤ ਸਿੰਘ, ਰਾਜਗੁਰੂ, ਸੁਖਦੇਵ ਦੇ ਸ਼ਹੀਦੀ ਦਿਵਸ ਮੌਕੇ ਇਨਕਲਾਬੀ ਸ਼ਰਧਾਂਜਲੀਆਂ ਭੇਟ ਕੀਤੀਆਂ




ਬਟਾਲਾ (ਤਰਲੋਕ ਬੱਗਾ)-ਸ਼ਹੀਦ ਭਗਤ ਸਿੰਘ ਨੌਜਵਾਨ ਸਭਾ ਪੰਜਾਬ ਤਹਿਸੀਲ ਬਟਾਲਾ ਵੱਲੋਂ ਸੁਖਦੇਵ ਸਿੰਘ ਭੀਖੋਵਾਲੀ, ਸੁੱਚਾ ਮਸੀਹ ਵਿਰਕ ਦੀ ਅਗਵਾਈ ਹੇਠ ਸ਼ਹੀਦ ਭਗਤ ਸਿੰਘ, ਰਾਜਗੁਰੂ, ਸੁਖਦੇਵ ਦੇ ਸ਼ਹੀਦੀ ਦਿਵਸ ਮੌਕੇ ਇਨਕਲਾਬੀ ਸ਼ਰਧਾਂਜਲੀਆਂ ਭੇਟ ਕੀਤੀਆਂ ਗਈਆਂ। ਇਸ ਮੌਕੇ ਇਕੱਠ ਨੂੰ ਸੰਬੋਧਨ ਕਰਦਿਆਂ ਸ਼ਹੀਦ ਭਗਤ ਸਿੰਘ ਨੌਜਵਾਨ ਸਭਾ ਦੇ ਸੂਬਾਈ ਜਾਇੰਟ ਸਕੱਤਰ ਸ਼ਮਸ਼ੇਰ ਸਿੰਘ ਨਵਾਂ ਪਿੰਡ ਨੇ ਕਿਹਾ ਕਿ ਸ਼ਹੀਦੇ ਆਜ਼ਮ ਭਗਤ ਸਿੰਘ, ਰਾਜਗੁਰੂ, ਸੁਖਦੇਵ ਨੇ ਦੇਸ਼ ਨੂੰ ਅਜ਼ਾਦ ਕਰਵਾਉਣ ਲਈ ਆਪਣੀ ਕੁਰਬਾਨੀ ਦਿੱਤੀ ਅਤੇ ਸਾਮਰਾਜ ਨੂੰ ਦੇਸ਼ ਤੋਂ ਬਾਹਰ ਕੱਢ ਕੇ ਇਥੇ ਕਿਰਤੀ ਲੋਕਾਂ ਦਾ ਰਾਜ ਪ੍ਰਬੰਧ ਲਿਆਉਣਾ ਚਾਹੁੰਦੇ ਸਨ, ਜਿਸ ਵਿੱਚ ਸਭ ਲਈ ਮੁਫਤ ਸਿੱਖਿਆ, ਰੁਜ਼ਗਾਰ, ਸਿਹਤ ਸੇਵਾਵਾਂ , ਜਾਤ ਪਾਤ ਦਾ ਖਾਤਮਾ ,ਅਮੀਰੀ ਗਰੀਬੀ ਦੇ ਪਾੜੇ ਦਾ ਖਾਤਮਾ ਅਤੇ ਮਨੁੱਖ ਹੱਥੋਂ ਮਨੁੱਖ ਦੀ ਲੁੱਟ ਦੇ ਖਾਤਮੇ ਦੀ ਗੱਲ ਕੀਤੀ ਸੀ। ਪਰ ਦੇਸ਼ ਦੀ ਅਜ਼ਾਦੀ ਤੋਂ ਬਆਦ ਰਾਜਸੱਤਾ 'ਤੇ ਕਾਬਜ਼ ਹੋਈਆਂ ਸਰਕਾਰਾਂ ਦੀਆਂ ਲੋਕ ਵਿਰੋਧੀ ਨੀਤੀਆਂ ਕਾਰਨ ਦੇਸ਼ ਵਿੱਚ ਮਹਿੰਗਾਈ, ਬੇਰੁਜ਼ਗਾਰੀ, ਭੁੱਖਮਾਰੀ, ਭ੍ਰਿਸ਼ਟਾਚਾਰ, ਨਸ਼ੇ ਅਤੇ ਗੁੰਡਾਗਰਦੀ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ ਅਤੇ ਸਿੱਖਿਆ, ਸਿਹਤ ਸਹੂਲਤਾਂ ਆਮ ਲੋਕਾਂ ਦੀ ਪਹੁੰਚ ਤੋਂ ਬਾਹਰ ਜਾ ਚੁੱਕੀਆਂ ਹਨ। ਅੱਜ ਦੇ ਸ਼ਰਧਾਂਜਲੀ ਸਮਾਗਮ ਵਿੱਚ ਪੰਜਾਬ ਦੇ ਨੌਜਵਾਨਾਂ ਨੂੰ ਸ਼ਹੀਦ ਭਗਤ ਸਿੰਘ ਦੇ ਸੁਪਨਿਆਂ ਦਾ ਸਮਾਜ ਸਿਰਜਣ ਲਈ ਜਥੇਬੰਦ ਹੋ ਕੇ ਸੰਘਰਸ਼ ਕਰਨ ਦਾ ਸੱਦਾ ਦਿੱਤਾ।

ਇਸ ਮੌਕੇ ਜਗਤਾਰ ਸਿੰਘ ਮੁਗਲ, ਗੁਰਵਿੰਦਰ ਸਿੰਘ ਸ਼ੰਨੀ ਨਵਾਂ ਪਿੰਡ, ਸਾਹਿਲਪੀਤ ਸਿੰਘ ਭੀਖੋਵਾਲੀ, ਹਰਮਨਦੀਪ ਸਿੰਘ ਨਵਾਂ ਪਿੰਡ, ਸਾਗਰ ਭੀਖੋਵਾਲੀ, ਅਰਪਨ ਵਿਰਕ, ਮਨਪੀਤ ਸਿੰਘ ਭਾਗੋਵਾਲ, ਵਿਸ਼ਾਲ ਵਿਰਕ, ਅਭੈ ਨਵਾਂ ਪਿੰਡ, ਸਾਹਿਲਪੀਤ ਸਿੰਘ ਮੰਡਾਰ ਆਦਿ ਹਾਜ਼ਰ ਸਨ।

24-March-PAGE-12.qxd 3/23/2023 11:12 PM Page 1



# ਵੱਖ-ਵੱਖ ਥਾਈਂ 23 ਮਾਰਚ ਦੇ ਸ਼ਹੀਦਾਂ ਨੂੰ ਸ਼ਰਧਾਂਜਲੀਆਂ ਭੇਟ






ਜਲੰਧਰ



ਗਹਿਰੀ ਮੰਡੀ



ਸੁਲਤਾਨਪੁਰ ਲੋਧੀ

**ਕਰਤਾਰਪੁਰ (ਹਰਮੇਸ਼ ਦੱਤ)**-ਸੰਤ ਬਾਬਾ ਨਿਧਾਨ ਸਿੰਘ ਜੀ ਪਬਲਿਕ ਸਕੂਲ ਕਰਤਾਰਪੁਰ ਵਿਖੇ ਸ਼ਹੀਦੇ ਆਜ਼ਮ ਭਗਤ ਸਿੰਘ ਦੇ ਬਲਿਦਾਨ ਦਿਵਸ ਮੌਕੇ 'ਤੇ ਸ਼ਰਧਾਂਜਲੀ ਭੇਟ ਕੀਤੀ ਗਈ। ਪ੍ਰਿੰਸੀਪਲ ਮੈਡਮ ਕੰਵਲਜੀਤ ਕੌਰ ਨੇ ਵਿਦਿਆਰਥੀਆਂ ਨੂੰ ਸ਼ਹੀਦੇ ਆਜ਼ਮ ਭਗਤ ਸਿੰਘ ਦੇ ਦਿਖਾਏ ਗਏ ਮਾਰਗ 'ਤੇ ਚੱਲਣ ਲਈ ਪ੍ਰੇਰਿਤ ਕੀਤਾ। ਵਿਦਿਆਰਥੀਆਂ ਨੇ ਕਵਿਤਾ ਉਚਾਰਣ ਅਤੇ ਭਾਸ਼ਣ ਦੁਆਰਾ ਸ਼ਹੀਦੇ ਆਜਮ ਦੇ ਜੀਵਨ 'ਤੇ ਚਾਨਣਾ ਪਾਇਆ। ਇਸ ਮੌਕੇ ਚੇਅਰਪਰਸਨ ਮੈਡਮ ਸੁਰਿੰਦਰ ਕੌਰ, ਡਾ. ਚਰਨ ਸਿੰਘ, ਡਾ. ਪਿਆਰਾ ਸਿੰਘ, ਮਨਦੀਪ ਕੌਰ, ਸਤਨਾਮ ਸਿੰਘ, ਸਕੂਲ ਸਟਾਫ ਅਤੇ ਵਿਦਿਆਰਥੀ ਹਾਜਰ ਸਨ।

**ਗਹਿਰੀ ਮੰਡੀ (ਮਨਜੀਤ ਸਿੰਘ ਮਿੰਟੂ)**-23 ਮਾਰਚ ਦੇ ਸ਼ਹੀਦਾਂ ਨੂੰ ਸਲਾਮ ਕਰਨ ਲਈ ਪੰਜਾਬ ਕਿਸਾਨ ਯੂਨੀਅਨ ਵੱਲੋਂ ਪਿੰਡ ਮੂਧਲ 'ਚ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਸ਼ਹੀਦ ਭਗਤ ਸਿੰਘ, ਰਾਜਗੁਰੂ, ਸੁਖਦੇਵ ਦੀ ਯਾਦ ਵਿੱਚ ਇਕੱਤਰ ਹੋ ਕੇ ਸ਼ਹੀਦ ਭਗਤ ਸਿੰਘ ਦੇ ਬੁੱਤ 'ਤੇ ਹਾਰ ਪਾ ਕੇ ਸ਼ਰਧਾਂਜਲੀਆਂ ਭੇਟ ਕੀਤੀਆਂ ਗਈਆਂ । ਪਿੰਡ ਮੂਧਲ ਦੇ ਸਰਪੰਚ ਗੁਰਕੀਰਤ ਸਿੰਘ ਸਰਕਾਰੀਆ ਨੇ ਸ਼ਹੀਦ ਭਗਤ ਸਿੰਘ ਹੋਰਾਂ ਦੇ ਅਜ਼ਾਦੀ 'ਚ ਪਾਏ ਵੱਡਮੁੱਲੇ ਯੋਗਦਾਨ ਨੂੰ ਯਾਦ ਕਰਵਾਇਆ ਤੇ ਸ਼ਰਧਾ ਦੇ ਫੁੱਲ ਭੇਟ ਕੀਤੇ । ਪੰਜਾਬ ਕਿਸਾਨ ਯੂਨੀਅਨ ਦੇ ਜ਼ਿਲਾ ਅੰਮਿਤਸਰ ਦੇ ਪ੍ਰਧਾਨ ਥਲੀ ਸਿੰਘ ਮੂਧਲ ਨੇ ਸ਼ਰਧਾਂਜਲੀ ਭੇਟ ਕਰਦਿਆ ਦੱਸਿਆ ਕਿ ਸ਼ਹੀਦ ਭਗਤ ਸਿੰਘ, ਰਾਜਗੁਰੂ, ਸੁਖਦੇਵ ਦੇ ਸੁਪਨਿਆਂ ਵਾਲੇ ਸਮਾਜ ਸਿਰਜਣ ਲਈ ਸ਼ਹੀਦਾਂ ਦੀ ਸੋਚ ਲੋਕਾਂ ਤੱਕ ਲੈ ਕੇ ਜਾਣ ਦੀ ਅਤਿ ਜ਼ਿਆਦਾ ਲੋੜ ਹੈ। ਪੰਜਾਬ ਕਿਸਾਨ ਯੂਨੀਅਨ ਦੇ ਆਗੂ ਬਲਬੀਰ ਸਿੰਘ ਮੂਧਲ ਨੇ ਵੀ ਸ਼ਹੀਦਾਂ ਦੇ ਸ਼ਰਧਾ ਦੇ ਫੁੱਲ ਭੇਟ ਕੀਤੇ । ਸ਼ਰਧਾਂਜਲੀ ਭੇਟ ਕਰਨ ਵਾਲਿਆਂ 'ਚ ਹੋਰਨਾਂ ਤੋਂ ਇਲਾਵਾ ਕਾਮਰੇਡ ਸਰਬਜੀਤ ਸਿੰਘ, ਨੰਬਰਦਾਰ ਹਰਸਿਮਰਨ ਸਿੰਘ, ਸੰਮਤੀ ਮੈਂਬਰ ਸਵਿੰਦਰ ਸਿੰਘ, ਬਲਦੇਵ ਸਿੰਘ ਕਠਾਣੀਆ, ਇਕਬਾਲ ਸਿੰਘ ਮੈਂਬਰ, ਨਿਸ਼ਾਨ ਸਿੰਘ ਮੂਧਲ, ਲਖਵਿੰਦਰ ਸਿੰਘ ਕਲੋਨੀ ਮੂਧਲ, ਬਿੱਲਾ ਕਲੋਨੀ, ਬਲਦੇਵ ਸਿੰਘ ਸਰਕਾਰੀਆ, ਨਿੰਦਰ ਸਿੰਘ ਮੂਧਲ, ਪ੍ਰਿਤਪਾਲ ਸਿੰਘ, ਬਲਜੀਤ ਸਿੰਘ ਨੰਬਰਦਾਰ, ਮਲਕੀਤ ਸਿੰਘ, ਬੰਟੀ ਮੂਧਲ ਆਦਿ ਹਾਜ਼ਰ ਸਨ।

**ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ, ਰਾਜਵੀਰ ਸਿੰਘ)** ਸ਼ਹੀਦ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੇ ਸ਼ਹੀਦੀ ਦਿਹਾੜੇ ਨੂੰ ਭਾਰਤੀ ਜਨਤਾ ਪਾਰਟੀ ਦੇ ਵਰਕਰਾਂ ਵੱਲੋਂ ਬੜੀ ਸ਼ਰਧਾ ਪੂਰਵਕ ਮਨਾਇਆ ਗਿਆ। ਇਸ ਮੌਕੇ ਤਲਵੰਡੀ ਚੌਧਰੀਆਂ ਵਿਖੇ ਭਗਤ ਸਿੰਘ ਚੌਂਕ ਵਿੱਚ ਸ਼ਹੀਦ-ਏ-ਆਜ਼ਮ ਭਗਤ ਸਿੰਘ ਦੇ ਬੁੱਤ ਤੇ ਹਾਰ ਪਾ ਕੇ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਭਾਰਤੀ ਜਨਤਾ ਪਾਰਟੀ ਦੇ ਜ਼ਿਲ੍ਹਾ ਉਪ ਪ੍ਰਧਾਨ ਅਤੇ ਹਲਕਾ ਇੰਚਾਰਜ ਕਰਨਜੀਤ ਸਿੰਘ ਆਹਲੀ, ਤਲਵੰਡੀ ਚੌਧਰੀਆਂ ਸਰਕਲ ਦੇ ਪ੍ਰਧਾਨ ਸ਼ਮਸ਼ੇਰ ਸਿੰਘ ਸ਼ੇਰਾ ਅਤੇ ਸਮੂਹ ਵਰਕਰਾਂ ਨੇ ਭੇਂਟ ਕੀਤੇ । ਸ਼ਹੀਦਾਂ ਨੂੰ ਸਮਰਪਿਤ ਨਾਅਰੇ ਵੀ ਲਗਾਏ। ਹਲਕਾ ਇੰਚਾਰਜ ਕਰਨਜੀਤ ਸਿੰਘ ਆਹਲੀ ਨੇ ਦੇਸ਼ ਦੇ ਸ਼ਹੀਦਾਂ ਨੂੰ ਯਾਦ ਕਰਦਿਆਂ ਕਿਹਾ ਹੈ ਕਿ ਦੇਸ਼ ਸ਼ਹੀਦ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੀਆਂ ਕੁਰਬਾਨੀਆਂ ਨੂੰ ਹਮੇਸ਼ਾ ਯਾਦ ਰੱਖੇਗਾ। ਉਹਨਾਂ ਨੇ ਕਿਹਾ ਕਿ ਭਾਰਤ ਦੀ ਆਜ਼ਾਦੀ ਦੀ ਲੜਾਈ ਵਿੱਚ ਸ਼ਹੀਦ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਨੇ ਅਹਿਮ ਭੂਮਿਕਾ ਨਿਭਾਈ। ਉਹਨਾਂ ਨੂੰ ਦੇਖ ਕੇ ਬਹੁਤ ਸਾਰੇ ਨੌਜਵਾਨਾਂ ਨੇ ਕ੍ਰਾਂਤੀਕਾਰੀ ਰਾਹ ਅਪਣਾਇਆ ਅਤੇ ਦੇਸ਼ ਨੂੰ ਆਜਾਦ ਕਰਵਾਉਣ ਵਿਚ ਆਪਣਾ ਅਹਿਮ ਯੋਗਦਾਨ ਪਾਇਆ। ਉਹਨਾਂ ਕਿਹਾ ਕਿ ਭਗਤ ਸਿੰਘ ਨੇ ਮਹਿਜ 23 ਸਾਲਾਂ ਦਾ ਸੀ ਜਦੋਂ ਫਾਂਸੀ ਦਿੱਤੀ ਗਈ ਸੀ। ਉਸ ਦੇ ਵਿਚਾਰਾਂ ਨੇ ਲੱਖਾਂ ਹੀ ਭਾਰਤੀ ਨੌਜਵਾਨਾਂ ਨੂੰ ਆਜ਼ਾਦੀ ਦੀ ਲੜਾਈ ਲੜਨ ਲਈ ਪ੍ਰੇਰਿਤ ਕੀਤਾ। ਉਨ੍ਹਾਂ ਕਿਹਾ ਕਿ ਸਾਨੂੰ ਹਮੇਸ਼ਾ ਹੀ ਸ਼ਹੀਦਾਂ ਦਾ ਸਨਮਾਨ ਕਰਨਾ ਚਾਹੀਦਾ ਹੈ। ਇਸ ਮੌਕੇ ਸੁਰਿੰਦਰ ਤੁੜ ਜਰਨਲ ਸੈਕਟਰੀ ਹਰਜਿੰਦਰ ਪੰਡਤ ਜਰਨਲ ਸਕੱਤਰ ਸਰਕਲ ਕਬੀਰਪੁਰ, ਜਸਵਿੰਦਰ ਸਿੰਘ ਝੰਡੂਵਾਲਾ, ਕੁਲਦੀਪ ਸਿੰਘ ਸਾਹੀ, ਗਗਨਦੀਪ ਸਿੰਘ ਤਲਵੰਡੀ, ਬਲਜੀਤ ਸਿੰਘ ਬਿੱਲਾ, ਕੁਲਵਿੰਦਰ ਸਿੰਘ ਕਿੰਦਾ, ਰੂਬਲ ਸਾਹੀ, ਜਗਰੂਪ ਸਿੰਘ ਤਲਵੰਡੀ, ਲਵ ਬਿਧੀਪੁਰ, ਚਰਨਜੀਤ ਤਲਵੰਡੀ, ਨੋਨਾ ਤਲਵੰਡੀ, ਸੰਦੀਪ ਮਸੀਤਾਂ , ਪਰਮਜੀਤ ਦੀਪੇਵਾਲ ਬਲਵਿੰਦਰ ਸਿੰਘ ਮੁੱਲਾਂਕਾਲਾ, ਰਾਜਬੀਰ ਸਿੰਘ ਤਕੀਆਂ ਅਤੇ ਵੱਡੀ ਗਿਣਤੀ ਕਿ ਭਾਰਤੀ ਜਨਤਾ ਪਾਰਟੀ ਦੇ ਵਰਕਰ ਮੌਜੂਦ ਸਨ।

**ਜਲੰਧਰ (ਇਕਬਾਲ ਸਿੰਘ ਉੱਭੀ)**- ਪੀ.ਸੀ.ਐਮ.ਐਸ.ਡੀ.ਕਾਲਜ ਫਾਰ ਵੂਮੈਨ ਵਿਖੇ ਸ਼ਹੀਦ ਭਗਤ ਸਿੰਘ, ਸੁਖਦੇਵ ਥਾਪਰ ਅਤੇ ਸ਼ਿਵਰਾਮ ਰਾਜਗੁਰੂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ। ਹਿਸਟਰੀ ਵਿਭਾਗ, ਪੰਜਾਬੀ ਵਿਭਾਗ ਅਤੇ ਐਨ.ਸੀ.ਸੀ. ਟੀਮ ਵੱਲੋਂ ਕਵਿਤਾ ਉਚਾਰਨ, ਸਲੋਗਨ ਰਾਈਟਿੰਗ ਅਤੇ ਨਾਟਕ ਸਮੇਤ ਵੱਖ-ਵੱਖ ਗਤੀਵਿਧੀਆਂ ਕਰਵਾਈਆਂ ਗਈਆਂ। ਆਜ਼ਾਦੀ ਘੁਲਾਟੀਆਂ ਦੀ ਕੁਰਬਾਨੀ ਨੂੰ ਯਾਦ ਕਰਨ ਲਈ ਕਾਲਜ ਦੇ ਸਾਰੇ ਵਿਭਾਗਾਂ ਦੇ ਵਿਦਿਆਰਥੀਆਂ ਨੇ ਗਤੀਵਿਧੀਆਂ ਵਿੱਚ ਬੜੇ ਉਤਸ਼ਾਹ ਨਾਲ ਭਾਗ ਲਿਆ ਅਤੇ ਪ੍ਰੇਰਨਾਦਾਇਕ ਕਵਿਤਾਵਾਂ ਅਤੇ ਦੇਸ਼ ਭਗਤੀ ਦੇ ਗੀਤ ਪੇਸ਼ ਕੀਤੇ। ਇਨ੍ਹਾਂ ਤਿੰਨਾਂ ਨਾਇਕਾਂ ਦੇ ਪ੍ਰੇਰਨਾਦਾਇਕ ਜੀਵਨ 'ਤੇ ਵੀ ਨਾਟਕ ਰਾਹੀਂ ਚਾਨਣਾ ਪਾਇਆ ਗਿਆ। ਪ੍ਰਿੰਸੀਪਲ ਪ੍ਰੋ.(ਡਾ.) ਪੂਜਾ ਪਰਾਸ਼ਰ ਨੇ ਕਿਹਾ ਕਿ ਸਾਡੀ ਕੌਮ ਦੇ ਨੌਜਵਾਨਾਂ ਨੂੰ ਸ਼ਹੀਦ ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਦੇ ਅਟੱਲ ਜਜ਼ਬੇ ਤੋਂ ਜਾਣੂ ਹੋਣਾ ਚਾਹੀਦਾ ਹੈ ਜੋ ਆਪਣੇ ਇਰਾਦੇ ਅਤੇ ਅਭਿਲਾਸ਼ਾ 'ਤੇ ਅਡੋਲ ਰਹੇ, ਇੱਥੋਂ ਤੱਕ ਕਿ ਜਦੋਂ ਬਸਤੀਵਾਦ ਨੇ ਪੂਰੀ ਤਰ੍ਹਾਂ ਅਧੀਨਗੀ ਦੀ ਮੰਗ ਕੀਤੀ ਅਤੇ ਆਪਣੀ ਮਾਤ ਭੂਮੀ ਦੀ ਇੱਜਤ ਨੂੰ ਸੁਰੱਖਿਅਤ ਰੱਖਣ ਲਈ ਸਾਰੀਆਂ ਮੁਸ਼ਕਲਾਂ ਦੇ ਵਿਰੁੱਧ ਗਏ। ਇਸ ਮੌਕੇ ਆਪਣੇ ਸੰਦੇਸ਼ ਵਿੱਚ ਪ੍ਰਧਾਨੀ ਨਰੇਸ਼ ਕੁਮਾਰ ਬੁਧੀਆ, ਸੀਨੀਅਰ ਮੀਤ ਪ੍ਰਧਾਨ ਵਿਨੋਦ ਦਾਦਾ , ਪ੍ਰਬੰਧਕ ਕਮੇਟੀ ਦੇ ਹੋਰ ਪਤਵੰਤੇ ਮੈਂਬਰਾਂ ਨੇ ਕਿਹਾ ਕਿ ਆਜ਼ਾਦੀ ਮਨੁੱਖੀ ਜੀਵਨ ਦੀ ਸਭ ਤੋਂ ਕੀਮਤੀ ਚੀਜ ਹੈ ਅਤੇ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਵਰਗੇ ਸਤਿਕਾਰਯੋਗ ਚਿੰਨ੍ਹ ਹਮੇਸ਼ਾ ਆਉਣ ਵਾਲੀਆਂ ਪੀੜ੍ਹੀਆਂ ਨੂੰ ਪ੍ਰੇਰਨਾ ਦਿੰਦੇ ਰਹਿਣਗੇ।

**ਜਲੰਧਰ (ਸ਼ੈਲੀ ਐਲਬਰਟ)**-ਆਈ.ਕੇ. ਗੁਜਰਾਲ ਪੰਜਾਬ ਟੈਕਨੀਕਲ ਯੂਨੀਵਰਸਿਟੀ (ਆਈ.ਕੇ.ਜੀ ਪੀ.ਟੀ.ਯੂ) ਵਿਖੇ ਸ਼ਹੀਦ-ਏ-ਆਜ਼ਮ ਭਗਤ ਸਿੰਘ, ਰਾਜਗੁਰੂ, ਸੁਖਦੇਵ ਦੀ ਸ਼ਹਾਦਤ ਨੂੰ ਯਾਦ ਕੀਤਾ ਗਿਆ । ਯੂਨੀਵਰਸਿਟੀ ਦੇ ਸੈਮੀਨਾਰ ਹਾਲ ਵਿੱਚ ਕਰਵਾਏ ਗਏ ਸਮਾਗਮ ਵਿੱਚ ਸ਼ਹੀਦਾਂ ਨੂੰ ਸਲਾਮ ਕਰਦਿਆਂ ਉਨ੍ਹਾਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ। ਰਜਿਸਟਰਾਰ ਡਾ. ਐਸ.ਕੇ.ਮਿਸ਼ਰਾ ਦੀ ਅਗਵਾਈ ਹੇਠ ਯੂਨੀਵਰਸਿਟੀ ਦੇ ਸਮੂਹ ਸਟਾਫ਼, ਫੈਕਲਟੀ ਅਤੇ ਵਿਦਿਆਰਥੀਆਂ ਵੱਲੋਂ ਰਾਸ਼ਟਰੀ ਏਕਤਾ ਦਾ ਗੁਣਗਾਨ ਕੀਤਾ ਗਿਆ। ਸਮਾਗਮ ਵਿੱਚ ਰਜਿਸਟਰਾਰ ਡਾ. ਮਿਸ਼ਰਾ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ । ਸਮਾਗਮ ਵਿੱਚ ਸਵਾਗਤੀ ਭਾਸ਼ਣ ਫੈਕਲਟੀ ਮੈਂਬਰ ਡਾ. ਚੰਦਰ ਪ੍ਰਕਾਸ਼ ਵੱਲੋਂ ਪੜ੍ਹਿਆ ਗਿਆ । ਡੀਨ ਵਿਦਿਆਰਥੀ ਭਲਾਈ ਪ੍ਰੋ. (ਡਾ.) ਗੌਰਵ ਭਾਰਗਵ ਵੱਲੋਂ ਮੰਚ ਤੋਂ ਸਦਭਾਵਨਾ, ਰਾਸ਼ਟਰ ਨਿਰਮਾਣ, ਦੇਸ਼ ਭਗਤੀ ਅਤੇ ਦੇਸ਼ ਹਿੱਤ ਵਿੱਚ ਕੰਮ ਕਰਨ ਸਬੰਧੀ ਆਪਣਾ ਸੰਦੇਸ਼ ਦਿੱਤਾ ਗਿਆ! ਸਟੇਜ ਦਾ ਸੰਚਾਲਨ ਸਹਾਇਕ ਪ੍ਰੋਫ਼ੈਸਰ ਡਾ. ਸਰਬਜੀਤ ਮਾਨ ਨੇ ਕੀਤਾ ਜਦੋਂ ਕਿ ਵਿਦਿਆਰਥੀਆਂ ਨੂੰ ਰਾਸ਼ਟਰ ਭਗਤੀ ਦੇ ਸੱਭਿਆਚਾਰਕ ਸਮਾਗਮ ਦੀ ਤਿਆਰੀ ਸਹਾਇਕ ਡਾਇਰੈਕਟਰ ਸੱਭਿਆਚਾਰਕ ਮਾਮਲੇ ਸਮੀਰ ਸ਼ਰਮਾ ਵੱਲੋਂ ਕਰਵਾਈ ਗਈ।

**ਮੋਰਿੰਡਾ ( ਜੈਜੀ ਸਰਦਾਰ)**- ਮਜਦੂਰ ਮੁਲਾਜਮ ਤਾਲਮੇਲ ਕੇਂਦਰ ਬਲਾਕ ਮੋਰਿੰਡਾ ਵੱਲੋਂ ਸ਼ਹੀਦਾਂ ਨੂੰ ਸ਼ਰਧਾਂਜਲੀ ਦੇਣ ਲਈ ਸਮਾਗਮ ਕਰ ਕੇ ਸ਼ਹਿਰ ਵਿਚ ਮਾਰਚ ਕੀਤਾ ਜਿਸ ਦੀ ਅਗਵਾਈ ਤਾਲਮੇਲ ਕੇਂਦਰ ਦੇ ਕਨਵੀਨਰ ਜਗਦੀਸ਼ ਕੁਮਾਰ ਨੇ ਕੀਤੀ। ਇਸ ਸਮਾਗਮ ਵਿੱਚ ਵੱਖ ਵੱਖ



ਜਲੰਧਰ



ਭੋਗਪੁਰ

ਜਥੇਬੰਦੀਆਂ ਦੇ ਆਗੂ ਅਤੇ ਵਰਕਰ ਸ਼ਾਮਲ ਹੋਏ। ਤਾਲਮੇਲ ਕੇਂਦਰ ਦੇ ਕੋ-ਕਨਵੀਨਰ ਭਾਗ ਸਿੰਘ ਨੇ ਦੱਸਿਆ ਕੇ ਸਾਡੇ ਮਹਾਨ ਕੌਮੀ ਸ਼ਹੀਦ ਸ: ਭਗਤ ਸਿੰਘ ਰਾਜਗੁਰੂ-ਸੁਖਦੇਵ ਨੇ ਭਾਰਤ ਦੀ ਮਿਹਨਤਕਸ਼ ਕੌਮ ਦੀ ਮੁਕਤੀ ਲਈ ਮਨੁੱਖ ਹੱਥੋਂ ਮਨੁੱਖ ਦੀ ਲੁੱਟ ਰਹਿਤ ਬਰਾਬਰੀ ਵਾਲੇ ਸਮਾਜ ਦੀ ਸਥਾਪਨਾ ਤੇ ਜਮੀਨ ਦੀ ਕਾਣੀ ਵੰਡ ਖਤਮ ਕਰਨ ਲਈ ਸਾਮਰਾਜੀ ਅੰਗਰੇਜੀ ਹਕੂਮਤ ਅਤੇ ਉਹਨਾਂ ਦੇ ਦੇਸੀ ਧਨਾਢ ਤੇ ਜਗੀਰਦਾਰ ਪਿੱਠੂਆਂ ਖਿਲਾਫ ਸੰਘਰਸ਼ ਕਰਦਿਆਂ ਅਤੇ ਫਾਂਸੀ ਦੇ ਫੰਦਿਆਂ ਨੂੰ ਗਲਾਂ ਵਿਚ ਪੁਆ ਲਿਆ। ਪਰ ਗੱਦੀ 'ਤੇ ਬਿਰਾਜਮਾਨ ਹੋਏ ਭਾਰਤੀ ਹਾਕਮਾਂ ਨੇ ਸਾਮਰਾਜ ਕਾਰਪੋਰੇਟ ਘਰਾਣਿਆਂ ਦੀ ਚਾਕਰੀ ਕੀਤੀ ਅਤੇ ਉਹਨਾਂ ਦੇ ਮੁਨਾਫਿਆਂ ਵਿਚ ਵਾਧੇ ਲਈ ਨਿੱਜੀਕਰਨ ਉਦਾਰੀਕਰਨ ਅਤੇ ਸੰਸਰੀਕਰਨ ਨੀਤੀਆਂ ਲਾਗੂ ਕਰਕੇ ਕਿਸਾਨਾਂ -ਮਜਦੂਰਾਂ ਨੂੰ ਮਿਲਦੀਆਂ ਸਬਸਿਡੀਆਂ/ਸਹੂਲਤਾਂ ਬੰਦ ਕਰਨ, ਮੁਲਾਜਮਾਂ ਨੂੰ ਮਿਲਦੀਆਂ ਆਰਥਿਕ ਰਿਆਇਤਾਂ ਤੇ ਪੈਨਸ਼ਨਾਂ ਖੋਹਣ ਅਤੇ ਪੱਕੀ ਭਰਤੀ ਨਾ ਕਰਕੇ ਰੱਤ ਨਿਚੋੜੂ ਠੇਕਾ ਪ੍ਰਣਾਲੀ ਤੇਜੀ ਨਾਲ ਲਾਗੂ ਕਰਨੀ ਸ਼ੁਰੂ ਕਰ ਦਿੱਤੀ ਹੈ। ਬੇਰੁਜਗਾਰ ਨੂੰ ਰੁਜਗਾਰ ਨਾ ਦੇ ਕੇ ਨਸ਼ੇ ਦੀ ਦਲਦਲ ਵਿੱਚ ਧੱਕਿਆ ਜਾ ਰਿਹਾ ਹੈ। ਸੰਘਰਸ਼ ਕਰਨ ਦੇ ਜਮਹੂਰੀ ਅਧਿਕਾਰ ਨੂੰ ਕੁਚਲਿਆ ਜਾ ਰਿਹਾ ਹੈ। ਵੱਖ ਵੱਖ ਵੰਨਗੀ ਦੀਆਂ ਹਾਕਮ ਸਰਕਾਰਾਂ ਇਕ ਪਾਸੇ 23 ਮਾਰਚ ਦੇ ਸ਼ਹੀਦਾਂ ਨੂੰ ਕੌਮੀ ਸ਼ਹੀਦ ਨਹੀਂ ਮੰਨਦੀਆਂ ਤੇ ਦੂਜੇ ਪਾਸੇ ਲੋਕਾਂ ਨੂੰ ਵਰਗਲਾਉਣ ਲਈ ਉਨ੍ਹਾਂ ਦੇ ਗਲਾਂ ਵਿੱਚ ਹਾਰ ਪਾ ਕੇ ਵੋਟਾਂ ਦਾ ਲਾਹਾ ਲੈਂਦੀਆਂ ਹਨ। ਇਸ ਦੇ ਨਾਲ ਹੀ ਅਪਣੀਆਂ ਹੱਕੀ ਮੰਗਾਂ ਲਈ ਸੰਘਰਸ਼ ਕਰ ਰਹੇ ਕਿਸਾਨਾਂ ਮਜਦੂਰਾਂ ਮੁਲਾਜਮਾਂ ਦਾ ਸੰਘਰਸ਼ ਤੋਂ ਧਿਆਨ ਭੜਕਾਉਣ ਤੇ ਉਨ੍ਹਾਂ ਦੀ ਏਕਤਾ ਵਿੱਚ ਚੀਰਾ ਦੇਣ ਲਈ ਸ਼ਹੀਦ ਭਗਤ ਸਿੰਘ ਤੇ ਹੋਰ ਸ਼ਹੀਦੀ ਯੋਧਿਆਂ ਖਿਲਾਫ ਫਿਰਕੂ ਅਤੇ ਨਫਰਤੀ ਟਿੱਪਣੀਆਂ ਕੀਤੀਆਂ ਜਾ ਰਹੀਆਂ ਹਨ ਅਤੇ ਫਿਰਕੂ ਅਨਸਰਾਂ ਨੂੰ ਸਸਕੇਰਕੇ ਮਿਹਨਤਕਸ਼ ਲੋਕਾਂ ਨੂੰ ਆਪਸ ਵਿੱਚ ਲੜਾਉਣ ਦਾ ਪੱਤਾ ਖੇਡਿਆ ਜਾ ਰਿਹਾ ਹੈ। ਸ਼ਰਧਾਜਲੀ ਸਮਾਗਮ ਵਿੱਚ ਬੁਲਾਰੇ ਆਗੂਆਂ ਨੇ ਆਪਸੀ ਭਾਈਚਾਰਕ ਸਾਂਝ ਨੂੰ ਮਜਬੂਤ ਕਰਨ ਅਤੇ ਇਸ ਵਿੱਚ ਤਰੇੜਾਂ ਨਾ ਪੈਣ ਦੇਣ ਲਈ ਸੁਚੇਤ ਰਹਿਣ ਦਾ ਸੱਦਾ ਦਿੱਤਾ । ਸ਼ਰਧਾਜਲੀ ਸਮਾਗਮ ਨੂੰ ਮਿਉਂਸਪਲ ਇੰਪ: ਯੂਨੀਅਨ ਦੇ ਪ੍ਰਧਾਨ ਜਤਿੰਦਰ ਸਿੰਘ ਟੈਕਨੀਕਲ ਸਰਵਿਸ ਯੂਨੀਅਨ ਦੇ ਸਰਕਲ ਪ੍ਰਧਾਨ ਦਵਿੰਦਰ ਸਿੰਘ ਤੇ ਸਤੀਸ਼ ਕੁਮਾਰ ਪਾਵਰਕਾਮ ਐਂਡ ਟ੍ਰਾਸੋਕ ਠੇਕਾ ਮੁਲਾਜਮ ਯੂਨੀਅਨ ਦੇ ਸੂਬਾ ਪ੍ਰਧਾਨ ਬਲਿਹਾਰ ਸਿੰਘ ਤੇ ਸਰਕਲ ਸੀਨੀਅਰ ਮੀਤ ਪ੍ਰਧਾਨ ਜੰਗ ਸਿੰਘ, ਜਲ ਸਪਲਾਈ ਅਤੇ ਸੈਨੀਟੇਸ਼ਨ ਕੰਟਰੈਕਟ ਵਰਕਰ ਯੂਨੀਅਨ ਦੇ ਪ੍ਰਧਾਨ ਮਨਦੀਪ ਸਿੰਘ ਪੈਨਸ਼ਨ ਐਸੋਸੀਏਸ਼ਨ ਦੇ ਪ੍ਰਧਾਨ ਹਰਭਜਨ ਤੇ ਅਵਤਾਰ ਸਿੰਘ ਜਲ ਸਪਲਾਈ ਐਂਡ ਸੀਵਰੇਜ ਬੋਰਡ ਦੇ ਪ੍ਰਧਾਨ ਨਰਿੰਦਰ ਸ਼ਰਮਾ ਨੇ ਸੰਬੋਧਨ ਕੀਤਾ।

**ਜਲੰਧਰ (ਸ਼ੈਲੀ ਐਲਬਰਟ)**-ਇਨੋਸੈਂਟ ਹਾਰਟਸ ਕਾਲਜ ਆਫ਼ ਐਜੂਕੇਸ਼ਨ, ਜਲੰਧਰ ਦੀ ਐਨਐਸਐਸ ਯੂਨਿਟ ਨੇ ਭਵਿੱਖ ਦੇ ਅਧਿਆਪਕਾਂ ਵਿੱਚ ਦੇਸ਼-ਭਗਤੀ ਦੀ ਭਾਵਨਾ ਨੂੰ ਸੁਰਜੀਤ ਕਰਨ ਅਤੇ ਸਾਥੀ ਕ੍ਰਾਂਤੀਕਾਰ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਨੂੰ ਸ਼ਰਧਾਂਜਲੀ ਦੇਣ ਲਈ ਸ਼ਹੀਦੀ ਦਿਵਸ ਮਨਾਇਆ। ਉਨ੍ਹਾਂ ਦੀਆਂ ਨੈਤਿਕ ਕਦਰਾਂ-ਕੀਮਤਾਂ ਨੂੰ ਯਾਦ ਕਰਨ ਅਤੇ ਉਨ੍ਹਾਂ ਦੇ ਪ੍ਰੇਰਨਾਦਾਇਕ ਹਵਾਲੇ ਜਿਵੇਂ ਕਿ ਇਨਕਲਾਬ ਜ਼ਿੰਦਾਬਾਦ ਜਿਸ ਦਾ ਅਰਥ ਹੈ ਕ੍ਰਾਂਤੀ ਜ਼ਿੰਦਾਬਾਦ ਅਤੇ ਆਜ਼ਾਦੀ ਸਭ ਦਾ ਅਵਿਨਾਸ਼ੀ ਜਨਮ ਸਿੱਧ ਅਧਿਕਾਰ ਹੈ ਨੂੰ ਗ੍ਰਹਿਣ ਕਰਨ ਲਈ ਪੋਸਟਰ ਮੇਕਿੰਗ ਅਤੇ ਸਲੋਗਨ ਲਿਖਣ ਦੇ ਮੁਕਾਬਲੇ ਕਰਵਾਏ ਗਏ । ਭਾਰਤੀ ਸੁਤੰਤਰਤਾ ਸੰਗਰਾਮ ਨਾਲ ਸੰਬੰਧਤ ਵੱਖ-ਵੱਖ ਬਹਾਦਰੀ ਵਾਲੀਆਂ ਘਟਨਾਵਾਂ ਨੂੰ ਦਰਸਾਉਣ ਲਈ ਵਲੰਟੀਅਰਾਂ ਦੁਆਰਾ ਆਜ਼ਾਦੀ ਘੁਲਾਟੀਆਂ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੇ ਸ਼ਖਸੀਅਤ ਦੇ ਗੁਣਾਂ ਤੇ ਇੱਕ ਸਕਿੱਟ ਤਿਆਰ ਕੀਤੀ ਗਈ ਸੀ ।। ਪ੍ਰਿੰਸੀਪਲ ਡਾ. ਅਰਜਿੰਦਰ ਸਿੰਘ ਨੇ ਕਿਹਾ ਕਿ ਸ਼ਹੀਦ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਨੇ ਭਾਰਤ ਦੀ ਆਜ਼ਾਦੀ ਦੇ ਸੰਘਰਸ਼ ਵਿੱਚ ਅਹਿਮ ਭੂਮਿਕਾ ਨਿਭਾਈ ਅਤੇ ਦੇਸ਼ ਦੇ ਨੌਜਵਾਨਾਂ ਨੂੰ ਦੇਸ਼ ਦੀ ਆਜ਼ਾਦੀ ਲਈ ਲੜਨ ਲਈ ਪ੍ਰੇਰਿਤ ਕੀਤਾ।

**ਫਗਵਾੜਾ ( ਡਾ. ਰਮਨ)**- ਲਾਇਨਜ਼ ਕਲੱਬ ਫਗਵਾੜਾ ਦੀ ਤਰਫੋਂ ਸ਼ਹੀਦੇ ਆਜਮ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦੇ ਬਲਿਦਾਨ ਦਿਵਸ ਮੌਕੇ ਐਸ. ਐਸ ਇੰਟਰਪ੍ਰਾਈਜਿਜ਼ ਗੁਰੂ ਹਰਗੋਬਿੰਦ ਨਗਰ ਫਗਵਾੜਾ ਵਿਖੇ ਬਲੱਡ ਸ਼ੂਗਰ ਚੈਕਅੱਪ ਕੈਂਪ ਲਗਾਇਆ ਗਿਆ। ਕਲੱਬ ਦੇ ਪ੍ਰਧਾਨ ਅਤੇ ਇਸ ਪ੍ਰੋਜੈਕਟ ਦੇ ਡਾਇਰੈਕਟਰ ਲਾਇਨ ਮਨਪ੍ਰੀਤ ਸਿੰਘ ਦੀ ਅਗਵਾਈ ਹੇਠ ਲਗਾਏ ਗਏ ਇਸ ਕੈਂਪ ਦਾ ਉਦਘਾਟਨ ਲਾਇਨਜ਼ ਇੰਟਰਨੈਸ਼ਨਲ 321-ਡੀ ਦੇ ਡਿਸਟ੍ਰਿਕਟ ਚੇਅਰਪਰਸਨ ਲਾਇਨ ਦਵਿੰਦਰਪਾਲ ਅਰੋੜਾ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਦਿਆਂ ਕੀਤਾ। ਇਸ ਦੌਰਾਨ 'ਆਪ' ਦੇ ਸੀਨੀਅਰ ਆਗੂ ਹਰਜਿੰਦਰ ਸਿੰਘ ਵਿਰਕ, ਕਲੱਬ ਦੇ ਚਾਰਟਰ ਪ੍ਰਧਾਨ ਸੁਖਵਿੰਦਰ ਸਿੰਘ ਟੈਰੀ ਅਤੇ ਅੱਖਾਂ ਦੇ ਮਾਹਿਰ ਡਾ: ਐਸ. ਰਾਜਨ ਨੇ ਸ਼ਹੀਦਾਂ ਨੂੰ ਪ੍ਰਣਾਮ ਕਰਦੇ ਹੋਏ ਕਲੱਬ ਦੇ ਉਪਰਾਲੇ ਦੀ ਸ਼ਲਾਘਾ ਕੀਤੀ। ਇਸ ਦੌਰਾਨ ਪ੍ਰੀਤ ਕਲੀਨਿਕਲ ਲੈਬ ਵਲੋਂ ਲੈਬ ਟੈਕਨੀਸ਼ੀਅਨ ਸਰਬਜੀਤ ਸਿੰਘ ਦੀ ਦੇਖ-ਰੇਖ ਹੇਠ 250 ਤੋਂ ਵੱਧ ਲੋਕਾਂ ਦਾ ਚੈਕਅੱਪ ਕੀਤਾ ਗਿਆ। ਇਸ ਮੌਕੇ ਕਲੱਬ ਦੇ ਸਕੱਤਰ ਲਾਇਨ ਬਲਜਿੰਦਰ ਸਿੰਘ ਬਾਂਸਲ, ਲਾਇਨ ਬੱਲੀ ਰਾਮ ਕੈਸ਼ੀਅਰ, ਲਾਇਨ ਨਵਜੋਤ ਸਿੰਘ ਪੀ.ਆਰ.ਓ., ਲਾਇਨ ਸੰਤ ਦੇਵ, ਲਾਇਨ ਵਿਨੋਦ ਕੁਮਾਰ, ਲਾਇਨ ਗੁਰਿੰਦਰ ਸਿੰਘ ਲਾਡੀ, ਲਾਇਨ ਗੁਲ ਬਹਾਰ, ਲਾਇਨ ਜਸਬੀਰ ਮਨੀਲਾ, ਲਾਇਨ ਮਲਕੀਤ ਸੰਧੀ, ਲਾਇਨ ਪਵਨ ਕੁਮਾਰ (ਕ੍ਰਿਸ਼ਨਾ ਯੂਨੀਫੋਰਮ), ਲਾਇਨ ਨੀਰਜ (ਬੰਬੇ ਆਪਟੀਕਲ), ਲਾਇਨ ਮਨੋਜ ਕੁਮਾਰ ਰਾਏ, ਲਾਇਨ ਗੁਰਦੀਪ ਮਾਹੀ, ਲਾਇਨ ਕੁਨਾਲ ਸਹਿਗਲ, ਲਾਇਨ ਗੁਰਦੇਵ ਸਿੰਘ ਬਾਂਸਲ ਆਦਿ ਹਾਜ਼ਰ ਸਨ।



ਕਰਤਾਰਪੁਰ



ਜਲੰਧਰ



ਫਗਵਾੜਾ



ਮੋਰਿੰਡਾ

**ਮੋਰਿੰਡਾ (ਜੈਜੀ ਸਰਦਾਰ)**- ਸ਼ਹੀਦ ਏ ਆਜ਼ਮ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦੇ ਸ਼ਹੀਦੀ ਦਿਵਸ ਸਮਾਰੋਹ ਨੂੰ ਸਮਰਪਿਤ ਵਿਜੇ ਸ਼ਰਮਾ ਟਿੰਕੂ ਇੰਚਾਰਜ ਵਿਧਾਨ ਸਭਾ ਹਲਕਾ ਖਰੜ ਦੀ ਅਗਵਾਈ ਵਿੱਚ ਸ਼ਰਧਾਂਜਲੀ ਸਮਾਰੋਹ ਕਰਵਾਇਆ ਗਿਆ। ਇਸ ਮੌਕੇ ਉਨ੍ਹਾਂ ਸੰਬੋਧਨ ਕਰਦਿਆਂ ਕਿਹਾ ਕਿ ਸਾਨੂੰ ਸਾਰਿਆ ਨੂੰ ਸਾਡੇ ਦੇਸ਼ ਨੂੰ ਆਜ਼ਾਦ ਕਰਵਾਉਣ ਲਈ ਦਿੱਤੀਆ ਕੁਰਬਾਨੀਆਂ ਨੂੰ ਹਮੇਸ਼ਾ ਯਾਦ ਰੱਖਣਾ ਚਾਹੀਦਾ ਹੈ ਅਤੇ ਸਾਨੂੰ ਆਪਸੀ ਭਾਈਚਾਰਕ ਸਾਂਝ ਕਾਇਮ ਰੱਖਣੀ ਚਾਹੀਦੀ ਹੈ ਗ਼ੁਮਰਾਹ ਕੁਨ ਪ੍ਰਚਾਰ ਤੋਂ ਦੂਰ ਰਹਿਣਾ ਚਾਹੀਦਾ ਹੈ। ਇਸ ਮੌਕੇ ਚੌਧਰੀ ਨਰ ਸਿੰਘ ਸੀਨੀਅਰ ਕਾਂਗਰਸ ਆਗੂ,ਰਜੇਸ਼ ਕੁਮਾਰ ਬੱਗਾ,ਰਜੇਸ਼ ਕੁਮਾਰ ਸਸੋਦੀਆ,ਸਾਮਲ ਸੂਦ,ਸੁਖਜਿੰਦਰ ਸਿੰਘ ਕਾਕਾ ਐਮ ਸੀ,ਸੰਗਤ ਸਿੰਘ ਭਾਮੀਆ ਐਮ ਸੀ, ਰਾਜਪ੍ਰੀਤ ਸਿੰਘ ਐਮ ਸੀ,ਹਰਜੀਤ ਸਿੰਘ ਸੋਢੀ ਐਮ ਸੀ, ਧਰਮਪਾਲ ਥੰਮਣ,ਨੀਰਜ ਸ਼ਰਮਾ ,ਕੁਲਦੀਪ ਸਿੰਘ ਓਇੰਦ ਪੀ ਏ ਟੂ ਵਿਜੇ ਸ਼ਰਮਾ ਟਿੰਕੂ ,ਰਮਨ ਮੱਟੂ,ਗੁਰਮੀਤ ਸਿੰਘ,ਐਮ.ਸੀ ਜਗਦੇਵ ਸਿੰਘ ਬਿੱਟੂ ਆਦਿ ਹਾਜ਼ਰ ਸਨ।

**ਭੋਗਪੁਰ ( ਕੁਲਵੀਰ ਸਿੰਘ ਕਾਹਲੋਂ)**- ਸ੍ਰੀ ਗੁਰੂ ਤੇਗ ਬਹਾਦਰ ਪਬਲਿਕ ਸਕੂਲ ਵਿੱਚ ਦਸਵੀਂ ਅਤੇ ਬਾਰ੍ਹਵੀਂ ਜਮਾਤਾਂ ਲਈ ਵਿਸ਼ੇਸ਼ ਅਸੈਂਬਲੀ ਕਰਵਾਈ ਗਈ। ਸ਼ਹੀਦ ਭਗਤ ਸਿੰਘ ਦਾ ਸ਼ਹੀਦੀ ਦਿਹਾੜਾ ਮਨਾਇਆ ਗਿਆ । ਇਸ ਮਹਾਨ ਕ੍ਰਾਂਤੀਕਾਰੀ ਨੂੰ ਸ਼ਰਧਾਂਜਲੀ ਵਜੋਂ ਮੁੱਖ ਅਧਿਆਪਕਾ ਵੱਲੋਂ ਮੋਮਬੱਤੀਆਂ ਜਗਾਈਆਂ ਗਈਆਂ। ਵਿਦਿਆਰਥੀਆਂ ਨੇ ਦਸਵੀਂ ਜਮਾਤ ਦੀ ਪਰਭਜੋਤ ਕੌਰ ਦੁਆਰਾ ਦਿੱਤੇ ਭਾਸ਼ਣ ਤੋਂ ਬਹੁਤ ਪ੍ਰੇਰਿਤ ਮਹਿਸੂਸ ਕੀਤਾ ਜਿਸ ਵਿੱਚ ਸ਼ਹੀਦ ਭਗਤ ਸਿੰਘ ਦੇ ਭਾਰਤ ਦੇ ਆਜ਼ਾਦੀ ਸੰਘਰਸ਼ ਵਿੱਚ ਯੋਗਦਾਨ ਨੂੰ ਉਜਾਗਰ ਕੀਤਾ ਗਿਆ। ਦਸਵੀਂ ਜਮਾਤ ਦੇ ਜਸ਼ਨਦੀਪ ਸਿੰਘ ਨੇ ਕਵਿਤਾ ਸੁਣਾਈ। ਇਸ ਮੌਕੇ ਵਿਦਿਆਰਥੀਆਂ ਨੇ ਦੇਸ਼ ਭਗਤੀ ਦਾ ਗੀਤ-ਮੇਰਾ ਰੰਗ ਦੇ ਬਸੰਤੀ ਚੋਲਾ ਗਾਇਆ।

## ਦਰਿਆ ਸਤਲੁਜ 'ਤੇ ਕੁਸ਼ਤੀ ਮੁਕਾਬਲੇ ਅੱਜ

**ਚਮਕੌਰ ਸਾਹਿਬ, (ਗੁਰਵਿੰਦਰ ਸਿੰਘ ਬੋਬੀ)**— ਸੰਤ ਬਾਬਾ ਕਰਤਾਰ ਸਿੰਘ, ਸੰਤ ਸਰਦੂਲ ਸਿੰਘ ਭੈਰੋਮਾਜਰੇ ਵਾਲੇ, ਸੰਤ ਮਹਿੰਦਰ ਸਿੰਘ ਧਿਆਨੂੰ ਮਾਜਰੇ ਵਾਲੇ ਅਤੇ ਸੰਤ ਬਾਬਾ ਅਜੀਤ ਸਿੰਘ ਹੰਸਾਲੀ ਵਾਲਿਆਂ ਦੀ ਯਾਦ ਵਿੱਚ ਨਜਦੀਕੀ ਪਿੰਡ ਵੱਡਾ ਦਾਊਦਪੁਰ ਸਤਲੁਜ ਦਰਿਆ ਦੇ ਕੰਢੇ 'ਤੇ 24 ਮਾਰਚ ਨੂੰ ਦੂਜਾ ਕੁਸ਼ਤੀ ਦੰਗਲ ਕਰਾਇਆ ਜਾ ਰਿਹਾ ਹੈ। ਜਿਸ ਵਿੱਚ ਦੁਪਹਿਰ ਇੱਕ ਵਜੇ ਤੋਂ ਦੇਰ ਸ਼ਾਮ ਤੱਕ ਦੇਸ਼ ਵਿਦੇਸ਼ ਦੇ ਉੱਚ ਕੋਟੀ ਦੇ ਭਲਵਾਨ ਆਪਣੇ ਜੌਹਰ ਦਿਖਾਉਣਗੇ ਅਤੇ ਭਲਵਾਨਾਂ ਨੂੰ ਨਗਦ ਇਨਾਮਾਂ ਨਾਲ ਸਨਮਾਨਿਤ ਕੀਤਾ ਜਾਵੇਗਾ। ਉਕਤ ਜਾਣਕਾਰੀ ਮੌਜੂਦਾ ਸੇਵਾਦਾਰ ਸੰਤ ਅਮਰ ਸਿੰਘ ਭੈਰੋਮਾਜਰੇ ਵਾਲਿਆਂ ਵੱਲੋਂ ਦਿੱਤੀ ਗਈ । ਇਸ ਮੌਕੇ ਬਾਬਾ ਸੁਖਪਾਲ ਸਿੰਘ ਅਤੇ ਜੱਗਾ ਸਰਪੰਚ ਜੱਸੜਾਂ ਆਦਿ ਹਾਜਰ ਸਨ।

## ਅੱਠ ਇੰਜਣ ਤੇ ਛੇ ਪਾਣੀ ਵਾਲੇ ਪੱਖੇ ਚੋਰੀ

**ਚਮਕੌਰ ਸਾਹਿਬ, (ਗੁਰਵਿੰਦਰ ਸਿੰਘ ਬੌਬੀ)** -ਕਸਬਾ ਬੇਲਾ ਅਧੀਨ ਪੈਂਦੇ ਪਿੰਡ ਖਾਨਪੁਰ ਅਤੇ ਰਸੀਦਪੁਰ ਵਿਖੇ ਬੀਤੀ ਦੇਰ ਰਾਤ ਚੋਰਾਂ ਵੱਲੋਂ ਖੇਤਾਂ ਵਿੱਚੋਂ 8 ਇੰਜਣ ਅਤੇ 6 ਪਾਣੀ ਵਾਲੇ ਪੱਖੇ ਚੋਰੀ ਕਰ ਲਏ ਗਏ ਹਨ । ਪਿੰਡ ਖਾਨਪੁਰ ਮੋਹਣ ਸਿੰਘ, ਸੋਹਣ ਸਿੰਘ, ਜਸਵੀਰ ਸਿੰਘ, ਸੁਰਿੰਦਰ ਸਿੰਘ ਸਾਬਕਾ ਪੰਚ, ਸੁਰਿੰਦਰ ਸਿੰਘ ਫੌਜੀ, ਦਲਬਾਰਾ ਸਿੰਘ ਅਤੇ ਰਜਿੰਦਰ ਪਾਲ ਸਿੰਘ ਰਾਜੂ ਨੇ ਦੱਸਿਆ ਕਿ ਉਨ੍ਹਾਂ ਦੇ ਖੇਤਾਂ ਵਿਚੋਂ ਇੱਕੋ ਰਾਤ ਸੱਤ ਇੰਜਣ ਚੋਰੀ ਹੋ ਗਏ ਹਨ । ਇੱਥੇ ਹੀ ਬਸ ਨਹੀਂ ਪਿੰਡ ਰਸੀਦਪੁਰ ਦੇ ਕਿਸਾਨ ਸੋਹਣ ਸਿੰਘ ਨੇ ਦੱਸਿਆ ਕਿ ਬੀਤੀ ਰਾਤ ਹੀ ਉਸ ਦਾ ਖੇਤ ਵਿੱਚ ਪਿਆਂ ਇੰਜਣ ਚੋਰ ਚੋਰੀ ਕਰਕੇ ਲੈ ਗਏ ਹਨ। ਪਿੰਡ ਦੇ ਹੀ ਸੁਰਜੀਤ ਸਿੰਘ, ਗੁਰਮੀਤ ਸਿੰਘ, ਸਰਬਜੀਤ ਸਿੰਘ, ਹਰਜੀਤ ਸਿੰਘ , ਸਿਮਰੂ ਉਰਫ ਬੱਗੂ ,ਭਜਨ ਸਿੰਘ ਨੇ ਵੀ ਦੱਸਿਆ ਕਿ ਉਨ੍ਹਾਂ ਦੇ ਖੇਤਾਂ ਵਿੱਚੋਂ ਵੀ ਛੇ ਪਾਣੀ ਵਾਲੇ ਪੱਖੇ ਚੋਰੀ ਕਰ ਲਏ ਗਏ ਹਨ । ਇਲਾਕੇ ਵਿੱਚ ਚੋਰੀ ਦੀਆਂ ਘਟਨਾਵਾਂ ਕਰਕੇ ਲੋਕਾਂ ਵਿੱਚ ਸਹਿਮ ਦਾ ਮਾਹੌਲ ਬਣਿਆ ਹੋਇਆ ਹੈ । ਲੋਕਾਂ ਨੇ ਜ਼ਿਲ੍ਹਾ ਪ੍ਰਸ਼ਾਸਨ ਅਤੇ ਜ਼ਿਲ੍ਹਾ ਪੁਲਸ ਮੁਖੀ ਤੋਂ ਮੰਗੀ ਕੀਤੀ ਹੈ ਕਿ ਚੋਰਾਂ ਨੂੰ ਜਲਦੀ ਤੋਂ ਜਲਦੀ ਕਾਬੂ ਕੀਤਾ ਜਾਵੇ ।

## ਜਨਤਕ ਜਥੇਬੰਦੀਆਂ ਵੱਲੋਂ ਸ਼ਹੀਦਾਂ ਨੂੰ ਸ਼ਰਧਾਂਜਲੀ

**ਮਾਹਿਲਪੁਰ (ਸਫਰੀ)**

ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਜਨਤਕ ਜਥੇਬੰਦੀਆਂ ਵਲੋਂ ਮਾਹਿਲਪੁਰ ਵਿਖੇ ਸ਼ਹੀਦ-ਏ-ਆਜਮ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਨੂੰ ਸਮਰਪਿਤ ਇੱਕ ਸ਼ਰਧਾਂਜਲੀ ਸਮਾਗਮ ਤਲਵਿੰਦਰ ਹੀਰ ਸੰਯੁਕਤ ਕਿਸਾਨ ਮੋਰਚਾ, ਮਲਕੀਤ ਸਿੰਘ ਜੇ ਪੀ.ਐਮ.ਓ, ਨਰਿੰਦਰ ਅਜਨੋਹਾ ਬਲਾਕ ਪ੍ਰਧਾਨ ਪਸਸਫ ਅਤੇ ਪੈਨਸ਼ਨਰ ਆਗੂ ਪ੍ਰਿੰਸੀਪਲ ਪਿਆਰਾ ਸਿੰਘ ਅਤੇ ਸੱਤਪਾਲ ਲੱਠ ਦੀ ਅਗਵਾਈ ਹੇਠ ਕਰਵਾਇਆ ਗਿਆ। ਆਗੂਅ ਵਲੋਂ ਸ਼ਹੀਦਾਂ ਦੀ ਸੋਚ ਨੂੰ ਧਰਾਤਲ 'ਤੇ ਲਾਗੂ ਕਰਵਾਉਣ ਲਈ ਪ੍ਰਣ ਲਿਆ ਗਿਆ ਅਤੇ ਦੇਸ਼ ਅੰਦਰ ਫੈਲ ਰਹੀ ਸਾਮਰਾਜਵਾਦ, ਫਾਸ਼ੀਵਾਦ, ਕਮਿਊਨਲਜਮ ਅਤੇ ਭਗਵਾਂਕਰਨ ਦੀ ਬਿਮਾਰੀ ਫੈਲਣ ਉਤੇ ਡੂੰਘੀ ਚਿੰਤਾ ਪ੍ਰਗਟ ਕੀਤੀ ਜਦੋਂ ਕਿ ਸਮੇਂ ਦੀ ਮੁੱਖ ਲੋੜ ਭਾਈਚਾਰਕ ਸਾਂਝ, ਸਮਾਜਵਾਦ, ਧਰਮ-ਨਿਰਪੱਖਤਾ ਅਤੇ ਸਹਿਣਸ਼ੀਲਤਾ ਉਤੇ ਜੋਰ ਦੇਣ ਦੀ ਹੈ। ਸੂਬਾ ਸਰਕਾਰ ਅਤੇ ਕੇਂਦਰੀ ਸਰਕਾਰ ਦੀਆਂ ਨਲਾਇਕੀਆਂ ਕਾਰਨ ਮਹਿੰਗਾਈ, ਭ੍ਰਿਸ਼ਟਾਚਾਰ, ਕਿਸਾਨੀ ਕਰਜਾ, ਬੇਰੁਜ਼ਗਾਰੀ , ਵਿਗੜ ਰਹੀ ਕਾਨੂੰਨ ਵਿਵਸਥਾ ਅਤੇ ਹੋਰ ਵੀ ਕਈ ਸਮੱਸਿਆਵਾਂ ਨਾਲ ਆਮ ਲੋਕਾਂ ਦਾ ਜੀਵਨ ਡਾਂਵਾਡੋਲ ਹੋ ਰਿਹਾ ਹੈ। ਆਗੂਆਂ ਵਲੋਂ ਸੂਬਾ ਸਰਕਾਰ ਅਤੇ ਕੇਂਦਰ ਸਰਕਾਰ ਦੇ ਵਿਰੁੱਧ ਜੰਮ ਕੇ ਨਾਅਰੇਬਾਜੀ ਕੀਤੀ ਗਈ। ਇਸ ਮੌਕੇ ਮੱਖਣ ਲੰਗੇਰੀ, ਅਮਰਜੀਤ ਕੁਮਾਰ, ਬਲਜਿੰਦਰ ਮਾਨ, ਪਰਮਜੀਤ ਕਾਤਬ, ਸਗਲੀ ਰਾਮ, ਮਹਿੰਦਰ ਪਾਲ, ਵਿਕੀ ਕਹਾਰਪੁਰੀ, ਜਗਤਾਰ ਬਾਹੋਵਾਲ, ਜਸਵੀਰ ਸਿੰਘ ਸ਼ੀਰਾ, ਧਿਆਨ ਸਿੰਘ ਜੌਹਲ, ਗੁਰਨਾਮ ਚੰਦ, ਟੇਕ ਚੰਦ, ਬਲਦੇਵ ਰਾਜ ਵਿਰਦੀ, ਸਤਨਾਮ ਸਿੰਘ, ਬਲਦੇਵ ਢੱਕੋਂ, ਭਗਵੰਤ ਰਾਏ, ਕਾਮਰੇਡ ਸੁੱਚਾ ਰਾਮ, ਸੁਰਜੀਤ ਸਿੰਘ ਸਰਪੰਚ ਅਤੇ ਵੱਡੀ ਗਿਣਤੀ ਵਿੱਚ ਸ਼ਹੀਦਾਂ ਦੀ ਸੋਚ ਨੂੰ ਸਮਰਪਿਤ ਲੋਕ ਹਾਜ਼ਰ ਸਨ।



## ਸੀ ਪੀ ਆਈ ਐਮ ਐਲ ਵੱਲੋਂ ਸ਼ਹੀਦਾਂ ਦੇ ਸੁਪਨੇ ਸਾਕਾਰ ਕਰਨ ਲਈ ਇਨਕਲਾਬੀ ਬਦਲ ਉਸਾਰਨ ਦਾ ਸੱਦਾ

**ਨਵਾਂਸ਼ਹਿਰ (ਮਨੋਜ ਲਾਡੀ)**

ਭਾਰਤੀ ਕਮਿਊਨਿਸਟ ਪਾਰਟੀ (ਮਾਰਕਸਵਾਦੀ-ਲੈਨਿਨਵਾਦੀ) ਨਿਊਡੈਮੋਕ੍ਰੇਸੀ ਵਲੋਂ ਖਟਕੜ ਕਲਾਂ ਵਿਖੇ ਸਿਆਸੀ ਕਾਨਫਰੰਸ ਕਰਕੇ ਸ਼ਹੀਦ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਨੂੰ ਸ਼ਰਧਾਂਜਲੀਆਂ ਭੇਟ ਕੀਤੀਆਂ ਗਈਆਂ। ਸ਼ਹੀਦ ਭਗਤ ਸਿੰਘ ਦੇ ਬੁੱਤ ਤੇ ਫੁੱਲ ਪੱਤੀਆਂ ਭੇਟ ਕਰਨ ਉਪਰੰਤ ਕੀਤੀ ਗਈ ਸਿਆਸੀ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਪਾਰਟੀ ਆਗੂਆਂ ਨੇ ਲੋਕਾਂ ਨੂੰ ਇਨਕਲਾਬੀ ਬਦਲ ਉਸਾਰਨ ਦਾ ਸੱਦਾ ਦਿੱਤਾ। ਪਾਰਟੀ ਦੇ ਜ਼ਿਲ੍ਹਾ ਆਗੂ ਕੁਲਵਿੰਦਰ ਸਿੰਘ ਵੜੈਚ, ਦਲਜੀਤ ਸਿੰਘ ਐਡਵੋਕੇਟ ਨੇ ਕਿਹਾ ਕਿ ਦੇਸ਼ ਦੇ ਨੇਤਾਵਾਂ ਦੇ ਚਿਹਰੇ ਬਦਲਣ ਨਾਲ ਦੇਸ਼ ਦੀਆਂ ਸਮੱਸਿਆਵਾਂ ਹੱਲ ਨਹੀਂ ਹੋ ਸਕਦੀਆਂ। ਇਸਦੇ ਲਈ ਬਰਾਬਰਤਾ ਵਾਲਾ ਨਵਾਂ ਸਿਆਸੀ -ਆਰਥਿਕ ਢਾਂਚਾ ਉਸਾਰਨ ਲਈ ਇਨਕਲਾਬ ਕਰਨਾ ਪਵੇਗਾ । ਸ਼ਹੀਦ ਭਗਤ ਸਿੰਘ ਦੀ ਸੋਚ ਅਨੁਸਾਰ ਭਾਰਤ ਵਿਚੋਂ ਸਾਮਰਾਜੀਆਂ ਦੀ ਦਖਲਅੰਦਾਜ਼ੀ ਪੂਰੀ ਤਰ੍ਹਾਂ ਖਤਮ ਕਰਨੀ ਹੋਵੇਗੀ। ਭਗਤ ਸਿੰਘ ਨੇ ਇਨਕਲਾਬ ਜ਼ਿੰਦਾਬਾਦ ਦੇ ਨਾਲ ਸਾਮਰਾਜਵਾਦ ਮੁਰਦਾਬਾਦ ਦਾ ਨਾਹਰਾ ਲਾਇਆ ਸੀ। ਆਗੂਆਂ ਨੇ ਕਿਹਾ ਕਿ ਹਾਕਮਾਂ ਵਲੋਂ ਸ਼ਹੀਦ ਭਗਤ ਸਿੰਘ ਅਤੇ ਡਾਕਟਰ ਬੀ ਆਰ ਅੰਬੇਡਕਰ ਨੂੰ ਹਾਈ ਜੈਕ ਕਰਨ ਦੇ ਯਤਨ ਕੀਤੇ ਜਾ ਰਹੇ ਹਨ ਜਦਕਿ ਸਰਕਾਰਾਂ ਦੀਆਂ ਨੀਤੀਆਂ ਵਿਚ ਇਹਨਾਂ ਦੀ ਸੋਚ ਕਿਧਰੇ ਵੀ ਨਜਰ ਨਹੀਂ ਆਉਂਦੀ। ਆਗੂਆਂ ਨੇ ਕਿਹਾ ਕਿ ਕੇਂਦਰ ਦੀ ਮੋਦੀ ਸਰਕਾਰ ਫਾਸ਼ਵਾਦੀ ਅਤੇ ਦੇਸੀ ਵਿਦੇਸ਼ੀ ਕਾਰਪੋਰੇਟ ਪੱਖੀ ਸਰਕਾਰ ਹੈ ਜੋ ਇਕ ਤੋਂ ਬਾਅਦ ਇਕ ਸਰਕਾਰੀ ਅਦਾਰੇ ਵੇਚ ਰਹੀ ਹੈ। ਅਡਾਨੀ ਵੱਲੋਂ ਕੀਤੇ ਵਿੱਤੀ ਘੁਟਾਲਿਆਂ ਬਾਰੇ ਸੰਸਦ ਵਿੱਚ ਚਰਚਾ ਨਾ ਕਰਾਉਣਾ ਮੋਦੀ ਸਰਕਾਰ ਦੇ ਅਡਾਨੀ ਪ੍ਰੇਮ ਨੂੰ ਜਗ ਜਾਹਰ ਕਰਦਾ ਹੈ। ਉਹਨਾਂ ਕਿਹਾ ਕਿ ਇਹ ਸਰਕਾਰ ਸ਼ਹੀਦ ਭਗਤ ਸਿੰਘ ਦੇ ਵਿਚਾਰਾਂ ਦੀ ਵਿਰੋਧੀ ਸਰਕਾਰ ਹੈ। ਮੋਦੀ ਸਰਕਾਰ ਸ਼ਹੀਦਾਂ ਦੇ ਸੁਪਨਿਆਂ ਨੂੰ ਰੋਲਣ ਦਾ ਕੰਮ ਕਰ ਰਹੀ ਹੈ। ਉਹਨਾਂ ਕਿਹਾ ਕਿ ਅੰਮ੍ਰਿਤਪਾਲ ਦੀਆਂ ਸਰਗਰਮੀਆਂ ਭਾਰਤੀ ਜਨਤਾ ਪਾਰਟੀ ਦੇ ਨਫਰਤ ਫੈਲਾਉਣ ਵਾਲੇ ਅਜੰਡੇ ਨੂੰ ਹੀ ਅੱਗੇ ਤੋਰ ਰਹੀਆਂ ਹਨ। ਮੋਦੀ ਸਰਕਾਰ ਦਾ ਅਜੰਡਾ ਹਿੰਦੂਆਂ ਅਤੇ ਇਸਾਈਆਂ ਵਿਚ ਦਹਿਸ਼ਤ ਦਾ ਮਹੌਲ ਪੈਦਾ ਕਰਕੇ ਉਹਨਾਂ ਨੂੰ ਆਪਣੇ ਨਾਲ ਲਾਉਣਾ ਚਾਹੁੰਦੀ ਹੈ ਇਹ ਕੰਮ ਅੰਮ੍ਰਿਤਪਾਲ ਨੇ ਨੰਗੇ ਚਿੱਟੇ ਰੂਪ ਵਿੱਚ ਕੀਤਾ। ਅੰਮ੍ਰਿਤਪਾਲ ਦੇ ਗੰਨਮੈਨਾਂ ਨੇ ਜੰਮੂ ਕਸ਼ਮੀਰ ਤੋਂ ਹਥਿਆਰਾਂ ਦੇ ਲਾਇਸੈਂਸ ਬਣਵਾਏ ਇਸਦੇ ਲਈ ਭਾਜਪਾ ਨੇ ਉਸਦੀ ਮੱਦਦ ਕੀਤੀ। ਅੰਮ੍ਰਿਤਪਾਲ ਨੂੰ ਮਹਿੰਗੀ ਮਰਸਡੀਜ਼ ਕਾਰ ਵੀ ਭਾਜਪਾ ਦੇ ਬੰਦੇ ਨੇ ਦਿੱਤੀ। ਆਗੂਆਂ ਨੇ ਕਿਹਾ ਕਿ ਕੇਂਦਰ ਦੀ ਮੋਦੀ ਸਰਕਾਰ ਅਤੇ ਪੰਜਾਬ ਦੀ ਮਾਨ ਸਰਕਾਰ ਮਿਲਕੇ ਪੰਜਾਬ ਅੰਦਰ ਦਹਿਸ਼ਤ ਦਾ ਮਹੌਲ ਸਿਰਜ ਰਹੀਆਂ ਹਨ। ਐਨ.ਐਸ. ਏ ਦਾ ਦੁਰਉਪਯੋਗ ਕਰ ਰਹੀਆਂ ਹਨ। ਉਹਨਾਂ ਨੇ ਨੌਜਵਾਨਾਂ ਤੋਂ ਐਨ.ਐਸ. ਏ ਹਟਾਉਣ ਅਤੇ ਰੋਸ ਪ੍ਰਗਟਾ ਰਹੇ ਵਿਅਕਤੀਆਂ ਨੂੰ ਫੌਰੀ ਰਿਹਾ ਕਰਨ ਦੀ ਮੰਗ ਕੀਤੀ। ਆਗੂਆਂ ਨੇ ਕਿਹਾ ਕਿ ਮਾਨ ਸਰਕਾਰ ਗੱਲਾਂ ਦਾ ਕੜਾਹ ਬਣਾ ਰਹੀ ਹੈ। ਇਹ ਸਰਕਾਰ ਵਿਦਿਆ ਦੇ ਚਾਨਣ ਦੀ ਥਾਂ ਹਨੇਰਾ ਫੈਲਾਅ ਰਹੀ ਹੈ ਜਿਸਦਾ ਇਕ ਸਬੂਤ ਇਹ ਹੈ ਕਿ ਇਸਨੇ ਆਪਣੇ ਪ੍ਰਚਾਰ ਲਈ ਤਾਂ ਬੱਜਟ ਵਿੱਚ 750 ਕਰੋੜ ਰੁਪਏ ਰੱਖੇ ਹਨ ਪਰ ਪੰਜਾਬੀ ਯੂਨੀਵਰਸਿਟੀ ਲਈ ਮਹਿਜ 200 ਕਰੋੜ ਰੁਪਏ ਹੀ ਰੱਖੇ ਹਨ। ਆਗੂਆਂ ਨੇ ਕਿਹਾ ਕਿ ਦੇਸ਼ ਦੇ ਲੋਕਾਂ ਨੂੰ ਆਜਾਦੀ ਦੀ ਇਕ ਹੋਰ ਲੜਾਈ ਲੜਨੀ ਪਵੇਗੀ। ਇਸ ਕਾਨਫਰੰਸ ਨੂੰ ਗੁਰਬਖਸ਼ ਕੌਰ ਸੰਘਾ, ਹਰੀ ਰਾਮ ਰਸੂਲਪੁਰੀ ਅਤੇ ਕਮਲਜੀਤ ਸਨਾਵਾ ਨੇ ਵੀ ਸੰਬੋਧਨ ਕੀਤਾ। ਇਸ ਮੌਕੇ ਮਾਨਵਤਾ ਕਲਾ ਕੇਂਦਰ ਨਗਰ ਵਲੋਂ ਨਾਟਕ ਅਤੇ ਕੋਰੀਓਗ੍ਰਾਫੀਆਂ ਪੇਸ਼ ਕੀਤੀਆਂ ਗਈਆਂ।



## ਪ੍ਰੋ. ਅਰਵਿੰਦ ਨੇ ਡਾ. ਪੀ ਐੱਲ ਗਰਗ ਤੇ ਹੋਰਨਾਂ ਨੂੰ ਭੇਜਿਆ ਕਾਨੂੰਨੀ ਨੋਟਿਸ

**ਚੰਡੀਗੜ੍ਹ (ਨਵਾਂ ਜ਼ਮਾਨਾ ਸਰਵਿਸ)**

ਪੰਜਾਬੀ ਯੂਨੀਵਰਸਿਟੀ ਦੇ ਉਪ-ਕੁਲਪਤੀ ਪ੍ਰੋ. ਅਰਵਿੰਦ ਨੇ ਡਾ. ਪਿਆਰੇ ਲਾਲ ਗਰਗ ਅਤੇ ਛੇ ਪੱਤਰਕਾਰਾਂ ਨੂੰ ਸ਼ੋਸ਼ਲ ਮੀਡੀਆ ਮੰਚਾਂ ਰਾਹੀਂ ਪ੍ਰਕਾਸ਼ਿਤ/ਪ੍ਰਸਾਰਿਤ ਇੰਟਰਵਿਊਆਂ ਵਿੱਚ ਅਪਮਾਨਜਨਕ, ਸਪੱਸ਼ਟ ਤੌਰ ਉੱਤੇ ਝੂਠੀਆਂ ਅਤੇ ਅਕਸ ਖ਼ਰਾਬ ਕਰਨ ਵਾਲੀਆਂ ਟਿੱਪਣੀਆਂ ਨਸ਼ਰ ਕਰਨ ਲਈ ਕਾਨੂੰਨੀ ਨੋਟਿਸ ਭੇਜਿਆ ਹੈ। ਵਰਨਣਯੋਗ ਹੈ ਕਿ ਡਾ. ਪਿਆਰੇ ਲਾਲ ਗਰਗ ਨੇ ਪੰਜਾਬੀ ਯੂਨੀਵਰਸਿਟੀ ਉੱਤੇ ਗ੍ਰਾਂਟ-ਇਨ-ਏਡ ਵਿੱਚ ਵਾਧਾ ਕੀਤੇ ਜਾਣ ਦੀ ਮੰਗ ਦੇ ਹਵਾਲੇ ਨਾਲ ਅਤੇ ਵਾਈਸ-ਚਾਂਸਲਰ ਪ੍ਰੋ. ਅਰਵਿੰਦ ਉੱਤੇ ਨਿੱਜੀ ਤੌਰ ਉੱਤੇ ਤਿੱਖਾ ਹਮਲਾ ਕੀਤਾ ਸੀ। ਗਰਗ ਨੇ ਪ੍ਰੋ. ਅਰਵਿੰਦ ਉੱਤੇ ਗ਼ਲਤ ਕਾਰਜਸ਼ੈਲੀ ਸੰਬੰਧੀ ਇਲਜ਼ਾਮ ਲਗਾਏ ਜੋ ਬੇਬੁਨਿਆਦ ਹਨ। ਕਾਨੂੰਨੀ ਨੋਟਿਸ ਵਿੱਚ ਪ੍ਰੋ. ਅਰਵਿੰਦ ਦੇ ਵਕੀਲ ਹਰਚੰਦ ਬਾਠ ਨੇ ਡਾ. ਗਰਗ ਦੇ ਦਾਅਵਿਆਂ ਦਾ ਇੱਕ-ਇੱਕ ਕਰ ਕੇ ਜ਼ਿਕਰ ਕਰਦਿਆਂ ਖੰਡਨ ਕੀਤਾ ਹੈ। ਉਨ੍ਹਾਂ ਡਾ. ਗਰਗ ਵੱਲੋਂ ਲਗਾਏ ਇਲਜ਼ਾਮ ਨੂੰ ਬਕਾਇਦਗੀ ਨਾਲ ਸੂਚੀਬੱਧ ਕੀਤਾ ਅਤੇ ਫਿਰ ਕਥਿਤ ਤੱਥਾਂ ਦਾ ਖੰਡਨ ਕੀਤਾ। ਪ੍ਰੋ. ਅਰਵਿੰਦ ਨੇ ਇਸ ਨੋਟਿਸ ਵਿੱਚ ਇਨ੍ਹਾਂ ਸਭ ਤੋਂ ਬਿਨਾਂ ਸ਼ਰਤ ਮੁਆਫ਼ੀ ਮੰਗਣ ਤੋਂ ਇਲਾਵਾ ਡਾ. ਗਰਗ ਤੋਂ ਇੱਕ ਕਰੋੜ ਰੁਪਏ ਅਤੇ ਸੂਚੀ ਵਿੱਚ ਪੱਤਰਕਾਰਾਂ ਤੋਂ ਪੰਜ ਕਰੋੜ ਰੁਪਏ ਦੇ ਮੁਆਵਜ਼ੇ ਦੀ ਮੰਗ ਕੀਤੀ ਹੈ ਕਿਉਂਕਿ ਉਨ੍ਹਾਂ ਦੇ ਬੋਲਣ ਨਾਲ ਉਨ੍ਹਾਂ ਦੇ ਅਕਸ ਅਤੇ ਸਮਾਜਿਕ ਸਾਖ ਨੂੰ ਨੁਕਸਾਨ ਪਹੁੰਚਿਆ ਹੈ। ਜ਼ਿਕਰਯੋਗ ਹੈ ਕਿ ਡਾ. ਗਰਗ ਨੇ ਆਪਣੀਆਂ ਇੰਟਰਵਿਊਆਂ ਵਿੱਚ ਇਲਜ਼ਾਮ ਲਾਇਆ ਕਿ ਪੰਜਾਬੀ ਯੂਨੀਵਰਸਿਟੀ ਦੇ ਅਧਿਕਾਰੀਆਂ ਨੇ ਆਪਣੇ ਤੌਰ ਉੱਤੇ ਕਾਂਸਟੀਚੂਐਂਟ ਕਾਲਜ ਖੋਲ੍ਹ ਅਤੇ ਫਿਰ ਆਪਣੇ ਹੀ ਲੋਕਾਂ ਨੂੰ ਸਟਾਫ਼ ਵਜੋਂ ਨਿਯੁਕਤ ਕੀਤਾ ਅਤੇ ਬਾਅਦ ਵਿੱਚ ਅਜਿਹੀਆਂ ਨਿਯੁਕਤੀਆਂ ਦੇ ਵਿੱਤੀ ਬੋਝ ਨਾਲ ਨਜਿੱਠਣਾ ਪੰਜਾਬ ਸਰਕਾਰ ਲਈ ਮੁਸ਼ਕਲ ਬਣ ਗਿਆ। ਹਰਚੰਦ ਬਾਠ ਨੇ ਇਸ ਦਾਅਵੇ ਦਾ ਖੰਡਨ ਕੀਤਾ ਕਿਉਂਕਿ ਪ੍ਰੋ. ਅਰਵਿੰਦ ਅਪ੍ਰੈਲ 2021 ਵਿੱਚ ਵਾਈਸ ਚਾਂਸਲਰ ਵਜੋਂ ਆਏ ਅਤੇ ਉਸ ਤੋਂ ਬਾਅਦ ਕੋਈ ਨਵਾਂ ਕਾਂਸਟੀਚੂਐਂਟ ਕਾਲਜ ਨਹੀਂ ਖੋਲ੍ਹਿਆ ਗਿਆ ਅਤੇ ਨਾ ਹੀ ਅਜਿਹੇ ਕਾਲਜਾਂ ਵਿੱਚ ਕੋਈ ਨਵੀਂ ਨਿਯੁਕਤੀ ਕੀਤੀ ਗਈ ਹੈ। ਕਾਂਸਟੀਚੂਐਂਟ ਕਾਲਜ ਸਾਲ 2011 ਵਿੱਚ ਖੋਲ੍ਹੇ ਗਏ ਸਨ ਅਤੇ ਇਨ੍ਹਾਂ ਕਾਲਜਾਂ ਵਿੱਚ ਆਖਰੀ ਭਰਤੀ ਸਾਲ 2013 ਵਿੱਚ ਕੀਤੀ ਗਈ ਸੀ।

ਇਸੇ ਤਰ੍ਹਾਂ ਡਾ. ਗਰਗ ਨੇ ਇਲਜ਼ਾਮ ਲਾਇਆ ਕਿ ਪੰਜਾਬੀ ਯੂਨੀਵਰਸਿਟੀ ਉੱਤੇ ਕੁੱਲ 150 ਕਰੋੜ ਰੁਪਏ ਦਾ ਕਰਜ਼ਾ ਚੜ੍ਹਿਆ ਹੋਇਆ ਹੈ, ਜਿਸ ਦਾ ਵਿਆਜ 12 ਕਰੋੜ ਸਾਲਾਨਾ ਬਣਦਾ ਹੈ, ਜਦਕਿ ਯੂਨੀਵਰਸਿਟੀ 18 ਕਰੋੜ ਰੁਪਏ ਸਾਲਾਨਾ ਦਾ ਵਿਆਜ ਅਦਾ ਕਰਦੀ ਹੈ।



ਕਾਨੂੰਨੀ ਨੋਟਿਸ ਵਿੱਚ ਕਿਹਾ ਗਿਆ ਹੈ ਕਿ ਇਹ ਕਰਜ਼ਾ ਬਹੁਤ ਪਹਿਲਾਂ ਦਾ ਚੜ੍ਹਿਆ ਹੋਇਆ ਸੀ ਅਤੇ ਵਿਆਜ ਦੀ ਦਰ ਦਾ ਨਿਰਧਾਰਣ ਪ੍ਰੋ. ਅਰਵਿੰਦ ਦੇ ਜੁਆਇਨ ਕਰਨ ਤੋਂ ਬਹੁਤ ਪਹਿਲਾਂ ਹੋ ਚੁੱਕਾ ਸੀ। ਇਸ ਦੇ ਉਲਟ ਸਗੋਂ ਪ੍ਰੋ. ਅਰਵਿੰਦ ਨੇ ਬੈਂਕ ਨਾਲ ਘੱਟ ਵਿਆਜ ਦਰ ਲਈ ਗੱਲਬਾਤ ਕੀਤੀ ਅਤੇ ਇਸ ਸੰਦਰਭ ਵਿੱਚ ਕੁਝ ਸਫ਼ਲਤਾ ਵੀ ਪ੍ਰਾਪਤ ਕੀਤੀ। ਡਾ. ਗਰਗ ਨੇ ਇਲਜ਼ਾਮ ਲਗਾਇਆ ਹੈ ਕਿ ਪੰਜਾਬੀ ਯੂਨੀਵਰਸਿਟੀ ਵੱਲੋਂ ਕਰਵਾਏ ਗਏ ਪੇਪਰ ਲੀਕ ਹੋਣ ਕਾਰਨ ਚੁਣੇ ਗਏ 1158 ਉਮੀਦਵਾਰ ਸਹਾਇਕ ਪ੍ਰੋਫ਼ੈਸਰ ਵਜੋਂ ਨੌਕਰੀ ਨਹੀਂ ਪ੍ਰਾਪਤ ਕਰ ਸਕੇ, ਜਿਸ ਕਰਕੇ ਹਾਈਕੋਰਟ ਨੇ ਉਨ੍ਹਾਂ ਦੀਆਂ ਨਿਯੁਕਤੀਆਂ ਰੱਦ ਕਰ ਦਿੱਤੀਆਂ ਹਨ। ਹਰਚੰਦ ਬਾਠ ਨੇ ਇਸ ਗੱਲ ਦਾ ਖੰਡਨ ਕਰਦਿਆਂ ਕਿਹਾ ਕਿ ਹਾਈਕੋਰਟ ਦੇ ਫੈਸਲੇ ਵਿੱਚ ਪੇਪਰ ਲੀਕ ਹੋਣ ਦਾ ਕੋਈ ਵੀ ਜ਼ਿਕਰ ਨਹੀਂ ਹੈ, ਜਿਸ ਕਾਰਨ ਇਹ ਚੋਣ ਰੱਦ ਕਰ ਦਿੱਤੀ ਗਈ ਹੋਵੇ। ਆਪਣੀ ਇੰਟਰਵਿਊ ਵਿੱਚ ਡਾ. ਗਰਗ ਨੇ ਪ੍ਰੋ. ਅਰਵਿੰਦ ਵੱਲ ਉਂਗਲ ਉਠਾਈ ਕਿ ਅਜਿਹੀ ਨਿਯੁਕਤੀ ਕੀਤੀ ਗਈ ਸੀ ਜਿੱਥੇ ਸੰਬੰਧਤ ਕਰਮਚਾਰੀ ਨੂੰ ਸੇਵਾ ਮੁਕਤੀ ਤੋਂ ਬਾਅਦ ਉਸ ਦੀ ਪੈਨਸ਼ਨ ਦੇ ਨਾਲ ਪੂਰੀ ਤਨਖ਼ਾਹ ਦਿੱਤੀ ਜਾਂਦੀ ਰਹੀ। ਕਾਨੂੰਨੀ ਨੋਟਿਸ ਇਸ ਦਾਅਵੇ ਨੂੰ ਚੁਣੌਤੀ ਦਿੰਦਾ ਹੈ ਕਿਉਂਕਿ ਯੂਨੀਵਰਸਿਟੀ ਦੇ ਰਿਕਾਰਡ ਵਿੱਚ ਅਜਿਹਾ ਕੋਈ ਮਾਮਲਾ ਨਹੀਂ ਹੈ। ਇਸੇ ਤਰ੍ਹਾਂ 100 ਕਰਮਚਾਰੀ ਹੋਣ ਦੇ ਬਾਵਜੂਦ ਬਾਹਰੋਂ ਕੰਮ ਕਰਵਾਉਣ ਅਤੇ ਬੇਲੋੜੀ ਪ੍ਰਕਾਸ਼ਨਾ ਕਰਨ ਦੇ ਦੋਸ਼ ਵੀ ਲਗਾਏ ਗਏ ਸਨ। ਕਾਨੂੰਨੀ ਨੋਟਿਸ ਵਿੱਚ ਇਹ ਸਪੱਸ਼ਟ ਤੌਰ ਉੱਤੇ ਦੱਸਿਆ ਗਿਆ ਕਿ ਇਹ ਨਿੱਜੀ ਦੁਸ਼ਮਣੀ ਕਾਰਨ ਲਗਾਏ ਗਏ ਬੇਬੁਨਿਆਦ ਇਲਜ਼ਾਮ ਹਨ। ਜ਼ਿਕਰਯੋਗ ਹੈ ਕਿ ਪ੍ਰੋ. ਅਰਵਿੰਦ ਦੇ ਵਾਈਸ ਚਾਂਸਲਰ ਵਜੋਂ ਕਾਰਜਕਾਲ ਦੌਰਾਨ 14 ਕਰੋੜ ਰੁਪਏ ਦੇ ਘਪਲੇ ਦਾ ਪਰਦਾਫਾਸ਼ ਕੀਤਾ ਗਿਆ ਹੈ ਅਤੇ ਭ੍ਰਿਸ਼ਟ ਵਿਅਕਤੀਆਂ ਨੂੰ ਕਾਨੂੰਨ ਦੇ ਕਟਹਿਰੇ ਵਿੱਚ ਲਿਆਂਦਾ ਗਿਆ ਹੈ। ਇਹ ਨੋਟਿਸ ਪੰਜਾਬ ਨਿਊਜ਼, ਤਖ਼ਤ ਪੰਜਾਬ ਅਤੇ ਏ ਬੀ ਸੀ ਪੰਜਾਬ ਵਰਗੇ ਮੀਡੀਆ ਅਦਾਰਿਆਂ ਨੂੰ ਮਾਣਹਾਨੀ ਵਾਲੀ ਸਮੱਗਰੀ ਨਸ਼ਰ ਕਰਨ ਲਈ ਵੀ ਦਿੱਤਾ ਗਿਆ ਹੈ। ਪੱਤਰਕਾਰ ਵਿਜੇ, ਸੁਖਵਿੰਦਰ ਸਿੰਘ, ਨੰਦਪ੍ਰੀਤ ਸਿੰਘ ਅਤੇ ਸੰਦੀਪ ਲਾਧੂਕਾ ਨੂੰ ਇਸ ਨੋਟਿਸ ਵਿੱਚ ਧਿਰ ਬਣਾਇਆ ਗਿਆ ਹੈ ਕਿਉਂਕਿ ਉਨ੍ਹਾਂ ਨੇ ਤੱਥਾਂ ਦੀ ਪੁਸ਼ਟੀ ਕੀਤੇ ਬਿਨਾਂ ਡਾ. ਗਰਗ ਦੀਆਂ ਇੰਟਰਵਿਊਆਂ ਕੀਤੀਆਂ ਅਤੇ ਪ੍ਰਸਾਰਤ ਕੀਤੀਆਂ ਅਤੇ ਪ੍ਰੋ. ਅਰਵਿੰਦ ਦੀ ਸਾਖ ਨੂੰ ਢਾਹ ਲਾਉਣ ਲਈ ਸਰਗਰਮ ਹਿੱਸਾ ਪਾਇਆ।

## ਟੀ ਬੀ ਦੇ ਖਾਤਮੇ ਲਈ ਸਿਹਤ ਵਿਭਾਗ ਨੇ ਕੱਢੀ ਜਾਗਰੂਕਤਾ ਰੈਲੀ

**ਜਲੰਧਰ (ਸ਼ੈਲੀ ਐਲਬਰਟ)**- ਸਾਲ 2025 ਤੱਕ ਭਾਰਤ ਨੂੰ ਟੀ.ਬੀ. ਮੁਕਤ ਬਣਾਉਣ ਲਈ ਸਿਹਤ ਵਿਭਾਗ ਵੱਲੋਂ ਵੱਖ-ਵੱਖ ਟੀ.ਬੀ. ਜਾਗਰੂਕਤਾ ਗਤੀਵਿਧੀਆਂ ਕਰਕੇ ਲਗਾਤਾਰ ਯਤਨ ਕੀਤੇ ਜਾ ਰਹੇ ਹਨ । ਇਸਦੇ ਚਲਦਿਆਂ ਹੀ ਸਿਹਤ ਵਿਭਾਗ ਜਲੰਧਰ ਵੱਲੋਂ ਬੁੱਧਵਾਰ ਨੂੰ ਸਿਵਲ ਸਰਜਨ ਦਫ਼ਤਰ ਵਿਖੇ ਟੀ.ਬੀ. ਜਾਗਰੂਕਤਾ ਰੈਲੀ ਕੱਢੀ ਗਈ । ਇਸ ਦੌਰਾਨ ਮੈਡੀਕਲ ਸੁਪਰਡੈਂਟ ਤੇ ਕਾਰਜਕਾਰੀ ਸਿਵਲ ਸਰਜਨ ਡਾ. ਰਾਜੀਵ ਸ਼ਰਮਾ ਵੱਲੋਂ ਟੀ.ਬੀ. ਜਾਗਰੂਕਤਾ ਪੰਫਲੈਟ ਵੀ ਰਿਲੀਜ਼ ਕੀਤਾ ਗਿਆ । ਟੀ.ਬੀ. ਜਾਗਰੂਕਤਾ ਰੈਲੀ ਨੂੰ ਡਾ. ਰਾਜੀਵ ਸ਼ਰਮਾ ਵੱਲੋਂ ਹਰੀ ਝੰਡੀ ਦੇ ਕੇ ਰਵਾਨਾ ਕੀਤਾ ਗਿਆ। । ਜ਼ਿਲ੍ਹਾ ਟੀਕਾਕਰਨ ਅਫ਼ਸਰ ਡਾ. ਰਾਕੇਸ਼ ਚੋਪੜਾ, ਸਹਾਇਕ ਸਿਹਤ ਅਫ਼ਸਰ ਡਾ. ਸੱਤਜੀਤ ਕੌਰ, ਜ਼ਿਲ੍ਹਾ ਡੈਂਟਲ ਸਿਹਤ ਅਫ਼ਸਰ ਡਾ. ਬਲਜੀਤ ਕੌਰ ਰੂਬੀ, ਜ਼ਿਲ੍ਹਾ ਟੀ.ਬੀ. ਅਫ਼ਸਰ ਡਾ. ਰੀਤੂ ਦਾਦਰਾ, ਮੈਡੀਕਲ ਅਫ਼ਸਰ ਡਾ. ਅਸ਼ਮਿਤਾ, ਡਾ. ਜੋਤੀ ਬਾਲਾ ਅਤੇ ਸਿਹਤ ਵਿਭਾਗ ਦਾ ਸਟਾਫ਼ ਮੌਜੂਦ ਸੀ । ਰੈਲੀ ਦੌਰਾਨ ਸ਼ਹੀਦ ਬਾਬੂ ਲਾਭ ਸਿੰਘ ਯਾਦਗਾਰੀ ਨਰਸਿੰਗ ਸਕੂਲ ਸਿਵਲ ਹਸਪਤਾਲ ਜਲੰਧਰ ਦੀਆਂ ਵਿਦਿਆਰਥਣਾਂ ਵੱਲੋਂ ਟੀ.ਬੀ. ਜਾਗਰੂਕਤਾ ਸੰਬੰਧੀ ਸਲੋਗਨ ਲਿਖੇ ਹੋਏ ਪੋਸਟਰ ਅਤੇ ਪਲੇ ਕਾਰਡ ਪ੍ਰਦਰਸ਼ਿਤ ਕੀਤੇ ਗਏ, ਉਨ੍ਹਾਂ ਨਾਲ ਨਰਸਿੰਗ ਸਕੂਲ ਦੇ ਸਟਾਫ਼ ਮੈਂਬਰ ਮੈਡਮ ਜਸਵੀਰ ਕੌਰ ਅਤੇ ਦਰਸ਼ਨਾ ਦੇਵੀ ਮੌਜੂਦ ਸਨ। ਡਿਪਟੀ ਐਮ.ਈ.ਆਈ.ਓ. ਤਰਸੇਮ ਲਾਲ, ਜ਼ਿਲ੍ਹਾ ਬੀ.ਸੀ.ਸੀ. ਕੋਆਰਡੀਨੇਟਰ ਨੀਰਜ ਸ਼ਰਮਾ ਅਤੇ ਨਰਸਿੰਗ ਸਟੂਡੈਂਟਸ ਵੱਲੋਂ ਰੈਲੀ ਦੇ ਜ਼ਰੀਏ ਜਨ-ਜਨ ਨੂੰ ਜਗਾਉਣਾ ਹੈ, ਜਾਣਕਾਰੀ ਨੂੰ ਵਧਾਉਣਾ ਹੈ ਜਨ-ਜਨ ਦਾ ਹੈ ਇੱਕ ਨਾਅਰਾ, ਟੀ.ਬੀ. ਮੁਕਤ ਹੋ ਦੇਸ਼ ਹਮਾਰਾ ਆਦਿ ਨਾਅਰੇ ਲਗਾਉਂਦੇ ਹੋਏ ਲੋਕਾਂ ਨੂੰ ਟੀ.ਬੀ. ਤੋਂ ਬਚਾਓ ਪ੍ਰਤੀ ਜਾਗਰੂਕ ਕੀਤਾ ਗਿਆ । ਨਰਸਿੰਗ ਸਕੂਲ ਸਿਵਲ ਹਸਪਤਾਲ ਵਿਖੇ ਪਹੁੰਚ ਕੇ ਰੈਲੀ ਖਤਮ ਹੋਈ। ਇਸ ਦੌਰਾਨ ਪ੍ਰਿੰਸੀਪਲ ਡਾ. ਪਰਮਜੀਤ ਕੌਰ ਵੱਲੋਂ ਨਰਸਿੰਗ ਵਿਦਿਆਰਥਣਾਂ ਨੂੰ ਪ੍ਰੇਰਿਤ ਕੀਤਾ ਗਿਆ ਕਿ ਟੀ.ਬੀ. ਬਾਰੇ ਜਾਣਕਾਰੀ ਦਿੰਦਿਆਂ ਵੱਧ ਤੋਂ ਵੱਧ ਲੋਕਾਂ ਨੂੰ ਜਾਗਰੂਕ ਕੀਤਾ ਜਾਵੇ। ਡਾ. ਰਾਜੀਵ ਸ਼ਰਮਾ ਨੇ ਦੱਸਿਆ ਕਿ ਟੀ.ਬੀ. ਇੱਕ ਛੂਤ ਦਾ ਰੋਗ ਹੈ ਅਤੇ ਸਹੀ ਅਤੇ ਮੁਕੰਮਲ ਇਲਾਜ ਨਾਲ ਇਹ ਰੋਗ ਪੂਰੀ ਤਰ੍ਹਾਂ ਨਾਲ ਠੀਕ ਹੋ ਜਾਂਦਾ ਹੈ, ਟੀ.ਬੀ. ਦਾ ਰੋਗ ਛਿਪਾਉਣ ਨਾਲ, ਇਲਾਜ (ਦਵਾਈ) ਅੱਧ ਵਿਚਾਲੇ ਬੰਦ ਕਰਨ ਲਾਲ ਇਹ ਰੋਗ ਘਾਤਕ ਹੋ ਸਕਦਾ ਹੈ। ਉਨ੍ਹਾਂ ਦੱਸਿਆ ਕਿ ਟੀ.ਬੀ. ਕੰਟਰੋਲ ਪ੍ਰੋਗਰਾਮ ਦੇ ਤਹਿਤ ਜ਼ਿਲ੍ਹੇ ਦੀਆਂ ਸਰਕਾਰੀ ਸਿਹਤ ਸੰਸਥਾਵਾਂ ਵਿੱਚ ਟੀ.ਬੀ. ਰੋਗ ਦੀ ਮੁਫ਼ਤ ਜਾਂਚ ਅਤੇ ਇਲਾਜ ਕੀਤਾ ਜਾਂਦਾ ਹੈ । ਉਹਨਾਂ ਕਿਹਾ ਕਿ ਟੀ.ਬੀ. ਦਾ ਇੱਕ ਮਰੀਜ ਜੋ ਕਿ ਆਪਣਾ ਇਲਾਜ ਨਹੀਂ ਕਰਵਾਉਂਦਾ, 15 ਤੰਦਰੁਸਤ ਵਿਅਕਤੀਆਂ ਨੂੰ ਇੱਕ ਸਾਲ ਦੌਰਾਨ ਟੀ.ਬੀ. ਦਾ ਰੋਗੀ ਬਣਾ ਸਕਦਾ ਹੈ। ਉਹਨਾਂ ਜ਼ਿਲ੍ਹੇ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਦੋ ਹਫਤੇ ਜਾਂ ਇਸ ਤੋਂ ਵੱਧ ਸਮੇਂ ਦੀ ਖਾਂਸੀ ਹੋਣ ਤੇ ਟੀ.ਬੀ. ਦੀ ਜਾਂਚ ਕਰਵਾਈ ਜਾਵੇ ਅਤੇ ਟੀ.ਬੀ. ਹੋਣ 'ਤੇ ਡਾਕਟਰ ਦੀ ਸਲਾਹ ਨਾਲ ਦਵਾਈ ਦਾ ਪੂਰਾ ਕੋਰਸ ਕੀਤਾ ਜਾਵੇ । ਜ਼ਿਲ੍ਹਾ ਟੀ ਬੀ ਅਫਸਰ ਡਾ. ਰੀਤੂ ਦਾਦਰਾ ਵੱਲੋਂ ਦੱਸਿਆ ਗਿਆ ਕਿ ਸਰੀਰ ਵਿੱਚ ਕਮਜ਼ੋਰੀ ਆਉਣਾ, ਭਾਰ ਘੱਟਣਾ, ਖਾਂਸੀ,ਬੁਖਾਰ, ਭੁੱਖ ਨਾ ਲੱਗਣਾ ਰਾਤ ਨੂੰ ਪਸੀਨਾ ਆਉਣਾ ਅਤੇ ਛਾਤੀ ਵਿੱਚ ਦਰਦ ਆਦਿ ਟੀ.ਬੀ. ਰੋਗ ਹੋਣ ਦੇ ਲੱਛਣ ਹੋ ਸਕਦੇ ਹਨ। ਇਸ ਲਈ ਅਜਿਹੇ ਲੱਛਣ ਦਿੱਸਣ 'ਤੇ ਨਜ਼ਦੀਕੀ ਸਿਹਤ ਕੇਂਦਰ ਵਿੱਚ ਜਾ ਕੇ ਬਲਗਮ ਦੀ ਜਾਂਚ ਕਰਵਾਉਣੀ ਚਾਹੀਦੀ ਹੈ ।